ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 62 | 15 to 21 March, 2023 | Ph.: (510) 240-5949 | Email: asrtimes@gmail.com

# ਕਈ ਪੱਖਾਂ ਤੋਂ ਮਹੱਤਵਪੂਰਨ ਹੈ 'ਆਪ' ਸਰਕਾਰ ਦਾ ਪੰਜਾਬ ਬਜਟ

## ➢ ਸਿਹਤ, ਸਿੱਖਿਆ ਤੇ ਕਿਸਾਨੀ ਨੂੰ ਦਿੱਤਾ ਗਿਆ ਵਿਸ਼ੇਸ਼ ਮਹੱਤਵ ➢ 22 ਮਾਰਚ ਨੂੰ ਮੁੜ ਜੁੜੇਗਾ ਵਿਧਾਨ ਸਭਾ ਸਦਨ

ਚੰਡੀਗੜ੍ਹ/ਏ.ਟੀ.ਨਿਊਜ਼ :--ਪੰਜਾਬ ਦੀ 16ਵੀਂ ਵਿਧਾਨ ਸਭਾ ਦਾ ਬਜਟ ਇਜਲਾਸ ਹੁਣ ਤਕ ਸਿਆਸੀ ਤਲਖ਼ੀਆਂ ਅਤੇ ਦੋਸ਼ ਪ੍ਰਤੀਦੋਸ਼ ਵਾਲਾ ਰਿਹਾ ਹੈ। ਜ਼ਿਕਰਯੋਗ ਹੈ ਕਿ ਜੀ-20 ਸੰਮੇਲਨ ਦੇ ਸਮਾਗਮਾਂ ਕਰਕੇ ਬਜਟ ਸੈਸ਼ਨ ਦੋ ਪੜਾਵਾਂ ਵਿੱਚ ਹੋ ਰਿਹਾ ਹੈ। ਪਹਿਲੇ ਪੜਾਅ 'ਚ 3 ਮਾਰਚ ਤੋਂ 11 ਮਾਰਚ ਤੱਕ ਬਜਟ ਸੈਸ਼ਨ ਚੱਲਿਆ ਅਤੇ ਹੁਣ 22 ਮਾਰਚ ਨੂੰ ਮੁੜ ਵਿਧਾਨ ਸਭਾ ਸਦਨ ਜੁੜੇਗਾ।

ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਕਈ ਪੱਖਾਂ ਤੋਂ ਮਹੱਤਵਪੂਰਨ ਰਿਹਾ। ਇਹ ਬਜਟ ਸ਼ੈਸ਼ਨ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਰਾਜਪਾਲ ਵਿਚਾਲੇ ਸਬੰਧਾਂ ਵਿੱਚ ਆਈ ਖਟਾਸ ਦੌਰਾਨ ਹੋਇਆ, ਜਿਸਦਾ ਅਸਰ ਇਸ ਬਜਟ ਸ਼ੈਸ਼ਨ ਦੌਰਾਨ ਵੇਖਿਆ ਗਿਆ। ਇਸ ਬਜਟ ਸ਼ੈਸ਼ਨ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਸਾਲ 2023-24 ਲਈ ਬਜਟ ਪੇਸ਼ ਕੀਤਾ ਗਿਆ। ਪੰਜਾਬ 'ਚ ਆਪ ਸਰਕਾਰ ਦੇ ਬਣਨ ਦੀ ਪਹਿਲੀ ਵਰ੍ਹੇਗੰਢ 'ਤੇ ਇਹ ਬਜਟ ਪੇਸ਼ ਕੀਤਾ। ਅਸਲ ਵਿੱਚ ਆਪ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਇਹ ਦੂਜਾ ਪੇਪਰ ਰਹਿਤ ਬਜਟ ਹੈ। ਬਜਟ ਪੇਸ਼ ਕਰਦਿਆਂ ਸ੍ਰੀ ਚੀਮਾ ਨੇ ਸਪੱਸ਼ਟ ਕੀਤਾ ਕਿ ਬਜਟ ਦਾ ਕੇਂਦਰ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਖੇਤੀਬਾੜੀ ਹਨ। ਉਹਨਾਂ ਨੇ ਰੁਜ਼ਗਾਰ ਸਿਰਜਣ, ਚੰਗੇ ਵਿੱਤੀ ਸਾਲ 2023-24 ਲਈ 1.96 ਲੱਖ ਕਰੋੜ ਰੁਪਏ ਤੋਂ ਵੱਧ ਦਾ ਬਜਟ ਪ੍ਰਸਤਾਵਿਤ ਕੀਤਾ ਹੈ। ਵਿੱਤੀ ਸਾਲ 2023-24 ਲਈ ਪੰਜਾਬ ਦਾ ਕੁੱਲ ਰਾਜ ਘਰੇਲੂ ਉਤਪਾਦ (ਜੀਐੱਸਡੀਪੀ) 6,98,635 ਕਰੋੜ ਰੁਪਏ ਹੋਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਲਈ 1000 ਕਰੋੜ ਰੁਪਏ ਦੀ ਅਲਾਟਮੈਂਟ ਦੀ ਤਜਵੀਜ਼ 'ਤੇ ਫਸਲ ਬੀਮਾ ਯੋਜਨਾ ਜਲਦੀ ਸ਼ੁਰੂ ਕੀਤੀ ਜਾਵੇਗੀ। ਇਸ ਦੌਰਾਨ ਉਹਨਾਂ ਨੇ ਸਕੂਲ ਬਣਾਉਣ ਅਤੇ ਆਮ ਆਦਮੀ ਕਲੀਨਿਕਾਂ ਲਈ ਕੀਤੇ ਕਦਮਾਂ ਬਾਰੇ ਚਾਨਣਾ ਪਾਇਆ। ਉਹਨਾਂ ਘਰੇਲੂ ਖਪਤਕਾਰਾਂ ਨੂੰ ਮੁਫਤ 300 ਯੂਨਿਟ ਬਿਜਲੀ ਦੇਣ ਅਤੇ ਮੂੰਗੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਕੇ ਖੇਤੀ ਵਿਭਿੰਨਤਾ ਨੂੰ ਹੁਲਾਰਾ ਦੇਣ ਦੇ ਕਦਮਾਂ ਬਾਰੇ ਵੀ ਚਾਨਣਾ ਪਾਇਆ।



### ਪੰਜਾਬ ਵਿਧਾਨ ਸਭਾ ਬਜਟ ਸੈਸ਼ਨ ਦੇ ਦਿਲਚਸਪ ਪਲ਼

* ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਗੈਲਰੀ 'ਚ ਬੈਠ ਕੇ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਸੁਣੀ। ਕਈ ਮੌਕਿਆਂ 'ਤੇ ਉਹ ਮੁਸਕਰਾਉਂਦੇ ਵੀ ਨਜ਼ਰ ਆਏ।
* ਮੁੱਖ ਮੰਤਰੀ ਨੇ ਆਪਣੇ ਭਾਸ਼ਣ 'ਚ ਵਿਜੀਲੈਂਸ ਵੱਲੋਂ ਫੜੇ ਹੁਸ਼ਿਆਰਪੁਰ ਦੇ ਸਾਬਕਾ ਮੰਤਰੀ ਦੀ ਗੱਲ ਕਰਦਿਆਂ ਕਿਹਾ ਕਿ ਉਸ ਦੇ ਘਰੋਂ ਨੋਟ ਗਿਣਨ ਵਾਲੀ ਮਸ਼ੀਨ ਵੀ ਮਿਲੀ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਘਰ ਵਾਲੇ ਆਖਦੇ ਹੋਣਗੇ, ਤੁਹਾਡਾ ਨਿੱਤ ਦਾ ਕੰਮ ਹੈ, ਸਾਥੋਂ ਨੋਟ ਗਿਣੇ ਨਹੀਂ ਜਾਂਦੇ, ਮਸ਼ੀਨ ਲੈ ਆਓ।'
* ਮੁੱਖ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਧਨੀ ਰਾਮ ਚਾਤ੍ਰਿਕ ਨੂੰ ਯਾਦ ਕੀਤਾ ਅਤੇ ਆਪਣੇ ਭਾਸ਼ਨ ਦੌਰਾਨ ਵਾਰ ਵਾਰ ਟੋਟਕੇ ਵੀ ਸੁਣਾਏ।
* ਭਗਵੰਤ ਮਾਨ ਨੇ ਸਨਅਤੀ ਵਿਕਾਸ ਦੀ ਗੱਲ ਕਰਦਿਆਂ ਸਨਅਤੀ ਸੰਮੇਲਨ ਵਿੱਚ ਆਏ ਨਿਵੇਸ਼ ਦੇ ਵੇਰਵੇ ਪੇਸ਼ ਕੀਤੇ। ਨਾਲ ਹੀ ਪੁਰਾਣਿਆਂ ਦੀ ਗੱਲ ਕਰਦਿਆਂ ਕਿਹਾ ਕਿ 'ਖਜੂਰਾਂ ਦੇ ਬੂਟੇ ਲਾ ਕੇ ਸੰਮੇਲਨ ਨਹੀਂ ਕਰਾਏ।'
* ਰਾਜਾ ਵੜਿੰਗ ਨੇ ਅੱਜ ਭਾਸ਼ਣ ਦੌਰਾਨ ਮੁੱਖ ਮੰਤਰੀ ਦੀ ਤਾਰੀਫ਼ ਕੀਤੀ ਅਤੇ 'ਸਕੂਲ ਆਫ਼ ਐਮੀਨੈਂਸ' ਨੂੰ ਚੰਗਾ ਉਪਰਾਲਾ ਦੱਸਿਆ। ਮੁੱਖ ਮੰਤਰੀ ਨੇ ਸਦਨ ਵਿਚ ਮਨਪ੍ਰੀਤ ਇਯਾਲੀ ਦੀ ਤਾਰੀਫ਼ ਕੀਤੀ।

### ਬਜਟ ਦੀਆਂ ਮੁੱਖ ਗੱਲਾਂ

* ਬਜਟ ਵਿੱਚ ਪਿਛਲੇ ਸਾਲ ਨਾਲੋਂ 26 ਫ਼ੀਸਦੀ ਦਾ ਵਾਧਾ
* ਖ਼ੇਤੀ ਤੇ ਕਿਸਾਨ ਭਲਾਈ ਲਈ 13,888 ਕਰੋੜ ਰੁਪਏ ਰਾਖਵੇਂ ਰੱਖੇ ਗਏ-ਵਿੱਤ ਮੰਤਰੀ
* ਖ਼ੇਤੀ ਵਿਭਿੰਨਤਾ ਲਈ 1000 ਕਰੋੜ ਰੁਪਏ ਦੀ ਤਜਵੀਜ਼
* ਬਿਜਲੀ ਸਬਸਿਡੀ ਲਈ 9331 ਕਰੋੜ ਰੁਪਏ ਰਾਖ਼ਵੇਂ ਰੱਖੇ ਗਏ
* ਕਿਸਾਨਾਂ ਲਈ ਮੁਫ਼ਤ ਬਿਜਲੀ ਜਾਰੀ ਰਹੇਗੀ
* ਝੋਨੇ ਦੀ ਬਿਜਾਈ ਤੇ ਮੂੰਗੀ ਦੀ ਸਿੱਧੀ ਖ਼ਰੀਦ ਲਈ 125 ਕਰੋੜ ਰੁਪਏ
* ਪਰਾਲੀ ਪ੍ਰਬੰਧਨ ਲਈ 350 ਕਰੋੜ ਰੁਪਏ
* ਬਾਗਵਾਨੀ ਵਿਭਾਗ ਲਈ 253 ਕਰੋੜ ਰੁਪਏ
* ਖ਼ੇਡ ਬਜਟ ਵਿਚ ਪਿਛਲੇ ਸਾਲ ਨਾਲੋਂ 55 ਫ਼ੀਸਦੀ ਦਾ ਵਾਧਾ
* ਖ਼ੇਡਾਂ ਦੀ ਬੁਨਿਆਦੀ ਢਾਂਚੇ ਲਈ 258 ਕਰੋੜ ਰੁਪਏ ਦਾ ਬਜਟ
* 4781 ਕਰੋੜ ਰੁਪਏ ਸਿਹਤ ਖੇਤਰ ਲਈ ਰੱਖ ਗਏ ਹਨ।
* ਹੁਸ਼ਿਆਰਪੁਰ ਤੇ ਕਪੂਰਥਲਾ ਵਿਚ ਦੋ ਨਵੇਂ ਮੈਡੀਕਲ ਕਾਲਜ ਖ਼ੋਲ੍ਹੇ ਜਾ ਰਹੇ ਹਨ
* ਫ਼ਾਜ਼ਿਲਕਾ ਵਿੱਚ ਕੈਂਸਰ ਕੇਅਰ ਯੂਨਿਟ ਜਲਦ ਸ਼ੁਰੂ
* ਮੈਡੀਕਲ ਸਿੱਖਿਆ ਤੇ ਖ਼ੋਜ ਲਈ 1015 ਕਰੋੜ ਰੁਪਏ ਰਾਖ਼ਵੇਂ
* ਆਮ ਆਦਮੀ ਕਲੀਨਿਕਾਂ ਲਈ ਬਜਟ ਵਿਚ ਕੁਝ ਨਹੀਂ
* ਸਿਹਤ ਕੇਂਦਰਾਂ ਦੀ ਮਜ਼ਬੂਤੀ ਲਈ 39 ਕਰੋੜ ਰੁਪਏ
* ਹੋਮੀ ਭਾਬਾ ਕੈਂਸਰ ਸੈਂਟਰ ਲਈ 17 ਕਰੋੜ ਰੁਪਏ
* ਪੰਜਾਬ ਦੀ ਕਾਨੂੰਨ ਵਿਵਸਥਾ ਲਈ 10523 ਕਰੋੜ ਰੁਪਏ ਦਾ ਬਜਟ
* ਪੁਲਿਸ ਦੇ ਆਧੁਨਿਕੀਕਰਨ ਲਈ 64 ਕਰੋੜ ਰੁਪਏ
* ਸਰਹੱਦ ਦੇ ਨੇੜਲੇ ਪਿੰਡਾਂ ਵਿਚ ਸੀਸੀਟੀਵੀ ਕੈਮਰੇ ਲੱਗਣਗੇ
* ਸਾਈਬਰ ਕ੍ਰਾਈਮ ਨਾਲ ਨਜਿੱਠਣ ਲਈ 30 ਕਰੋੜ ਰੁਪਏ ਦੀ ਤਜਵੀਜ਼

### ਵੱਖ ਵੱਖ ਬੁਧੀਜੀਵੀਆਂ ਦੀ ਨਜ਼ਰ ਵਿੱਚ ਪੰਜਾਬ ਦਾ ਬਜਟ

ਆਪਣੇ ਆਪ ਨੂੰ ਆਮ ਆਦਮੀ ਦੀ ਸਰਕਾਰ ਹੋਣ ਦਾ ਦਾਅਵਾ ਕਰ ਰਹੀ ਪੰਜਾਬ ਦੀ ਆਪ ਸਰਕਾਰ ਵੱਲੋਂ ਲੱਖਾਂ ਰੁਪਏ ਦੇ ਇਸ਼ਤਿਹਾਰ ਦੇ ਕੇ ਆਮ ਲੋਕਾਂ ਦਾ, ਆਮ ਲੋਕਾਂ ਦੇ ਲਈ , ਆਮ ਲੋਕਾਂ ਦੀ ਸਰਕਾਰ ਵੱਲੋਂ ਆਮ ਬਜਟ ਪੇਸ਼ ਕਰਨ ਦਾ ਦਾਅਵਾ ਕੀਤਾ ਹੈ। ਬਜਟ ਵਿੱਚ ਵੱਖ- ਵੱਖ ਕਾਰਜਾਂ ਲਈ ਜਿਹੜੀਆਂ ਵੱਡੀਆਂ ਰਕਮਾਂ ਦਾ ਵੇਰਵਾ ਦਿਤਾ ਗਿਆ ਹੈ, ਉਹ ਰਕਮਾਂ ਪੜ੍ਹਨ ਤੇ ਸੁਣਨ ਵਿੱਚ ਤਾਂ ਚੰਗੀਆਂ ਲੱਗਦੀਆਂ ਹਨ ਪਰ ਜਦੋਂ ਇਹਨਾਂ ਵੱਡੀਆਂ ਰਕਮਾਂ ਦੀ

(ਬਾਕੀ ਸਫ਼ਾ 29 'ਤੇ)

# ਗੁਰੂ ਨਗਰੀ ਅੰਮ੍ਰਿਤਸਰ ਵਿਖੇ ਜੀ-20 ਸੰਮੇਲਨ ਦੀ ਸ਼ੁਰੂਆਤ

## ਪੰਜਾਬ ਦੇ ਮੁੱਖ ਮੰਤਰੀ ਮਾਨ ਨੇ ਸ਼ਾਇਰਾਨਾ ਅੰਦਾਜ਼ 'ਚ ਵਿਦੇਸ਼ੀ ਮਹਿਮਾਨਾਂ ਦਾ ਕੀਤਾ ਸਵਾਗਤ

ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜੀ-20 ਸੰਮੇਲਨ ਆਰੰਭ ਹੋ ਗਿਆ ਹੈ, ਜੋ ਕਿ 17 ਮਾਰਚ ਤੱਕ ਚੱਲੇਗਾ। ਇਹ ਸੰਮੇਲਨ ਅੰਮ੍ਰਿਤਸਰ ਦੇ ਪ੍ਰਸਿੱਧ ਖਾਲਸਾ ਕਾਲਜ ਵਿੱਚ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਜੀ-20 ਨਾਲ ਸਬੰਧਿਤ 28 ਮੁਲਕਾਂ ਦੇ ਲਗਭਗ 55 ਡੈਲੀਗੇਟ ਹਿੱਸਾ ਲੈ ਰਹੇ ਹਨ। ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਕਰਵਾਏ ਜਾ ਰਹੇ ਸੰਮੇਲਨ 'ਚ ਸੈਮੀਨਾਰ, ਪ੍ਰਦਰਸ਼ਨੀਆਂ ਅਤੇ ਵੱਖ-ਵੱਖ ਕਾਰਜ ਸਮੂਹ ਦੀਆਂ ਮੀਟਿੰਗਾਂ ਕਾਰਵਾਈਆਂ ਜਾ ਰਹੀਆਂ ਹਨ।

ਪੰਜਾਬ ਦੇ ਇਤਿਹਾਸਿਕ ਅਤੇ ਧਾਰਮਿਕ ਸ਼ਹਿਰ ਅੰਮ੍ਰਿਤਸਰ ਵਿਖੇ ਇਹ ਸੰਮੇਲਨ ਆਰੰਭ ਹੋਣ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਦਿਆਂ ਸ਼ਾਇਰਾਨਾ ਅੰਦਾਜ ਵਿੱਚ ਵਿਦੇਸ਼ੀ ਮਹਿਮਾਣਾਂ ਦਾ ਸਵਾਗਤ ਕੀਤਾ।

ਮੁੱਖ ਮੰਤਰੀ ਮਾਨ ਨੇ ਟਵੀਟ ਕਰਦਿਆਂ ਲਿਖਿਆ ਹੈ ਕਿ ਜੀ-20 ਦੇਸ਼ਾਂ ਦੇ ਸਾਰੇ ਡੈਲੀਗੇਟਸ ਅਤੇ ਮਾਣਯੋਗ ਮਹਿਮਾਨਾਂ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਸੁਆਗਤ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਵੱਲੋਂ ਮਹਿਮਾਨਾਂ ਦੇ ਸੁਆਗਤ ਲਈ ਹੇਠ ਲਿਖੀਆਂ ਸਤਰਾਂ ਲਿਖੀਆਂ ਗਈਆਂ ਹਨ-

ਤੁਸੀਂ ਘਰ ਸਾਡੇ ਆਏ
ਅਸੀਂ ਫੁੱਲੇ ਨਾ ਸਮਾਏ
ਸਾਡੇ ਘਰ ਤਸ਼ਰੀਫ਼
ਲਿਆਇਆਂ ਨੂੰ
ਸਾਰੇ ਪੰਜਾਬੀਆਂ ਵੱਲੋਂ
ਜੀ ਆਇਆਂ ਨੂੰ

ਇਸ ਸੰਮੇਲਨ ਦੌਰਾਨ ਖਾਲਸਾ ਕਾਲਜ ਪੂਰੀ ਤਰ੍ਹਾਂ ਪੰਜਾਬੀ ਸੱਭਿਆਚਾਰ ਨੂੰ ਰੂਪਮਾਨ ਕਰ ਰਿਹਾ ਹੈ। ਖਾਲਸਾ ਕਾਲਜ ਵਿੱਚ 20 ਦੇਸ਼ਾਂ ਦੇ ਝੰਡੇ ਲਹਿਰਾਏ ਗਏ ਹਨ, ਇਹਨਾਂ 20 ਝੰਡਿਆਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਇੱਥੇ ਜੀ-20 ਸੰਮੇਲਨ ਹੋ ਰਿਹਾ ਹੈ।



ਜ਼ਿਕਰਯੋਗ ਹੈ ਕਿ ਜੀ-20 ਸੰਮੇਲਨ ਸਿੱਖਿਆ ਖੇਤਰ 'ਚ ਹੋਈਆਂ ਨਵੀਆਂ ਖੋਜਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕੋਰੋਨਾ ਕਾਲ 'ਚ ਪੂਰੀ ਦੁਨੀਆ 'ਚ ਸਿੱਖਿਆ ਦੇ ਖੇਤਰ 'ਚ ਹੋ ਚੁੱਕੇ ਨੁਕਸਾਨ 'ਤੇ ਵੀ ਚਰਚਾ ਕੀਤੀ ਜਾ ਰਹੀ ਹੈ।

ਇਸ ਸੰਮੇਲਨ ਦੌਰਾਨ ਜੀ-20 ਦੇ ਸਾਰੇ ਮੈਂਬਰ ਜੀ-20 ਦੇਸ਼ਾਂ ਦੇ ਨੌਜਵਾਨਾਂ ਦੇ ਭਵਿੱਖ ਲਈ ਕੀ ਕੀਤਾ ਜਾ ਸਕਦਾ, ਇਸ ਲਈ ਵਿਚਾਰਾਂ ਕਰ ਰਹੇ ਹਨ। ਸਿਖਰ ਸੰਮੇਲਨ ਵਿੱਚ ਪੈਨਲ ਡਿਸਕਸ਼ਨ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਕਾਫੀ ਸਮਾਂ ਪਹਿਲਾਂ ਪੰਜਾਬ ਸਰਕਾਰ ਨੂੰ ਇਸ ਸੰਮੇਲਨ ਸਬੰਧੀ ਸੂਚਿਤ ਕਰ ਦਿੱਤਾ ਗਿਆ ਸੀ ਤੇ ਇਸ ਮੰਤਵ ਲਈ 100 ਕਰੋੜ ਦੀ ਰਾਸ਼ੀ ਵੀ ਜਾਰੀ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਜੀ-20 ਦੀ ਸਥਾਪਨਾ 1999 ਵਿੱਚ ਏਸ਼ੀਆਈ ਵਿੱਤੀ ਸੰਕਟ ਤੋਂ ਬਾਅਦ ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕ ਗਵਰਨਰਾਂ ਲਈ ਵਿਸ਼ਵ ਆਰਥਿਕ ਅਤੇ ਵਿੱਤੀ ਮੁੱਦਿਆਂ 'ਤੇ ਚਰਚਾ ਕਰਨ ਲਈ ਇੱਕ ਫੋਰਮ ਵਜੋਂ ਕੀਤੀ ਗਈ ਸੀ। 2007 ਦੇ ਵਿਸ਼ਵ ਆਰਥਿਕ ਅਤੇ ਵਿੱਤੀ ਸੰਕਟ ਦੇ ਮੱਦੇਨਜ਼ਰ, ਜੀ-20 ਨੂੰ ਰਾਜ/ਸਰਕਾਰ ਦੇ ਮੁਖੀਆਂ ਦੇ ਪੱਧਰ ਤੱਕ ਅੱਪਗ੍ਰੇਡ ਕੀਤਾ ਗਿਆ ਸੀ, ਅਤੇ 2009 ਵਿੱਚ ਇਸਨੂੰ ਅੰਤਰਰਾਸ਼ਟਰੀ ਆਰਥਿਕ ਸਹਿਯੋਗ ਲਈ ਪ੍ਰਮੁੱਖ ਫੋਰਮ ਵਜੋਂ ਮਨੋਨੀਤ ਕੀਤਾ ਗਿਆ ਸੀ। ਜੀ-20 ਵਿੱਚ ਭਾਰਤ, ਅਰਜਨਟੀਨਾ, ਆਸਟਰੇਲੀਆ, ਬ੍ਰਾਜ਼ੀਲ, ਕੈਨੇਡਾ, ਚੀਨ, ਫਰਾਂਸ, ਜਰਮਨੀ, ਇੰਡੋਨੇਸ਼ੀਆ, ਇਟਲੀ, ਜਾਪਾਨ, ਕੋਰੀਆ ਗਣਰਾਜ, ਮੈਕਸੀਕੋ, ਰੂਸ, ਸਾਊਦੀ ਅਰਬ, ਦੱਖਣੀ ਅਫਰੀਕਾ, ਤੁਰਕੀ, ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਸਮੇਤ 19 ਦੇਸ਼ ਸ਼ਾਮਲ ਹਨ।

ਜੀ-20 ਨੇ ਸ਼ੁਰੂ ਵਿੱਚ ਮੈਕਰੋ-ਆਰਥਿਕ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ, ਪਰ ਬਾਅਦ ਵਿੱਚ ਇਸ ਨੇ ਆਪਣੇ ਏਜੰਡੇ ਦਾ ਵਿਸਤਾਰ ਕੀਤਾ, ਜਿਸ ਵਿੱਚ ਹੋਰ ਗੱਲਾਂ ਦੇ ਨਾਲ, ਵਪਾਰ, ਜਲਵਾਯੂ ਤਬਦੀਲੀ, ਟਿਕਾਊ ਵਿਕਾਸ, ਸਿਹਤ, ਖੇਤੀਬਾੜੀ, ਊਰਜਾ, ਵਾਤਾਵਰਣ, ਜਲਵਾਯੂ ਤਬਦੀਲੀ ਅਤੇ

# ਸਿੱਖਾਂ ਵਿਰੁੱਧ ਸਥਾਪਤ ਬਿਰਤਾਂਤ ਤੋੜਨਾ ਵੀ ਸਾਡਾ ਮੁੱਖ ਮਨੋਰਥ – ਸਿੱਖ ਪੰਚਾਇਤ

## ਸਿੱਖ ਪੰਚਾਇਤ ਦੀ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿੱਚ ਵੱਡੀ ਜਿੱਤ




ਅੰਮ੍ਰਿਤਸਰ ਟਾਈਮਜ਼ ਬਿਊਰੋ

ਫਰੀਮਾਂਟ: ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿੱਚ ਇਸ ਵਾਰ ਫੇਰ ਸਿੱਖ ਪੰਚਾਇਤ ਵੱਡੇ ਫਰਕ ਨਾਲ ਸੰਗਤ ਦਾ ਫ਼ਤਵਾ ਲੈਣ ਵਿੱਚ ਕਾਮਯਾਬ ਰਹੀ ਹੈ, ਉਹਨਾਂ ਨੂੰ 2825 ਅਤੇ ਸਿੱਖ ਸੰਗਤ ਬੇਏਰੀਆ ਨੂੰ 1499 ਵੋਟਾਂ ਪਈਆਂ ਹਨ। ਸਿੱਖ ਪੰਚਾਇਤ ਦੇ ਭਾਈ ਕਸ਼ਮੀਰ ਸਿੰਘ ਅਤੇ ਹਰਿੰਦਰਪਾਲ ਸਿੰਘ ਨੇ ਸੰਗਤ ਨੂੰ ਵਧਾਈ ਦਿੰਦੇ ਹੋਏ ਧੰਨਵਾਦ ਵੀ ਕੀਤਾ ਹੈ ਅਤੇ ਕਿਹਾ ਕਿ ਸਾਡੇ ਵੱਲੋਂ ਸਿੱਖ ਪੰਚਾਇਤ ਬਨਣ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਲਏ ਫੈਸਲਿਆਂ ਦੀ ਲਗਾਤਾਰ ਜਿੱਤ ਹੋ ਰਹੀ ਹੈ। ਉਹਨਾਂ ਨੇ ਕਿਹਾ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸੰਗਤ ਨੇ ਚੋਣਾਂ ਵਿੱਚ ਭੰਡੀ ਪ੍ਰਚਾਰ ਦੀ ਨੀਤੀ ਨੂੰ ਨਕਾਰ ਕੇ ਸੇਵਾ ਭਾਵਨਾ ਅਤੇ ਸਿਧਾਂਤ ਨੂੰ ਮੁੱਖ ਰੱਖਿਆ ਹੈ।

ਉਹਨਾਂ ਨੇ ਕਿਹਾ ਕਿ ਸਿੱਖ ਪੰਚਾਇਤ ਦੀ ਸਥਾਪਨਾ ਦਾ ਮੁੱਖ ਉਦੇਸ਼ ਸੇਵਾ ਦੇ ਨਾਲ- ਨਾਲ ਸਿੱਖਾਂ ਵਿਰੁੱਧ ਚੱਲ ਰਹੇ ਬਿਰਤਾਂਤ ਤੋੜਨਾ ਵੀ ਹੈ ਜਿਸ ਵਿੱਚ ਉਹ ਕਾਮਯਾਬ ਹੋ ਰਹੀ ਹੈ। ਸਿੱਖ ਵਿਰੋਧੀਆਂ ਵੱਲੋਂ ਕਿਹਾ ਜਾਂਦਾ ਹੈ ਕਿ ਸਿੱਖ ਕਦੇ ਇਕੱਠੇ ਨਹੀਂ ਹੋ ਸਕਦੇ, ਗੁਰਦੁਆਰਿਆਂ ਵਿੱਚ ਚੌਧਰ ਤੇ ਗੋਲਕ ਦੀ ਲੜਾਈ ਹੈ। ਸੱਭ ਤੋਂ ਪਹਿਲਾਂ ਤਾਂ ਸਿੱਖ ਪੰਚਾਇਤ ਨੇ ਵਿਰੋਧੀ ਧੜੇ ਇਕੱਠੇ ਕਰਕੇ ਸਿੱਖ ਸਿਧਾਂਤ ਦੀ ਕਸਵੱਟੀ ’ਤੇ ਖਰਾ ਉਤਰਦਾ ਆਪਸ ਵਿੱਚ ਇਕਰਾਰਨਾਮਾ ਕੀਤਾ, ਜਿਸ ਵਿੱਚ ਪੱਛਮੀ ਤਰਜ਼ ’ਤੇ ਉਸਰੇ ਪ੍ਰਧਾਨ-ਸੈਕਟਰੀ ਵਾਲਾ ਢਾਂਚਾ ਠੰਡੇ ਬਸਤੇ ਵਿੱਚ ਪਾ ਕੇ ਪੰਜ ਪਿਆਰਿਆਂ ਦੇ ਸਿਧਾਂਤ ਅਨੁਸਾਰ ਹੀ ਪ੍ਰਬੰਧਕੀ ਬਣਤਰ ਬਣਾਈ। ਇਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸਹਿਮਤੀ ਕਰਕੇ ਕੁੱਝ ਸਮੇਂ ਬਾਅਦ ਗੁਰਮੀਤ ਸਿੰਘ ਦਾ ਧੜਾ ਵੱਖ ਹੋ ਗਿਆ। ਗੁਰਮੀਤ ਸਿੰਘ ਨੇ ਆਪਣੇ ਧੜੇ ਦੀ ਵਾਗਡੋਰ ਹਰਜੀਤ ਸਿੰਘ ਨੂੰ ਸੰਭਾਲ਼ ਦਿੱਤੀ, ਜਿਸਦੀਆਂ ਨੀਤੀਆਂ ਨੇ ਉਸਨੂੰ ਬਹੁਤ ਵੱਡਾ ਖੋਰਾ ਲਾਇਆ ਹੈ।

ਇਸ ਧੜੇ ਦੇ ਹਰਜੀਤ ਸਿੰਘ ਨੇ ਕਚਿਹਰੀ ਵਿੱਚ ਪੰਜ ਪਿਆਰਿਆਂ ਦੇ ਸਿਧਾਂਤ ਨੂੰ ਸਿਰਫ ਧਾਰਮਿਕ ਸੇਧ ਦੇਣ ਲਈ ਤੇ ਪੱਛਮੀ ਬੋਰਡ ਆਫ ਡਾਇਰੈਕਟਰ ਦੀ ਬਣਤਰ ਨੂੰ ਪ੍ਰਬੰਧਕੀ ਕੰਮਾਂ ਲਈ ਸਥਾਪਤ ਕਰਣ ਦੀ ਕੋਸ਼ਿਸ਼ ਕੀਤੀ। ਉਸਨੇ ਪੰਜ ਪਿਆਰਿਆਂ ਦੇ ਸਿਧਾਂਤ ਦੀ ਕਾਰਜਸ਼ੈਲੀ ਅਨੁਸਾਰ ਪੰਥ ਨੂੰ ਸੇਧ ਦੇਣ ਦੀ ਬਜਾਏ ਨਗਰ ਕੀਰਤਨਾਂ ਜਾਂ ਅੰਮ੍ਰਿਤ ਛਕਾਉਣ ਤੱਕ ਸੀਮਤ ਕਰ ਦਿੱਤਾ। ਕੇਸ ਸਿੱਖ ਪੰਚਾਇਤ ਜਿੱਤਣ ਵਿੱਚ ਕਾਮਯਾਬ ਰਹੀ ਤੇ ਅਮਰੀਕਾ ਦੀ ਕਚਿਹਰੀ ਨੇ ਸਰਬ-ਸੰਮਤੀ ਵਾਲੇ ਪੰਜ ਪਿਆਰਿਆਂ ਦੇ ਸਿਧਾਂਤ ਅਨੁਸਾਰ ਗੁਰਦੁਆਰਾ ਚਲਾਉਣ ਦੇ ਢਾਂਚੇ ’ਤੇ ਮੋਹਰ ਲਾਈ ਜਿਸ ਨਾਲ ਚੌਧਰ ਵਾਲੇ ਬਿਰਤਾਂਤ ਨੂੰ ਠੱਲ੍ਹ ਪਈ ਅਤੇ ਪੱਛਮੀ ਪ੍ਰਧਾਨ-ਸੈਕਟਰੀ ਵਾਲੇ ਬਿਰਤਾਂਤ ਨੂੰ ਤੋੜਣ ਵਿੱਚ ਸਿੱਖ ਪੰਚਾਇਤ ਕਾਮਯਾਬ ਰਹੀ।

ਗੁਰਦੁਆਰਿਆਂ ਵਿੱਚ ਗੋਲਕ ਦੀ ਲੜਾਈ ਕਾਮਰੇਡਾਂ ਵੱਲੋਂ ਸਿਰਜਿਆ ਬਿਰਤਾਂਤ ਹੈ ਜਿਸਨੂੰ ਸਿੱਖ ਸਹਿਜੇ ਹੀ ਅਪਣਾਈ ਬੈਠੇ ਹਨ। ਉਸ ਲਈ ਸਿੱਖ ਪੰਚਾਇਤ ਇਸ ਵਾਰ ਸੰਵਿਧਾਨ ਵਿੱਚ ਇੱਕ ਸੋਧ ਲੈ ਕੇ ਆਈ, ਕਿ ਗੁਰਦੁਆਰਾ ਕਿਸੇ ਕੋਰਟ ਵਿੱਚ ਖ਼ਰਚਾ ਅਦਾ ਨਹੀਂ ਕਰੇਗਾ ਜੋ ਸੰਗਤ ਨੇ 97% ਵੋਟਾਂ ਪਾ ਕੇ ਕਾਮਯਾਬ ਕੀਤਾ। ਵਿਰੋਧੀ ਧਿਰ ਨੇ ਇਸ ’ਤੇ ਆਪਣੀ ਵੋਟ ਪਾਉਣ ਤੋਂ ਗੁਰੇਜ਼ ਹੀ ਰੱਖਿਆ, ਜਿਸਦਾ ਸਿੱਧਾ ਮਤਲਬ ਹੈ ਕਿ ਉਹ ਇਸ ਨਾਲ ਸਹਿਮਤ ਨਹੀਂ। ਇਹ ਇੱਕ ਅਜਿਹੀ ਸੰਵਿਧਾਨਿਕ ਧਾਰਾ ਹੈ ਜਿਸ ਨਾਲ ਅੱਗੇ ਤੋਂ ਲੋਕਾਂ ਦੇ ਮੂੰਹ ਬੰਦ ਅਤੇ ਗੁਰਦੁਆਰਾ ਸਾਹਿਬ ਦੀ ਕਾਬਜ਼ ਧਿਰ ਗੋਲਕ ਦੀ ਮਾਇਆ ਵਰਤ ਕੇ ਆਪਣਾ ਕਬਜ਼ਾ ਬਣਾਈ ਨਹੀਂ ਰੱਖ ਸਕੇਗੀ। ਵਿਰੋਧੀ ਧਿਰ ਵੱਲੋਂ ਪਾਏ ਕੋਰਟ ਕੇਸ ਵਿੱਚ ਸਿੱਖ ਪੰਚਾਇਤ ਗੁਰਦੁਆਰੇ ਤੋਂ ਪੈਸੇ ਵਰਤ ਸਕਦੀ ਸੀ ਪਰ ਇਸਦੇ ਸੇਵਾਦਾਰਾਂ ਨੇ ਆਪਣੀਆਂ ਜੇਬਾਂ ਵਿੱਚੋਂ ਪੈਸਾ ਖਰਚ ਕੇ ਕੇਸ ਜਿੱਤਿਆ ਹੈ। ਦੂਜੇ ਪਾਸੇ ਵਿਰੋਧੀ ਧਿਰ ਕਚਿਹਰੀ ਤੋਂ ਕਈ ਵਾਰ ਗੁਰਦੁਆਰਾ ਸਾਹਿਬ ਤੋਂ ਪੈਸੇ ਲੈਣ ਲਈ ਮੰਗ ਕਰਦੀ ਰਹੀ ਹੈ ਤੇ ਗੁਰਦੁਆਰੇ ਦੀ ਬੀਮਾ ਕੰਪਨੀ ਤੋਂ ਵੀ ਉਹਨਾਂ ਦੇ ਵਕੀਲ ਦਾ ਬਿੱਲ ਅਦਾ ਕਰਨ ਲਈ ਕਲੇਮ ਪਾ ਚੁੱਕੀ ਸੀ। ਸਿੱਖ ਪੰਚਾਇਤ ਨੇ ਸਮੂਹ ਸੰਗਤ ਦਾ ਧੰਨਵਾਦ ਕਰਦੇ ਕਿਹਾ ਹੈ ਕਿ ਇਸ ਸੋਧ ਨਾਲ ਸਿੱਖ ਵਿਰੋਧੀ ਚੱਲ ਰਹੇ ਬਿਰਤਾਂਤ ਗੋਲਕ ਦੀ ਲੜਾਈ ਨੂੰ ਠੱਲ੍ਹ ਪਏਗੀ ਅਤੇ ਉਹ ਦੂਜੇ ਗੁਰਦੁਆਰਿਆ ਨੂੰ ਵੀ ਇਹ ਸੋਧਾਂ ਕਰਣ ਲਈ ਬੇਨਤੀ ਕਰਣਗੇ ਤਾਂ ਜੋ ਸਿੱਖਾਂ ਦੇ ਦਿਮਾਗ ਵਿੱਚ ਘਰ ਕਰ ਚੁੱਕੀ ਇਸ ਗੱਲ ਤੋਂ ਛੁਟਕਾਰਾ ਪਾਇਆ ਜਾ ਸਕੇ।

ਭਾਈ ਜਸਜੀਤ ਸਿੰਘ ਨੇ ਗੱਲ ਕਰਦੇ ਹੋਏ ਦੱਸਿਆ ਕਿ ਸਿੱਖ ਲੀਡਰਸ਼ਿਪ ਨੂੰ ਸਿੱਖਾਂ ਦੇ ਅਸਲ ਧਾਰਮਿਕ ਤੇ ਸਿਧਾਂਤਕ ਬਿਰਤਾਂਤ ਮੁੜ ਬਹਾਲ ਕਰਣ ਦੀ ਚਾਰਾਜੋਈ ਕਰਨੀ ਚਾਹੀਦੀ ਹੈ ਨਾ ਕਿ ਚੱਲ ਰਹੇ ਸਿੱਖ ਵਿਰੋਧੀ ਬਿਰਤਾਂਤ ਵਿੱਚ ਹੀ ਆਪਣੀਆਂ ਨਿੱਕੀਆਂ ਪ੍ਰਾਪਤੀਆਂ ਕਰਣ ਲਈ ਸਿੱਖ ਵਿਰੋਧੀ ਬਿਰਤਾਂਤ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਹਮੇਸ਼ਾ ਗੁਰਦੁਆਰਿਆਂ ਦੀ ਚੋਣ ਵਿੱਚ ਉਮੀਦਵਾਰ ਪੈਸੇ ਦੇ ਘਪਲੇ ਜਾਂ ਆਡਿਟ ਕਰਾਉਣ ਵਾਲੇ ਇਲਜ਼ਾਮ ਇਸ ਲਈ ਲਾਉਂਦੇ ਹਨ ਕਿਉਂਕਿ ਸੰਗਤ ਦੇ ਦਿਮਾਗ ਵਿੱਚ ਘਰ ਕਰ ਚੁੱਕੇ ‘ਗੋਲਕਾਂ ਦੀ ਲੜਾਈ’ ਦੇ ਬਿਰਤਾਂਤ ਕਾਰਣ ਸੰਗਤ ਉਹ ਇਲਜ਼ਾਮਾਂ ਨੂੰ ਸੱਚ ਸਮਝੇਗੀ। ਹਾਲਾਂ ਕਿ ਇਲਜ਼ਾਮ ਲਾਉਣ ਵਾਲੇ ਨੂੰ ਪਤਾ ਹੁੰਦਾ ਹੈ ਕਿ ਉਸ ਵਿੱਚ ਕੋਈ ਸੱਚਾਈ ਨਹੀਂ। ਉਹਨਾਂ ਨੇ ਉਦਾਹਰਣ ਦਿੰਦੇ ਹੋਏ ਕਿਹਾ ਕਿ ਗੁਰਚਰਨ ਮਾਨ ਇੱਕ ਅਜਿਹਾ ਸ਼ਖ਼ਸ਼ ਹੈ ਜਿਹੜਾ ਇਹ ਇਲਜ਼ਾਮ ਹਮੇਸ਼ਾ ਹੀ ਲੈ ਕੇ ਆਉਂਦਾ ਹੈ। ਇਸਨੇ 2014 ਵਿੱਚ ਜਦੋਂ ਇਸਦਾ ਹੁਣ ਬਣਿਆ ਸਾਥੀ ਹਰਜੀਤ ਸਿੰਘ ਸਿੱਖ ਪੰਚਾਇਤ ਵਿੱਚ ਸੀ, ਉੱਪਰ ਗ਼ਬਨ ਦੇ ਦੋਸ਼ ਲਾਏ ਸਨ। ਇਸ ਸਾਲ ਹੁਣ ਇਹ ਦੋਨੋਂ ਇਕੱਠੇ ਹੋ ਕੇ ਇਹੀ ਗੱਲ ਸਿੱਖ ਪੰਚਾਇਤ ਵਿਰੁੱਧ ਦੁਹਰਾ ਰਹੇ ਸਨ। ਕੀ ਮਾਨ ਸਾਹਿਬ ਨੂੰ ਪੁੱਛਣਾ ਨਹੀਂ ਚਾਹੀਦਾ ਕਿ ਗ਼ਬਨ ਕਰਣ ਵਾਲੇ ਬੰਦੇ ਨਾਲ ਹੁਣ ਸਾਂਝ ਕਿਉਂ ਪਾਈ ? ਸਾਂਝ ਪਾਉਣ ਵਾਲੇ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਹਲੇ ਸਿੱਖਾਂ ਦਾ ਹੋਰ ਕਿੰਨਾ ਕੁ ਨੁਕਸਾਨ ਕਰਨਾ ਹੈ ਤਾਂ ਜੋ ਤੁਹਾਨੂੰ ਸ਼ਾਂਤੀ ਮਿਲ ਸਕੇ ? ਅਜਿਹੇ ਗ਼ੈਰ-ਪਵਿੱਤਰ ਗੱਠਜੋੜਾਂ ਨੂੰ ਸੰਗਤ ਭਲੀ ਪ੍ਰਕਾਰ ਸਮਝਦੀ ਹੈ ਅਤੇ ਗੁਰੂ ਦੀ ਹਾਜ਼ਰੀ ਵਿੱਚ ਹੋਏ ਕਰਾਰਾਂ ਤੋਂ ਜੋ ਵੀ ਪਿੱਠ ਦਿਖਾ ਕੇ ਸਿੱਖ ਪੰਚਾਇਤ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰੇਗਾ ਮੈਨੂੰ ਨਹੀ ਲੱਗਦਾ ਉਹਨੂੰ ਕਾਮਯਾਬੀ ਹਾਸਲ ਹੋਵੇ।

ਉਹਨਾਂ ਨੇ ਸੰਗਤ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਸਾਲ ਚੋਣ ਕਈ ਪਹਿਲੂਆਂ ਤੋਂ ਬਹੁਤ ਮਹੱਤਵਪੂਰਨ ਸੀ ਕਿਉਂਕਿ ਹੌਲੀ ਹੌਲੀ ਸਿੱਖ ਪੰਚਾਇਤ ਦੇ ਢਾਂਚੇ ਰਾਹੀਂ ਨਵੇਂ ਚਿਹਰੇ ਆਉਣੇ ਸ਼ੁਰੂ ਹੋਏ ਤੇ ਇਸ ਸਾਲ ਸਾਰੇ ਉਮੀਦਵਾਰ ਕਿਸੇ ਪੁਰਾਣੇ ਚੱਲ ਰਹੇ ਧੜਿਆਂ ਦੇ ਮੈਂਬਰ ਨਹੀਂ ਸਨ। ਇਸ ਸਿਸਟਮ ਨਾਲ ਨਵੇਂ ਚਿਹਰੇ ਤੇ ਹੁਨਰਮੰਦ ਸੇਵਾਦਾਰ ਆਉਣੇ ਸ਼ੁਰੂ ਹੋਏ ਹਨ। ਇਸਤੋਂ ਬਿਨਾਂ ਗੋਲਕਾਂ ਤੇ ਚੌਧਰ ਦੀ ਲੜਾਈ ਵਾਲੇ ਬਿਰਤਾਂਤ ਵਿਰੁੱਧ ਵੀ ਗੱਲ ਦੀ ਸ਼ੁਰੂਆਤ ਹੋਈ ਹੈ ਜਿਸ ਲਈ ਸੰਗਤ ਵਧਾਈ ਦੀ ਪਾਤਰ ਹੈ।

# ਇੰਗਲੈਂਡ ਦੇ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਖੁੱਸੇ ਰਾਜ ਨੂੰ ਕੀਤਾ ਯਾਦ

## ਮਹਾਰਾਜਾ ਦਲੀਪ ਸਿੰਘ ਦੀ ਸਮਾਧ ’ਤੇ ਹਾਜ਼ਰ ਹੋ ਕੇ ਲਾਹੌਰ ਸੰਧੀ ਨੂੰ ‘ਵਿਸਾਹਘਾਤ ਦਿਵਸ’ ਵਜੋਂ ਮਨਾਇਆ

ਲੰਡਨ : ਇੰਗਲੈਂਡ ਵਸਦੀ ਸਿੱਖ ਕੌਮ ਨੇ ਮਹਾਰਾਜਾ ਦਲੀਪ ਸਿੰਘ ਦੀ ਸਮਾਧ ’ਤੇ ਹਾਜ਼ਰ ਹੋ ਕੇ ਅੰਗਰੇਜ਼ਾਂ ਵੱਲੋਂ ਸਿੱਖ ਰਾਜ ਖ਼ਤਮ ਕਰਨ ਦੀ ਲਾਹੌਰ ਸੰਧੀ ਨੂੰ ਵਿਸਾਹਘਾਤ ਦਿਵਸ ਵਜੋਂ ਮਨਾਇਆ। ਭਾਰਤ ਦੀ ਆਜ਼ਾਦੀ ਤੋਂ ਇਕ ਸਦੀ ਪਹਿਲਾਂ ਬ੍ਰਿਟਿਸ਼ ਅੰਗਰੇਜ਼ ਹਕੂਮਤ ਵੱਲੋਂ 9 ਮਾਰਚ, 1846 ਵਿੱਚ 8 ਸਾਲ ਦੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਤੇ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨਾਲ ਲਾਹੌਰ ਦੀ ਸੰਧੀ ਪਹਿਲੀ ਐਂਗਲੋ-ਸਿੱਖ ਜੰਗ ਦੇ ਅੰਤ ਨੂੰ ਦਰਸਾਉਂਦੀ ਸ਼ਾਂਤੀ-ਸੰਧੀ ਕੀਤੀ ਗਈ ਸੀ। ਇਹ ਸੰਧੀ ਅੰਗਰੇਜ਼ਾਂ ਵੱਲੋਂ ਗਵਰਨਰ-ਜਨਰਲ ਸਰ ਹੈਨਰੀ ਹਾਰਡਿੰਗ ਅਤੇ ਈਸਟ ਇੰਡੀਆ ਕੰਪਨੀ ਦੇ ਦੋ ਅਫਸਰਾਂ ਦੁਆਰਾ ਕੀਤੀ ਗਈ ਸੀ।ਇਸ ਤੋਂ ਬਾਅਦ 1849 ਵਿੱਚ ਸਿੱਖ ਰਾਜ ਨੂੰ ਬ੍ਰਿਟਿਸ਼ ਹਕੂਮਤ ਨੇ ਆਪਣੇ ਅਧੀਨ ਕਰ ਲਿਆ ਗਿਆ ਸੀ ਤੇ ਇਸ ਸਮੇਂ ਦੌਰਾਨ ਮਹਾਰਾਣੀ ਜਿੰਦ ਕੌਰ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਤੇ ਮਹਾਰਾਜਾ ਦਲੀਪ ਸਿੰਘ ਨੂੰ ਬ੍ਰਿਟੇਨ ਲਿਆਂਦਾ ਗਿਆ





ਸੀ। ਸਿੱਖ ਰਾਜ ਨਾਲ ਹੋਏ ਵਿਸਾਹਘਾਤ ਕਰਨ ਨੂੰ ਮੁੱਖ ਰੱਖਕੇ ਇੰਗਲੈਂਡ ਵਸਦੀ ਸਿੱਖ ਕੌਮ ਨੇ ਐਲਵਡਨ, ਥੈਟਫੋਰਡ ਵਿਖੇ ਮਹਾਰਾਜਾ ਦਲੀਪ ਸਿੰਘ ਦੀ ਸਮਾਧ ’ਤੇ ਹਾਜ਼ਰ ਹੋ ਕੇ ਇਸਨੂੰ ਵਿਸਾਹਘਾਤ ਦਿਵਸ ਦੇ ਰੂਪ ਵਿੱਚ ਮਨਾ ਕੇ ਇਕ ਨਵੀਂ ਪਿਰਤ ਪਾ ਦਿੱਤੀ ਗਈ। ਇਸ ਮੌਕੇ ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ ਲੰਬੇ ਸਮੇਂ ਤੋਂ ਬੂੜੈਲ ਜੇਲ੍ਹ ਵਿੱਚ ਬੰਦ ਸਿੱਖ ਕੈਦੀ ਜਗਤਾਰ ਸਿੰਘ ਤਾਰਾ ਅਤੇ ਪਰਮਜੀਤ ਸਿੰਘ ਭਿਉਰਾ ਨੇ ਵੀ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਨੂੰ ਇੰਗਲੈਂਡ ਵਿੱਚ ਇਕੱਤਰ ਹੋਣ ਦੀ ਅਪੀਲ ਕੀਤੀ ਸੀ। ਸਮੂਹ ਸੰਗਤਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਸਮਾਧ ’ਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਉਨ੍ਹਾਂ ਦੀ ਮਾਤਾ ਮਹਾਰਾਣੀ ਜਿੰਦ ਕੌਰ ਵੱਲੋਂ ਆਪਣੇ ਧਰਮ, ਵਿਰਸੇ ਅਤੇ ਖੁੱਸੇ ਰਾਜ ਬਾਰੇ ਜਾਣੂ ਕਰਵਾਉਣ ਤੋਂ ਬਾਅਦ ਉਨ੍ਹਾਂ ਵੱਲੋਂ ਆਪਣੇ ਧੋਖੇ ਨਾਲ ਖੋਹੇ ਗਏ ਰਾਜ ਨੂੰ ਮੁੜ ਹਾਸਲ ਕਰਨ ਲਈ ਕੀਤੀ ਗਈ ਜੱਦੋ ਜਹਿਦ ਨੂੰ ਯਾਦ ਕੀਤਾ ਗਿਆ।

ਇਸ ਮੌਕੇ ਸਰਬਜੀਤ ਸਿੰਘ ਬਰਮਿੰਘਮ, ਮੀਤ ਪ੍ਰਧਾਨ ਅਜੈਪਾਲ ਸਿੰਘ ਨਾਗੋਕੇ, ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ, ਆਰਗੇਨਾਈਜ਼ਰ ਪ੍ਰੀਤਕਮਲ ਅਤੇ ਸ੍ਰ. ਜਸਪਾਲ ਸਿੰਘ ਵਡਾਲਾ ਸੀਨੀਅਰ ਮੀਤ ਪ੍ਰਧਾਨ ਬ੍ਰਮਿੰਘਮ ਬ੍ਰਾਂਚ, ਅਵਤਾਰ ਸਿੰਘ ਖੰਡਾ, ਬੀਬੀ ਸਰਬਜੀਤ ਕੌਰ, ਬੀਬੀ ਸੁਰਜੀਤ ਕੌਰ ਕੰਗ ਵੀ ਮੌਜੂਦ ਸਨ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਸਿੱਖਾਂ ਨਾਲ ਅੰਗਰੇਜ਼ਾਂ ਦੇ ਵਿਸਾਹਘਾਤ ਅਤੇ ਉਸ ਸਮੇਂ ਦੇ ਭਾਰਤੀ ਆਗੂਆਂ ਦੀ ਅਕ੍ਰਿਘਣਤਾ ਕਾਰਨ ਸਿੱਖ ਕੌਮ ਅੱਜ ਸਟੇਟਲੈਸ ਕੌਮ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸੰਨ 78 ਤੋਂ ਲੈ ਕੇ ਅੱਜ ਤੱਕ ਸਿੱਖਾਂ ਦੀ ਨਸਲਕੁਸੀ ਹੋ ਰਹੀ ਹੈ ਤੇ ਇਸ ਦਾ ਅੱਜ ਤੱਕ ਸਰਕਾਰਾਂ ਇਨਸਾਫ ਨਹੀਂ ਕਰ ਸਕੀਆਂ।

### ਖ਼ਾਲਸਾ ਰਾਜ ਦਾ ਆਖਰੀ ਵਾਰਿਸ ਮਹਾਰਾਜਾ ਦਲੀਪ ਸਿੰਘ

ਮਹਾਰਾਜਾ ਦਲੀਪ ਸਿੰਘ ਦਾ ਨਾਂਅ ਜਿਹਨ ਵਿੱਚ ਆਉਂਦਿਆਂ ਹੀ ਗਵਾਚੇ ਹੋਏ ਸਿੱਖ ਰਾਜ ਦੀ ਪੀੜ, ਸਰਕਾਰੀ ਜਬਰ ਦੀ ਇੰਤਹਾ ਅਤੇ ਇੱਕ ਪਿੰਜਰੇ ਵਿੱਚ ਬੰਦ ਹੋਏ ਸ਼ੇਰ ਦੀਆਂ ਅਜ਼ਾਦੀ ਲਈ ਕੀਤੀਆਂ ਕੋਸ਼ਿਸਾਂ ਦਾ ਸਮੁੱਚਾ ਸੀਨ ਸਾਹਮਣੇ ਆ ਜਾਂਦਾ ਹੈ। ਮਹਾਰਾਜਾ ਦਲੀਪ ਸਿੰਘ ਸਿੱਖ ਇਤਿਹਾਸ ਦਾ ਉਹ ਪਾਤਰ ਹੈ ਜੋ ਕੁਕਨੂਸ ਵਾਂਗ ਇੱਕ ਵਾਰ ਸੁਆਹ ਹੋਕੇ ਫਿਰ ਆਪਣੀ ਹੀ ਰਾਖ ਵਿੱਚੋਂ ਪ੍ਰਜਵੱਲਿਤ ਹੋ ਗਿਆ। ਜਦੋਂ ਉਸਦੀ ਸਮਝ ਅਤੇ ਸੋਝੀ ਨੂੰ ਆਪਣੇ ਵਿਰਸੇ ਦੀ ਜਾਗ ਲੱਗੀ ਤਾਂ ਸਰਕਾਰੀ ਜਬਰ ਨਾਲ ਦਬਾਈ ਹੋਈ ਉਸਦੀ ਅਜ਼ਾਦੀ, ਗੁਰੂ ਸਾਹਿਬ ਨਾਲ ਉਸਦਾ ਰਿਸ਼ਤਾ ਅਤੇ ਆਪਣੇ ਸੰਗੀ ਸਿੱਖਾਂ ਨਾਲ ਉਸਦੀਆਂ ਮੋਹ ਦੀਆਂ ਤੰਦਾਂ ਮੁੜ ਤੋਂ ਜੀਵਤ ਹੋ ਗਈਆਂ।

# ਅਮਰੀਕਾ ਦਾ ਵੱਡਾ ਬੈਂਕ 'ਸਿਲੀਕਾਨ ਵੈਲੀ ਬੈਂਕ' ਹੋਇਆ ਦਿਵਾਲੀਆ, ਭਾਰਤ ਉਪਰ ਪੈ ਸਕਦੇ ਹੈ ਪ੍ਰਭਾਵ

## 2008 ਤੋਂ ਬਾਅਦ ਅਮਰੀਕਾ ਉੱਪਰ ਸਭ ਤੋਂ ਵੱਡਾ ਬੈਂਕਿੰਗ ਸੰਕਟ ਆਇਆ

ਨਵੀਂ ਦਿੱਲੀ/ਏ.ਟੀ.ਨਿਊਜ਼ :-ਅਮਰੀਕਾ ਵਿਚ 16ਵੇਂ ਨੰਬਰ ਦੇ ਬੈਂਕ ਸਿਲੀਕਾਨ ਵੈਲੀ ਬੈਂਕ ਦੇ ਦੀਵਾਲੀਆ ਹੋਣ ਨਾਲ ਨਾ ਸਿਰਫ਼ ਬੈਂਕ ਦੇ ਗਾਹਕਾਂ ਵਿਚ ਬੇਚੈਨੀ ਵਧੀ ਹੈ ਸਗੋਂ ਅਮਰੀਕਾ ਦੇ ਵਿੱਤੀ ਸੰਸਾਰ ਉਪਰ ਵੀ ਖ਼ਤਰਾ ਮੰਡਰਾਉਣ ਲੱਗਾ ਹੈ। ਇਹ ਬੈਂਕ ਮੁੱਖ ਤੌਰ 'ਤੇ ਕੈਲੀਫੋਰਨੀਆ ਵਿਚ ਕਾਰੋਬਾਰ ਕਰਦਾ ਹੈ। ਸਿਲੀਕਾਨ ਵੈਲੀ ਉਬਤਰੀ ਕੈਲੀਫੋਰਨੀਆ ਵਿਚ ਸਥਿਤ ਉਹ ਇਲਾਕਾ ਹੈ ਜਿੱਥੇ ਕੰਪਿਊਟਰ ਅਤੇ ਸਾਫਟਵੇਅਰ ਵਿਚ ਵੱਡੇ ਪੱਧਰ 'ਤੇ ਖੋਜ ਤੇ ਕਾਰੋਬਾਰ ਹੁੰਦਾ ਹੈ। ਇਹ ਬੈਂਕ ਨਵੀਆਂ ਸ਼ੁਰੂ ਹੋਣ ਵਾਲੀਆਂ (ਸਟਾਰਟਅੱਪ) ਅਤੇ ਕੰਪਿਊਟਰ ਸਾਇੰਸ ਨਾਲ ਸਬੰਧਿਤ ਕੰਪਨੀਆਂ ਨੂੰ ਕਰਜ਼ੇ ਦਿੰਦਾ ਰਿਹਾ ਹੈ।

ਕੈਲੀਫੋਰਨੀਆ ਦੀ ਬੈਂਕਾਂ ਦੇ ਕੰਮਾਂ 'ਤੇ ਨਿਗਾਹਬਾਨੀ ਕਰਨ ਵਾਲੀ ਸੰਸਥਾ 'ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਫਾਈਨੈਂਸ਼ੀਅਲ ਪ੍ਰੋਟੈਕਸ਼ਨ ਆਫ਼ ਇਨੋਵੇਸ਼ਨ' ਨੇ ਸ਼ੁੱਕਰਵਾਰ ਬੈਂਕ ਦੀਆਂ ਜਾਇਦਾਦਾਂ ਜ਼ਬਤ ਕਰਨ ਦੇ ਆਦੇਸ਼ ਦਿੱਤੇ ਅਤੇ ਇਸ ਲਈ ਅਮਰੀਕਾ ਦੀ ਕੇਂਦਰੀ (ਫੈਡਰਲ) ਸਰਕਾਰ ਦੀ ਏਜੰਸੀ ਫੈਡਰਲ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ ਨੂੰ ਨਿਯੁਕਤ ਕੀਤਾ ਗਿਆ। 2008 ਦੇ ਵਿੱਤੀ ਸੰਕਟ ਤੋਂ ਬਾਅਦ ਇਹ ਅਮਰੀਕਾ ਦੇ ਕਿਸੇ ਵੱਡੇ ਬੈਂਕ ਦੀ ਨਾਕਾਮੀ ਦੀ ਦੂਜੀ ਘਟਨਾ ਹੈ। ਉਦੋਂ ਵਾਸ਼ਿੰਗਟਨ ਮਿਊਚਲ ਬੈਂਕ ਬੰਦ ਹੋਇਆ ਸੀ। 1889 ਵਿਚ ਸਥਾਪਿਤ ਹੋਏ ਇਸ ਬੈਂਕ ਦਾ ਦੀਵਾਲੀਆ ਹੋਣਾ ਅਮਰੀਕਾ ਦੇ ਬੈਂਕਿੰਗ ਖੇਤਰ ਦੇ ਇਤਿਹਾਸ ਵਿਚ ਹੋਈ ਸਭ ਤੋਂ ਵੱਡੀ ਘਟਨਾ ਸੀ। 2008 ਵਿਚ ਵੱਡੇ ਕਾਰੋਬਾਰਾਂ ਵਿਚ ਨਿਵੇਸ਼ ਕਰਨ ਵਾਲਾ ਲੀਮਨ ਬ੍ਰਦਰਜ਼ ਬੈਂਕ ਵੀ ਦੀਵਾਲੀਆ ਹੋਇਆ ਸੀ।




ਬੈਂਕ ਕੋਲ 210 ਅਰਬ ਡਾਲਰ ਦੀ ਜਾਇਦਾਦ ਹੈ ਪਰ ਪਿਛਲੇ ਕੁੱਝ ਸਮੇਂ ਵਿਚ ਬੈਂਕ ਦੀ ਵਿੱਤੀ ਹਾਲਤ ਅਜਿਹੀ ਹੋ ਗਈ ਹੈ ਕਿ ਰੈਗੂਲੇਟਰਸ ਨੂੰ ਇਸ ਨੂੰ ਬੰਦ ਕਰਨ ਦਾ ਹੁਕਮ ਦੇਣਾ ਪੈਂਦਾ ਹੈ। ਅਮਰੀਕਾ ਦੇ ਬੈਂਕ 'ਤੇ ਲੱਗਾ ਤਾਲਾ ਸਿਰਫ਼ ਅਮਰੀਕਾ ਨੂੰ ਪ੍ਰਭਾਵਿਤ ਨਹੀਂ ਕਰੇਗਾ, ਸਗੋਂ ਦੁਨੀਆ ਭਰ ਦੇ ਦੇਸ਼ ਇਸ ਦੀ ਲਪੇਟ ਵਿਚ ਆਉਣ ਵਾਲੇ ਹਨ। ਭਾਰਤ ਵੀ ਇਸ ਤੋਂ ਅਛੂਤਾ ਨਹੀਂ ਹੈ। ਇਸ ਦੀ ਝਲਕ ਬੀਤੇ ਹਫਤੇ ਸ਼ੁੱਕਰਵਾਰ ਨੂੰ ਸ਼ੇਅਰ ਬਾਜ਼ਾਰ 'ਤੇ ਦੇਖਣ ਨੂੰ ਮਿਲ ਗਈ। ਭਾਰਤੀ ਨਿਵੇਸ਼ਕਾਂ ਦੀਆਂ ਵੀ ਚਿੰਤਾਵਾਂ ਵਧ ਗਈਆਂ ਹਨ।

ਅਮਰੀਕੀ ਬੈਂਕ ਸਿਲੀਕਾਨ ਵੈਲੀ ਬੈਂਕ ਦੀ ਮੂਲ ਕੰਪਨੀ ਐੱਸ. ਵੀ. ਬੀ. ਫਾਈਨਾਂਸ਼ੀਅਲ ਗਰੁੱਪ ਦੇ ਸ਼ੇਅਰਾਂ ਵਿਚ 70 ਫੀਸਦੀ ਤੱਕ ਦੀ ਗਿਰਾਵਟ ਆ ਗਈ। ਅਮਰੀਕਾ ਵਿਚ ਸ਼ੁਰੂ ਹੋਏ ਇਸ ਬੈਂਕਿੰਗ ਸੰਕਟ ਦਾ ਅਸਰ ਸਿਰਫ ਅਮਰੀਕਾ ਤੱਕ ਸੀਮਤ ਨਹੀਂ ਹੈ। ਭਾਰਤੀ ਨਿਵੇਸ਼ਕਾਂ ਅਤੇ ਭਾਰਤੀ ਸਟਾਰਟਅਪ ਦੀ ਚਿੰਤਾ ਵੀ ਵਧਣ ਲੱਗੀ ਹੈ। ਟੈਬਕ ਸਟਾਰਟਅਪ ਨੂੰ ਕਰਜ਼ਾ ਦੇਣ ਲਈ ਐੱਸ.ਵੀ.ਬੀ.ਫਾਈਨੈਂਸ਼ੀਅਲ ਗਰੁੱਪ ਦੇ ਇਸ ਸੰਕਟ ਨਾਲ ਭਾਰਤੀ ਸਟਾਰਟਅਪਸ ਦੀ ਚਿੰਤਾ ਵਧ ਗਈ ਹੈ। ਇਸ ਬੈਂਕ ਨੇ ਭਾਰਤ ਵਿਚ 20 ਸਟਾਰਟਅਪ ਵਿਚ ਨਿਵੇਸ਼ ਕੀਤਾ ਹੈ। ਸਟਾਰਟਅਪ ਰਿਸਰਚ ਐਡਵਾਇਜ਼ਰੀ ਟ੍ਰੈਕਸਨ ਮੁਤਾਬਕ ਸਾਲ 2003 ਦੌਰਾਨ ਭਾਰਤੀ ਸਟਾਰਟਅਪ ਵਿਚ ਨਿਵੇਸ਼ ਕੀਤਾ ਸੀ। ਹਾਲਾਂਕਿ ਇਨ੍ਹਾਂ ਵਿਚ ਨਿਵੇਸ਼ ਕੀਤੀ ਗਈ ਰਾਸ਼ੀ ਦੀ ਸਪੱਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ ਹੈ ਪਰ ਪਿਛਲੇ ਸਾਲ ਅਕਤੂਬਰ 'ਚ ਭਾਰਤ ਦੀਆਂ ਸਟਾਰਟਅਪ ਕੰਪਨੀਆਂ ਨੇ ਸਿਲੀਕਾਨ ਵੈਲੀ ਬੈਂਕ ਤੋਂ ਕਰੀਬ 150 ਮਿਲੀਅਨ ਡਾਲਰ ਦੀ ਪੂੰਜੀ ਜੁਟਾਈ ਸੀ। ਭਾਰਤ ਵਿਚ ਸਭ ਤੋਂ ਅਹਿਮ ਨਿਵੇਸ਼ ਐੱਸ. ਏ. ਏ. ਐੱਸ.-ਯੂਨੀਕਾਰਨ ਆਈਸਰਟਿਸ ਵਿਚ ਹੈ। ਇਸ ਤੋਂ ਇਲਾਵਾ ਬਲੂਸਟੋਨ, ਪੇਅ.ਟੀ.ਐੱਮ, ਵਨ97 ਕਮਿਊਨੀਕੇਸ਼ਨਸ, ਪੇਅ. ਟੀ. ਐੱਮ. ਮਾਲ, ਨਾਪਤੋਲ, ਕਾਰ ਵਾਲੇ, ਵਿਆਹ, ਇਨਮੋਬੀ ਅਤੇ ਲਾਇਲਟੀ ਰਿਵਾਰਡਜ਼ ਵਰਗੇ ਸਟਾਰਟਅਪ ਵਿਚ ਬੈਂਕ ਦਾ ਨਿਵੇਸ਼ ਹੈ। ।

ਇਸ ਸਾਲ ਬੈਂਕ ਦੇ ਘਾਟੇ ਵਧੇ ਅਤੇ ਬੁੱਧਵਾਰ ਇਨ੍ਹਾਂ ਨੂੰ ਪੂਰਾ ਕਰਨ ਲਈ ਬੈਂਕ ਨੇ 21 ਬਿਲੀਅਨ ਡਾਲਰ ਦੇ ਬਾਂਡਾਂ ਦੀ ਵਿਕਰੀ ਕੀਤੀ ਜਿਸ ਵਿਚ ਉਸ ਨੂੰ 1.8 ਬਿਲੀਅਨ ਡਾਲਰ ਦਾ ਘਾਟਾ ਸਹਿਣਾ ਪਿਆ। ਬੈਂਕ ਨੇ ਇਹ ਵੀ ਕਿਹਾ ਕਿ ਉਹ 2.25 ਬਿਲੀਅਨ ਡਾਲਰ ਦੇ ਆਪਣੇ ਸ਼ੇਅਰ ਬਾਜ਼ਾਰ ਵਿਚ ਵੇਚੇਗਾ। ਇਸ ਨਾਲ ਗਾਹਕਾਂ ਅਤੇ ਨਿਵੇਸ਼ਕਾਂ ਵਿਚ ਖਲਬਲੀ ਮਚੀ ਅਤੇ ਬੈਂਕ ਦੇ ਸ਼ੇਅਰਾਂ ਦੀ ਕੀਮਤ 60 ਫ਼ੀਸਦੀ ਘਟ ਗਈ। ਬੈਂਕ ਦੇ ਦੀਵਾਲੀਆ ਹੋਣ ਦਾ ਵੱਡਾ ਪ੍ਰਭਾਵ ਉਨ੍ਹਾਂ ਕੰਪਨੀਆਂ 'ਤੇ ਪੈਣਾ ਹੈ ਜਿਨ੍ਹਾਂ ਨੇ ਇਸ ਬੈਂਕ ਵਿਚ ਵੱਡੀ ਰਕਮ ਜਮ੍ਹਾਂ ਕਰਵਾਈ ਹੋਈ ਹੈ ਅਤੇ ਇਸ ਬੈਂਕ ਰਾਹੀਂ ਆਪਣੇ ਕਰਮਚਾਰੀਆਂ ਨੂੰ ਤਨਖ਼ਾਹ ਦਿੰਦੀਆਂ ਹਨ। ਇਸ ਤਰ੍ਹਾਂ ਨਵੀਆਂ (ਬਾਕੀ ਸਫ਼ਾ 29 'ਤੇ)

### ਐਲਨ ਮਸਕ ਨੇ ਇਸ ਬੈਂਕ ਨੂੰ ਖ਼ਰੀਦਣ ਵਿੱਚ ਦਿਲਚਸਪੀ ਦਿਖਾਈ

ਬੈਂਕ ਦੇ ਬੰਦ ਹੋਣ ਦੀਆਂ ਖਬਰਾਂ ਦਰਮਿਆਨ ਐਲਨ ਮਸਕ ਨੇ ਇਸ ਬੈਂਕ ਨੂੰ ਖਰੀਦਣ ਵਿਚ ਦਿਲਚਸਪੀ ਦਿਖਾਈ ਹੈ। ਰੇਜਰ ਦੇ ਸੀ. ਈ. ਓ. ਮਿਨ ਲਿਆਂਗ ਨੇ ਟਵਿਟਰ 'ਤੇ ਲਿਖਿਆ ਕਿ ਟਵਿਟਰ ਨੂੰ ਖਸਤਾਹਾਲ ਸਿਲੀਕਾਨ ਵੈਲੀ ਬੈਂਕ ਨੂੰ ਖਰੀਦ ਲੈਣਾ ਚਾਹੀਦਾ ਹੈ। ਇਸ ਨੂੰ ਖਰੀਦ ਕੇ ਉਸ ਨੂੰ ਡਿਜੀਟਲ ਬੈਂਕ ਬਣਾਉਣਾ ਚਾਹੀਦਾ ਹੈ, ਜਿਸ ਦੇ ਜਵਾਬ ਵਿਚ ਐਲਨ ਮਸਕ ਨੇ ਲਿਖਿਆ ਕਿ ਮੈਂ ਤੁਹਾਡੇ ਵਿਚਾਰ ਦਾ ਸਵਾਗਤ ਕਰਦਾ ਹਾਂ ਅਤੇ ਮੈਂ ਇਸ ਲਈ ਓਪਨ ਹਾਂ। ਐਲਨ ਮਸਕ ਮੌਕੇ 'ਤੇ ਚੌਕਾ ਮਾਰਨ ਵਿਚ ਮਾਹਿਰ ਹਨ। ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਕਈ ਡੀਲਾਂ ਪਹਿਲਾਂ ਵੀ ਕੀਤੀਆਂ ਹਨ। ਅਜਿਹੀਆਂ ਕੰਪਨੀਆਂ ਨੂੰ ਖਰੀਦ ਕੇ ਉਨ੍ਹਾਂ ਨੂੰ ਵਧਾਉਣ ਵਿਚ ਉਨ੍ਹਾਂ ਨੂੰ ਮੁਹਾਰਤ ਹਾਸਲ ਹੈ। ਅਜਿਹੇ ਵਿਚ ਉਨ੍ਹਾਂ ਦਾ ਇਹ ਟਵਿਟਰ ਕਾਫ਼ੀ ਦਿਲਚਸਪ ਹੈ।

# ਨਵਜੋਤ ਕੌਰ ਵਿਰਕ ਨੈਸ਼ਨਲ ਨਰਸਿੰਗ ਕੌਂਸਲ ਯੂ.ਕੇ. ਬੋਰਡ ਦੀ ਮੈਂਬਰ ਬਣਨ ਵਾਲੀ ਪਹਿਲੀ ਸਿੱਖ ਬੀਬੀ

ਲੰਡਨ: ਡਰਬੀ ਯੂਨੀਵਰਸਿਟੀ ਦੀ ਨਰਸਿੰਗ ਅਤੇ ਮਿਡਵਿਫਰੀ ਦੀ ਹੈੱਡ ਨਵਜੋਤ ਕੌਰ ਵਿਰਕ ਨੈਸ਼ਨਲ ਕੌਂਸਲ ਆਫ ਨਰਸਿੰਗ ਦੇ ਬੋਰਡ ਦੀ ਮੈਂਬਰ ਬਣੀ ਹੈ ।ਇਹ ਮਾਣ ਪ੍ਰਾਪਤ ਕਰਨ ਵਾਲੀ ਉਹ ਬਰਤਾਨੀਆ ਦੀ ਪਹਿਲੀ ਸਿੱਖ ਨਰਸ ਬੀਬੀ ਹੈ। ਨੈਸ਼ਨਲ ਕੌਂਸਲ ਆਫ ਨਰਸਿੰਗ ਯੂ.ਕੇ. ਦੀ ਸਿਹਤ ਵਿਭਾਗ ਨਾਲ ਸੰਬੰਧਿਤ ਸੰਸਥਾ ਹੈ, ਜੋ ਯੂ.ਕੇ. ਵਿੱਚ ਬਤੌਰ ਨਰਸ ਕੰਮ ਕਰਨ ਵਾਲਿਆਂ ਨੂੰ ਲਾਇਸੰਸ ਜਾਰੀ ਕਰਦੀ ਹੈ । ਇਸ ਸੰਸਥਾ ਦੇ ਪੌਣੇ ਅੱਠ ਲੱਖ ਦੇ ਕਰੀਬ ਮੈਂਬਰ ਹਨ, ਜਿਸ ਵਿੱਚ ਨਰਸਾਂ, ਮਿਡਵਾਈਫ ਅਤੇ ਐਸੋਸੀਏਟ ਹਨ । ਜਿਸ ਦਾ ਉਦੇਸ਼ ਹਰ ਨਾਗਰਿਕ ਲਈ ਕਾਬਲ ਨਰਸਾਂ ਤੇ ਮਿਡਵਾਈਫ ਮੁਹੱਈਆ ਕਰਾਉਣਾ ਅਤੇ ਉੱਚ ਮਿਆਰ ਨੂੰ ਕਾਇਮ ਰੱਖਣਾ ਹੈ ।ਨਵਜੋਤ ਕੌਰ ਦੀ ਚੋਣ ਦੇਸ਼ ਭਰ ਦੀਆਂ ਯੂਨੀਵਰਸਿਟੀਆਂ (ਇੰਗਲੈਂਡ, ਸਕਾਟਲੈਂਡ, ਵੇਲਜ਼ ਅਤੇ ਨਾਰਦਰਨ ਆਇਰਲੈਂਡ) ਵਿਚੋਂ ਆਈਆਂ ਨਾਮਜ਼ਦਗੀਆਂ, ਜਿਨ੍ਹਾਂ ਨੂੰ ਪੰਜ ਪੜਾਵਾਂ ਵਿਚੋਂ ਲੰਘਣਾ ਪਿਆ, ਵਿੱਚ ਅੱਵਲ ਆਉਣ ਕਰਕੇ ਕੀਤੀ ਗਈ ਹੈ। ਨਵਜੋਤ ਕੌਰ ਨੇ ਕਿਹਾ ਕਿ ਉਹ ਗੁਰੂਆਂ ਵੱਲੋਂ ਦਰਸਾਈ



ਸਾਂਝੀਵਾਲਤਾ ਨਾਲ ਮਨੁੱਖਤਾ ਦੀ ਸੇਵਾ ਕਰੇਗੀ ।

ਮਿਲੀ ਜਾਣਕਾਰੀ ਅਨੁਸਾਰ ਸੰਨ 2000 ਤੋਂ ਐਨ ਐਚ ਐਸ ਵਿੱਚ ਸੇਵਾਵਾਂ ਦੇ ਰਹੀ ਅੰਮ੍ਰਿਤਧਾਰੀ ਅਤੇ ਦੋ ਬੱਚਿਆਂ ਦੀ ਮਾਤਾ ਨਵਜੋਤ ਫਰਵਰੀ 2021 ਤੋਂ ਡਰਬੀ ਯੂਨੀਵਰਸਿਟੀ ਵਿੱਚ ਮਿਡਵਾਈਫਰੀ, ਚਿਲਡਰਨ ਅਤੇ ਪ੍ਰੋਫੈਸ਼ਨਲ ਪ੍ਰੈਕਟਿਸ ਲਈ ਅਨੁਸ਼ਾਸਨ ਦੀ ਮੁਖੀ ਰਹੀ ਹੈ। ਉਸਨੇ ਪਹਿਲਾਂ ਪ੍ਰੋਗਰਾਮ ਲੀਡਰ (ਬਾਕੀ ਸਫ਼ਾ 29 'ਤੇ)

# ਹਿਮਾਚਲ ਪ੍ਰਦੇਸ਼ ਨੇ ਵਾਟਰ ਸੈੱਸ ਆਨ ਹਾਈਡ੍ਰੋ ਪਾਵਰ ਜਨਰੇਸ਼ਨ ਆਰਡੀਨੈਂਸ 2023 ਕੀਤਾ ਪਾਸ

***ਆਰਡੀਨੈਂਸ ਦੇ ਚੈਪਟਰ ਨੰਬਰ 3.1 ਅਨੁਸਾਰ ਹਿਮਾਚਲ ਪ੍ਰਦੇਸ਼ ਵਿਚਲੇ ਸਾਰੇ ਜਲ ਸਰੋਤ ਸੂਬੇ ਦੀ ਸੰਪਤੀ**

ਚੰਡੀਗੜ੍ਹ/ਏ.ਟੀ.ਨਿਊਜ਼ :-ਲੰਘੀ 15 ਫਰਵਰੀ 2023 ਨੂੰ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਚੁੱਪ-ਚੁਪੀਤੇ 'ਹਿਮਾਚਲ ਪ੍ਰਦੇਸ਼ ਵਾਟਰ ਸੈੱਸ ਆਨ ਹਾਈਡ੍ਰੋ ਪਾਵਰ ਜਨਰੇਸ਼ਨ ਆਰਡੀਨੈਂਸ 2023' ਪਾਸ ਕਰ ਦਿੱਤਾ ਗਿਆ ਹੈ, ਜਿਸ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ ਪੈਂਦੇ ਸਾਰੇ ਹਾਈਡ੍ਰੋ ਇਲੈਕਟ੍ਰਿਕ ਪਾਵਰ ਪਲਾਂਟਾਂ ਵਲੋਂ ਪੈਦਾ ਕੀਤੀ ਜਾ ਰਹੀ ਬਿਜਲੀ 'ਤੇ ਵਾਟਰ ਸੈੱਸ ਲਗਾ ਦਿੱਤਾ ਗਿਆ ਹੈ । ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਅਧੀਨ ਵੱਖ-ਵੱਖ ਹਾਈਡ੍ਰੋ ਪਾਵਰ ਪ੍ਰਾਜੈਕਟ ਕਾਰਜਸ਼ੀਲ ਹਨ, ਜਿਨ੍ਹਾਂ ਤੋਂ ਪੰਜਾਬ ਸਮੇਤ ਹਰਿਆਣਾ, ਰਾਜਸਥਾਨ, ਦਿੱਲੀ ਤੇ ਚੰਡੀਗੜ੍ਹ ਨੂੰ ਬਿਜਲੀ ਪ੍ਰਾਪਤ ਹੁੰਦੀ ਹੈ ਤੇ ਇਹ ਵਾਟਰ ਸੈੱਸ ਲਗਾਉਣ ਨਾਲ ਇਨ੍ਹਾਂ ਸੂਬਿਆਂ 'ਤੇ ਕਰੋੜਾਂ ਰੁਪਏ ਦਾ ਸਾਲਾਨਾ ਬੋਝ ਪਵੇਗਾ, ਕਿਉਂਕਿ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ. ਬੀ. ਐਮ. ਬੀ.) ਦਾ ਸਾਲਾਨਾ ਬਜਟ ਪੰਜਾਬ ਤੇ ਭਾਈਵਾਲ ਸੂਬਿਆਂ ਵਲੋਂ ਦਿੱਤਾ ਜਾਂਦਾ ਹੈ । ਸੂਤਰਾਂ ਅਨੁਸਾਰ ਹਿਮਾਚਲ ਪ੍ਰਦੇਸ਼ ਵੱਲੋਂ ਪਾਸ ਕੀਤੇ ਇਸ ਆਰਡੀਨੈਂਸ ਨਾਲ ਬੀ.ਬੀ.ਐਮ.ਬੀ. 'ਤੇ ਸਾਲਾਨਾ ਕਰੋੜਾਂ ਰੁਪਏ ਦਾ ਵਾਧੂ ਖ਼ਰਚਾ ਪਵੇਗਾ, ਜਿਸ ਨਾਲ ਪੰਜਾਬ ਸਮੇਤ ਬਾਕੀ ਸੂਬਿਆਂ ਨੂੰ ਬਿਜਲੀ ਹੋਰ ਮਹਿੰਗੀ ਮਿਲਣ ਦੇ ਆਸਾਰ ਬਣ ਗਏ ਹਨ । ਇਸ ਆਰਡੀਨੈਂਸ ਦੇ ਚੈਪਟਰ ਨੰਬਰ 3.1 ਵਿੱਚ ਲਿਖਿਆ ਗਿਆ ਹੈ ਕਿ ਹਿਮਾਚਲ ਪ੍ਰਦੇਸ਼ ਵਿਚਲੇ ਸਾਰੇ ਜਲ ਸਰੋਤ ਜਿਵੇਂ ਕਿ ਨਹਿਰਾਂ, ਦਰਿਆ, ਤਲਾਬ ਅਤੇ ਛੱਪੜ ਤੱਕ ਸੂਬੇ ਦੀ ਸੰਪਤੀ ਹਨ ਅਤੇ ਰਹੇਗੀ ।ਮਹੱਤਵਪੂਰਨ ਗੱਲ ਇਹ ਹੈ ਕਿ ਹਿਮਾਚਲ ਇਕ ਪਹਾੜੀ ਸੂਬਾ ਹੋਣ ਕਾਰਨ ਦਰਿਆਈ ਪਾਣੀਆਂ ਦੀ ਵਰਤੋਂ ਮੈਦਾਨੀ ਇਲਾਕਿਆਂ ਦੇ ਬਰਾਬਰ ਨਹੀਂ ਕਰ ਸਕਦਾ ਅਤੇ ਬਹੁਤੀ ਦੇਰ ਤੱਕ ਪਾਣੀ ਨੂੰ ਰੋਕ ਕੇ ਵੀ ਨਹੀਂ ਰੱਖ ਸਕਦਾ । ਇਸ ਕਰਕੇ ਉਸ ਵਲੋਂ ਪਾਣੀ ਨਾਲ ਪੈਦਾ ਹੋਣ ਵਾਲੀ ਬਿਜਲੀ 'ਤੇ ਹੀ ਟੈਕਸ ਲਗਾਇਆ ਗਿਆ ਹੈ, ਪਾਣੀ 'ਤੇ ਨਹੀਂ ।ਹਿਮਾਚਲ ਪ੍ਰਦੇਸ਼ 'ਤੇ ਪਾਣੀ ਕੁਦਰਤੀ ਰੂਪ ਵਿਚ ਦਰਿਆ ਰਾਹੀਂ ਪੰਜਾਬ ਵਿੱਚ ਆਉਂਦਾ ਹੈ, ਜਦੋਂਕਿ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਨਹਿਰਾਂ ਕੱਢ ਦੇ ਦਿੱਤਾ ਜਾਂਦਾ ਹੈ । ਆਰਡੀਨੈਂਸ ਅਨੁਸਾਰ ਹਿਮਾਚਲ ਵਿਚ ਲੱਗੇ ਹੋਏ ਸਾਰੇ ਬਿਜਲੀ ਪ੍ਰਾਜੈਕਟ ਉਹ ਭਾਵੇਂ ਕਿਸੇ ਵੀ ਸਰਕਾਰੀ ਵਿਭਾਗ, ਕਾਰਪੋਰੇਸ਼ਨ, ਕੰਪਨੀ, ਸੁਸਾਇਟੀ, ਗਰੁੱਪ ਆਦਿ ਨਾਲ ਸੰਬੰਧਿਤ ਹੋਣ, ਉਨ੍ਹਾਂ ਨੂੰ ਆਰਡੀਨੈਂਸ ਤਹਿਤ ਗਠਿਤ ਕੀਤੇ ਜਾਣ ਵਾਲੇ ਕਮਿਸ਼ਨ ਅਧੀਨ ਰਜਿਸਟਰੇਸ਼ਨ ਕਰਵਾਉਣੀ ਪਵੇਗੀ ।ਇਹ ਆਰਡੀਨੈਂਸ ਜਾਰੀ ਹੋਣ ਤੋਂ ਪਹਿਲਾਂ ਜੋ ਪ੍ਰਾਜੈਕਟ ਕਾਰਜਸ਼ੀਲ ਹਨ ਜਿਵੇਂ ਕਿ ਬੀ.ਬੀ.ਐਮ.ਬੀ., ਨੂੰ ਛੇ ਮਹੀਨਿਆਂ ਦੇ ਵਿੱਚ-ਵਿੱਚ ਰਜਿਸਟਰੇਸ਼ਨ ਕਰਵਾਉਣੀ ਪਵੇਗੀ ਤੇ ਰਜਿਸਟਰੇਸ਼ਨ ਨਾ ਕਰਵਾਉਣ ਦੀ ਸੂਰਤ ਵਿਚ ਜੁਰਮਾਨਾ ਲੱਗੇਗਾ ।ਜ਼ਿਕਰਯੋਗ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਬਾਬਤ ਪਹਿਲਾਂ ਹੀ ਬਹੁਤ ਸਾਰੇ ਅੰਤਰਰਾਜ਼ੀ ਝਗੜੇ ਚੱਲ ਰਹੇ ਹਨ । ਹੁਣ ਜਿਸ ਤਰ੍ਹਾਂ ਹਿਮਾਚਲ ਸਰਕਾਰ ਵਲੋਂ ਇਹ ਆਰਡੀਨੈਂਸ ਪਾਸ ਕੀਤਾ ਗਿਆ ਹੈ, ਇਸੇ ਤਰ੍ਹਾਂ ਦਾ ਕਾਨੂੰਨ ਅਕਾਲੀ -ਭਾਜਪਾ ਗੱਠਜੋੜ ਦੀ ਸਰਕਾਰ ਵੱਲੋਂ 2016 ਵਿੱਚ ਲਿਆਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਸੀ, ਪਰ ਰਾਜਪਾਲ ਵਲੋਂ ਮਨਜ਼ੂਰੀ ਨਾ ਮਿਲਣ ਦੇ ਖਦਸ਼ੇ ਕਾਰਨ ਉਕਤ ਆਰਡੀਨੈਂਸ ਦੀ ਥਾਂ 'ਤੇ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਗਿਆ ਸੀ ।ਇਸ ਮਤੇ ਅਨੁਸਾਰ ਪੰਜਾਬ ਵਿਧਾਨ ਸਭਾ ਵੱਲੋਂ ਪੰਜਾਬ ਸਰਕਾਰ ਨੂੰ ਹਦਾਇਤ ਦਿੱਤੀ ਗਈ ਸੀ ਕਿ ਉਹ ਸਾਰੇ ਗ਼ੈਰ ਰਿਪੇਰੀਅਨ ਸੂਬਿਆਂ ਤੋਂ ਪਾਣੀ ਦੇ ਬਿੱਲ ਵਸੂਲੇ, ਪ੍ਰੰਤੂ ਪੰਜਾਬ ਸਰਕਾਰ ਵਲੋਂ ਇਸ ਸੰਬੰਧੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ, ਸਗੋਂ ਸਮੇਂ-ਸਮੇਂ 'ਤੇ ਕੇਂਦਰ ਸਰਕਾਰ ਪਾਸੋਂ ਪਾਣੀਆਂ ਦੀ ਵੰਡ ਦੀ ਸਮੀਖਿਆ ਕਰਨ ਲਈ ਟ੍ਰਿਬਿਊਨਲ ਦੀ ਮੰਗ ਕੀਤੀ ਜਾਂਦੀ ਰਹੀ, ਜਦੋਂ ਕਿ ਟ੍ਰਿਬਿਊਨਲ ਕੇਵਲ ਅੰਤਰਰਾਜੀ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਈ ਹੀ ਸਥਾਪਿਤ ਕੀਤੇ ਜਾਂਦੇ ਹਨ ਤੇ ਪੰਜਾਬ ਦਾ ਕੋਈ ਵੀ ਦਰਿਆ ਹਰਿਆਣਾ, ਰਾਜਸਥਾਨ ਤੇ ਦਿੱਲੀ ਦੇ ਪੱਖੋਂ ਅੰਤਰਰਾਜੀ ਨਹੀਂ ਹੈ । ਜ਼ਿਕਰਯੋਗ ਹੈ ਕਿ ਅੱਜ ਤੱਕ ਪਾਣੀਆਂ ਬਾਬਤ ਹੋਏ ਕਿਸੇ ਵੀ ਸਮਝੌਤੇ ਆਦਿ ਵਿੱਚ ਹਿਮਾਚਲ ਨੂੰ ਪਾਣੀਆਂ ਦਾ ਹਿੱਸਾ ਨਹੀਂ ਦਿੱਤਾ ਗਿਆ, ਜਦੋਂ ਕਿ ਹਿਮਾਚਲ ਇਕ ਰਿਪੇਰੀਅਨ ਸੂਬਾ ਹੈ ।ਜਦੋਂ ਕਿ ਗੈਰ-ਰਿਪੇਰੀਅਨ ਸੂਬੇ, ਜਿਨ੍ਹਾਂ ਵਿੱਚ ਰਾਜਸਥਾਨ ਅਤੇ ਹਰਿਆਣਾ ਇਨ੍ਹਾਂ ਸਮਝੌਤਿਆਂ ਤਹਿਤ ਹੀ ਪਾਣੀਆਂ ਦਾ ਵੱਡਾ ਹਿੱਸਾ ਲੈ ਜਾ ਰਹੇ ਹਨ । ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਪਿਛਲੇ ਇਕ ਸਾਲ ਤੋਂ ਹਿਮਾਚਲ ਵਲੋਂ ਬੀ.ਬੀ.ਐਮ.ਬੀ. ਤੋਂ ਪਾਣੀ ਦੀ ਮੰਗ ਕੀਤੀ ਜਾ ਰਹੀ ਹੈ, ਪਰ ਪੰਜਾਬ ਸਮੇਤ ਬਾਕੀ ਸੂਬਿਆਂ ਵਲੋਂ ਬੀ.ਬੀ.ਐਮ.ਬੀ. ਦੀਆਂ ਬੋਰਡ ਮੀਟਿੰਗਾਂ ਵਿੱਚ ਹਿਮਾਚਲ ਪ੍ਰਦੇਸ਼ ਦੇ ਏਜੰਡੇ ਦਾ ਹਮੇਸ਼ਾ ਵਿਰੋਧ ਕਾਰਨ ਹਿਮਾਚਲ ਦੀ ਪਾਣੀ ਦੀ ਮੰਗ ਪ੍ਰਵਾਨ ਨਹੀਂ ਹੋ ਸਕੀ । ਹਿਮਾਚਲ ਵਿੱਚ ਨਵੀਂ ਕਾਂਗਰਸ ਸਰਕਾਰ ਆਉਣ ਤੋਂ ਬਾਅਦ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਵਲੋਂ ਪਹਿਲਾਂ ਹੀ ਕਿਹਾ ਜਾ ਚੁੱਕਾ ਹੈ ਕਿ ਬੀ. ਬੀ. ਐਮ. ਬੀ. ਦੀ ਪ੍ਰਵਾਨਗੀ ਤੋਂ ਬਿਨਾਂ ਹੀ ਪਾਣੀ ਲੈ ਲਿਆ ਜਾਵੇਗਾ ।

# ਜਲੰਧਰ 'ਚ ਦਰਜ ਹੋਈ ਐਫ.ਆਈ.ਆਰ. ਖ਼ਿਲਾਫ਼ ਹਾਈ ਕੋਰਟ ਪੁੱਜਾ ਡੇਰਾ ਸਿਰਸਾ

## ਰਵਿਦਾਸ ਟਾਈਗਰ ਫੋਰਸ ਦੀ ਸ਼ਿਕਾਇਤ 'ਤੇ ਕੇਸ ਹੋਇਆ ਸੀ ਦਰਜ

ਚੰਡੀਗੜ੍ਹ/ਏ.ਟੀ.ਨਿਊਜ਼ :- ਬੀਤੀ 7 ਮਾਰਚ ਨੂੰ ਜਲੰਧਰ 'ਚ ਦਰਜ ਐਫਆਈਆਰ ਖ਼ਿਲਾਫ਼ ਡੇਰਾ ਸੱਚਾ ਸੌਦਾ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਅਪੀਲ ਕੀਤੀ ਹੈ ਕਿ ਉਨ੍ਹਾਂ ਖ਼ਿਲਾਫ਼ ਤੱਥਾਂ ਦੇ ਉਲਟ ਝੂਠੀ ਐਫਆਈਆਰ ਦਰਜ ਕੀਤੀ ਗਈ ਹੈ। ਡੇਰੇ ਮੁਤਾਬਕ ਜਿਸ ਵੀਡੀਓ ਨੂੰ ਆਧਾਰ ਬਣਾਇਆ ਗਿਆ ਹੈ, ਉਸ ਵੀਡੀਓ ਨੂੰ ਪੂਰਾ ਨਹੀਂ ਦੇਖਿਆ ਗਿਆ ਹੈ, ਪਰ ਅੱਧਾ ਅਧੂਰਾ ਬਿਆਨ ਸੁਣ ਕੇ ਐਫਆਈਆਰ ਦਰਜ ਕੀਤੀ ਗਈ ਹੈ। ਅਦਾਲਤ 'ਚ ਦਾਇਰ ਕੀਤੀ ਗਈ ਅਪੀਲ ਵਿੱਚ ਡੇਰਾ ਸੱਚਾ ਸੌਦਾ ਨੇ ਕਿਹਾ ਹੈ ਕਿ ਜਿਸ ਵੀਡੀਓ ਦੇ ਆਧਾਰ 'ਤੇ ਡੇਰਾ ਮੁਖੀ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ ਹੈ, ਉਸ ਵੀਡੀਓ ਨਾਲ ਛੇੜਛਾੜ



ਕੀਤੀ ਗਈ ਹੈ ।

**ਕੀ ਹੈ ਮਾਮਲਾ** :7 ਮਾਰਚ ਨੂੰ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਖ਼ਿਲਾਫ਼ ਥਾਣਾ ਪਤਾਰਾ, ਜਲੰਧਰ ਵਿਖੇ ਐੱਫਆਈਆਰ ਦਰਜ ਹੋਈ ਸੀ। ਪੁਲਿਸ ਨੇ ਰਵਿਦਾਸ ਟਾਈਗਰ ਫੋਰਸ ਪੰਜਾਬ ਦੇ ਮੁਖੀ ਜੱਸੀ ਤੱਲ੍ਹਣ ਦੀ ਸ਼ਿਕਾਇਤ 'ਤੇ ਆਈਪੀਸੀ ਦੀ ਧਾਰਾ 295ਏ ਤਹਿਤ ਕੇਸ ਦਰਜ ਕੀਤਾ ਸੀ। ਰਾਮ ਰਹੀਮ 'ਤੇ ਸੰਤ ਗੁਰੂ ਰਵਿਦਾਸ ਤੇ ਸੰਤ ਕਬੀਰ ਦਾਸ ਮਹਾਰਾਜ 'ਤੇ ਅਪਮਾਨਜਨਕ ਟਿੱਪਣੀ ਕਰਨ ਦਾ ਦੋਸ਼ ਹੈ।

ਜਲੰਧਰ ਦੇਹਾਤੀ ਪੁਲਿਸ ਦੇ ਐਸਪੀਡੀ ਸਰਬਜੀਤ ਸਿੰਘ ਬਾਹੀਆ ਨੇ ਦੱਸਿਆ ਕਿ ਡੇਰਾ ਮੁਖੀ ਨੇ ਆਪਣੇ ਯੂਟਿਊਬ ਚੈਨਲ 'ਤੇ ਗੁਰੂ ਰਵਿਦਾਸ ਤੇ ਕਬੀਰ ਮਹਾਰਾਜ ਖ਼ਿਲਾਫ਼ ਅਸ਼ਲੀਲ ਤੇ ਘਟੀਆ ਟਿੱਪਣੀਆਂ ਕੀਤੀਆਂ ਸਨ।

# ਪੰਜਾਬ ਵਿੱਚ ਮੁੜ ਸੁਣਾਈ ਦੇ ਰਹੀ ਹੈ ਕਾਲੇ ਦਿਨਾਂ ਦੀ ਆਹਟ ?

ਪੰਜਾਬ ਵਿੱਚ ਪਿਛਲੇ ਕੁਝ ਸਮੇਂ ਤੋਂ ਜੋ ਘਟਨਾਵਾਂ ਵਾਪਰ ਰਹੀਆਂ ਹਨ, ਉਹਨਾਂ ਨੇ ਵੱਡੇ ਸਵਾਲ ਖੜ੍ਹੇ ਕਰ ਦਿਤੇ ਹਨ। ਇਹਨਾਂ ਘਟਨਾਵਾਂ ਦੀ ਘੋਖ ਕਰਨ ਤੋਂ ਬਾਅਦ ਇਸ ਤਰਾਂ ਲੱਗ ਰਿਹਾ ਹੈ ਕਿ ਜਿਵੇਂ ਪੰਜਾਬ ਵਿੱਚ ਕਾਲੇ ਦਿਨਾਂ ਦੀ ਆਹਟ ਮੁੜ ਸੁਣਾਈ ਦੇਣ ਲੱਗ ਪਈ ਹੋਵੇ। ਪੰਜਾਬ ਵਿੱਚ ਦਿਨੋਂ ਦਿਨ ਵੱਧ ਰਹੀਆਂ ਹਿੰਸਕ ਘਟਨਾਂਵਾਂ, ਹਰ ਪਾਸੇ ਫੈਲਿਆ ਆਪਾਧਾਪੀ ਦਾ ਮਾਹੌਲ, ਨੌਜਵਾਨ ਵਰਗ ਦਾ ਨਸ਼ੇ ਵਿੱਚ ਗਲਤਾਨ ਹੋਣਾ, ਵੱਡੀ ਗਿਣਤੀ ਲੋਕਾਂ ਦਾ ਤਨਾਓ ਵਿੱਚ ਰਹਿਣਾ, ਬੇਰੁਜ਼ਗਾਰੀ ਵਿੱਚ ਦਿਨੋਂ ਦਿਨ ਵਾਧਾ ਹੋਣਾ ਅਤੇ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਆਮ ਲੋਕਾਂ ਦੇ ਮਸਲੇ ਹੱਲ ਕਰਵਾਉਣ ਲਈ ਉਪਰਾਲੇ ਕਰਨ ਦੀ ਥਾਂ ਆਪਸ ਵਿੱਚ ਮਿਹਣੋ ਮਿਹਣੀ ਹੁੰਦੇ ਰਹਿਣ ਨਾਲ ਆਮ ਸੂਝਵਾਨ ਪੰਜਾਬੀਆਂ ਦੇ ਚਿਹਰਿਆਂ ’ਤੇ ਚਿੰਤਾ ਦੀਆਂ ਲਕੀਰਾਂ ਉਭਰਨ ਲੱਗੀਆਂ ਹਨ।

ਪੰਜਾਬ ਲੰਬਾ ਸਮਾਂ ਅਸੁਖਾਂਵੇਂ ਹਾਲਾਤਾਂ ਦਾ ਸ਼ਿਕਾਰ ਰਿਹਾ ਹੈ। ਉਸ ਸਮੇਂ ਪੰਜਾਬ ਦੇ ਲੋਕਾਂ ਨੂੰ ਦੋਹਰੀ ਮਾਰ ਸਹਿਣੀ ਪਈ ਸੀ। ਉਸ ਸਮੇਂ ਆਮ ਲੋਕ ਸਰਕਾਰ, ਪੁਲਿਸ ਅਤੇ ਸੰਘਰਸ਼ਸ਼ੀਲ ਧਿਰਾਂ ਦੀ ਦੋਹਰੀ ਚੱਕੀ ਵਿਚਾਲੇ ਪੀਸੇ ਜਾ ਰਹੇ ਸਨ। ਅਨੇਕਾਂ ਕੁਰਬਾਨੀਆਂ ਤੋਂ ਬਾਅਦ ਪੰਜਾਬ ਵਿੱਚ ਸ਼ਾਂਤੀ ਆਈ ਤਾਂ ਹੁਣ ਫਿਰ ਪੰਜਾਬ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਜਾਪਦੀ ਹੈ। ਪੰਜਾਬ ਦੋਖੀ ਤਾਕਤਾਂ ਅਤੇ ਪੰਜਾਬ ਅਤੇ ਪੰਜਾਬੀਆਂ ਤੋਂ ਜਲਣ ਵਾਲੇ ਲੋਕ ਹੁਣ ਮੁੜ ਪੰਜਾਬ ਵਿੱਚ ਮਾੜੇ ਹਾਲਾਤ ਪੈਦਾ ਕਰਨ ਲਈ ਸਰਗਰਮ ਹੋ ਗਏ ਹਨ। ਪੰਜਾਬ ਵਿੱਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਤੋਂ ਅਜਿਹਾ ਹੀ ਪ੍ਰਭਾਵ ਪੈਂਦਾ ਹੈ।

ਕੁਝ ਸਿਆਸੀ ਮਾਹਿਰ ਇਹ ਵੀ ਕਹਿੰਦੇ ਹਨ ਕਿ ਪੰਜਾਬ ਵਿੱਚ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਪੰਜਾਬ ਵਿੱਚ ਹਿੰਸਕ ਘਟਨਾਵਾਂ ਵਿੱਚ ਵਾਧਾ ਹੋ ਗਿਆ ਹੈ। ਸਿਆਸੀ ਮਾਹਿਰਾਂ ਅਨੁਸਾਰ ਇਸ ਦਾ ਇਕ ਕਾਰਨ ਸਿਆਸੀ ਵੀ ਹੋ ਸਕਦਾ ਹੈ, ਕਿਉਂਕਿ ਕੁਝ ਸਿਆਸੀ ਆਗੂਆਂ ਨੂੰ ਸੱਤਾ ਤੋਂ ਦੂਰ ਰਹਿਣ ਦਾ ਦਰਦ ਸਤਾਅ ਰਿਹਾ ਹੈ। ਇਸ ਤੋਂ ਇਲਾਵਾ ਜਿਸ ਤਰੀਕੇ ਨਾਲ ਹਰ ਪਾਸੇ ਨਿੱਤ ਦਿਨ ਧਰਨੇ ਅਤੇ ਰੈਲੀਆਂ ਹੋ ਰਹੀਆਂ ਹਨ, ਨਿੱਕੀ ਜਿਹੀ ਗਲ ’ਤੇ ਆਮ ਲੋਕਾਂ ਵੱਲੋਂ ਵੱਡੇ ਇਕੱਠ ਕਰਕੇ, ਧਰਨੇ ਲਗਾ ਕੇ ਆਵਾਜ਼ਾਈ ਠੱਪ ਕਰਨ ਦਾ ਰੁਝਾਨ ਬਹੁਤ ਵੱਧ ਗਿਆ ਹੈ, ਜਿਸ ਕਾਰਨ ਵਾਹਨ ਚਾਲਕ, ਰਾਹਗੀਰ ਅਤੇ ਆਮ ਲੋਕ ਬਹੁਤ ਖੱਜਲ ਖੁਆਰ ਹੁੰਦੇ ਹਨ। ਇਸ ਤਰਾਂ ਆਵਾਜਾਈ ਠੱਪ ਕਰਨ ਨਾਲ ਨਾ ਤਾਂ ਆਵਾਜ਼ਾਈ ਠੱਪ ਕਰਨ ਵਾਲਿਆਂ ਦਾ ਕੋਈ ਫਾਇਦਾ ਹੁੰਦਾ ਹੈ ਤੇ ਨਾ ਸਰਕਾਰ ਉਹਨਾਂ ਦੀ ਕੋਈ ਮੰਗ ਮੰਨਦੀ ਹੈ, ਪਰ ਆਮ ਲੋਕ ਜ਼ਰੂਰ ਪ੍ਰੇਸ਼ਾਨ ਹੁੰਦੇ ਹਨ।



ਇਸ ਤੋਂ ਇਲਾਵਾ ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਕੁਝ ਕੱਟੜਪੰਥੀ ਆਗੂਆਂ ਦਾ ਉਭਾਰ ਅਤੇ ਉਹਨਾਂ ਵੱਲੋਂ ਕੀਤੀਆਂ ਜਾਂਦੀਆਂ ਕਾਰਵਾਈਆਂ ਕਾਰਨ ਵੀ ਵੱਡੇ ਸਵਾਲ ਉਠ ਰਹੇ ਹਨ। ਵੱਖ- ਵੱਖ ਧਰਮਾਂ ਨਾਲ ਸਬੰਧਿਤ ਕੱਟੜ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਅਤੇ ਕੀਤੀ ਜਾ ਰਹੀ ਬਿਆਨਬਾਜ਼ੀ ਕਈ ਕੁਝ ਕਹਿ ਰਹੀ ਹੈ। ਜਿਸ ਕਾਰਨ ਪੰਜਾਬ ਦੇ ਮਾਹੌਲ ਵਿੱਚ ਗਰਮਾ ਗਰਮੀ ਵਾਲਾ ਹਾਲ ਹੋਣ ਲੱਗ ਪਿਆ ਹੈ ਪਰ ਇਸਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

ਪੰਜਾਬ ਵਿੱਚ ਜਦੋਂ ਤੋਂ ਹਿੰਸਕ ਘਟਨਾਂਵਾਂ ਵਾਪਰਣ ਲੱਗੀਆਂ ਹਨ, ਉਦੋਂ ਤੋਂ ਪੰਜਾਬ ਪੁਲਿਸ ਅਤੇ ਸੁਰੱਖਿਆ ਦਸਤਿਆਂ ਨੇ ਕੇਸਾਧਾਰੀ ਅਤੇ ਪਗੜ੍ਹੀਧਾਰੀ ਸਿੱਖ ਨੌਜਵਾਨਾਂ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਣਾ ਸ਼ੁਰੂ ਕਰ ਦਿਤਾ ਹੈ। ਹਾਲਾਤ ਇਹ ਹਨ ਕਿ ਜਿਥੇ ਵੀ ਚਾਰ ਸਾਬਤ ਸੂਰਤ ਸਿੱਖ ਨੌਜਵਾਨ ਖੜੇ ਹੋਣ ਉਥੇ ਖੁਫੀਆ ਏਜੰਸੀਆਂ ਦੇ ਬੰਦੇ ਆਪਣੀਆਂ ਨਜ਼ਰਾਂ ਲਗਾਈ ਰੱਖਦੇ ਹਨ ਭਾਵੇਂ ਕਿ ਇਹ ਸਿੱਖ ਨੌਜਵਾਨ ਸਿਰਫ ਆਪਣੀ ਪੜ੍ਹਾਈ ਅਤੇ ਧਰਮ ਬਾਰੇ ਹੀ ਗੱਲਾਂ ਕਿਉਂ ਨਾ ਕਰਦੇ ਹੋਣ। ਇਸ ਤੋਂ ਇਲਾਵਾ ਪੰਜਾਬ ਦੀ ਪੁਲਿਸ ਵੱਲੋਂ ਵਾਹਨਾਂ ਅਤੇ ਵਾਹਨ ਚਾਲਕਾਂ ਦੀ ਜਾਂਚ ਪੜਤਾਲ ਵੇਲੇ ਅਕਸਰ ਦਸਤਾਰਧਾਰੀ ਸਿੱਖ ਨੌਜਵਾਨਾਂ ਨੂੰ ਸਵਾਲ ਜਵਾਬ ਕੀਤੇ ਜਾਂਦੇ ਹਨ, ਜਿਸ ਤੋਂ ਅਕਸਰ ਸਿੱਖ ਨੌਜਵਾਨ ਪ੍ਰੇਸ਼ਾਨ ਹੁੰਦੇ ਹਨ, ਜਿਸ ਕਾਰਨ ਉਹ ਜਾਂ ਤਾਂ ਸਿੱਖ ਮਰਿਆਦਾ ਤੋਂ ਦੂਰ ਜਾਣ ਬਾਰੇ ਸੋਚਣ ਲੱਗ ਜਾਂਦੇ ਹਨ ਜਾਂ ਫਿਰ ਪੰਜਾਬ ਤੋਂ ਦੂਰ ਜਾਣ ਬਾਰੇ ਸੋਚਣ ਲੱਗ ਜਾਂਦੇ ਹਨ।

ਪੰਜਾਬ ਦੇ ਵੱਡੀ ਗਿਣਤੀ ਲੋਕਾਂ ਨੇ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਆਪਣੇ ਬੱਚਿਆਂ ਨੂੰ ਪੜ੍ਹਾਈ, ਰੁਜ਼ਗਾਰ ਦੇ ਬਹਾਨੇ ਜਹਾਜ਼ ਚੜ੍ਹਾ ਕੇ ਵਿਦੇਸ਼ ਭੇਜਣਾ ਸ਼ੁਰੂ ਕਰ ਦਿਤਾ ਹੋਇਆ ਹੈ, ਇਸੇ ਕਾਰਨ ਅੱਜ ਪੰਜਾਬ ਖਾਲੀ ਹੋ ਰਿਹਾ ਹੈ। ਆਮ ਪੰਜਾਬੀ ਇਹ ਸੋਚ ਰਹੇ ਹਨ ਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਦਾ ਸੇਕ ਉਹਨਾਂ ਦੇ ਬੱਚਿਆਂ ਨੂੰ ਨਾ ਲੱਗੇ, ਇਸ ਕਰਕੇ ਉਹ ਆਪਣੀ ਜ਼ਮੀਨ ਵੇਚ ਕੇ ਅਤੇ ਜਿੰਦਗੀ ਭਰ ਦੀ ਖੂਨ ਪਸੀਨੇ ਕਮਾਈ ਨਾਲ ਆਪਣੇ ਜ਼ਿਗਰ ਦੇ ਟੋਟਿਆਂ ਨੂੰ ਆਪਣੀਆਂ ਅੱਖਾਂ ਤੋਂ ਦੂਰ ਵਿਦੇਸ਼ ਵਿੱਚ ਕਿਸੇ ਨਾ ਕਿਸੇ ਤਰੀਕੇ ਭੇਜ ਰਹੇ ਹਨ।

ਆਮ ਪੰਜਾਬੀਆਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਆਖਰ ਪੰਜਾਬ ਵਿੱਚ ਹੁਣ ਹੋ ਕੀ ਰਿਹਾ ਹੈ। ਆਮ ਪੰਜਾਬੀ ਅਮਨ ਪਸੰਦ ਹਨ ਅਤੇ ਉਹ ਚਾਹੁੰਦੇ ਹਨ ਕਿ ਪੰਜਾਬ ਵਿੱਚ ਸ਼ੁੱਖ- ਸ਼ਾਂਤੀ ਅਤੇ ਅਮਨ ਚੈਨ ਰਹੇ ਪਰ ਕੁਝ ਪੰਜਾਬ ਦੋਖੀ ਤਾਕਤਾਂ ਪੰਜਾਬ ਦੀ ਤਰੱਕੀ ਨੂੰ ਨਾਪਸੰਦ ਕਰਦੀਆਂ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਯਤਨ ਕਰ ਰਹੀਆਂ ਹਨ। ਆਮ ਪੰਜਾਬੀਆਂ ਨੂੰ ਅਜਿਹੀਆਂ ਪੰਜਾਬ ਦੋਖੀ ਤਾਕਤਾਂ ਦੀ ਪਹਿਚਾਣ ਕਰਨ ਦੀ ਲੋੜ ਹੈ। ਹੈਰਾਣੀ ਤਾਂ ਇਸ ਗਲ ਦੀ ਹੈ ਕਿ ਪੰਜਾਬ ਵਿੱਚ ਵਾਪਰੀ ਨਿੱਕੀ ਜਿਹੀ ਘਟਨਾਂ ਵੀ ਅੰਤਰਰਾਸ਼ਟਰੀ ਪੱਧਰ ’ਤੇ ਸੁਰਖੀ ਬਣ ਜਾਂਦੀ ਹੈ ਪਰ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਬਾਰੇ ਕੁਝ ਕਹਿਣ ਤੋਂ ਅਕਸਰ ਗੁਰੇਜ਼ ਕੀਤਾ ਜਾਂਦਾ ਹੈ।

ਨਸ਼ੇ ਦੇ ਮਾਮਲੇ ਵਿੱਚ ਪੰਜਾਬ ਨੂੰ ਬਹੁਤ ਬਦਨਾਮ ਕੀਤਾ ਜਾ ਚੁਕਿਆ ਹੈ। ਜਿੰਨਾ ਨਸ਼ਾ ਪੰਜਾਬ ਵਿੱਚ ਪ੍ਰਚਲਿਤ ਦਸਿਆ ਜਾਂਦਾ ਹੈ, ਉਸ ਤੋਂ ਕਿਤੇ ਜਿਆਦਾ ਨਸ਼ਾ ਤਾਂ ਹੋਰਨਾਂ ਰਾਜਾਂ ਵਿੱਚ ਵੀ ਵਰਤਿਆ ਤੇ ਵੇਚਿਆ ਜਾਂਦਾ ਹੈ ਪਰ ਬਦਨਾਮੀ ਸਿਰਫ ਪੰਜਾਬ ਦੀ ਕੀਤੀ ਜਾ ਰਹੀ ਹੈ। ਜੇ ਪੰਜਾਬ ਵਿਚੋਂ ਨਸ਼ੇ ਦੀ ਕੋਈ ਖੇਪ ਬਰਾਮਦ ਕੀਤੀ ਜਾਵੇ ਤਾਂ ਉਸਦੀ ਗਲ ਅੰਤਰਰਾਸ਼ਟਰੀ ਪੱਧਰ ’ਤੇ ਉਛਾਲ ਦਿਤੀ ਜਾਂਦੀ ਹੈ

(ਬਾਕੀ ਸਫ਼ਾ 30 ’ਤੇ)

# ਪੰਜਾਬ ਸਰਕਾਰ ਬਨਾਮ ਭ੍ਰਿਸ਼ਟਾਚਾਰ ਵਿਰੁੱਧ ਲੜਾਈ

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਣ ਦਾ ਦਾਅਵਾ ਕਰਦਿਆਂ ਅਨੇਕਾਂ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਖਿਲਾਫ ਵਿਜੀਲੈਂਸ ਜਾਂਚ ਅਤੇ ਹੋਰ ਕਾਰਵਾਈ ਕੀਤੀ ਜਾ ਰਹੀ ਹੈ, ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਆਪ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਕਿੰਨੀ ਕੁ ਸਫਲ ਰਹੇਗੀ। ਇਸਦੇ ਨਾਲ ਸਿਆਸੀ ਗਲਿਆਰਿਆਂ ਵਿੱਚ ਇਹ ਸਵਾਲ ਵੀ ਉਠ ਰਿਹਾ ਹੈ ਕਿ ਆਪ ਸਰਕਾਰ ਦੀ ਮੁਹਿੰਮ ਕਿਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਖੁੱਡੇ ਲਾਉਣ ਦੀ ਕਾਰਵਾਈ ਤਾਂ ਨਹੀਂ।



ਪਿਛਲੇ ਦਿਨੀਂ ਵਿਜੀਲੈਂਸ ਵੱਲੋਂ ਪੰਜਾਬ ਦੇ ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਦੇ ਲੁਧਿਆਣਾ ਸਥਿਤ ਘਰ ਵਿੱਚ ਸਰੋਤਾਂ ਤੋਂ ਵੱਧ ਆਮਦਨ ਹੋਣ ਦੇ ਦੋਸ਼ ਵਿਚ ਜਾਂਚ ਕੀਤੀ ਗਈ। ਇਸ ਮੌਕੇ ਸਾਬਕਾ ਵਿਧਾਇਕ ਵੈਦ ਦੇ ਘਰੋਂ ਮਿਲੀ ਵਿਦੇਸ਼ੀ ਅਤੇ ਭਾਰਤੀ ਸ਼ਰਾਬ ਦੀ ਮਾਤਰਾ ਨਿਸ਼ਚਿਤ ਕੋਟੇ ਤੋਂ ਜਿਆਦਾ ਹੋਣ ਕਾਰਨ ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਖਿਲਾਫ ਐਕਸਾਈਜ ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ। ਇਸ ਤੋਂ ਪਹਿਲਾਂ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਹੋਰਨਾਂ ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਖਿਲਾਫ ਵੀ ਵਿਜੀਲੈਂਸ ਵੱਲੋਂ ਕਾਰਵਾਈ ਕੀਤੀ ਗਈ ਹੈ ਜਾਂ ਕੀਤੀ ਜਾ ਰਹੀ ਹੈ।

ਪੰਜਾਬ ਸਰਕਾਰ ਦੀ ਵਿਜੀਲੈਂਸ ਵੱਲੋਂ ਜਿਸ ਤਰੀਕੇ ਨਾਲ ਸਾਬਕਾ ਮੰਤਰੀਆਂ ਅਤੇ ਸਾਬਕਾ ਵਿਧਾਇਕਾਂ ਦੀ ਵੱਖ ਵੱਖ ਕਾਰਨਾਂ ਕਰਕੇ ਜਾਂਚ ਕੀਤੀ ਜਾ ਰਹੀ ਹੈ, ਉਸ ਬਾਰੇ ਇਹ ਵੀ ਸਵਾਲ ਪੈਦਾ ਹੋ ਰਹੇ ਹਨ ਕਿ ਇਹ ਜਾਂਚ ਪੂਰੀ ਵੀ ਹੋਵੇਗੀ ਜਾਂ ਫਿਰ ਅੱਧ ਵਿਚਾਲੇ ਜਿਹੇ ਹੀ ਲਮਕ ਜਾਵੇਗੀ।

ਇਥੇ ਪੰਜਾਬੀਆਂ ਨੂੰ ਪਿਛਲੀਆਂ ਸਰਕਾਰਾਂ ਦੀ ਕਾਰਗੁਜਾਰੀ ਬਾਰੇ ਦਸਣਾ ਜ਼ਰੂਰੀ ਹੈ। ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵਿਰੁੱਧ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਗਿਆ ਸੀ, ਇਸੇ ਤਰਾਂ ਅਕਾਲੀ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਵੀ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਗਿਆ ਸੀ ਪਰ ਬਾਅਦ ਵਿੱਚ ਇਹਨਾਂ ਦੋਵਾਂ ਮਾਮਲਿਆਂ ਦਾ ਕੀ ਬਣਿਆ, ਉਹ ਸਭ ਪੰਜਾਬੀਆਂ ਨੂੰ ਪਤਾ ਹੀ ਹੈ। ਇਸ ਕਰਕੇ ਹੁਣ ਆਮ ਆਦਮੀ ਪਾਰਟੀ ਦੀ ਮੌਜੂਦਾ ਪੰਜਾਬ ਸਰਕਾਰ ਵੱਲੋਂ ਜਿਸ ਤਰੀਕੇ ਨਾਲ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਂਦਿਆਂ ਸਾਬਕਾ ਮੰਤਰੀਆਂ ਅਤੇ ਸਾਬਕਾ ਵਿਧਾਇਕਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ, ਉਸ ਬਾਰੇ ਵੀ ਅੰਦਾਜੇ ਲਗਾਏ ਜਾ ਰਹੇ ਹਨ ਕਿ ਵਿਜੀਲੈਂਸ ਦੀ ਇਹ ਕਾਰਵਾਈ ਲੰਬਾ ਸਮਾਂ ਚਲੇਗੀ ਜਾਂ ਫਿਰ ਇਹਨਾਂ ਮਾਮਲਿਆ ਦਾ ਅੰਤ ਵਿੱਚ ਬਾਦਲ ਅਤੇ ਕੈਪਟਨ ਦੇ ਮਾਮਲਿਆਂ ਵਰਗਾ ਹੀ ਹੋ ਜਾਵੇਗਾ।

ਇਸਦੇ ਨਾਲ ਕੁਝ ਸਿਆਸੀ ਮਾਹਿਰ ਪੰਜਾਬ ਦੀ ਆਪ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਨੂੰ ਸਿਆਸਤ ਨਾਲ ਜੋੜ ਕੇ ਵੀ ਵੇਖ ਰਹੇ ਹਨ। ਵਿਰੋਧੀ ਪਾਰਟੀਆਂ ਦੇ ਆਗੂ ਵੀ ਦੋਸ਼ ਲਗਾ ਰਹੇ ਹਨ ਕਿ ਸਰਕਾਰ ਵੱਲੋਂ ਸਿਆਸੀ ਕਿੜਾਂ ਕੱਢਣ ਲਈ ਹੀ ਵਿਰੋਧੀ ਸਿਆਸੀ ਆਗੂਆਂ ਖਿਲਾਫ ਵਿਜੀਲੈਂਸ ਜਾਂਚ ਕਰਵਾਈ ਜਾ ਰਹੀ ਹੈ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿਧਾਨ ਸਭਾ ਵਿੱਚ ਵੀ ਇਹ ਦਾਅਵਾ ਕਰ ਚੁੱਕੇ ਹਨ ਕਿ ਜਿਹੜੇ ਸਿਆਸੀ ਆਗੂਆਂ ਨੇ ਪੰਜਾਬ ਨੂੰ ਲੁੱਟਿਆ ਹੈ, ਉਹਨਾਂ ਤੋਂ ਸਾਰਾ ਪੈਸਾ ਵਾਪਸ ਲੈ ਕੇ ਪੰਜਾਬ ਦੇ ਖਜ਼ਾਨੇ ਵਿੱਚ ਜਮਾਂ ਕੀਤਾ ਜਾਵੇਗਾ। ਇਸ ਕਰਕੇ ਹੁਣ ਪੰਜਾਬ ਵਾਸੀਆਂ ਦੀ ਨਜ਼ਰਾਂ ਪੰਜਾਬ ਦੀ ਆਪ ਸਰਕਾਰ ਵੱਲੋਂ ਸ਼ੁਰੂ ਕੀਤੀ ਹੋਈ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ’ਤੇ ਲੱਗੀਆਂ ਹੋਈਆਂ ਹਨ। ਇਸਦੇ ਨਾਲ ਹੀ ਕਿਆਸ ਅਰਾਈਆਂ ਦਾ ਦੌਰ ਵੀ ਆਰੰਭ ਹੋ ਚੁੱਕਿਆ ਹੈ ਕਿ ਪੰਜਾਬ ਦੀ ਆਪ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਕਿੰਨੀ ਕੁ ਸਫਲ ਰਹੇਗੀ ?

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ ਨਤਮਸਤਕ

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਰਾਸ਼ਟਰਪਤੀ ਨੂੰ ਬੰਦੀ ਸਿੱਖਾਂ ਦੀ ਰਿਹਾਈ ਲਈ ਸੌਂਪਿਆ ਮੰਗ ਪੱਤਰ







*"ਇਸ ਪਵਿੱਤਰ ਅਸਥਾਨ 'ਤੇ ਆ ਕੇ ਮੈਂ ਬਹੁਤ ਖ਼ੁਸ਼ ਹਾਂ, ਇਹ ਅਸਥਾਨ ਸੁੰਦਰ ਭਵਨ ਉਸਾਰੀ ਕਲਾ ਅਤੇ ਰੂਹਾਨੀ ਸ਼ਾਂਤੀ ਵਾਲਾ ਹੈ, ਜਿੱਥੇ ਸ਼ਾਂਤੀ ਅਤੇ ਆਪਸੀ ਸਦਭਾਵਨਾ ਦੀਆਂ ਭਾਵਨਾਵਾਂ ਉਜਾਗਰ ਹੁੰਦੀਆਂ ਹਨ।"*
*-ਰਾਸ਼ਟਰਪਤੀ ਦ੍ਰੋਪਦੀ ਮੁਰਮੂ*

ਅੰਮ੍ਰਿਤਸਰ/ਏ.ਟੀ.ਨਿਊਜ਼ :- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਪਿਛਲੇ ਦਿਨੀਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਦੇਸ਼ ਦੀ ਖੁਸ਼ਹਾਲੀ, ਤਰੱਕੀ ਅਤੇ ਸ਼ਾਂਤੀ ਲਈ ਅਰਦਾਸ ਕੀਤੀ। ਉਨ੍ਹਾਂ ਇਤਿਹਾਸਕ ਜਲ੍ਹਿਆਂਵਾਲਾ ਬਾਗ਼ ਵਿਖੇ ਵੀ ਸ਼ਹੀਦੀ ਸਮਾਰਕ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅੰਮ੍ਰਿਤਸਰ ਦੌਰੇ 'ਤੇ ਰਾਸ਼ਟਰਪਤੀ ਮੁਰਮੂ ਮਗਰੋਂ ਸ੍ਰੀ ਦੁਰਗਿਆਣਾ ਮੰਦਰ ਅਤੇ ਇਤਿਹਾਸਕ ਰਾਮ ਤੀਰਥ ਮੰਦਰ ਵਿਖੇ ਵੀ ਨਤਮਸਤਕ ਹੋਏ। ਇਸ ਦੌਰਾਨ ਸ਼ਹਿਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਉਨ੍ਹਾਂ ਦੇ ਨਾਲ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ, ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਤੇ ਹੋਰ ਸ਼ਾਮਲ ਸਨ।

ਸ੍ਰੀ ਦਰਬਾਰ ਸਾਹਿਬ ਪਹੁੰਚਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਰਾਸ਼ਟਰਪਤੀ ਮੁਰਮੂ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ 'ਜੀ ਆਇਆਂ' ਕਿਹਾ। ਰਾਸ਼ਟਰਪਤੀ ਦੋ ਘੰਟੇ ਤੋਂ ਵੱਧ ਸਮਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਰਹੇ। ਉਨ੍ਹਾਂ ਨੇ ਦੇਸ਼ ਵਿੱਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ। ਇਸ ਰੂਹਾਨੀ ਅਸਥਾਨ ਬਾਰੇ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਉਨ੍ਹਾਂ ਯਾਤਰੂ ਕਿਤਾਬ ਵਿੱਚ ਲਿਖਿਆ, "ਇਸ ਪਵਿੱਤਰ ਅਸਥਾਨ 'ਤੇ ਆ ਕੇ ਮੈਂ ਬਹੁਤ ਖੁਸ਼ ਹਾਂ, ਇਹ ਅਸਥਾਨ ਸੁੰਦਰ ਭਵਨ ਉਸਾਰੀ ਕਲਾ ਅਤੇ ਰੂਹਾਨੀ ਸ਼ਾਂਤੀ ਵਾਲਾ ਹੈ, ਜਿੱਥੇ ਸ਼ਾਂਤੀ ਅਤੇ ਆਪਸੀ ਸਦਭਾਵਨਾ ਦੀਆਂ ਭਾਵਨਾਵਾਂ ਉਜਾਗਰ ਹੁੰਦੀਆਂ ਹਨ।" ਉਨ੍ਹਾਂ ਕਿਹਾ ਕਿ ਖਾਸ ਕਰਕੇ ਲੰਗਰ ਘਰ ਵਿੱਚ ਸ਼ਰਧਾਲੂਆਂ ਨੂੰ ਸੇਵਾ ਅਤੇ ਸ਼ਰਧਾ ਭਾਵਨਾ ਨਾਲ ਨਿਸ਼ਕਾਮ ਸੇਵਾ ਕਰਦਿਆਂ ਦੇਖ ਕੇ ਖੁਸ਼ੀ ਹੋਈ ਹੈ। ਉਨ੍ਹਾਂ ਪ੍ਰਾਰਥਨਾ ਕੀਤੀ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਹਮੇਸ਼ਾ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਲਈ ਪ੍ਰੇਰਿਤ ਕਰਦੀਆਂ ਰਹਿਣ।

ਇਸ ਤੋਂ ਪਹਿਲਾਂ ਉਨ੍ਹਾਂ ਪਰਿਕਰਮਾ ਕੀਤੀ ਅਤੇ ਗੁਰੂ ਘਰ ਵਿਖੇ ਨਤਮਸਤਕ ਹੋਣ ਸਮੇਂ ਰੁਮਾਲਾ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਭੇਟ ਕੀਤੀ। ਉਨ੍ਹਾਂ ਕੁਝ ਦੇਰ ਗੁਰਬਾਣੀ ਦਾ ਕੀਰਤਨ ਸੁਣਿਆ। ਗੁਰੂ ਘਰ ਅੰਦਰ ਉਨ੍ਹਾਂ ਨੂੰ ਪਤਾਸਾ ਪ੍ਰਸ਼ਾਦ ਅਤੇ ਫੁੱਲਾਂ ਦਾ ਹਾਰ ਦੇ ਕੇ ਸਨਮਾਨ ਦਿੱਤਾ ਗਿਆ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਸਨਮੁਖ ਵੀ ਮੱਥਾ ਟੇਕਿਆ। ਬਾਅਦ ਵਿੱਚ ਲੰਗਰ ਘਰ ਗਏ ਅਤੇ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ। ਉਨ੍ਹਾਂ ਲੰਗਰ ਘਰ ਵਿੱਚ ਚੱਲ ਰਹੀ ਸੇਵਾ ਨੂੰ ਵੀ ਦੇਖਿਆ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਵਿਖੇ ਚੜ੍ਹਾਏ ਗਏ ਸੋਨੇ ਬਾਰੇ ਵਿਸ਼ੇਸ਼ ਰੁਚੀ ਦਿਖਾਈ ਅਤੇ ਪੁੱਛਿਆ ਕਿ ਇਹ ਕਦੋਂ ਤੇ ਕਿਵੇਂ ਚੜ੍ਹਾਇਆ ਗਿਆ ਸੀ। ਸੂਚਨਾ ਕੇਂਦਰ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਹੋਰ ਅਹੁਦੇਦਾਰਾਂ ਤੇ ਮੈਂਬਰਾਂ ਨੇ ਸ਼ਾਲ, ਧਾਰਮਿਕ ਪੁਸਤਕਾਂ ਦਾ ਸੈਟ ਅਤੇ ਦਰਬਾਰ ਸਾਹਿਬ ਦਾ ਮਾਡਲ ਤੇ ਸੋਨੇ ਦਾ ਯਾਦਗਾਰੀ ਸਿੱਕਾ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਕੀਤਾ। ਮੁੱਖ ਮੰਤਰੀ, ਰਾਜਪਾਲ ਤੇ ਹੋਰਨਾਂ ਨੇ ਰਾਸ਼ਟਰਪਤੀ ਨੂੰ ਹਵਾਈ ਅੱਡੇ ਉੱਤੇ ਜੀ ਆਇਆਂ ਕਿਹਾ। ਇਸ ਦੌਰੇ ਦੌਰਾਨ ਉਹ ਰਾਸ਼ਟਰਪਤੀ ਦੇ ਨਾਲ ਰਹੇ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੇ ਅੰਮ੍ਰਿਤਸਰ ਵਿੱਚ ਪੰਜਾਬੀਆਂ ਦੀ ਨਿੱਘੀ ਮਹਿਮਾਨਨਿਵਾਜ਼ੀ ਦਾ ਆਨੰਦ ਮਾਣਿਆ ਹੈ ਅਤੇ ਗੁਰੂ-ਘਰ ਤੋਂ ਆਸ਼ੀਰਵਾਦ ਲਿਆ ਹੈ, ਜਿਸ 'ਤੇ ਸੂਬਾ ਸਰਕਾਰ ਮਾਣ ਮਹਿਸੂਸ ਕਰਦੀ ਹੈ। ਰਾਸ਼ਟਰਪਤੀ ਇਤਿਹਾਸਕ ਜਲ੍ਹਿਆਂਵਾਲਾ ਬਾਗ ਵੀ ਗਏ, ਜਿੱਥੇ ਉਨ੍ਹਾਂ ਸ਼ਹੀਦੀ ਸਮਾਰਕ 'ਤੇ ਫੁੱਲ ਮਾਲਾ ਭੇਟ ਕਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਬਾਅਦ ਵਿੱਚ ਉਹ ਦੁਰਗਿਆਨਾ ਮੰਦਿਰ ਗਏ ਜਿੱਥੇ ਮੰਦਿਰ ਕਮੇਟੀ ਦੀ ਮੁਖੀ ਪ੍ਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਸਨਮਾਨਿਤ ਕੀਤਾ। ਉਹ ਇਤਿਹਾਸਕ ਰਾਮ ਤੀਰਥ ਮੰਦਰ ਵਿਖੇ ਵੀ ਮੱਥਾ ਟੇਕਣ ਗਏ। ਇਸ ਦੌਰਾਨ ਰਾਸ਼ਟਰਪਤੀ ਦੇ ਦੌਰੇ ਨੂੰ ਲੈ ਕੇ ਸ਼ਹਿਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਸ੍ਰੀ ਦੁਰਗਿਆਨਾ ਮੰਦਰ ਦੇ ਖੁੱਲ੍ਹਣ ਦਾ ਸਮਾਂ 3 ਵਜੇ ਹੋਣ ਕਾਰਨ ਰਾਸ਼ਟਰਪਤੀ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਕੁਝ ਵਾਧੂ ਸਮਾਂ ਰੁਕਣਾ ਪਿਆ। ਨਿਰਧਾਰਿਤ ਪ੍ਰੋਗਰਾਮ ਮੁਤਾਬਕ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਲਗਪਗ ਡੇਢ ਘੰਟਾ ਰੁਕਣਾ ਸੀ, ਪਰ ਇਸ ਕਾਰਨ ਉਨ੍ਹਾਂ ਨੂੰ ਦੋ ਘੰਟੇ ਤੋਂ ਵੱਧ ਸਮਾਂ ਰੁਕਣਾ ਪਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਰਾਸ਼ਟਰਪਤੀ ਨੂੰ ਮੰਗ ਪੱਤਰ ਦੇ ਕੇ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ ਗਈ।

## ਕੌਣ ਹਨ ਬੰਦੀ ਸਿੱਖ

ਬੰਦੀ ਸਿੱਖਾਂ ਦੀ ਰਿਹਾਈ ਲਈ ਸਿੱਖ ਸੰਗਠਨਾਂ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਇਸ ਲਈ ਆਮ ਲੋਕਾਂ ਦੇ ਮਨ ਵਿੱਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਆਖਰ ਇਹ ਬੰਦੀ ਸਿੱਖ ਕੌਣ ਹਨ ਅਤੇ ਕਿਹੜੀਆਂ ਜੇਲ੍ਹਾਂ ਵਿੱਚ ਬੰਦ ਹਨ।

ਸਿੱਖ ਸੰਗਠਨ 22 ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਹਨ, ਜਿਹਨਾਂ ਵਿਚੋਂ ਜਿਆਦਾਤਰ ਅੱਤਵਾਦ ਨਾਲ ਜੁੜੇ ਮਾਮਲਿਆਂ ਵਿੱਚ ਸਜ਼ਾ ਕੱਟ ਰਹੇ ਹਨ। ਸਿੱਖ ਸੰਗਠਨਾਂ ਦਾ ਦਾਅਵਾ ਹੈ ਕਿ ਜਿਆਦਾਤਰ ਕੈਦੀ ਆਪਣੀ ਸਜ਼ਾ ਪੂਰੀ ਕਰ ਚੁਕੇ ਹਨ। 22 ਕੈਦੀਆਂ ਵਿਚੋਂ 8 ਕੈਦੀ ਤਾਂ 20 ਸਾਲ ਤੋਂ ਜ਼ਿਆਦਾ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ। 8 ਵਿਚੋਂ 6 ਕੈਦੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਸਜ਼ਾ ਕੱਟ ਰਹੇ ਹਨ।

ਇਹਨਾਂ ਬੰਦੀ ਸਿੱਖਾਂ ਵਿੱਚ ਦਵਿੰਦਰਪਾਲ ਸਿੰਘ ਭੁੱਲਰ,ਹਰਨੇਕ ਸਿੰਘ ਭਾਪ, ਦਿਆ ਸਿੰਘ ਲਾਹੌਰੀਆ, ਜਗਤਾਰ ਸਿੰਘ ਤਾਰਾ, ਪਰਮਜੀਤ ਸਿੰਘ ਭਿਉਰਾ, ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਲੱਖਾ, ਜਗਤਾਰ ਸਿੰਘ ਹਵਾਰਾ ਅਤੇ ਬਲਵੰਤ ਸਿੰਘ ਰਾਜੋਆਣਾ ਵੀ ਸ਼ਾਮਲ ਹਨ।

ਦਵਿੰਦਰ ਪਾਲ ਭੁੱਲਰ 1995 ਤੋਂ ਜੇਲ੍ਹ ਵਿੱਚ ਹੈ। 1993 ਵਿੱਚ ਦਿੱਲੀ ਵਿੱਚ ਯੂਥ ਕਾਂਗਰਸ ਦੇ ਹੈਡਕੁਆਟਰ ਦੇ ਬਾਹਰ ਬੰਬ ਧਮਾਕਾ ਕਰਨ ਦਾ ਦੋਸ਼ੀ ਹੈ। ਇਸ ਧਮਾਕੇ ਵਿੱਚ 9 ਵਿਅਕਤੀਆਂ ਦੀ ਮੌਤ ਹੋ ਗਈ ਸੀ। 2001 ਵਿੱਚ ਟ੍ਰਾਇਲ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ ਪਰ 2014 ਵਿੱਚ ਸੁਪਰੀਮ ਕੋਰਟ ਨੇ ਫਾਂਸੀ ਦੀ ਸਜ਼ਾ ਨੂੰ ਉਮਰਕੈਦ ਵਿੱਚ ਬਦਲ ਦਿਤਾ ਸੀ।

ਬਲਵੰਤ ਸਿੰਘ ਰਾਜੋਆਣਾ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿਤਾ ਜਾ ਚੁੱਕਿਆ ਹੈ। ਉਸਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ ਅਤੇ ਅਦਾਲਤ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ।

# ਡੇਰਾ ਸਿਰਸਾ ਵੱਲੋਂ ਸਿਆਸੀ ਵਿੰਗ ਭੰਗ

## ਹੁਣ ਕਿਸੇ ਵੀ ਸਿਆਸੀ ਪਾਰਟੀ ਦੀ ਖੁਲ੍ਹੇਆਮ ਨਹੀਂ ਕੀਤੀ ਜਾਵੇਗੀ ਹਮਾਇਤ



ਸਿਰਸਾ : ਡੇਰਾ ਸੱਚਾ ਸੌਦਾ ਇਕ ਵਾਰ ਫਿਰ ਤੋਂ ਸੁਰਖੀਆਂ ਵਿੱਚ ਹੈ।ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਆਪਣਾ ਸਿਆਸੀ ਵਿੰਗ ਭੰਗ ਕਰ ਦਿਤਾ ਗਿਆ ਹੈ ਅਤੇ ਹੁਣ ਡੇਰਾ ਸਿਰਸਾ ਵੱਲੋਂ ਕਿਸੇ ਵੀ ਸਿਆਸੀ ਪਾਰਟੀ ਦੀ ਖੁਲੇਆਮ ਹਮਾਇਤ ਨਹੀਂ ਕੀਤੀ ਜਾਵੇਗੀ ਅਤੇ ਡੇਰਾ ਸਿਰਸਾ ਦੇ ਪੈਰੋਕਾਰ ਹੁਣ ਆਪਣੀ ਮਰਜ਼ੀ ਨਾਲ ਵੋਟ ਪਾ ਸਕਣਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ ਵੱਡਾ ਫ਼ੈਸਲਾ ਲੈਂਦਿਆਂ ਸਿਆਸੀ ਵਿੰਗ ਨੂੰ ਭੰਗ ਕਰ ਦਿੱਤਾ ਹੈ। ਰਾਮ ਰਹੀਮ ਨੇ ਆਪਣੀ ਸੰਗਤ ਅਤੇ ਪੈਰੋਕਾਰਾਂ ਨੂੰ ਸੰਦੇਸ਼ ਦਿੱਤਾ ਹੈ ਕਿ ਡੇਰਾ ਸੱਚਾ ਸੌਦਾ ਦਾ ਕੋਈ ਸਿਆਸੀ ਵਿੰਗ ਨਹੀਂ ਹੋਵੇਗਾ। ਇਸ ਵਿੰਗ ਦਾ ਗਠਨ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 2006 ਵਿੱਚ ਕੀਤਾ ਗਿਆ ਸੀ। ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੇ ਇਸ ਵਿੰਗ ਨੂੰ ਭੰਗ ਕਰਨ ਦਾ ਫ਼ੈਸਲਾ ਲਿਆ ਹੈ। ਸੂਤਰਾਂ ਨੇ ਦੱਸਿਆ ਕਿ ਡੇਰਾ ਸਮਾਜ ਸੇਵਾ ਦੇ ਕੰਮਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹੈ, ਇਸ ਲਈ ਇਹ ਫ਼ੈਸਲਾ ਲਿਆ ਗਿਆ ਹੈ।ਦੱਸ ਦੇਈਏ ਕਿ ਹਰ ਕਿਸੇ ਡੇਰੇ ਦਾ ਸਿਆਸੀ ਵਿੰਗ ਹੁੰਦਾ ਹੈ, ਚਾਹੇ ਉਹ ਕਿਸੇ ਤਰੀਕੇ ਦਾ ਕੋਈ ਵੀ ਡੇਰਾ ਹੋਵੇ। ਰਾਮ ਰਹੀਮ ਨੇ ਸਿਆਸੀ ਵਿੰਗ ਖ਼ਤਮ ਕਰ ਦਿੱਤਾ। ਅੰਦਰ ਖ਼ਾਤੇ ਭਾਵੇਂ ਹੀ ਕਿਸੇ ਵੀ ਪਾਰਟੀ ਨੂੰ ਸਮਰਥਨ ਦਿੱਤਾ ਜਾਵੇ ਪਰ ਹੁਣ ਡੇਰਾ ਸੱਚਾ ਸੌਦਾ ਕਿਸੇ ਪਾਰਟੀ ਨੂੰ ਖੁੱਲ ਕੇ ਸਮਰਥਨ ਦਿੰਦਾ ਨਜ਼ਰ ਨਹੀਂ ਆਵੇਗਾ। ਮਤਲਬ ਇਹ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਡੇਰੇ ਵਲੋਂ ਕਿਸੇ ਵੀ ਪਾਰਟੀ ਨੂੰ ਸਮਰਥਨ ਨਹੀਂ ਦਿੱਤਾ ਜਾਵੇਗਾ।

# ਸਿੱਖਾਂ ਦੇ ਮਸਲਿਆਂ ਦੇ ਹੱਲ ਲਈ ਭਾਈ ਬਿੱਟੂ ਮੀਰੀ ਪੀਰੀ ਦਿਹਾੜੇ ਮੌਕੇ ਅਨੰਦਪੁਰ ਸਾਹਿਬ ਵਿਖੇ ਸੱਦਣਗੇ ਵਿਸ਼ਵ ਸਿੱਖ ਇਕੱਤਰਤਾ



ਅੰਮ੍ਰਿਤਸਰ-ਤੀਜੇ ਘੱਲੂਘਾਰੇ ਤੋਂ ਬਾਅਦ ਉਬਠੇ ਸੰਘਰਸ਼ ਦੀਆਂ ਆਗੂ, ਸਹਿਯੋਗੀ ਅਤੇ ਹਮਦਰਦ ਸਫ਼ਾਂ ਵਿੱਚ ਰਹੇ ਭਾਈ ਦਲਜੀਤ ਸਿੰਘ ਬਿੱਟੂ ਸਮੇਤ ਹੋਰ ਪੰਥਕ ਸ਼ਖ਼ਸੀਅਤਾਂ ਨੇ ਇਥੇ ਐਲਾਨ ਕੀਤਾ ਕਿ ਮੌਜੂਦਾ ਹਾਲਾਤ ਵਿਚੋਂ ਸਿੱਖਾਂ ਨੂੰ ਕੱਢਣ ਲਈ ਕੀਤੇ ਜਾ ਰਹੇ ਸਾਂਝੇ ਯਤਨਾਂ ਤਹਿਤ ਮੀਰੀ ਪੀਰੀ ਦਿਹਾੜੇ ਮੌਕੇ ਜੂਨ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਸੱਦੀ ਜਾਵੇਗੀ।ਇਸ ਇਕੱਤਰਤਾ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਵਿੱਚ ਪੰਚ ਪ੍ਰਧਾਨੀ ਅਗਵਾਈ ਅਤੇ ਗੁਰਮਤੇ ਦੀ ਬਹਾਲੀ ਬਾਰੇ ਪੰਥਕ ਰਵਾਇਤ ਅਨੁਸਾਰ ਸਾਂਝਾ ਫੈਸਲਾ ਲਿਆ ਜਾਵੇਗਾ। ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੌੜਾ, ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ ਅਤੇ ਹੋਰ ਸਿੱਖ ਆਗੂਆਂ ਨੇ ਕਿਹਾ ਕਿ ਭਾਰਤੀ ਸਟੇਟ ਸਿੱਖਾਂ ਵਿੱਚ ਆਏ ਵਰਤਮਾਨ ਖਿੰਡਾਓ ਨੂੰ ਹੋਰ ਵਧਾ ਰਹੀ ਹੈ ਤੇ ਸਿੱਖਾਂ ਦੇ ਮਸਲਿਆਂ, ਆਪਸੀ ਵਖਰੇਵਿਆਂ, ਮਤਭੇਦਾਂ ਅਤੇ ਵਿਵਾਦਤ ਮੁੱਦਿਆਂ ਨੂੰ ਹਵਾ ਦਿੱਤੀ ਜਾ ਰਹੀ ਹੈ।ਭਾਈ ਬਿੱਟੂ ਨੇ ਕਿਹਾ ਕਿ ਸਿੱਖ ਸੰਸਥਾਵਾਂ ਤੇ ਆਗੂਆਂ ਦਰਮਿਆਨ ਸੰਵਾਦ ਰਚਾਉਣ ਦੇ ਉਦੇਸ਼ ਤਹਿਤ 28 ਜੂਨ ਨੂੰ ਮੀਰੀ-ਪੀਰੀ ਦਿਵਸ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਸੱਦੀ ਜਾਵੇਗੀ ਤਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੋਟ ਰਾਜਨੀਤੀ ਵਾਲੀਆਂ ਪਾਰਟੀਆਂ ਦੇ ਪ੍ਰਭਾਵ ਤੋਂ ਮੁਕਤ ਕਰਨ ਅਤੇ ਇਸ ਦੀ ਸੇਵਾ ਸੰਭਾਲ ਪੰਥਕ ਰਵਾਇਤਾਂ ਅਨੁਸਾਰ ਕਰਨ ਬਾਰੇ ਸਾਂਝਾ ਫੈਸਲਾ ਲਿਆ ਜਾ ਸਕੇ।ਇਸ ਮੌਕੇ ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਆਦਿ ਵੀ ਹਾਜ਼ਰ ਸਨ।

# ਪੰਜਾਬ ’ਚ ਫੈਲੇ ਗੈਂਗਸਟਰਵਾਦ ਲਈ ਜ਼ਿੰਮੇਵਾਰ ਕੌਣ ?

## ਲੰਬਾ ਸਮਾਂ ਅੱਤਵਾਦ ਦਾ ਸ਼ਿਕਾਰ ਰਹਿ ਚੁੱਕੇ ਪੰਜਾਬ ਲਈ ਗੈਂਗਸਟਰ ਬਣੇ ਵੱਡੀ ਚੁਣੌਤੀ

## ਆਮ ਪੰਜਾਬੀਆਂ ਨੂੰ ਆਪਸੀ ਏਕਤਾ, ਅਖੰਡਤਾ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਲੋੜ

ਪਿਛਲੇ ਅਰਸੇ ਦੌਰਾਨ ਪੰਜਾਬ ਲੰਬਾ ਸਮਾਂ ਅੱਤਵਾਦ ਦਾ ਸ਼ਿਕਾਰ ਰਿਹਾ, ਬਹੁਤ ਕੁਰਬਾਨੀਆਂ ਦੇਣ ਤੋਂ ਬਾਅਦ ਪੰਜਾਬ ਵਿੱਚ ਸ਼ਾਂਤੀ ਆਈ ਪਰ ਹੁਣ ਪੰਜਾਬ ਵਿੱਚ ਹਰ ਪਾਸੇ ਫੈਲੇ ਗੈਂਗਸਟਰਵਾਦ ਨੇ ਪੰਜਾਬ ਦੀ ਸੁਰੱਖਿਆ ਲਈ ਨਵੀ ਚੁਣੌਤੀ ਖੜੀ ਕਰ ਦਿਤੀ ਹੈ। ਹਰ ਦਿਨ ਵਾਪਰ ਰਹੀਆਂ ਹਿੰਸਕ ਘਟਨਾਵਾਂ ਅਤੇ ਗੈਂਗਸਟਰਾਂ ਦੀ ਆਪਸੀ ਗੈਂਗਵਾਰ ਕਾਰਨ ਪੰਜਾਬ ਦਾ ਮਾਹੌਲ ਅਤੇ ਅਮਨ ਕਾਨੂੰਨ ਦੀ ਸਥਿਤੀ ਖਰਾਬ ਹੋਣ ਦੇ ਖਤਰੇ ਖੜ੍ਹੇ ਹੋ ਰਹੇ ਹਨ। ਪਰ ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਵਿੱਚ ਫੈਲੇ ਗੈਂਗਸਟਰਵਾਦ ਲਈ ਆਖਰ ਜਿੰਮੇਵਾਰ ਕੌਣ ਹੈ ? ਆਮ ਪੰਜਾਬੀ ਵੀ ਹੁਣ ਆਪਸੀ ਗਲਬਾਤ ਦੌਰਾਨ ਇਹ ਕਹਿਣ ਲੱਗ ਪਏ ਹਨ ਕਿ ਪੰਜਾਬ ਵਿੱਚ ਕੁਝ ਪੰਜਾਬ ਵਿਰੋਧੀ ਸ਼ਕਤੀਆਂ ਮਾਹੌਲ ਖਰਾਬ ਕਰਨ ਦੇ ਯਤਨ ਕਰ ਰਹੇ ਹਨ, ਇਹ ਫੁੱਟਪਾਊ ਤਾਕਤਾਂ ਭਾਵੇ ਆਪਣੇ ਯਤਨਾਂ ਵਿੱਚ ਸਫਲ ਨਾ ਹੋਣ ਪਰ ਆਮ ਪੰਜਾਬੀ ਹੁਣ ਮਹਿਸੂਸ ਕਰਨ ਲੱਗ ਪਏ ਹਨ ਕਿ ਆਖਰ ਪੰਜਾਬ ਵਿੱਚ ਹੁਣ ਹੋ ਕੀ ਰਿਹਾ ਹੈ ? ਆਮ ਪੰਜਾਬੀਆਂ ਨੂੰ ਅਜੇ ਇਹੀ ਸਮਝ ਨਹੀਂ ਲੱਗ ਰਹੀ ਕਿ ਪੰਜਾਬ ਵਿੱਚ ਇਕ ਦਮ ਏਨੇ ਗੈਂਗਸਟਰ ਕਿਵੇਂ ਪੈਦਾ ਹੋ ਗਏ ਅਤੇ ਇਹਨਾਂ ਵਿੱਚ ਇਕ ਦਮ ਹੀ ਗੈਂਗਵਾਰ ਵੀ ਛਿੜ ਗਈ।

ਕੁਝ ਲੋਕ ਪੰਜਾਬ ਵਿੱਚ ਫੈਲੇ ਗੈਂਗਸਟਰਵਾਦ ਪਿੱਛੇ ਭਾਰਤ ਦੇ ਦੁਸ਼ਮਣ ਦੇਸ਼ਾਂ ਦਾ ਹੱਥ ਦਸ ਰਹੇ ਹਨ ਅਤੇ ਕੁਝ ਸੂਝਵਾਨ ਲੋਕ ਗੈਂਗਸਟਰਾਂ ਨੂੰ ਗੁੰਮਰਾਹ ਹੋਏ ਨੌਜਵਾਨ ਕਹਿ ਰਹੇ ਹਨ, ਜਦੋਕਿ ਕੁਝ ਲੋਕ ਇਹ ਸੋਚ ਰਖਦੇ ਹਨ ਕਿ ਜਿਹੜੇ ਨੌਜਵਾਨਾਂ ਨਾਲ ਕਿਸੇ ਨਾ ਕਿਸੇ ਸ਼ਕਤੀਸ਼ਾਲੀ ਵਿਅਕਤੀ ਜਾਂ ਵਿਅਕਤੀਆਂ ਵਲੋਂ ਧੱਕਾ ਜਾਂ ਧੱਕੇਸ਼ਾਹੀ ਕੀਤੀ ਗਈ ਹੈ, ਉਹ ਨੌਜਵਾਨ ਫਿਰ ਬਦਲਾ ਲੈਣ ਲਈ ਗੈਂਗਸਟਰਾਂ ਨਾਲ ਰਲ ਗਏ ਅਤੇ ਫਿਰ ਖੁਦ ਵੀ ਗੈਂਗਸਟਰ ਬਣ ਗਏ।



ਪੰਜਾਬ ਦੇ ਕੁੱਝ ਵਿਦਵਾਨ ਲੋਕ ਇਹ ਕਹਿ ਰਹੇ ਹਨ ਕਿ ਗੈਂਗਸਟਰ ਮਾਂ ਦੇ ਪੇਟ ਵਿਚੋਂ ਪੈਦਾ ਨਹੀਂ ਹੁੰਦੇ ਸਗੋਂ ਕੁਝ ਹਾਲਾਤ ਅਜਿਹੇ ਹੁੰਦੇ ਹਨ, ਜਿਹਨਾਂ ਕਾਰਨ ਚੰਗੇ ਭਲੇ ਨੌਜਵਾਨ ਗੁੰਮਰਾਹ ਹੋ ਕੇ ਗੈਂਗਸਟਰ ਬਣ ਜਾਂਦੇ ਹਨ। ਇਹ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਪੰਜਾਬ ਵਿਚੋਂ ਗੈਂਗਸਟਰਵਾਦ ਦੇ ਖਾਤਮੇ ਲਈ ਉਹਨਾਂ ਹਾਲਾਤਾਂ ਨੂੰ ਬਦਲਣ ਦੀ ਲੋੜ ਹੈ, ਜਿਹਨਾਂ ਹਾਲਾਤਾਂ ਦੀ ਭੇਂਟ ਚੜ੍ਹ ਕੇ ਨੌਜਵਾਨ ਗੈਂਗਸਟਰ ਬਣ ਰਹੇ ਹਨ।

ਗੈਂਗਸਟਰਾਂ ਦੀ ਗੈਂਗਵਾਰ ਦਾ ਇਕ ਦਿਲਚਸਪ ਪਹਿਲੂ ਵੀ ਇਹ ਹੈ ਕਿ ਕੁਝ ਵੱਡੇ ਗੈਂਗਸਟਰ ਜੋ ਕਿ ਹੁਣ ਆਪਸ ਵਿੱਚ ਵੱਡੇ ਦੁਸ਼ਮਣ ਬਣ ਗਏ ਹਨ, ਪਹਿਲਾਂ ਆਪਸ ਵਿੱਚ ਦੋਸਤ ਹੁੰਦੇ ਸਨ ਅਤੇ ਇਹਨਾਂ ਵੱਲੋਂ ਆਪਣਾ ਅਪਰਾਧਿਕ ਜੀਵਨ ਇਕਠਿਆਂ ਸ਼ੁਰੂ ਕੀਤੀ ਗਿਆ ਸੀ ਪਰ ਬਾਅਦ ਵਿੱਚ ਕੁਝ ਕਾਰਨਾਂ ਕਰਕੇ ਇਹ ਗੈਂਗਸਟਰ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ, ਜਿਸ ਕਾਰਨ ਇਹਨਾਂ ਗੈਂਗਸਟਰਾਂ ਵਿਚਾਲੇ ਗੈਂਗਵਾਰ ਸ਼ੁਰੂ ਹੋ ਗਈ, ਜਿਸ ਦਾ ਖਮਿਆਜਾ ਪੰਜਾਬ ਦੇ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

ਪੰਜਾਬ ਦੀ ਸੁਰੱਖਿਆ ਲਈ ਇਸ ਸਮੇਂ ਗੈਂਗਸਟਰ ਵੱਡੀ ਚੁਣੌਤੀ ਬਣ ਗਏ ਹਨ, ਜਿਸ ਕਾਰਨ ਖੁਫੀਆਂ ਏਜੰਸੀਆਂ ਚਿੰਤਤ ਹੋ ਗਈਆਂ ਹਨ।

**ਅਸਲ ਵਿੱਚ ਜਦੋਂ** 29 ਮਈ 2022 ਨੂੰ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ ਵਿੱਚ ਪੰਜਾਬੀ ਦੇ ਕੌਮਾਂਤਰੀ ਪੱਧਰ ਦੇ ਪੌਪ ਸਟਾਰ ਸਿੱਧੂ ਮੂਸੇਵਾਲਾ ਦਾ ਕੁਝ ਹਮਲਾਵਰਾਂ ਵੱਲੋਂ ਆਧੁਨਿਕ ਹਥਿਆਰਾਂ ਨਾਲ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਦੋਂ ਤੋਂ ਗੈਗਸਟਰ ਇਕ ਦਮ ਸੁਰਖੀਆਂ ਵਿੱਚ ਆ ਗਏ। ਭਾਵੇਂ ਕਿ ਪਹਿਲਾਂ ਵੀ ਗੈਗਸਟਰਾਂ ਵੱਲੋਂ ਹਿੰਸਕ ਘਟਨਾਵਾਂ ਨੂੰ ਅੰਜਾਮ ਦਿਤਾ ਜਾ ਰਿਹਾ ਸੀ ਪਰ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਨੇ ਦੁਨੀਆਂ ਦਾ ਧਿਆਨ ਖਿੱਚਿਆ। ਉਸ ਸਮੇਂ ਪੰਜਾਬ ਪੁਲਿਸ ਨੇ ਕਿਹਾ ਸੀ ਕਿ ਪਹਿਲੀ ਨਜ਼ਰੇ ਮਾਨਸਾ ਵਿੱਚ ਹੋਏ ਕਤਲੇਆਮ ਦਾ ਕਾਰਨ ਕਥਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਲੱਕੀ ਪਟਿਆਲਾ ਦੀ ਅਗਵਾਈ ਵਾਲੇ ਗਿਰੋਹਾਂ ਦਰਮਿਆਨ ਦੁਸ਼ਮਣੀ ਲੱਗਦਾ ਹੈ ਅਤੇ ਦਾਅਵਾ ਕੀਤਾ ਸੀ ਕਿ ਇਹ ਵਾਰਦਾਤ 2021 ਵਿੱਚ ਯੂਥ ਅਕਾਲੀ ਦਲ ਦੇ ਆਗੂ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਲੈਣ ਲਈ ਸੀ। ਉਸ ਤੋਂ ਬਾਅਦ ਗੈਗਸਟਰਾਂ ਵਿਚਾਲੇ ਸ਼ੁਰੂ ਹੋਏ ਗੈਂਗਵਾਰ ਅਜੇ ਤਕ ਜਾਰੀ ਹੈ ਅਤੇ ਨਿੱਤ ਦਿਨ ਗੈਂਗਸਟਰਾਂ ਵੱਲੋਂ ਪੰਜਾਬ ਦੀ ਧਰਤੀ ’ਤੇ ਖੂਨੀ ਖੇਡ ਖੇਡੀ ਜਾ ਰਹੀ ਹੈ।

ਪੰਜਾਬ ਦੀ ਮੌਜੂਦਾ ਆਪ ਸਰਕਾਰ ਭਾਵੇਂ ਦਾਅਵਾ ਕਰ ਰਹੀ ਹੈ ਕਿ ਉਸਦੇ ਕਾਰਜਕਾਲ ਦੌਰਾਨ ਗੈਂਗਸਟਰਾਂ ਦੀਆਂ ਵਾਰਦਾਤਾਂ ਕਾਫੀ ਘੱਟ ਗਈਆਂ ਹਨ ਅਤੇ ਆਪ ਸਰਕਾਰ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਵਿੱਚ ਕਾਮਯਾਬ ਰਹੇ ਹਨ। ਇਹਨਾਂ ਵਿੱਚੋਂ ਬਹੁਤੇ ਜਾਂ ਤਾਂ ਮਾਰੇ ਗਏ ਜਾਂ ਗ੍ਰਿਫਤਾਰ ਕੀਤੇ ਗਏ ਹਨ ਜਾਂ ਫਿਰ ਉਹ ਦੂਜੇ ਸੂਬਿਆਂ ਵਿੱਚ ਭੱਜ ਗਏ ਹਨ ਪਰ ਪੰਜਾਬ ਵਿੱਚ ਨਿੱਤ ਦਿਨ ਵਾਪਰ ਰਹੀਆਂ ਹਿੰਸਕ ਘਟਨਾਵਾਂ ਕੁਝ ਹੋਰ ਕਹਿ ਰਹੀਆਂ ਹਨ। ਪੰਜਾਬ ਵਿੱਚ

ਹਾਲਾਤ ਇਹ ਹਨ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਗੈਂਗਸਟਰ ਵੀ ਪੂਰੀ ਤਰਾਂ ਸਰਗਰਮ ਹਨ, ਜਿਸਦਾ ਸਬੂਤ ਲਾਰੈਂਸ ਬਿਸ਼ਨੋਈ ਗੈਂਗ ਦੇ ਗੁਰਗਿਆਂ ਵੱਲੋਂ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਦੋ ਸ਼ੂਟਰਾਂ ਨੂੰ ਤਿਖੇ ਹਥਿਆਰਾਂ ਨਾਲ ਮੌਤ ਦੇ ਘਾਟ ਉਤਾਰ ਦੇਣ ਤੋਂ ਮਿਲ ਜਾਂਦਾ ਹੈ। ਪੰਜਾਬ ਦੀ ਅਪਰਾਧ ਦੀ ਦੁਨੀਆਂ ਦੇ ਤਿੰਨ ਵੱਡੇ ਨਾਮ ਜੱਗੂ ਭਗਵਾਨਪੁਰੀਆ, ਲਾਰੈਂਸ ਬਿਸ਼ਨੋਈ (ਇਹ ਦੋਵੇਂ ਜੇਲ੍ਹ ਵਿੱਚ ਬੰਦ ਹਨ) ਅਤੇ ਵਿਦੇਸ਼ ਵਿੱਚ ਬੈਠਾ ਗੋਲਡੀ ਬਰਾੜ, ਇਹ ਤਿੰਨੇ ਕਦੇ ਇਕ ਹੋਇਆ ਕਰਦੇ ਸਨ, ਹੁਣ ਇਹ ਇਕ-ਦੂਜੇ ਦੇ ਖੂਨ ਦੇ ਪਿਆਸੇ ਬਣ ਬੈਠੇ ਹਨ। ਜੱਗੂ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਤੋਂ ਬਦਲਾ ਲੈਣ ਲਈ ਆਪਣੇ ਕੱਟੜ ਦੁਸ਼ਮਣ ਗੈਂਗ ਬੰਬੀਹਾ ਗਰੁੱਪ ਨਾਲ ਹੱਥ ਮਿਲਾ ਲਿਆ, ਜਦ ਕਿ ਆਪਣਾ ਦਬਦਬਾ ਹੋਰ ਵਧਾਉਣ ਲਈ ਲਾਰੈਂਸ ਅਤੇ ਗੋਲਡੀ ਨੇ ਲੰਡਾ ਹਰੀਕੇ ਨਾਲ ਹੱਥ ਮਿਲਾ ਲਿਆ।ਇਸ ਤਰਾਂ

(ਬਾਕੀ ਸਫ਼ਾ 31 ’ਤੇ)



## ਕਿਵੇਂ ਛਿੜੀ ਬੰਬੀਹਾ ਗੈਂਗ ਅਤੇ ਲਾਰੈਂਸ ਗੈਂਗ ਵਿਚਾਲੇ ਗੈਂਗਵਾਰ

ਵੱਖ ਵੱਖ ਗੈਂਗਸਟਰਾਂ ਵਿਚਾਲੇ ਗੈਂਗਵਾਰ ਛਿੜਨ ਦਾ ਸਿਲਸਿਲਾ ਕਾਫੀ ਪੁਰਾਣਾ ਹੈ। ਸਭ ਤੋਂ ਚਰਚਿਤ ਗੈਂਗਸਟਰਾਂ ਬੰਬੀਹਾ ਅਤੇ ਲਾਰੈਂਸ ਵਿਚਾਲੇ ਗੈਂਗਵਾਰ ਛਿੜਨ ਦੇ ਵੀ ਕਈ ਕਾਰਨ ਹਨ। ਖੁਫ਼ੀਆ ਵਿਭਾਗ ਦੀ ਰਿਪੋਰਟ ਮੁਤਾਬਕ ਬੰਬੀਹਾ ਗੈਂਗ ਵੀ ਲਾਰੈਂਸ ਗੈਂਗ ਤੋਂ ਬਦਲਾ ਲੈਣ ਲਈ ਅਤੇ ਇਨ੍ਹਾਂ ਗੈਂਗਸਟਰਾਂ ਵਿੱਚ ਆਪਸ ਵਿੱਚ ਸ਼ੁਰੂ ਹੋਈ ਦੁਸ਼ਮਣੀ ਦਾ ਫਾਇਦਾ ਉਠਾ ਕੇ ਸਰਗਰਮ ਹੋਣਾ ਸ਼ੁਰੂ ਹੋ ਗਿਆ ਹੈ। ਬੰਬੀਹਾ ਗੈਂਗ ਦਾ ਮੁੱਖ ਸਰਗਣਾ ਕਬੱਡੀ ਖਿਡਾਰੀ ਦਵਿੰਦਰ ਸਿੰਘ ਸਿੱਧੂ ਸੀ, ਜੋ ਮੋਗਾ ਜ਼ਿਲ੍ਹੇ ਦੇ ਬੰਬੀਹਾ ਪਿੰਡ ਦਾ ਰਹਿਣ ਵਾਲਾ ਸੀ। ਅਪਰਾਧ ਦੀ ਦੁਨੀਆਂ ਵਿੱਚ ਕਦਮ ਰੱਖਣ ਤੋਂ ਬਾਅਦ ਉਸ ਨੇ ਖੁਦ ਦਾ ਬੰਬੀਹਾ ਗੈਂਗ ਬਣਾ ਲਿਆ। ਇਕ ਪੁਲਸ ਐਨਕਾਊਂਟਰ ਵਿੱਚ ਦਵਿੰਦਰ ਬੰਬੀਹਾ ਮਾਰਿਆ ਗਿਆ। ਉਸ ਦੇ ਮਾਰੇ ਜਾਣ ਤੋਂ ਬਾਅਦ ਗੈਂਗਸਟਰ ਲੱਕੀ ਪਟਿਆਲਾ, ਜੋ ਵਿਦੇਸ਼ (ਅਰਮੀਨੀਆ) ਵਿੱਚ ਰਹਿੰਦਾ ਹੈ, ਉਥੋਂ ਹੀ ਬੈਠਾ ਇਸ ਗੈਂਗ ਨੂੰ ਚਲਾ ਰਿਹਾ ਹੈ। ਲਾਰੈਂਸ ਅਤੇ ਬੰਬੀਹਾ ਗੈਂਗ ਵਿੱਚ ਬਦਲੇ ਦੀ ਕਹਾਣੀ ਦਿਓੜਾ ਦੇ ਕਤਲ ਤੋਂ ਸ਼ੁਰੂ ਹੋਈ ਸੀ।



ਦਿਓੜਾ ਦਾ ਕਤਲ ਲਾਰੈਂਸ ਦੇ ਸ਼ੂਟਰ ਨਹਿਰਾ ਨੇ ਕੀਤਾ ਸੀ, ਜਿਸ ਤੋਂ ਬਾਅਦ ਬੰਬੀਹਾ ਗੈਂਗ ਦੇ ਸੰਚਾਲਕ ਲੱਕੀ ਪਟਿਆਲਾ ਨੇ ਉਸ ਦਾ ਬਦਲਾ ਲੈਣ ਲਈ ਗੁਰਲਾਲ ਬਰਾੜ ਦਾ ਕਤਲ ਕਰਵਾ ਦਿੱਤਾ। ਗੁਰਲਾਲ ਬਰਾੜ ਗੋਲਡੀ ਬਰਾੜ ਦਾ ਰਿਸ਼ਤੇ ਵਿੱਚ ਭਰਾ ਸੀ। ਗੋਲਡੀ ਨੇ ਭਰਾ ਦੀ ਮੌਤ ਦਾ ਬਦਲਾ ਬੰਬੀਹਾ ਗੈਂਗ ਦੇ ਰਣਜੀਤ ਸਿੰਘ ਰਾਣਾ ਦਾ ਕਤਲ ਕਰਵਾ ਕੇ ਲਿਆ। ਹੁਣ ਜੱਗੂ ਅਤੇ ਬੰਬੀਹਾ ਗੈਂਗ ਦੇ ਇਕੱਠੇ ਆ ਜਾਣ ਨਾਲ ਬੰਬੀਹਾ ਗੈਂਗ ਵੀ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਹੈ, ਜੋ ਲਾਰੈਂਸ ਅਤੇ ਬਰਾੜ ਦੇ ਸ਼ੂਟਰਾਂ ਦੇ ਖਾਤਮੇ ਦੀ ਧਮਕੀ ਦੇ ਚੁੱਕਾ ਹੈ। ਇਸ ਤਰਾਂ ਗੈਂਗਸਟਰਾਂ ਵਿਚਾਲੇ ਗੈਂਗਵਾਰ ਦੀਆਂ ਘਟਨਾਵਾਂ ਵੱਧ ਰਹੀਆਂ ਹਨ, ਜੋ ਕਿ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਨੂੰ ਪ੍ਰਭਾਵਿਤ ਕਰ ਰਹੀਆਂ ਹਨ।

ਗੈਂਗਸਟਰਾਂ ਵਲੋਂ ਕੀਤੀਆਂ ਹਿੰਸਕ ਵਾਰਦਾਤਾਂ

27 ਨਵੰਬਰ 2016: ਗੈਂਗਸਟਰਾਂ ਨੇ ਨਾਭਾ ਜੇਲ੍ਹ ਉਤੇ ਹਮਲਾ ਕੀਤਾ ਤੇ 6 ਕੈਦੀਆਂ ਨੂੰ ਛੁਡਾ ਲਿਆ, ਇਨ੍ਹਾਂ ਵਿੱਚ 2 ਖਾੜਕੂ ਸਨ ਅਤੇ 4 ਗੈਂਗਸਟਰ ਸ਼ਾਮਲ ਸਨ।

26 ਜਨਵਰੀ 2018: ਨਾਭਾ ਜੇਲ੍ਹ ਵਿੱਚੋਂ ਭੱਜੇ ਗੈਂਗਸਟਰ ਹਰਿੰਦਰ ਸਿੰਘ ਉਰਫ਼ ਵਿੱਕੀ ਗੌਂਡਰ ਅਤੇ ਉਸ ਦੇ ਸਾਥੀ ਪ੍ਰੇਮਾ ਲਾਹੌਰੀਆ ਨੂੰ ਪੁਲਿਸ ਨੇ ਗੰਗਾਨਗਰ ਦੇ ਇੱਕ ਪਿੰਡ ਵਿੱਚ ਪੁਲਿਸ ਮੁਕਾਬਲੇ ਵਿੱਚ ਮਾਰਨ ਦਾ ਦਾਅਵਾ ਕੀਤਾ।

14 ਅਪ੍ਰੈਲ 2018: ਗਾਇਕ ਪਰਮੀਸ਼ ਵਰਮਾ ਉਸ ’ਤੇ ਗੋਲੀਆਂ ਚਲਾਈਆਂ ਈਆਂ, ਪਰ ਉਨ੍ਹਾਂ ਦਾ ਬਚਾਅ ਹੋ ਗਿਆ।

11 ਅਕਤੂਬਰ 2020: ਕਾਂਗਰਸ ਦੇ ਵਿਦਿਆਰਥੀ ਵਿੰਗ ਦੇ ਪੰਜਾਬ ਯੂਨੀਵਰਸਿਟੀ ਦੇ ਪ੍ਰਧਾਨ ਗੁਰਲਾਲ ਨੂੰ ਚੰਡੀਗੜ੍ਹ ਦੇ ਸਿਟੀ ਇਮਪੋਰੀਅਮ ਹੋਟਲ ਦੇ ਬਾਹਰ ਹਲਾਕ ਕੀਤਾ ਗਿਆ। ਉਸ ਨੂੰ ਲਾਰੈਂਸ ਬਿਸ਼ਨੋਈ ਦੇ ਨੇੜੇ ਸਮਝਿਆ ਜਾਂਦਾ ਸੀ।

22 ਅਕਤੂਬਰ 2020: ਰਣਜੀਤ ਸਿੰਘ ਉਰਫ਼ ਰਾਣਾ ਸਿੱਧੂ ਦਾ ਕਤਲ ਕਰ ਦਿੱਤਾ ਗਿਆ। ਮੁਕਤਸਰ ਪੁਲਿਸ ਨੇ ਦਾਅਵਾ ਕੀਤਾ ਸੀ ਇਕ ਇਹ ਕਤਲ ਗੁਰਲਾਲ ਦਾ ਬਦਲਾ ਲੈਣ ਲਈ ਕੀਤਾ ਗਿਆ।

7 ਅਗਸਤ 2021: ਮੋਹਾਲੀ ਵਿੱਚ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਨੂੰ ਗੋਲੀਆਂ ਮਾਰ ਕੇ ਹਲ਼ਾਕ ਕੀਤਾ ਗਿਆ।

14 ਮਾਰਚ 2022: ਜਲੰਧਰ ਦੇ ਮੱਲ੍ਹੀਆਂ ਪਿੰਡ ਵਿੱਚ ਕਬੱਡੀ ਟੂਰਨਾਮੈਂਟ ਦੌਰਾਨ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਨੰਗਲ ਅੰਬੀਆਂ ਦਾ ਕਤਲ ਕਰ ਦਿੱਤਾ ਗਿਆ।

## ਪੰਜਾਬੀਆਂ ਨੂੰ ਸ਼ੌਕ ਹਥਿਆਰਾਂ ਦਾ



ਪੰਜਾਬ ਵਿੱਚ ਦਿਨੋਂ ਦਿਨ ਵੱਧ ਰਹੇ ਗੈਂਗਸਟਰਵਾਦ ਦਾ ਇਕ ਵੱਡਾ ਕਾਰਨ ਪੰਜਾਬੀਆਂ ਨੂੰ ਹਥਿਆਰਾਂ ਦਾ ਸ਼ੌਕ ਦਾ ਹੋਣਾ ਵੀ ਹੈ। ਹਰ ਪੰਜਾਬੀ ਨੌਜਵਾਨ ਅਸਲ ਵਿੱਚ ਆਪਣੇ ਕੋਲ ਕੋਈ ਨਾ ਕੋਈ ਅਸਲਾ ਰੱਖ ਕੇ ਬੁਲੇਟ ਮੋਟਰਸਾਈਕਲ ’ਤੇ ਬੈਠ ਕੇ ਸਫਰ ਕਰਨ ਵਿੱਚ ਆਪਣੀ ਸ਼ਾਨ ਸਮਝਦਾ ਹੈ। ਹਥਿਆਰਾਂ ਦਾ ਇਹ ਸ਼ੌਕ ਪੰਜਾਬੀਆਂ ਲਈ ਹੀ ਸਿਰਦਰਦੀ ਬਣਦਾ ਜਾ ਰਿਹਾ ਹੈ।

ਆਮ ਆਦਮੀ ਪਾਰਟੀ ਦੀ ਵਿਧਾਇਕ ਇੰਦਰਜੀਤ ਕੌਰ ਮਾਨ ਦੇ ਸਵਾਲ ਦਾ ਜਵਾਬ ਦਿੰਦਿਆ ਦੱਸਿਆ ਗਿਆ ਕਿ ਸੂਬੇ ਵਿੱਚ 3.73 ਲੱਖ ਲਾਈਸੈਂਸਧਾਰਕ ਹਨ। ਹਥਿਆਰਾਂ ਦੇ ਲਾਈਸੈਂਸ ਰੱਖਣ ਵਿੱਚ ਸਰਹੱਦੀ ਸੂਬਾ ਗੁਰਦਾਸਪੁਰ ਪਹਿਲੇ ਨੰਬਰ ਉਪਰ ਹੈ ਜਦਕਿ ਬਠਿੰਡਾ ਅਤੇ ਪਟਿਆਲਾ ਦੂਜੇ ਅਤੇ ਤੀਜੇ ਨੰਬਰ ਤੇ ਆਉਂਦੇ ਹਨ। ਜਾਣਕਾਰੀ ਮੁਤਾਬਕ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਹਥਿਆਰ ਹਨ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ।

ਗੁਰਦਾਸਪੁਰ - 40,789
ਬਠਿੰਡਾ - 29,353
ਪਟਿਆਲਾ - 28,340
ਮੋਗਾ - 26,656
ਅੰਮ੍ਰਿਤਸਰ ਰੂਰਲ 23,201
ਫ਼ਿਰੋਜ਼ਪੁਰ -21,432

ਸਰਕਾਰੀ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜਿਆਦਾਤਰ ਲਾਈਸੈਂਸ ਮੋਹਾਲੀ ਅਤੇ ਪਠਾਨਕੋਟ ਵਿੱਚ ਰੱਦ ਕੀਤੇ ਗਏ ਹਨ। ਅੰਕੜਿਆਂ ਅਨੁਸਾਰ ਮੋਹਾਲੀ ਵਿੱਚ 235 ਅਤੇ ਪਠਾਨਕੋਟ ਵਿੱਚ 199 ਲਾਈਸੈਂਸ ਰੱਦ ਹੋਏ ਹਨ। ਇਸ ਦੇ ਨਾਲ ਹੀ ਲੁਧਿਆਣਾ ਰੂਰਲ ਵਿੱਚ 87 ਅਤੇ ਫ਼ਰੀਦਕੋਟ ਵਿੱਚ 84 ਲਾਈਸੈਂਸ ਰੱਦ ਕੀਤੇ ਗਏ ਹਨ। ਜਾਣਕਾਰੀ ਮੁਤਾਬਕ ਲੁਧਿਆਣਾ ਵਿੱਚ ਜਿਨ੍ਹਾਂ 27 ਲੋਕਾਂ ਦੇ ਲਾਈਸੈਂਸ ਰੱਦ ਕੀਤਾ ਹਨ, ਉਹਨਾਂ ਦੀ ਪਿਛੋਕੜ ਅਪਰਾਧਿਕ ਹੈ। ਪਠਾਨਕੋਟ ਵਿੱਚ ਵੀ ਜਿਨ੍ਹਾਂ 17 ਲੋਕਾਂ ਦੇ ਲਾਈਸੈਂਸ ਰੱਦ ਹੋਏ ਹਨ, ਉਹਨਾਂ ਦਾ ਰਿਕਾਰਡ ਅਪਰਾਧਿਕ ਸੀ। ਇਹ ਤਾਂ ਸਿਰਫ ਜਾਇਜ਼ ਲਾਇਸੈਂਸੀ ਹਥਿਆਰਾਂ ਦੇ ਅੰਕੜੇ ਹਨ। ਪੰਜਾਬ ਵਿੱਚ ਨਾਜਾਇਜ਼ ਅਸਲ ਵੀ ਕਾਫੀ ਗਿਣਤੀ ਵਿੱਚ ਦਸਿਆ ਜਾਂਦਾ ਹੈ, ਜਿਸ ਸਬੰਧੀ ਵੱਖ ਵੱਖ ਰਿਪੋਰਟਾਂ ਵੀ ਸਾਹਮਣੇ ਆ ਚੁੱਕੀਆਂ ਹਨ। ਇਸ ਤੋਂ ਇਲਾਵਾ ਪੰਜਾਬ ਪੁਲਿਸ ਵੱਲੋਂ ਫੜੇ ਜਾਂਦੇ ਅਪਰਾਧੀਆਂ ਕੋਲੋਂ ਅਕਸਰ ਨਾਜਾਇਜ਼ ਅਸਲਾ ਵੀ ਬਰਾਮਦ ਕੀਤਾ ਜਾਂਦਾ ਹੈ। ਨਾਜਾਇਜ਼ ਅਸਲੇ ਦੀ ਕੋਈ ਗਿਣਤੀ ਜਾਂ ਕੋਈ ਸੂਚੀ ਨਾ ਹੋਣ ਕਾਰਨ ਪੰਜਾਬ ਵਿੱਚ ਨਾਜਾਇਜ਼ ਅਸਲੇ ਦੀ ਕੁੱਲ ਗਿਣਤੀ ਕਿੰਨੀ ਹੈ, ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ। ਪੰਜਾਬ ਵਿੱਚ ਹਥਿਆਰ ਕੋਲ ਰੱਖਣਾਂ ਪੰਜਾਬੀ ਆਪਣੀ ਸ਼ਾਨ ਸਮਝਦੇ ਹਨ। ਇਹੀ ਕਾਰਨ ਹੈ ਕਿ ਪੰਜਾਬੀਆਂ ਦੇ ਹਥਿਆਰਾਂ ਦੇ ਸ਼ੌਕ ਕਾਰਨ ਪੰਜਾਬ ਵਿੱਚ ਅਕਸਰ ਨਿੱਕੀ ਜਿਹੀ ਗੱਲ ’ਤੇ ਹਿੰਸਕ ਘਟਨਾਵਾਂ ਵਾਪਰ ਜਾਂਦੀਆਂ ਹਨ ਅਤੇ ਖੂਨ ਖਰਾਬਾ ਹੋ ਜਾਂਦਾ ਹੈ, ਜਿਸ ਤੋਂ ਫਿਰ ਗੈਂਗਵਾਰ ਛਿੜ ਜਾਂਦੀ ਹੈ। ਇਸ ਤਰਾਂ ਪੰਜਾਬੀਆਂ ਦਾ ਹਥਿਆਰਾਂ ਦਾ ਸ਼ੌਕ ਹੀ ਪੰਜਾਬ ਦੇ ਅਮਨ ਕਾਨੂੰਨ ਲਈ ਇਕ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।

# .ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਦੇ ਚੱਕਰ ਵਿੱਚ ਠੱਗੇ ਜਾ ਰਹੇ ਨੇ ਬੇਰੁਜ਼ਗਾਰ ਪੰਜਾਬੀ

➤ ਇੰਡੋਨੇਸ਼ੀਆ ਬੈਠਾ ਗਿਰੋਹ ਪੰਜਾਬ ਵਿੱਚ ਵੀ ਸਰਗਰਮ ➤ ਅਮਰੀਕਾ ਦੀ ਕਮਾਈ ਨਾਲ ਘਰ ਦੀ ਗ਼ਰੀਬੀ ਦੂਰ ਕਰਨ ਦੇ ਸੁਪਨੇ ਲੈਂਦਿਆਂ ਹੁਣ ਕਰਜ਼ਾਈ ਹੋਏ ਨੌਜਵਾਨ



ਬੇਰੋਜ਼ਗਾਰੀ, ਨਸ਼ੇ ਕਾਰਨ ਨੌਜਵਾਨਾਂ ਨੂੰ ਪੰਜਾਬ ਅੰਦਰ ਆਪਣਾ ਭਵਿੱਖ ਹਨੇਰੇ ਵਿੱਚ ਨਜ਼ਰ ਆ ਰਿਹਾ ਹੈ। ਇਸ ਕਰਕੇ ਉਹ ਉਹ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ।ਸੂਬੇ ਵਿੱਚ ਨਿਵੇਸ਼ ਦੀ ਬਹੁਤ ਜ਼ਿਆਦਾ ਘਾਟ ਹੈ। ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ ਜਿਸ ਕਾਰਨ ਮਜਬੂਰਨ ਨੌਜਵਾਨ ਵੱਡੀ ਗਿਣਤੀ ਵਿੱਚ ਜਾਨ ਜ਼ੋਖਮ ਵਿੱਚ ਪਾ ਕੇ ਵਿਦੇਸ਼ ਦਾ ਰੁੱਖ ਕਰ ਰਹੇ ਹਨ।ਜਾਅਲੀ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ।ਪੰਜਾਬ ਸਰਕਾਰ ਨੇ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਅਤੇ ਮਨੁੱਖੀ ਤਸਕਰੀ ਰੋਕਣ ਦੇ ਲਈ ਪੰਜਾਬ ਟਰੈਵਲ ਪ੍ਰੋਫੈਸ਼ਨਲ ਐਕਟ 2014 ਬਣਾਇਆ ਹੋਇਆ ਹੈ।ਪਰ ਇਸ ਦੇ ਬਾਵਜੂਦ ਜਾਅਲੀ ਏਜੰਟ ਲਗਾਤਾਰ ਸਰਗਰਮ ਹਨ।ਬੇਰੁਜ਼ਗਾਰੀ ਅਤੇ ਵਿਦੇਸ਼ੀ ਜ਼ਿੰਦਗੀ ਲਈ ਨੌਜਵਾਨ ਅਕਸਰ ਏਜੰਟਾਂ ਦੇ ਝਾਂਸੇ ਵਿੱਚ ਆ ਵੀ ਜਾਂਦੇ ਹਨ।

ਪੰਜਾਬ ਦੇ ਸਰਹੱਦੀ ਇਲਾਕੇ ਨਾਲ ਸੰਬੰਧਿਤ ਸੁਖਜਿੰਦਰ ਸਿੰਘ ਵਾਂਗ ਭਾਰਤ ਦੇ ਕਈ ਹੋਰ ਨੌਜਵਾਨ ਬਾਲੀ ਵਿੱਚ ਸਰਗਰਮ ਗਿਰੋਹ ਦੀ ਠੱਗੀ ਦਾ ਸ਼ਿਕਾਰ ਹੋ ਚੁੱਕੇ ਹਨ। ਗਿਰੋਹ ਨੇ ਜ਼ਿਆਦਾਤਰ ਪੇਂਡੂ ਇਲਾਕਿਆਂ ਦੇ ਘੱਟ ਪੜ੍ਹੇ ਲਿਖੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਹੈ। ਬੀਤੇ ਦਿਨੀਂ ਮੁਹਾਲੀ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ ਉਤੇ ਮਨੁੱਖੀ ਤਸਕਰੀ, ਅਗਵਾ ਅਤੇ ਫਿਰੌਤੀ ਵਸੂਲਣ ਦੇ ਦੋਸ਼ ਵਿੱਚ ਕੇਸ ਦਰਜ ਕਰਕੇ ਗਿਰੋਹ ਨਾਲ ਜੁੜੇ ਪੰਜ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਸੀ।

ਪੰਜਾਬ ਤੋਂ ਇਲਾਵਾ ਇਸ ਗਿਰੋਹ ਨੇ ਹਰਿਆਣਾ, ਉਤਰਾਖੰਡ, ਹਿਮਾਚਲ ਪ੍ਰਦੇਸ਼ ਦੇ ਸੈਂਕੜੇ ਨੌਜਵਾਨਾਂ ਨੂੰ ਇਸੇ ਤਰੀਕੇ ਨਾਲ ਠੱਗੀ ਦੇ ਸ਼ਿਕਾਰ ਬਣਾਇਆ ਸੀ।

ਇਸ ਗਿਰੋਹ ਦੇ ਚੁੰਗਲ ਵਿਚੋਂ ਬਚਕੇ ਆਏ 35 ਸਾਲਾਂ ਸੁਖਜਿੰਦਰ ਸਿੰਘ ਦੱਸਦੇ ਹਨ ਕਿ ਘੱਟ ਜ਼ਮੀਨ ਕਾਰਨ ਘਰ ਦਾ ਗੁਜ਼ਾਰਾ ਚੱਲਣਾ ਮੁਸ਼ਕਲ ਹੋ ਗਿਆ ਸੀ।ਇੱਕ ਰਿਸ਼ਤੇਦਾਰ ਦੀ ਸਲਾਹ ਨਾਲ ਉਹਨਾਂ ਨੇ ਮੈਕਸੀਕੋ ਦੇ ਰਸਤੇ .ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਜਾਣ ਬਾਰੇ ਸੋਚਿਆ।ਰਿਸ਼ਤੇਦਾਰ ਨੇ ਹੀ ਉਸ ਦੀ ਗੱਲ ਬਾਲੀ ਵਿੱਚ ਮੌਜੂਦ ਸੰਨੀ ਕੁਮਾਰ ਨਾਲ ਕਰਵਾ ਦਿੱਤੀ।ਸੁਖਜਿੰਦਰ ਸਿੰਘ ਦੱਸਦੇ ਹਨ ਕਿ 45 ਲੱਖ ਰੁਪਏ ਵਿੱਚ ਪੂਰਾ ਸੌਦਾ ਤੈਅ ਹੋਇਆ ਸੀ।ਸੰਨੀ ਕੁਮਾਰ ਨੇ ਦੱਸਿਆ ਕਿ ਪਹਿਲਾਂ ਮੈਨੂੰ ਬਾਲੀ ਅਤੇ ਫਿਰ ਮੈਕਸੀਕੋ ਅਤੇ ਉੱਥੋਂ ਅਮਰੀਕਾ ਵਿੱਚ ਐਂਟਰੀ ਕਰਵਾਈ ਜਾਵੇਗੀ। ਮੇਰੇ ਵੱਲੋਂ ਹਾਂ ਕਰਨ ਤੋਂ ਬਾਅਦ ਮੈਨੂੰ ਬਾਲੀ ਦੀ ਟਿਕਟ ਸੰਨੀ ਕੁਮਾਰ ਵੱਲੋਂ ਭੇਜੀ ਗਈ ਸੀ।ਬਾਲੀ ਪਹੁੰਚਣ ਉੱਤੇ ਸੰਨੀ ਕੁਮਾਰ ਉਸ ਨੂੰ ਇੱਕ ਘਰ ਵਿੱਚ ਲੈ ਗਿਆ ਅਤੇ ਕੈਦ ਕਰ ਲਿਆ ਗਿਆ।ਸੁਖਜਿੰਦਰ ਸਿੰਘ ਮੁਤਾਬਕ ਉਹ ਅਗਵਾਕਾਰਾਂ ਦੀ ਕੈਦ ਵਿੱਚ ਕਰੀਬ 23 ਦਿਨਾਂ ਤੱਕ ਰਿਹਾ।ਅਗਵਾਕਾਰਾਂ ਦੀ ਕੁੱਟਮਾਰ ਤੋਂ ਤੰਗ ਆ ਕੇ ਉਸ ਨੇ ਆਪਣੇ ਘਰ ਵਾਲਿਆਂ ਨੂੰ ਝੂਠ ਬੋਲਿਆ ਕਿ ਉਹ ਅਮਰੀਕਾ ਪਹੁੰਚ ਗਿਆ ਅਤੇ ਏਜੰਟ ਦੇ 45 ਲੱਖ ਦੇ ਦਿੱਤੇ ਜਾਣ।ਪੈਸੇ ਮਿਲਣ ਤੋਂ ਬਾਅਦ ਅਗਵਾਕਾਰਾਂ ਨੇ ਉਸ ਨੂੰ ਰਿਹਾਅ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਨੇ ਦੇਸ਼ ਵਾਪਸੀ ਕੀਤੀ ਸੀ।

ਤਰਨਤਾਰਨ ਦੇ ਜਸਵਿੰਦਰ ਸਿੰਘ ਦੱਸਦਾ ਹੈ ਕਿ ਅਮਰੀਕਾ ਜਾਣ ਲਈ ਉਹ 5 ਅਕਤੂਬਰ 2022 ਨੂੰ ਬਾਲੀ ਪਹੁੰਚਿਆ ਸੀ।ਉੱਥੇ ਜਾ ਕੇ ਉਹਨਾਂ ਨੂੰ ਉਸੇ ਗੈਂਗ ਨੇ ਅਗਵਾ ਕਰ ਲਿਆ ਜਿਸ ਨੇ ਸੁਖਜਿੰਦਰ ਸਿੰਘ ਨੂੰ ਕੈਦ ਕੀਤਾ ਹੋਇਆ ਸੀ।ਜਸਵਿੰਦਰ ਸਿੰਘ ਨੇ ਦੱਸਿਆ ਉਹ ਵੀ 45 ਲੱਖ ਰੁਪਏ ਅਗਵਾਕਾਰਾਂ ਨੂੰ ਦੇ ਕੇ ਕਰੀਬ 18 ਦਿਨ ਬਾਅਦ ਦੇਸ਼ ਪਰਤਿਆ ਸੀ ।

ਪਟਿਆਲਾ ਜ਼ਿਲ੍ਹੇ ਦੇ ਪਿੰਡ ਪੇਹਲ ਕਲਾਂ ਦਾ ਨੌਜਵਾਨ ਮਨਪ੍ਰੀਤ ਸਿੰਘ ਕਹਿੰਦਾ ਹੈ ਕਿ ਉਹ ਇੱਕ ਨਿੱਜੀ ਕੰਪਨੀ ਵਿੱਚ ਨੌਕਰੀ ਕਰਦਾ ਸੀ, ਪਰ ਤਨਖ਼ਾਹ ਨਾਲ ਘਰ ਦਾ ਗੁਜ਼ਾਰਾ ਚਲਾਉਣਾ ਵੀ ਮੁਸ਼ਕਿਲ ਸੀ। ਇਸ ਲਈ ਉਸ ਨੇ ਅਮਰੀਕਾ ਜਾਣ ਦਾ .ਫੈਸਲਾ ਕੀਤਾ।ਰਾਜਪੁਰਾ ਦੇ ਇੱਕ ਏਜੰਟ ਨੇ 40 ਲੱਖ ਰੁਪਏ ਵਿੱਚ ਉਸ ਨੂੰ ਅਮਰੀਕਾ ਭੇਜਣ ਦਾ ਭਰੋਸਾ ਦਿੱਤਾ ਸੀ। ਪਰ ਬਾਲੀ ਪਹੁੰਚਦੇ ਸਾਰ ਹੀ ਉਸ ਨੂੰ ਅਗਵਾ ਕਰ ਲਿਆ ਗਿਆ ਸੀ।

ਮਨਪ੍ਰੀਤ ਨੇ ਦੱਸਿਆ ਕਿ ਉਸ ਨੇ ਸੋਚਿਆ ਸੀ ਕਿ ਅਮਰੀਕਾ ਦੀ ਕਮਾਈ ਨਾਲ ਘਰ ਦੀ .ਗਰੀਬੀ ਦੂਰ ਹੋਵੇਗੀ ਪਰ ਹੁਣ ਤਾਂ ਕਰਜ਼ਾ ਹੀ ਚੜ ਗਿਆ ਹੈ।ਪੇਹਲ ਪਿੰਡ ਦੇ ਹੀ ਜਸਵੀਰ ਸਿੰਘ ਦੱਸਦੇ ਹਨ ਕਿ ਅਮਰੀਕਾ ਜਾਣ ਲਈ ਉਹਨਾਂ ਨੇ ਜ਼ਮੀਨ ਵੇਚੀ ਅਤੇ ਕਰਜ਼ਾ ਲੈ ਕੇ ਏਜੰਟ ਨੂੰ ਪੈਸੇ ਦਿੱਤੇ ਪਰ ਠੱਗੀ ਨੇ ਉਹਨਾਂ ਨੂੰ ਤੋੜ ਕੇ ਰੱਖ ਦਿੱਤਾ।ਬਾਹਰਵੀਂ ਪਾਸ ਜਸਵੀਰ ਸਿੰਘ ਦੱਸਦੇ ਹਨ ਕਿ, ਜਿਸ ਵਿਅਕਤੀ ਤੋਂ ਵਿਦੇਸ਼ ਜਾਣ ਲਈ ਕਰਜ਼ਾ ਲਿਆ ਸੀ, ਉਹ ਪੈਸਿਆਂ ਦੀ ਮੰਗ ਕਰ ਰਿਹਾ ਹੈ, ਸਮਝ ਨਹੀਂ ਆ ਰਹੀ ਕਿ ਕੀ ਕੀਤਾ ਜਾਵੇ ?

ਇੰਡੋਨੇਸ਼ੀਆ ਵਿੱਚ ਇਸ ਗਿਰੋਹ ਦੀ ਠੱਗੀ ਦਾ ਸ਼ਿਕਾਰ ਹੋਏ ਪਟਿਆਲਾ ਦੇ ਵਿਸ਼ਾਲ ਕਹਿੰਦੇ ਹਨ ਕਿ ਬੇਰੋਜ਼ਗਾਰੀ ਦੇ ਕਾਰਨ ਵਿਦੇਸ਼ ਜਾਣ ਦਾ ਰਿਸਕ ਲਿਆ ਅਤੇ 40 ਲੱਖ ਰੁਪਏ ਡੋਬ ਦਿੱਤੇ। ਅਰਥ ਸ਼ਾਸਤਰੀ ਰਣਜੀਤ ਸਿੰਘ ਘੁੰਮਣ ਦਾ ਮੰਨਣਾ ਹੈ ਕਿ ਨੌਜਵਾਨਾਂ ਨੂੰ ਵਿਦੇਸ਼ ਜਾਣ ਦੇ ਰੁਝਾਨ ਤੋਂ ਰੋਕਣ ਦੇ ਲਈ ਇਥੇ ਰੋਜ਼ਗਾਰ ਦੇ ਸਾਧਨ ਅਤੇ ਨਿਵੇਸ਼ ਨੂੰ ਵਧਾਉਣਾ ਹੋਵੇਗਾ।

**ਗਿਰੋਹ ਕਿਵੇਂ ਕੰਮ ਕਰਦੇ ਹਨ**

ਪੰਜਾਬ ਵਿੱਚ ਗਿਰੋਹ ਦਾ ਕੋਈ ਦ.ਫਤਰ ਨਹੀਂ, ਮੀਡੀਆ ਵਿੱਚ ਕੋਈ ਮਸ਼ਹੂਰੀ ਨਹੀਂ ਕਰਦੇ।ਸਾਰਾ ਕੰਮ ਮੋਬਾਈਲ .ਫੋਨ ਉੱਤੇ ਹੀ ਚੱਲਦਾ ਹੈ।ਗਿਰੋਹ ਦਾ ਨੈਟਵਰਕ ਬਾਲੀ ਅਤੇ ਪੰਜਾਬ ਦੋਵਾਂ ਥਾਵਾਂ ਤੋਂ ਚੱਲਦਾ ਹੈ।

(ਬਾਕੀ ਸ.ਫਾ 29 ’ਤੇ)

## ਮੈਕਸੀਕੋ ਸਰਹੱਦ ’ਤੇ ਅਮਰੀਕਾ ’ਚ ਦਾਖ਼ਲ ਹੋਣ ਵਾਲੇ ਪ੍ਰਵਾਸੀਆਂ ਨੂੰ ਪੁਲਿਸ ਨੇ ਖਦੇੜਿਆ

### ਯੂ.ਐੱਸ. ਬਾਰਡਰ ਪੈਟਰੋਲ ਡਿਪਾਰਟਮੈਂਟ ਦੇ ਅਨੁਸਾਰ 2022 ਵਿੱਚ, 2.2 ਮਿਲੀਅਨ ਲੋਕਾਂ ਨੂੰ ਕੀਤਾ ਸੀ ਗ੍ਰਿ.ਫਤਾਰ




ਕੈਲੇਫੋਰਨੀਆਂ : ਮੈਕਸੀਕੋ ਨਾਲ ਲੱਗਦੀ ਯੂ.ਐੱਸ, ਸਰਹੱਦ ’ਤੇ ਪ੍ਰਵਾਸੀਆਂ ਦੇ ਇੱਕ ਵੱਡੇ ਸਮੂਹ ਨੇ ਪਿਛਲੇ ਦਿਨੀਂ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਯੂ.ਐੱਸ, ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਨੇ ਦੱਸਿਆ ਕਿ ਪਿਛਲੇ ਦਿਨੀਂ ਵੱਡੀ ਭੀੜ ਇਕੱਠੀ ਹੋਈ ਅਤੇ ਇਸਨੂੰ ਮਾਸ ਐਂਟਰੀ ਕਰਨ ਦੇ ਸੰਭਾਵੀ ਖ਼ਤਰੇ ਵਜੋਂ ਦੇਖਿਆ ਗਿਆ ਸੀ। ਇਹਨਾਂ ਵਿਚੋਂ ਜ਼ਿਆਦਾਤਰ ਪ੍ਰਵਾਸੀ ਵੈਨੇਜ਼ੁਏਲਾ ਤੋਂ ਹਨ। ਉਹਨਾਂ ਨੇ ਸੁਰੱਖਿਆ ਘੇਰਾ ਤੋੜਨ ਦੀ ਕੋਸ਼ਿਸ ਕੀਤੀ ਪਰ ਅਮਰੀਕੀ ਸੁਰੱਖਿਆ ਬਲਾਂ ਨੇ ਉਹਨਾਂ ਨੂੰ ਅੱਗੇ ਨਹੀਂ ਵਧਣ ਦਿੱਤਾ। ਇਹ ਲੋਕ ਅਮਰੀਕਾ ਵਿੱਚ ਸ਼ਰਨ ਦੀ ਮੰਗ ਕਰ ਰਹੇ ਸਨ। ਪੁਲਿਸ ਦੁਆਰਾ ਖਦੇੜਨ ਦੀ ਕੋਸ਼ਿਸ਼ ਦੌਰਾਨ ਕੁਝ ਲੋਕ ਜ਼ਖ਼ਮੀ ਵੀ ਹੋ ਗਏ। ਇਹਨਾਂ ਲੋਕਾਂ ਨਾਲ ਬੱਚੇ ਵੀ ਸਨ।

ਰਾਇਟਰਜ਼ ਦੁਆਰਾ ਇਕ ਵੀਡੀਓ ਫੁਟੇਜ ਜਾਰੀ ਕੀਤਾ ਗਿਆ ਜਿਸ ਵਿੱਚ ਸੈਂਕੜੇ ਲੋਕ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਦੇਖੇ ਜਾ ਸਕਦੇ ਹਨ। ਵੀਡੀਓ ਵਿੱਚ ਕੰਡਿਆਲੀ ਤਾਰ ਅਤੇ ਸੰਤਰੀ ਪਲਾਸਟਿਕ ਦੀਆਂ ਰੁਕਾਵਟਾਂ ਦਿਖਾਈਆਂ ਗਈਆਂ ਹਨ ਜੋ ਸੰਯੁਕਤ ਰਾਜ ਵਿੱਚ ਅਮਰੀਕਾ ਦੇ ਪੁਲ ਵੱਲ ਜਾਣ ਨੂੰ ਰੋਕਣ ਲਈ ਲਗਾਈਆਂ ਜਾ ਰਹੀਆਂ ਹਨ। ਰਾਇਟਰਜ਼ ਨੇ ਰਿਪੋਰਟ ਦਿੱਤੀ ਕਿ ਕੁਝ ਪ੍ਰਵਾਸੀਆਂ ’ਤੇ ਪੁਲ ਤੋਂ ਪਹਿਲਾਂ ਸੀ.ਬੀ.ਪੀ. ਦੁਆਰਾ ਮਿਰਚ ਸਪਰੇਅ ਕੀਤੀ ਗਈ ਸੀ।ਬਹੁਤ ਸਾਰੇ ਪ੍ਰਵਾਸੀ ਨਵੀਂਆਂ ਨੀਤੀਆਂ ਤੋਂ ਨਿਰਾਸ਼ ਹੋ ਗਏ ਹਨ ਜੋ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਲਾਗੂ ਕੀਤੀਆਂ ਗਈਆਂ ਹਨ। ਖਾਸ ਤੌਰ ’ਤੇ ਸੀਬੀਪੀ ਵਨ ਨਾਮਕ ਐਪ ਨਾਲ, ਜਿਸ ਲਈ ਇੱਕ ਸਥਿਰ ਇੰਟਰਨੈਟ ਕਨੈਕਸ਼ਨ ਦੀ ਲੋੜ ਹੁੰਦੀ ਹੈ ਜੋ ਸਰਹੱਦ ’ਤੇ ਜ਼ਿਆਦਾਤਰ ਲੋਕਾਂ ਕੋਲ ਨਹੀਂ ਹੈ।ਇਨ੍ਹਾਂ ਪ੍ਰਵਾਸੀਆਂ ਦਾ ਇਲਜ਼ਾਮ ਹੈ ਕਿ ਅਮਰੀਕਾ ਨੇ ਸਾਡੀ ਮਦਦ ਲਈ ਜੋ ਐਪ ਸੇਵਾ ਸ਼ੁਰੂ ਕੀਤੀ ਹੈ ਉਹ ਅਸਲ ਵਿੱਚ ਪ੍ਰਕਿਰਿਆ ਨੂੰ ਲੰਮਾ ਕਰਨ ਲਈ ਹੈ। ਇਸ ਵਿੱਚ ਕਈ ਤਕਨੀਕੀ ਖਾਮੀਆਂ ਹਨ।ਇਸ ਐਪ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਗਿਆ ਹੈ ਕਿ ਪਰਵਾਸ ਕਰਨ ਵਾਲਿਆਂ ਨੂੰ ਕਾਫੀ ਸਮਾਂ ਖਰਾਬ ਕਰਨਾ ਪੈਂਦਾ ਹੈ। ਜੇਕਰ ਇਸ ਐਪ ’ਤੇ ਭਰੋਸਾ ਕੀਤਾ ਜਾਵੇ ਤਾਂ ਸਾਨੂੰ ਅਮਰੀਕਾ ਪਹੁੰਚਣ ਵਿੱਚ ਕਈ ਸਾਲ ਲੱਗ ਜਾਣਗੇ।

18 ਸਾਲਾ ਕੈਮਿਲਾ ਪੇਜ ਨੇ ਕਿਹਾ - ਬਾਈਡੇਨ ਨੂੰ ਸਾਡੇ ’ਤੇ ਰਹਿਮ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਪਰਿਵਾਰਾਂ ਲਈ ਰੋਜ਼ੀ ਰੋਟੀ ਕਮਾ ਸਕੀਏ।

ਸੀਐੱਨਐੱਨ ਅਨੁਸਾਰ ਪੁਲਿਸ ਦੀ ਸਖਤੀ ਕਾਰਣ ਹੋਲੀ ਹੋਲੀ ਲੋਕਾਂ ਦੀ ਗਿਣਤੀ ਘੱਟਦੀ ਗਈ ਅਤੇ ਆਵਾਜਾਈ ਦਾ ਪ੍ਰਵਾਹ ਆਮ ਵਾਂਗ ਹੋ ਗਿਆ।

**365 ਦਿਨਾਂ ਵਿੱਚ 22 ਲੱਖ ਪ੍ਰਵਾਸੀ ਗ੍ਰਿ.ਫਤਾਰ**

ਯੂਐੱਸ ਬਾਰਡਰ ਪੈਟਰੋਲ ਡਿਪਾਰਟਮੈਂਟ ਦੇ ਅਨੁਸਾਰ - ਪਿਛਲੇ ਸਾਲ ਯਾਨੀ 2022 ਵਿੱਚ, ਕੁੱਲ 2.2 ਮਿਲੀਅਨ ਲੋਕਾਂ ਨੂੰ ਗ੍ਰਿ.ਫਤਾਰ ਕੀਤਾ ਗਿਆ ਸੀ ਅਤੇ ਤੁਰੰਤ ਮੈਕਸੀਕੋ ਸਰਹੱਦ ’ਤੇ ਵਾਪਸ ਭੇਜ ਦਿੱਤਾ ਗਿਆ ਸੀ।ਅਮਰੀਕੀ ਕਾਨੂੰਨ ਮੁਤਾਬਕ ਜੇਕਰ ਕੋਈ ਪ੍ਰਵਾਸੀ ਅਮਰੀਕਾ ਆਉਂਦਾ ਹੈ ਤਾਂ ਉਸ ਨੂੰ ਅਸਥਾਈ ਤੌਰ ’ਤੇ ਕੰਮ ਕਰਨ ਦਾ ਅਧਿਕਾਰ ਹੈ।

(ਬਾਕੀ ਸ.ਫਾ 29 ’ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇਨਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੀ ਹੈ ਬਲੂ ਇਕਾਨਮੀ ?

➢ ਆਰਥਿਕ ਵਿਕਾਸ ਲਈ ਸਮੁੰਦਰੀ ਸਰੋਤਾਂ ਦੀ ਵਰਤੋਂ

➢ ਕਿੰਨੀ ਕੁ ਲਾਹੇਵੰਦ ਹੈ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਬਲੂ ਇਕਾਨਮੀ



ਨਵੀਂ ਦਿੱਲੀ/ਏ.ਟੀ.ਨਿਊਜ਼ :- ਵਾਤਾਵਰਣ ਅਤੇ ਜਲਵਾਯੂ ਸਥਿਰਤਾ ਕਾਰਜ ਸਮੂਹ ਨੇ ਬੈਂਗਲੂਰੂ ਵਿੱਚ ਆਪਣੀ ਪਹਿਲੀ ਮੀਟਿੰਗ ਦੌਰਾਨ, ਸਮੁੰਦਰੀ ਗੰਦਗੀ ਨੂੰ ਰੋਕਣ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ, ਇਸ ਮੌਕੇ ਟਿਕਾਊ ਅਤੇ ਜਲਵਾਯੂ ਅਨੁਕੂਲ ਬਲੂ ਇਕਾਨਮੀ ਭਾਵ ਨੀਲੀ ਆਰਥਿਕਤਾ ਦੇ ਅਧਾਰ ’ਤੇ ਸਿਧਾਂਤਾਂ ਨੂੰ ਕਿਵੇਂ ਡਿਜ਼ਾਈਨ ਕੀਤਾ ਜਾਵੇ, ਬਾਰੇ ਵਿਚਾਰ ਚਰਚਾ ਕੀਤੀ ਗਈ।

ਭਾਰਤ ਦੇ ਕੰਟਰੋਲਰ ਅਤੇ ਆਡੀਟਰ ਜਨਰਲ (ਕੈਗ) ਦੀ ਅਗਵਾਈ ਵਾਲੇ ਜੀ-20 ਦੇਸ਼ਾਂ ਦੇ ਸੁਪਰੀਮ ਆਡਿਟ ਇੰਸਟੀਚਿਊਸ਼ਨਜ਼ (ਐਸ ਏ ਆਈ) ਐਂਗੇਜਮੈਂਟ ਗਰੁੱਪ ਨੇ ਵੀ ਮੁਲਾਂਕਣ ਦੇ ਉਦੇਸ਼ ਨਾਲ ਨੀਲੀ ਆਰਥਿਕਤਾ ਦੇ ਖੇਤਰ ਨੂੰ ਨੀਲੀ ਆਰਥਿਕਤਾ ਤੋਂ ਪ੍ਰਾਪਤ ਲਾਭ ਅਤੇ ਸਮੁੰਦਰੀ ਆਰਥਿਕਤਾ ਦੀ ਰੱਖਿਆ ਕਰਨ ਲਈ ਦਿਲਚਸਪ ਦਸਿਆ।

ਨੀਲੀ ਅਰਥਵਿਵਸਥਾ ਦੀ ਵਰਤੋਂ ਕਰਨ ’ਤੇ ਚਰਚਾ ਅਜਿਹੇ ਸਮੇਂ ’ਤੇ ਹੋਈ ਹੈ ਜਦੋਂ ਸਮੁੰਦਰ ਗਲੋਬਲ ਵਾਰਮਿੰਗ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਦੇ ਕਾਰਨ ਬੇਮਿਸਾਲ ਪੱਧਰ ਦੇ ਤਪਸ਼ ਨੂੰ ਦੇਖ ਰਿਹਾ ਹੈ, ਜੋ ਵਾਤਾਵਰਣ ਦੇ ਵਿਗਾੜ ਦਾ ਕਾਰਨ ਬਣ ਰਿਹਾ ਹੈ ਅਤੇ ਜੀਵਨ ਨੂੰ ਖਤਰੇ ਵਿੱਚ ਪਾ ਰਿਹਾ ਹੈ।

ਨੀਲੀ ਅਰਥ-ਵਿਵਸਥਾ ਨੂੰ ਅਗਲਾ ਮਹਾਨ ਆਰਥਿਕ ਮੌਕਾ ਮੰਨਿਆ ਜਾਂਦਾ ਹੈ, ਪਰ ਇਸਦੀ ਕੋਈ ਸਰਵ ਵਿਆਪਕ ਪਰਿਭਾਸ਼ਾ ਨਹੀਂ ਹੈ।ਵਿਸ਼ਵ ਬੈਂਕ ਨੀਲੀ ਆਰਥਿਕਤਾ ਨੂੰ ਸਮੁੰਦਰੀ ਵਾਤਾਵਰਣ ਪ੍ਰਣਾਲੀ ਦੀ ਸਿਹਤ ਨੂੰ ਸੁਰੱਖਿਅਤ ਰੱਖਦੇ ਹੋਏ, ਆਰਥਿਕ ਵਿਕਾਸ, ਬਿਹਤਰ ਆਜੀਵਿਕਾ ਅਤੇ ਨੌਕਰੀਆਂ ਲਈ ਸਮੁੰਦਰੀ ਸਰੋਤਾਂ ਦੀ ਟਿਕਾਊ ਵਰਤੋਂ ਵਜੋਂ ਪਰਿਭਾਸ਼ਤ ਕਰਦਾ ਹੈ।

ਸਮੁੰਦਰੀ ਭੋਜਨ ਦੀ ਕਟਾਈ (ਮੱਛੀ ਫੜਨ ਅਤੇ ਜਲ-ਪਾਲਣ), ਸਮੁੰਦਰੀ ਗੈਰ-ਜੀਵ ਸਰੋਤਾਂ (ਜਿਵੇਂ ਕਿ ਖਣਿਜ ਅਤੇ ਤੇਲ ਅਤੇ ਗੈਸ), ਨਵਿਆਉਣਯੋਗ ਊਰਜਾ ਦਾ ਉਤਪਾਦਨ (ਜਿਵੇਂ ਕਿ ਆਫਸ਼ੋਰ ਹਵਾ), ਅਤੇ ਵਪਾਰ ਅਤੇ ਵਪਾਰ ਅਜਿਹੀਆਂ ਗਤੀਵਿਧੀਆਂ ਦੀਆਂ ਉਦਾਹਰਣਾਂ ਹਨ। ਨੂੰ ਬਲੂ ਇਕਾਨਮੀ ਵਜੋਂ ਗਿਣਿਆ ਜਾ ਸਕਦਾ ਹੈ।

ਹਾਲ ਹੀ ਵਿੱਚ, 27 ਫਰਵਰੀ ਨੂੰ ਕੈਗ ਦੁਆਰਾ ਆਯੋਜਿਤ ਇੱਕ ਪੇਸ਼ਕਾਰੀ ਵਿੱਚ, ਵਿਸ਼ਵ ਬੈਂਕ ਦੇ ਮੁੱਖ ਵਾਤਾਵਰਣ ਮਾਹਿਰ ਤਾਪਸ ਪਾਲ ਨੇ ਕਿਹਾ ਕਿ ਵਿਸ਼ਵ ਪੱਧਰ ’ਤੇ ਸਮੁੰਦਰੀ ਸੰਪਤੀਆਂ (ਕੁਦਰਤੀ ਸਰੋਤਾਂ) ਦਾ ਕੁੱਲ ਮੁੱਲ 24 ਟ੍ਰਿਲੀਅਨ ਡਾਲਰ ਹੈ।

ਨੀਲੀ ਆਰਥਿਕਤਾ ਦਾ ਵਿਕਾਸ 14ਵੇਂ ਸਸਟੇਨੇਬਲ ਡਿਵੈਲਪਮੈਂਟ ਗੋਲ , ਸੰਯੁਕਤ ਰਾਸ਼ਟਰ ਦੁਆਰਾ ਨਿਰਧਾਰਤ ਕੀਤਾ ਗਿਆ ਹੈ ਅਤੇ ਗ੍ਰਹਿ ਦੀ ਰੱਖਿਆ ਕਰਦੇ ਹੋਏ ਖੁਸ਼ਹਾਲੀ ਨੂੰ ਉਤਸ਼ਾਹਤ ਕਰਨ ਲਈ ਕਾਰਵਾਈ ਦੀ ਮੰਗ) ਨਾਲ ਵੀ ਜੁੜਿਆ ਹੋਇਆ ਹੈ, ਜਿਸ ਵਿੱਚ ਪਾਣੀ ਦੇ ਹੇਠਾਂ ਜੀਵਨ ਬਾਰੇ ਵਿਕਾਸ ਕਰਨਾ ਸ਼ਾਮਲ ਹੈ।ਕੁਝ ਨੀਤੀ ਨਿਰਮਾਤਾ ਦਲੀਲ ਦਿੰਦੇ ਹਨ ਕਿ ਐਸਡੀਜੀ ਨੂੰ ਪ੍ਰਾਪਤ ਕਰਨ ਲਈ ਇੱਕ ਨੀਲੀ ਆਰਥਿਕਤਾ ਨੀਤੀ ਨੂੰ ਆਕਾਰ ਦੇਣਾ ਜ਼ਰੂਰੀ ਹੈ।

ਵਰਲਡ ਇਕਨਾਮਿਕ ਫੋਰਮ ਦੁਆਰਾ ਇੱਕ ਵ੍ਹਾਈਟ ਪੇਪਰ ਦੇ ਅਨੁਸਾਰ, ਸੰਯੁਕਤ ਰਾਸ਼ਟਰ ਦੇ 17 ਐਸਡੀਜੀ ਵਿੱਚੋਂ 14 ਨੂੰ ਲੰਬੇ ਸਮੇਂ ਦੀ ਫੰਡਿੰਗ ਦੀ ਸਭ ਤੋਂ ਘੱਟ ਮਾਤਰਾ ਪ੍ਰਾਪਤ ਹੋਈ ਹੈ। ਇਸ ਨੇ ਪਾਇਆ ਕਿ 2030 ਤੱਕ ਐਸਡੀਜੀ 14 ਨੂੰ ਪ੍ਰਾਪਤ ਕਰਨ ਲਈ 175 ਬਿਲੀਅਨ ਪ੍ਰਤੀ ਸਾਲ ਦੀ ਲੋੜ ਹੈ, ਜਦੋਂ ਕਿ 2015 ਅਤੇ 2019 ਦੇ ਵਿਚਕਾਰ 10 ਬਿਲੀਅਨ ਤੋਂ ਥੋੜ੍ਹਾ ਘੱਟ ਨਿਵੇਸ਼ ਕੀਤਾ ਗਿਆ ਸੀ।

**ਚੁਣੌਤੀਆਂ**

ਨੀਲੀ ਆਰਥਿਕਤਾ ਦੇ ਲਾਭ ਚੁਣੌਤੀਆਂ ਤੋਂ ਬਿਨਾਂ ਨਹੀਂ ਲਏ ਜਾ ਸਕਦੇ।ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੇ ਇੱਕ ਦਸਤਾਵੇਜ਼ ਦੇ ਅਨੁਸਾਰ, ਇੱਕ ਚੁਣੌਤੀ ਮੌਜੂਦਾ ਆਰਥਿਕ ਰੁਝਾਨਾਂ ਨਾਲ ਸਬੰਧਤ ਹੈ, ਜੋ ਸਮੁੰਦਰੀ ਸਰੋਤਾਂ ਦੀ ਅਸਥਿਰ ਨਿਕਾਸੀ, ਸਮੁੰਦਰੀ ਅਤੇ ਤੱਟਵਰਤੀ ਨਿਵਾਸ ਸਥਾਨਾਂ ਅਤੇ ਲੈਂਡਸਕੇਪਾਂ, ਜਲਵਾਯੂ ਵਿੱਚ ਭੌਤਿਕ ਅਤੇ ਵਾਤਾਵਰਣਕ ਤਬਦੀਲੀਆਂ ਦੁਆਰਾ ਤੇਜ਼ੀ ਨਾਲ ਸਮੁੰਦਰੀ ਸਰੋਤਾਂ ਨੂੰ ਖਤਮ ਕਰ ਰਹੇ ਹਨ।

ਨਵੀਨਤਮ ਨੀਲੇ ਅਰਥਚਾਰੇ ਦੇ ਖੇਤਰਾਂ ਵਿੱਚ ਨਿਵੇਸ਼ ਕਰਨ ਨਾਲ ਪੈਦਾ ਹੋਣ ਵਾਲੇ ਰੁਜ਼ਗਾਰ ਅਤੇ ਵਿਕਾਸ ਲਾਭਾਂ ਦਾ ਲਾਭ ਲੈਣ ਲਈ ਲੋੜੀਂਦੀ ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨ ਦੀ ਵੀ ਲੋੜ ਹੈ।

ਕਈਆਂ ਨੇ ਆਰਥਿਕ ਵਿਕਾਸ ਲਈ ਸਮੁੰਦਰੀ ਸਰੋਤਾਂ ਦਾ ਸ਼ੋਸ਼ਣ ਕਰਨ ਦੇ ਹੱਕ ਵਿੱਚ ਨੀਲੀ ਆਰਥਿਕਤਾ ਦੀ ਧਾਰਨਾ ਦੀ ਆਲੋਚਨਾ ਕੀਤੀ ਹੈ, ਜੋ ਕਿ ਸੰਭਾਲ ਦੇ ਉਦੇਸ਼ਾਂ ਦੇ ਉਲਟ ਹੈ।

ਸਸਟੇਨੇਬਿਲਟੀ ਸਾਇੰਸ ਜਰਨਲ ਵਿਚ ਨੀਲੀ ਆਰਥਿਕਤਾ ਬਾਰੇ ਇਕ ਸੰਪਾਦਕੀ ਕਹਿੰਦਾ ਹੈ: ਇੱਕ ਸਾਂਝੀ ਪਰਿਭਾਸ਼ਾ ਦੀ ਘਾਟ ਨਾ ਸਿਰਫ਼ ਇਸਦੀ ਅਸੰਗਤਤਾ ਦੇ ਕਾਰਨ ਖਾਸ ਤੌਰ ’ਤੇ ਮੁਸ਼ਕਿਲ ਹੋ ਸਕਦੀ ਹੈ, ਸਗੋਂ ਇਸ ਲਈ ਵੀ ਕਿਉਂਕਿ ਵੱਖ-ਵੱਖ ਕਲਾਕਾਰਾਂ ਦੁਆਰਾ ਉਹਨਾਂ ਦੇ ਹਿੱਤਾਂ ਦੇ ਅਧਾਰ ’ਤੇ ਇਸ ਵਿੱਚ ਹੇਰਾਫੇਰੀ ਕੀਤੀ ਜਾ ਸਕਦੀ ਹੈ।

ਟਰਾਂਸਨੈਸ਼ਨਲ ਇੰਸਟੀਚਿਊਟ, ਇੱਕ ਅੰਤਰਰਾਸ਼ਟਰੀ ਖੋਜ ਅਤੇ ਵਕਾਲਤ ਫਰਮ, ਨੇ ਕਿਹਾ ਹੈ ਕਿ ਅਫ਼ਸੋਸ ਦੀ ਗੱਲ ਹੈ ਕਿ, ਛੋਟੇ ਪੈਮਾਨੇ ਦੇ ਮਛੇਰੇ, ਜ਼ਿਆਦਾਤਰ ਮਾਮਲਿਆਂ ਵਿੱਚ, ਉਹ ਕਲਾਕਾਰ ਹਨ ਜੋ ਅਸਲ ਵਿੱਚ ਇਹਨਾਂ ਸਮੁੰਦਰੀ ਥਾਵਾਂ ਦੀ ਵਰਤੋਂ ਕਰਦੇ ਹਨ।

# ਐਲੋਨ ਮਸਕ ਵਸਾਉਣਗੇ ਟੈਕਸਾਸ ਵਿੱਚ ਆਪਣਾ ਸਨੇਲਬਰੂਕ ਨਾਮ ਦਾ ਸ਼ਹਿਰ

## ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਵਿੱਚ ਹੋਇਆ ਖੁਲਾਸਾ



ਨਵੀਂ ਦਿੱਲੀ/ਏ.ਟੀ.ਨਿਊਜ਼ :- ਵਿਸ਼ਵ ਦੇ ਦੂਜੇ ਸਭ ਤੋਂ ਅਮੀਰ ਉਦਯੋਗਪਤੀ ਅਤੇ ਟੇਸਲਾ ਦੇ ਮਾਲਕ ਐਲੋਨ ਮਸਕ ਆਪਣਾ ਇੱਕ ਸ਼ਹਿਰ ਸਥਾਪਤ ਕਰਨ ਬਾਰੇ ਵਿਚਾਰ ਕਰ ਰਹੇ ਹਨ। ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਵਿੱਚ ਇਹ ਖੁਲਾਸਾ ਹੋਇਆ ਹੈ। ਐਲੋਨ ਮਸਕ ਅਤੇ ਉਸ ਦੀ ਕੰਪਨੀ ਨਾਲ ਜੁੜੀਆਂ ਸੰਸਥਾਵਾਂ ਟੈਕਸਾਸ ਵਿੱਚ ਇੱਕ ਅਜਿਹਾ ਸ਼ਹਿਰ ਸਥਾਪਤ ਕਰਨ ਲਈ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕਰ ਰਹੀਆਂ ਹਨ ਜਿੱਥੇ ਮਸਕ ਦੀ ਕੰਪਨੀ ਦੇ ਕਰਮਚਾਰੀ ਰਹਿਣਗੇ ਅਤੇ ਕੰਮ ਕਰਨਗੇ। ਇਹ ਸੰਪਤੀਆਂ ਆਸਟਿਨ ਨੇੜੇ ਘੱਟੋ-ਘੱਟ 3,500 ਏਕੜ ’ਤੇ ਖਰੀਦੀਆਂ ਗਈਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਐਲੋਨ ਮਸਕ ਸਨੇਲਬਰੂਕ ਨਾਮ ਦਾ ਸ਼ਹਿਰ ਸਥਾਪਤ ਕਰਨ ਦੀ ਤਿਆਰੀ ਵਿੱਚ ਹੈ।

ਇਥੇ ਜਿਕਰਯੋਗ ਹੈ ਕਿ ਜਿਸ ਖੇਤਰ ਵਿੱਚ ਮਸਕ ਸ਼ਹਿਰ ਨੂੰ ਵਸਾਉਣ ਜਾ ਰਹੇ ਹਨ, ਉਹ ਬੋਰਿੰਗ ਅਤੇ ਸਪੇਸ-ਐਕਸ ਨਿਰਮਾਣ ਅਧੀਨ ਪਲਾਂਟਾਂ ਦੇ ਨੇੜੇ ਹੈ। ਇਹ ਜਗ੍ਹਾ ਟੈਕਸਾਸ ਵਿੱਚ ਕੋਲੋਰਾਡੋ ਨਦੀ ਦੇ ਕੰਢੇ ਹੈ। ਮਸਕ ਦੀਆਂ ਕੰਪਨੀਆਂ ਦੇ ਕਰਮਚਾਰੀ ਇੱਥੇ ਰਹਿਣਗੇ ਅਤੇ ਨੇੜਲੇ ਪਲਾਂਟਾਂ ਵਿੱਚ ਕੰਮ ਕਰਨ ਲਈ ਜਾ ਸਕਣਗੇ। ਰਿਪੋਰਟ ਦੇ ਅਨੁਸਾਰ, ਯੋਜਨਾ 100 ਘਰ ਬਣਾਉਣ ਦੀ ਹੈ ਜਿੱਥੇ ਨੇੜੇ ਇੱਕ ਪੂਲ ਅਤੇ ਇੱਕ ਖੁੱਲਾ ਖੇਡ ਮੈਦਾਨ ਬਣਾਇਆ ਜਾਵੇਗਾ।ਕਾਬਲੇਗੌਰ ਹੈ ਕਿ ਇਸ ਤੋਂ ਪਹਿਲਾਂ 2020 ਵਿੱਚ, ਐਲੋਨ ਮਸਕ ਨੇ ਘੋਸ਼ਣਾ ਕੀਤੀ ਸੀ ਕਿ ਉਹ ਟੇਸਲਾ ਦੇ ਹੈੱਡਕੁਆਰਟਰ ਅਤੇ ਆਪਣੇ ਘਰ ਨੂੰ ਕੈਲੀਫੋਰਨੀਆ ਤੋਂ ਟੈਕਸਾਸ ਵਿੱਚ ਤਬਦੀਲ ਕਰ ਦੇਵੇਗਾ। ਟੇਸਲਾ 2022 ਵਿੱਚ ਆਸਟਿਨ ਵਿੱਚ ਇੱਕ ਨਵੀਂ ਗੀਗਾ ਫੈਕਟਰੀ ਨਿਰਮਾਣ ਸਹੂਲਤ ਖੋਲ੍ਹੇਗੀ, ਜਦੋਂ ਕਿ ਸਪੇਸਐਕਸ ਅਤੇ ਦ ਬੋਰਿੰਗ ਕੰਪਨੀ ਕੋਲ ਟੈਕਸਾਸ ਵਿੱਚ ਵੀ ਸਹੂਲਤਾਂ ਹਨ।

# ਸ਼ੋਸ਼ਲ ਮੀਡੀਆ ਤੋਂ ਸਿਖ ਕੇ ਕਾਰਾਂ ਕੀਤੀਆਂ ਜਾ ਰਹੀਆਂ ਨੇ ਚੋਰੀ

## ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਵਧੀਆਂ ਅਜਿਹੀਆਂ ਘਟਨਾਵਾਂ

ਵਾਸ਼ਿੰਗਟਨ/ਏ.ਟੀ.ਨਿਊਜ਼ :- ਮੈਮਫ਼ਿਸ ਸ਼ਹਿਰ ਵਿੱਚ ਇਕ ਪੁਰਾਣੀ ਫੈਕਟਰੀ ਦੇ ਕੋਲ ਟਰੱਕ ਡਰਾਈਵਰ ਛੇ ਘੰਟਿਆਂ ਤੋਂ ਲਾਈਨ ਵਿੱਚ ਬੈਠੇ ਉਡੀਕ ਕਰ ਰਹੇ ਸਨ ਤਾਂ ਜੋ ਸਮਾਨ ਉਤਾਰ ਸਕਣ। ਕੁਝ ਲੋਕ ਆਪਣੇ ਚੋਰੀ ਹੋਏ ਵਾਹਨ ਵਾਪਸ ਲੈਣ ਦੀ ਉਡੀਕ ਕਰ ਰਹੇ ਸਨ। ਮੈਦਾਨ ਵਿੱਚ ਕਰੀਬ 2700 ਕਾਰਾਂ ਰੱਖੀਆਂ ਗਈਆਂ ਸਨ। ਇਹ ਕਾਰਾਂ ਮੈਮਫ਼ਿਸ ਅਤੇ ਹੋਰ ਅਮਰੀਕੀ ਸ਼ਹਿਰਾਂ ਵਿੱਚ ਚੋਰੀ ਹੋਈਆਂ ਸਨ।



ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਘੱਟੋ-ਘੱਟ ਦੋ ਕੰਪਨੀਆਂ—ਕਿਆ ਅਤੇ ਹੁੰਡਈ ਦੇ ਵਾਹਨ ਜ਼ਿਆਦਾ ਚੋਰੀ ਹੋਏ ਸਨ। ਪਿਛਲੇ ਸਾਲ ਮੈਮਫ਼ਿਸ ਵਿੱਚ 11,000 ਕਾਰਾਂ ਚੋਰੀ ਹੋਈਆਂ ਸਨ। ਇਹ ਘਟਨਾਵਾਂ 2021 ਤੋਂ ਦੁੱਗਣੀਆਂ ਹਨ। ਇਨ੍ਹਾਂ ਵਿੱਚੋਂ ਇੱਕ ਤਿਹਾਈ ਕਾਰਾਂ ਕਿਆ ਅਤੇ ਹੁੰਡਾਈ ਦੇ ਨਵੇਂ ਮਾਡਲ ਹਨ। ਇਨ੍ਹਾਂ ਨੂੰ ਖੋਲ੍ਹਣ ਲਈ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ। ਸੋਸ਼ਲ ਮੀਡੀਆ ਕਾਰਾਂ ਦੇ ਤਾਲਾ ਖੋਲ੍ਹੇ ਜਾਣ ਦੀਆਂ ਵੀਡੀਓ ਨਾਲ ਭਰਿਆ ਹੋਇਆ ਹੈ। ਇਸਦੇ ਲਈ ਸਿਰਫ਼ ਇੱਕ ਸਕ੍ਰਿਊਡ੍ਰਾਈਵਰ, ਯੂਐਸਬੀ ਕਾਰਡ ਅਤੇ ਹਾਟ ਵਾਇਰਿੰਗ ਜਾਣਕਾਰੀ ਦੀ ਲੋੜ ਹੁੰਦੀ ਹੈ।ਪੁਲਿਸ ਦਾ ਕਹਿਣਾ ਹੈ, ਬਹੁਤ ਸਾਰੇ ਅਪਰਾਧੀ ਕਿਸ਼ੋਰ ਜਾਂ ਨੌਜਵਾਨ ਹਨ। ਉਹ ਇਨ੍ਹਾਂ ਦੀ ਵਰਤੋਂ ਪਿਕਨਿਕ, ਡਕੈਤੀਆਂ ਅਤੇ ਹੋਰ ਜੁਰਮਾਂ ਲਈ ਕਰਦੇ ਹਨ। ਮੈਮਫ਼ਿਸ ਵਿੱਚ ਕਾਰ ਚੋਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ 175 ਲੋਕਾਂ ਵਿੱਚੋਂ ਅੱਧੇ ਤੋਂ ਵੱਧ ਨਾਬਾਲਿਗ ਹਨ। ਉਹ ਅਕਸਰ ਕੁਝ ਸਮਾਂ ਘੁੰਮਣ ਤੋਂ ਬਾਅਦ ਵਾਹਨਾਂ ਨੂੰ ਸੜਕ ਕਿਨਾਰੇ ਛੱਡ ਦਿੰਦੇ ਹਨ।

ਕੰਪਨੀਆਂ ਨੇ ਅਮਰੀਕਾ ਭਰ ਦੇ ਪੁਲਿਸ ਵਿਭਾਗਾਂ ਨੂੰ ਇਸ ਦੇ ਨਾਲ ਸਟੀਅਰਿੰਗ ਵ੍ਹੀਲ ਲਾਕ ਭੇਜੇ ਹਨ। ਇਹ ਉਨ੍ਹਾਂ ਕਾਰ ਮਾਲਕਾਂ ਨੂੰ ਮੁਫਤ ਦਿੱਤੇ ਜਾਣਗੇ ਜਿਨ੍ਹਾਂ ਦੀਆਂ ਕਾਰਾਂ ਚੋਰੀ ਹੋ ਸਕਦੀਆਂ ਹਨ। ਯੂਟਿਊਬ ਅਤੇ ਟਿਕਟਾਕ ਦੇ ਪ੍ਰਤੀਨਿਧਾਂ ਨੇ ਕਿਹਾ ਕਿ ਉਨ੍ਹਾਂ ਨੇ ਕਿਆ ਚੈਲਿੰਜ ਨਾਮਕ ਕਈ ਵੀਡੀਓਜ਼ ਨੂੰ ਹਟਾ ਦਿੱਤਾ ਹੈ। ਯੂ ਟਿਊਬ ਨੇ ਕਿਹਾ ਕਿ ਉਹ ਕੁਝ ਵਿਦਿਅਕ, ਦਸਤਾਵੇਜ਼ੀ, ਵਿਗਿਆਨਕ ਜਾਂ ਕਲਾਤਮਕ ਵਿਡੀਓਜ਼ ਰਖੇਗਾ।

# ਅਮਰੀਕਾ ’ਚ 2021 ’ਚ ਵਧੇ ਨ਼ਫਰਤੀ ਅਪਰਾਧ ਦੇ ਮਾਮਲੇ

## ਐਫ਼.ਬੀ.ਆਈ. ਦੀ ਰਿਪੋਰਟ ਅਨੁਸਾਰ ਪੀੜ੍ਹਤਾਂ ’ਚੋਂ 64.5 ਫੀਸਦੀ ਨੂੰ ਨਸਲ ਕਾਰਨ ਬਣਾਇਆ ਨਿਸ਼ਾਨਾ

ਵਾਸ਼ਿੰਗਟਨ : ਅਮਰੀਕਾ ਵਿੱਚ 2021 ਵਿੱਚ ਨ਼ਫਰਤੀ ਅਪਰਾਧ ਦੇ ਮਾਮਲਿਆਂ ਵਿੱਚ ਇਕ ਵਾਰ ਫਿਰ ਵਾਧਾ ਦਰਜ ਕੀਤਾ ਗਿਆ। ਇਹ ਜਾਣਕਾਰੀ ਅਮਰੀਕਾ ਦੇ ਨਿਆਂ ਵਿਭਾਗ ਦੀ ਏਜੰਸੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫਬੀਆਈ) ਨੇ ਦਿੱਤੀ। ਫੈਡਰਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਅਜਿਹੇ ਮਾਮਲਿਆਂ ਵਿੱਚ 12 ਫੀਸਦੀ ਦਾ ਵਾਧਾ ਹੋਇਆ ਹੈ, ਜਦਕਿ ਪਿਛਲੀ ਅਧੂਰੀ ਰਿਪੋਰਟ ’ਚ ਕਿਹਾ ਗਿਆ ਸੀ ਕਿ ਮਾਮਲਿਆਂ ਵਿੱਚ ਕਮੀ ਆਈ ਹੈ। ਹਾਲਾਂਕਿ ਰਿਪੋਰਟ ਵਿੱਚ ਨਿਊਯਾਰਕ ਅਤੇ ਲਾਸ ਏਂਜਲਸ ਸਮੇਤ ਦੇਸ਼ ਦੇ ਕੁਝ ਵੱਡੇ ਸ਼ਹਿਰਾਂ ਦੇ ਅੰਕੜੇ ਨਹੀਂ ਹਨ।

ਕੈਲੀਫੋਰਨੀਆ ਸਟੇਟ ਯੂਨੀਵਰਸਿਟੀ-ਸਾਨ ਬਰਨਾਰਡੀਨੋ ਵਿਖੇ ਸੈਂਟਰ ਫਾਰ ਦ ਸਟੱਡੀ ਆਫ ਹੇਟ ਐਂਡ ਕ੍ਰਾਈਮ ਦੇ ਡਾਇਰੈਕਟਰ ਬ੍ਰਾਇਨ ਲੇਵਿਨ ਨੇ ਕਿਹਾ ਕਿ ਦਹਾਕਿਆਂ ਵਿੱਚ ਨ਼ਫਰਤ ਦੇ ਅਪਰਾਧ ਸਭ ਤੋਂ ਵੱਧ ਹਨ। ਉਹਨਾਂ ਨੇ ਕਿਹਾ ਕਿ “ਅਸੀਂ ਇੱਕ ਅਜਿਹੇ ਚਿੰਤਾਜਨਕ ਸਮੇਂ ਵਿੱਚ ਰਹਿ ਰਹੇ ਹਾਂ, ਜਿੱਥੇ ਨ਼ਫਰਤੀ ਅਪਰਾਧ ਵੱਧ ਰਹੇ ਹਨ”। ਐਫਬੀਆਈ ਦੀ ਰਿਪੋਰਟ ਅਨੁਸਾਰ ਪੀੜ੍ਹਤਾਂ ਵਿਚੋਂ ਜ਼ਿਆਦਾਤਰ 64.5 ਪ੍ਰਤੀਸ਼ਤ ਨੂੰ ਉਨ੍ਹਾਂ ਦੀ ਨਸਲ, ਜਾਤੀ ਜਾਂ ਵੰਸ਼ ਕਾਰਨ ਨਿਸ਼ਾਨਾ ਬਣਾਇਆ ਗਿਆ। ਹੋਰ 16 ਪ੍ਰਤੀਸ਼ਤ ਨੂੰ ਉਨ੍ਹਾਂ ਦੀ ਲਿੰਗੀ ਪਸੰਦ ਕਾਰਨ ਅਤੇ 14 ਪ੍ਰਤੀਸ਼ਤ ਨੂੰ ਧਾਰਮਿਕ ਪੱਖਪਾਤ ਕਾਰਨ ਨਿਸ਼ਾਨਾ ਬਣਾਇਆ ਗਿਆ। ਅਜਿਹੇ ਅਪਰਾਧ ਅਕਸਰ ਡਰਾਉਣ-ਧਮਕਾਉਣ ਅਤੇ ਹਮਲੇ ਦੁਆਰਾ ਕੀਤੇ ਜਾਂਦੇ ਹਨ। ਨਫਰਤ ਦੇ ਆਧਾਰ ’ਤੇ ਕਤਲ ਦੇ 18 ਮਾਮਲੇ ਸਾਹਮਣੇ ਆਏ। ਵੈਸਟਰਨ ਸਟੇਟਸ ਸੈਂਟਰ ਦੇ ਚੀਫ਼ ਆਫ਼ ਸਟਾਫ਼ ਜਿਲ ਗਾਰਵੇ ਨੇ ਦੱਸਿਆ ਕਿ ਧਾਰਮਿਕ ਮਾਮਲਿਆਂ ਵਿੱਚੋਂ ਅੱਧੇ ਵਿੱਚ ਯਹੂਦੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਐਫਬੀਆਈ ਦੀ ਰਿਪੋਰਟ ਵਿੱਚ ਅਜਿਹੇ ਮਾਮਲਿਆਂ ਦੇ ਰਿਕਾਰਡ ਨੂੰ ਸਹੀ ਢੰਗ ਨਾਲ ਰੱਖਣ ’ਤੇ ਜ਼ੋਰ ਦਿੱਤਾ ਗਿਆ। ਗਾਰਵੇ ਨੇ ਕਿਹਾ ਕਿ “ਸਾਡੇ ਕੋਲ ਅਜੇ ਵੀ ਇਸ ਸਮੱਸਿਆ ਦੀ ਜੜ੍ਹ ਤੱਕ ਜਾਣ ਲਈ ਲੋੜੀਂਦਾ ਡੇਟਾ ਨਹੀਂ ਹੈ। ” ਦਸੰਬਰ ਵਿੱਚ ਜਾਰੀ ਪਿਛਲੀ ਰਿਪੋਰਟ ਵਿੱਚ ਅਜਿਹੇ ਮਾਮਲਿਆਂ ਵਿੱਚ ਕਮੀ ਇਸ ਲਈ ਸੀ ਕਿਉਂਕਿ ਪੁਲਿਸ ਨੇ ਆਪਣੇ ਅੰਕੜੇ ਐਫਬੀਆਈ ਨੂੰ ਕਿਵੇਂ ਸੌਂਪਣੇ ਹਨ ਇਸ ਨੂੰ ਲੈ ਕੇ ਸਥਿਤੀ ਸਪੱਸ਼ਟ ਨਹੀਂ ਸੀ। ਵਧੇਰੇ ਸਪੱਸ਼ਟਤਾ ਲਈ, ਏਜੰਸੀ ਦੇ ਅਧਿਕਾਰੀਆਂ ਨੇ ਵੱਡੇ ਵਿਭਾਗਾਂ ਨੂੰ ਪਿਛਲੀ ਪ੍ਰਣਾਲੀ ਦੇ ਤਹਿਤ ਰਿਪੋਰਟ ਕਰਨ ਦੀ ਇਜਾਜ਼ਤ ਦਿੱਤੀ।

ਦਰਪਣ ਝੂਠ ਨਹੀਂ ਬੋਲਦਾ

# ਕੇਂਦਰ ਦੀ ਪੰਥ 'ਚ ਦਖਲ ਅੰਦਾਜ਼ੀ ਤੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਨਰਾਜ਼

## ਦੇਸ਼ ਆਜ਼ਾਦ ਹੋ ਗਿਆ ਪਰ ਸਿੱਖਾਂ ਨੂੰ ਨਹੀਂ ਮਿਲੀ ਆਜ਼ਾਦੀ : ਜਥੇ. ਗਿ. ਹਰਪ੍ਰੀਤ ਸਿੰਘ

ਹੁਣੇ ਜਿਹੇ ਹੋਲਾ ਮਹੱਲਾ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਲੋਂ ਕੇਂਦਰ ਸਰਕਾਰ ਵਿਰੋਧੀ ਦਿਤੇ ਬਿਆਨ ਨੇ ਦੁਨੀਆ ਵਿੱਚ ਵਸਦੇ ਸਿੱਖਾਂ ਨੂੰ ਹੈਰਾਨ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੋਲੇ ਮਹੱਲੇ ਮੌਕੇ ਕੌਮ ਦੇ ਨਾਂ ਦਿੱਤੇ ਸੰਦੇਸ਼ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਜਥੇਦਾਰ ਸਾਹਿਬ ਨੇ ਕਿਹਾ ਕਿ ਇਕ ਸਾਜਿਸ਼ ਤਹਿਤ ਐੱਸ.ਜੀ.ਪੀ.ਸੀ ਦੇ ਦੋ ਟੁਕੜੇ ਕੀਤੇ ਗਏ ਹਨ ਤੇ ਉਨ੍ਹਾਂ ਨੂੰ ਖਾਲਸੇ ਦੀ ਬਦਦੁਆ ਲੱਗੇਗੀ। ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ 'ਤੇ ਵਰ੍ਹਦਿਆਂ ਕਿਹਾ ਜਿਸ ਤਰ੍ਹਾਂ ਸ੍ਰੋਮਣੀ ਦੇ ਦੋ ਟੁਕੜੇ ਕੀਤੇ ਗਏ ਹਨ, ਉਸੇ ਤਰ੍ਹਾਂ ਅਕਾਲ ਪੁਰਖ ਪਾਰਲੀਮੈਂਟ ਦੇ ਵੀ ਕਈ ਟੁਕੜੇ ਕਰੇਗਾ।

ਉਨ੍ਹਾਂ ਕਿਹਾ ਕਿ ਹਰਿਆਣੇ ਦੇ ਗੁਰਦੁਆਰਿਆਂ 'ਤੇ ਸਿੱਖਾਂ ਦਾ ਨਹੀਂ ਸਗੋਂ ਸਰਕਾਰ ਦਾ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਆਜ਼ਾਦ ਹੋ ਗਿਆ ਪਰ ਸਿੱਖਾਂ ਨੂੰ ਆਜ਼ਾਦੀ ਨਹੀਂ ਮਿਲੀ। ਸਿੱਖਾਂ ਦੀ ਸਭ ਤੋਂ ਵੱਡੀ ਪਾਰਲੀਮੈਂਟ 'ਤੇ ਹਮਲਾ ਹੋਇਆ ਹੈ।

ਜਥੇਦਾਰ ਅਕਾਲ ਤਖਤ ਸਾਹਿਬ ਦੇ ਬਿਆਨ ਬਾਅਦ ਸਿੱਖ ਹਲਕਿਆਂ ਵਿੱਚ ਇਹ ਗਲ ਜਾ ਰਹੀ ਹੈ ਕਿ ਇਕ ਪਾਸੇ ਕੇਂਦਰ ਸਰਕਾਰ ਸਿੱਖਾਂ ਨੂੰ ਖ਼ੁਸ਼ ਕਰਨ ਦੀਆਂ ਕਈ ਕੋਸ਼ਿਸ਼ਾਂ ਕਰ ਰਹੀ ਹੈ ਦੂਜੇ ਪਾਸੇ ਉਹ ਸਿੱਖ ਸੰਸਥਾਵਾਂ ਉਪਰ ਸਰਕਾਰੀ ਸਿੱਖਾਂ ਰਾਹੀਂ ਕਬਜ਼ੇ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਭਾਜਪਾ ਸਿੱਧੇ-ਅਸਿੱਧੇ ਰੂਪ ਵਿੱਚ ਪਹਿਲਾਂ ਦਿੱਲੀ ਤੇ ਹੁਣ ਹਰਿਆਣਾ ਤੇ ਸਿੱਖਾਂ ਦੀਆਂ ਹੋਰ ਸੰਸਥਾਵਾਂ 'ਤੇ ਵੀ ਕਾਬਜ਼ ਹੋ ਚੁਕੀ ਹੈ। ਪੰਥਕ ਹਲਕੇ ਇਹ ਵੀ ਸਮਝਦੇ ਹਨ ਕਿ ਅਜਿਹੀ ਸਥਿਤੀ ਲਿਆਉਣ ਵਿੱਚ ਬਾਦਲ ਅਕਾਲੀ ਦਲ ਦੀ ਲੀਡਰਸ਼ਿਪ ਦੀਆਂ ਵੀ ਗ਼ਲਤੀਆਂ ਬਹੁਤ ਗੰਭੀਰ ਹਨ ਅਤੇ ਇਸ ਤੋਂ ਪਹਿਲਾਂ ਕਾਂਗਰਸ ਵੀ ਸਿੱਖ ਮਸਲਿਆਂ ਵਿੱਚ ਕਈ ਵਾਰ ਦਖਲ ਦਿੰਦੀ ਰਹੀ ਹੈ। ਪਰ ਕਾਂਗਰਸ ਵੇਲੇ ਸ੍ਰੋਮਣੀ ਅਕਾਲੀ ਦਲ ਤੇ ਸ੍ਰੋਮਣੀ ਕਮੇਟੀ ਕਦੇ ਕਮਜੋਰ ਨਹੀਂ ਹੋਏ ਜਿੰਨੇ ਮੋਦੀ ਰਾਜ ਦੌਰਾਨ ਹਨ। ਇਹੀ ਕਾਰਣ ਹੈ ਕਿ ਸਰਕਾਰ ਨੂੰ ਸਿੱਖ ਸੰਸਥਾਵਾਂ ਉਪਰ ਕਬਜ਼ਾ ਕਰਨ ਦਾ ਮੌਕਾ ਮਿਲ ਰਿਹਾ ਹੈ।



ਜਥੇਦਾਰ ਅਕਾਲ ਤਖਤ ਸਾਹਿਬ ਦੇ ਕੇਂਦਰ ਸਰਕਾਰ ਵਿਰੋਧੀ ਸੰਦੇਸ਼ ਨੂੰ ਦੇਖਦਿਆਂ ਮੋਦੀ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਸਿੱਖਾਂ ਦੇ ਅਜਿਹੇ ਕਿਹੜੇ ਮਸਲੇ ਹਨ, ਜਿਨ੍ਹਾਂ ਕਰਕੇ ਸਿੱਖ ਏਨਾ ਬੇਗਾਨਾਪਨ ਮਹਿਸੂਸ ਕਰਨ ਲੱਗੇ ਹਨ ਕਿ ਉਨ੍ਹਾਂ ਦੇ ਸਭ ਤੋਂ ਵੱਡੇ ਅਹੁਦੇ 'ਤੇ ਬਿਰਾਜਮਾਨ ਵਿਅਕਤੀ ਨੂੰ ਅਜਿਹੇ ਲਫ਼ਜ਼ ਵਰਤਣੇ ਪਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਦੇਸ਼ ਦੀ ਸਭ ਤੋਂ ਵੱਡੀ ਘੱਟ-ਗਿਣਤੀ ਮੁਸਲਿਮ ਵਸੋਂ ਨੂੰ ਰਾਜਨੀਤਕ ਤੌਰ 'ਤੇ ਪਿੱਛੇ ਧੱਕਣ ਵਿੱਚ ਸਫਲ ਰਹੀ ਹੈ ਤੇ ਉਨ੍ਹਾਂ ਦੀ ਲੀਡਰਸ਼ਿਪ ਸਥਿਤੀ ਦਾ ਮੁਕਾਬਲਾ ਕਰਨ ਵਿਚ ਅਸਫਲ ਸਾਬਤ ਹੋਈ ਹੈ। ਸਿੱਖਾਂ ਵਿੱਚ ਵੀ ਲੀਡਰਸ਼ਿਪ ਦਾ ਖਲਾਅ ਹੈ। ਪਰ ਇਸ ਦੇ ਬਾਵਜੂਦ ਸਿੱਖ ਮੁਸਲਮਾਨਾਂ ਵਾਂਗ ਕਮਜ਼ੋਰ ਨਹੀਂ ਹਨ। ਸਿੱਖ ਭਾਵੇਂ ਗਿਣਤੀ ਵਿੱਚ ਇਕ ਬਹੁਤ ਛੋਟੀ ਧਾਰਮਿਕ ਘੱਟ ਗਿਣਤੀ ਹੈ ਪਰ ਇਸ ਦੀ ਆਪਣੇ ਧਰਮ ਪ੍ਰਤੀ ਪ੍ਰਤੀਬੱਧਤਾ ਤੇ ਕੁਰਬਾਨੀ ਕਰਨ ਦੀ ਸਮਰੱਥਾ ਵਾਰ-ਵਾਰ ਪਰਖੀ ਜਾ ਚੁੱਕੀ ਹੈ। ਕਿਸਾਨ ਮੋਰਚੇ ਦੀ ਜਿੱਤ ਦਾ ਕਾਰਣ ਪੰਥਕ ਨੈਟਵਰਕ ਤੇ ਜ਼ਜਬਾ ਬਣਿਆ ਸੀ। ਗੈਰ ਸਿਖ ਲੇਖਕਾਂ ਤੇ ਪੱਤਰਕਾਰਾਂ ਨੇ ਇਸ ਬਾਰੇ ਮੀਡੀਆ ਵਿੱਚ ਵਰਣਨ ਵੀ ਕੀਤਾ ਹੈ।ਸਿਖਾਂ ਨੂੰ ਇਸ ਗੱਲ 'ਤੇ ਵੀ ਗੰਭੀਰ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ ਕਿ ਅੱਜ ਜਦੋਂ ਦੁਨੀਆ ਇਕ ਸੰਸਾਰਿਕ ਇਕਾਈ (ਗਲੋਬਲ ਪਿੰਡ) ਬਣਦੀ ਜਾ ਰਹੀ ਹੈ ਤਾਂ ਸਿੱਖ ਵੀ ਹੁਣ ਇਕ ਸੰਸਾਰਿਕ ਧਰਮ ਹੈ। ਇਕ ਅੰਦਾਜ਼ੇ ਅਨੁਸਾਰ ਸਿੱਖ ਇਸ ਵੇਲੇ ਦੁਨੀਆ ਦੇ ਲਗਭਗ 200 ਦੇਸ਼ਾਂ ਵਿੱਚ ਵਸਦੇ ਹਨ। 30 ਤੋਂ ਵਧੇਰੇ ਦੇਸ਼ ਤਾਂ ਅਜਿਹੇ ਹਨ ਜਿਥੇ ਸਿੱਖਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ। ਜਦੋਂ ਕਿ 7 ਅਜਿਹੇ ਦੇਸ਼ ਹਨ ਜਿਥੇ ਰਹਿਣ ਵਾਲੇ ਸਿੱਖ ਲੱਖਾਂ ਦੀ ਗਿਣਤੀ ਵਿਚ ਵਸਦੇ ਹਨ। ਇਸ ਸੰਦਰਭ ਵਿੱਚ ਸਿੱਖ ਪੰਥ ਨੂੰ ਦਲੀਲ ਨਾਲ ਆਵਾਜ਼ ਕੇਂਦਰ ਸਰਕਾਰ ਕੋਲ ਪਹੁੰਚਾਉਣੀ ਚਾਹੀਦੀ ਹੈ।ਆਪਣਾ ਰਾਜਨੀਤਕ ਦਬਾਅ ਮੋਦੀ ਸਰਕਾਰ ਉਪਰ ਬਨਾਉਣਾ ਚਾਹੀਦਾ ਹੈ।ਇਸ ਦਰਮਿਆਨ ਕੁਝ ਅਜਿਹੀਆਂ ਸਰਗੋਸ਼ੀਆਂ ਵੀ ਸੁਣਾਈ ਦੇ ਰਹੀਆਂ ਹਨ ਕਿ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੂਰਨ-ਕਾਲਿਕ ਜਥੇਦਾਰ ਲਾਉਣ ਲਈ ਗੰਭੀਰ ਵਿਚਾਰ-ਵਟਾਂਦਰਾ ਕਰ ਰਹੇ ਹਨ। ਜਦੋਂ ਕਿ ਇਕ ਚਰਚਾ ਇਹ ਵੀ ਸੁਣਾਈ ਦਿੱਤੀ ਹੈ ਕਿ ਮੌਜੂਦਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਇਨ੍ਹਾਂ ਨੂੰ ਕੋਈ ਅਜਿਹੀ ਚਿਤਾਵਨੀ ਦੇ ਚੁੱਕੇ ਹਨ ਕਿ ਜਾਂ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੂਰਨਕਾਲਿਕ ਜਥੇਦਾਰ ਨਿਯੁਕਤ ਕੀਤਾ ਜਾਵੇ, ਨਹੀਂ ਤਾਂ ਉਹ 31 ਮਾਰਚ ਤੋਂ ਬਾਅਦ ਇਸ ਤਰ੍ਹਾਂ ਕਾਰਜਕਾਰੀ ਜਥੇਦਾਰ ਵਜੋਂ ਕੰਮ ਕਰਨ ਤੋਂ ਅਸਮਰੱਥ ਹੋਣਗੇ। ਹੁਣ ਕੁਝ ਲੋਕ ਜਥੇਦਾਰ ਸਾਹਿਬ ਦੇ ਬਿਆਨ ਦੇ ਅਰਥ ਨੂੰ ਇਨ੍ਹਾਂ ਚਰਚਿਆਂ ਦੀ ਰੋਸ਼ਨੀ ਵਿੱਚ ਵੀ ਵੇਖ ਰਹੇ ਹਨ। ਜਦੋਂਕਿ ਜਥੇਦਾਰ ਸਾਹਿਬ ਵਲੋਂ ਏਨੇ ਸਾਲਾਂ ਬਾਅਦ ਅਕਾਲੀ ਦਲ ਨੂੰ ਸਰਮਾਏਦਾਰਾਂ ਦੀ ਪਾਰਟੀ ਬਣ ਜਾਣ ਦੀ ਗੱਲ ਕਹਿਣਾ ਵੀ ਇਸੇ ਸੰਦਰਭ ਵਿੱਚ ਦੇਖਿਆ ਜਾ ਰਿਹਾ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜਥੇਦਾਰ ਨੂੰ ਇਸ ਸੰਬੰਧ ਵਿੱਚ ਵਿਸ਼ਵ ਕਾਨਫਰੰਸ ਸੱਦਣੀ ਚਾਹੀਦੀ ਹੈ ਤਾਂ ਜੋ ਪੰਥਕ ਮਸਲਿਆਂ ਦਾ ਹੱਲ ਲਭਿਆ ਜਾ ਸਕੇ। ਵੈਸੇ ਵੀ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਰੁਤਬਾ ਬਿਆਨਬਾਜ਼ੀ ਕਰਨ ਵਾਲਾ ਨਹੀਂ ਹੈ ,ਪੰਥ ਦੀ ਅਗਵਾਈ ਕਰਨ ਵਾਲਾ ਹੈ। ਜਥੇਦਾਰ ਅਕਾਲ ਤਖਤ ਨੂੰ ਪੰਥ ਦੀ ਅਜਿਹੀ ਜਿੰਮੇਵਾਰੀ ਸੰਭਾਲਣੀ ਚਾਹੀਦੀ ਹੈ।

## ਭਾਰਤ ਵਿੱਚ ਵਿਸ਼ਵ ਪੱਧਰ ਉਪਰ ਸਭ ਤੋਂ ਜ਼ਿਆਦਾ ਇੰਟਰਨੈੱਟ ਪਾਬੰਦੀ ਲਗੀ

### ਇੰਟਰਨੈਟ ਐਡਵੋਕੇਸੀ ਵਾਚਡੌਗ ਐਕਸੈਸ ਨਾਓ ਅਨੁਸਾਰ ਲਗਾਤਾਰ ਪੰਜਵਾਂ ਸਾਲ ਹੈ ਜਦੋਂ ਭਾਰਤ ਇਸ ਸੂਚੀ ਵਿੱਚ ਸਿਖ਼ਰ 'ਤੇ ਰਿਹਾ

ਇੰਟਰਨੈਬਟ ਪਾਬੰਦੀਆਂ ਦੇ ਮਾਮਲੇ ਵਿੱਚ ਭਾਰਤ ਲਗਾਤਾਰ ਸਿਖਰ 'ਤੇ ਕਿਉਂ ਹੈ ? ਕੀ ਇਹ ਵਧਦੀ ਸਿਆਸੀ ਰਾਜਨੀਤਕ ਅਸਥਿਰਤਾ ਅਤੇ ਹਿੰਸਾ ਦੇ ਵਧਣ ਸੰਕੇਤ ਨਹੀਂ ਹੈ ? ਇੰਟਰਨੈਟ ਐਡਵੋਕੇਸੀ ਵਾਚਡੌਗ ਐਕਸੈਸ ਨਾਓ ਨੇ ਕਿਹਾ ਹੈ ਕਿ ਭਾਰਤ ਵਿੱਚ 2022 ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਇੰਟਰਨੈਟ ਪਾਬੰਦੀ ਲਗਾਈ ਹੈ। ਇਹ ਲਗਾਤਾਰ ਪੰਜਵਾਂ ਸਾਲ ਹੈ ਜਦੋਂ ਭਾਰਤ ਇਸ ਸੂਚੀ ਵਿੱਚ ਸਿਖਰ 'ਤੇ ਰਿਹਾ ਹੈ। ਇਹ ਇਕ ਅਜਿਹਾ ਰਿਕਾਰਡ ਹੈ ਜਿਸ 'ਤੇ ਕੋਈ ਵੀ ਦੇਸ਼ ਮਾਣ ਨਹੀਂ ਕਰ ਸਕਦਾ।ਇੰਟਰਨੈਬਟ ਬੰਦ ਦਾ ਮਤਲਬ ਹੈ ਕਿ ਕਿਸੇ ਵੀ ਕਾਰਨ ਕਰਕੇ ਕਿਸੇ ਵੀ ਹਿੱਸੇ ਵਿੱਚ ਇੰਟਰਨੈਬਟ ਬੰਦ ਕਰ ਦਿਤਾ ਜਾਵੇ। ਇਸ ਨੂੰ ਆਮ ਤੌਰ 'ਤੇ ਸਰਕਾਰਾਂ ਦੁਆਰਾ ਹਿੰਸਾ ਦੇ ਫੈਲਣ ਨੂੰ ਰੋਕਣ ਲਈ, ਵਿਰੋਧ ਪ੍ਰਦਰਸ਼ਨਾਂ ਨੂੰ ਵਧਣ ਤੋਂ ਰੋਕਣ ਲਈ ਇੱਕ ਉਪਾਅ ਵਜੋਂ ਅਪਣਾਇਆ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਇੰਟਰਨੈਬਟ 'ਤੇ ਵੱਧ ਤੋਂ ਵੱਧ ਪਾਬੰਦੀ ਦਾ ਮਤਲਬ ਇਹ ਹੈ ਕਿ ਸਰਕਾਰ ਨੂੰ ਇੱਥੋਂ ਦੇ ਲੋਕਾਂ ਨੂੰ ਕਾਬੂ ਕਰਨ ਲਈ ਅਜਿਹੇ ਸਖ਼ਤ ਕਦਮ ਚੁੱਕਣੇ ਪੈ ਰਹੇ ਹਨ ?

ਇਸ ਦੇ ਬਾਵਜੂਦ, ਨਿਊਯਾਰਕ ਸਥਿਤ ਡਿਜੀਟਲ ਰਾਈਟਸ ਐਡਵੋਕੇਸੀ ਗਰੁੱਪ ਨੇ ਬੀਤੇ ਦਿਨੀਂ ਪ੍ਰਕਾਸ਼ਿਤ ਇੱਕ ਰਿਪੋਰਟ ਐਕਸੈਸ ਨਾਓ ਵਿੱਚ ਕਿਹਾ ਸੀ ਕਿ ਵਿਸ਼ਵ ਪੱਧਰ 'ਤੇ ਦਰਜ ਕੀਤੇ ਗਏ ਇੰਟਰਨੈਬਟ ਬੰਦ ਕਰਨ ਦੀਆਂ187 ਘਟਨਾਵਾਂ ਵਿੱਚੋਂ, 84 ਵਾਰ ਭਾਰਤ ਵਿੱਚ ਸਰਕਾਰ ਵੱਲੋਂ ਇੰਟਰਨੈਬਟ ਉਪਰ ਪਾਬੰਦੀ ਲਗਾਈ ਗਈ ਸੀ। ਇਨ੍ਹਾਂ ਵਿੱਚੋਂ 49 ਵਾਰ ਜੰਮੂ-ਕਸ਼ਮੀਰ ਵਿੱਚ ਵੀ ਇੰਟਰਨੈਬਟ ਬੰਦ ਕੀਤਾ ਗਿਆ ਸੀ।

ਰਾਇਟਰਜ਼ ਨੇ ਵਾਚਡਾਗ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਅਧਿਕਾਰੀਆਂ ਨੇ ਸਿਆਸੀ ਅਸਥਿਰਤਾ ਅਤੇ ਹਿੰਸਾ ਦੇ ਕਾਰਨ ਕਸ਼ਮੀਰ ਵਿੱਚ ਘੱਟੋ-ਘੱਟ 49 ਵਾਰ ਇੰਟਰਨੈਟ ਬੰਦ ਕੀਤਾ ਗਿਆ ਸੀ।ਇਨ੍ਹਾਂ ਵਿੱਚ ਜਨਵਰੀ ਅਤੇ ਫਰਵਰੀ 2022 ਵਿੱਚ ਤਿੰਨ ਦਿਨਾਂ ਦੌਰਾਨ 16 ਵਾਰ ਇੰਟਰਨੈਬਟ ਬੰਦ ਕਰਨ ਦੇ ਸਰਕਾਰੀ ਹੁਕਮ ਦਿਤੇ ਗਏ।

ਜੰਮੂ-ਕਸ਼ਮੀਰ ਵਿੱਚ ਪਿਛਲੇ ਚਾਰ ਸਾਲਾਂ ਦੇ ਮੁਕਾਬਲੇ ਇੰਟਰਨੈਬਟ ਪਾਬੰਦੀ ਲਗਾਉਣ ਦੇ ਮਾਮਲੇ ਵੱਧ ਗਏ ਹਨ। ਅਗਸਤ 2019 ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਜੰਮੂ ਅਤੇ ਕਸ਼ਮੀਰ ਦੀ ਖੁਦਮੁਖਤਿਆਰੀ ਨੂੰ ਖਤਮ ਕਰ ਦਿੱਤਾ, ਇਸਨੂੰ ਦੋ ਕੇਂਦਰੀ ਸ਼ਾਸਿਤ ਖੇਤਰਾਂ ਵਿੱਚ ਵੰਡ ਦਿੱਤਾ ਸੀ।

ਧਾਰਾ 370 ਹਟਾਏ ਜਾਣ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਸਭ ਤੋਂ ਲੰਬੇ ਸਮੇਂ ਲਈ ਇੰਟਰਨੈਬਟ 'ਤੇ ਪਾਬੰਦੀ ਰਹੀ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਸਰਕਾਰ ਨੇ ਸੁਰੱਖਿਆ ਦੇ ਆਧਾਰ 'ਤੇ ਇਸ ਖੇਤਰ ਵਿਚ ਅਜਿਹੀਆਂ ਪਾਬੰਦੀਆਂ ਲਗਾਈਆਂ ਸਨ।

ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ, ਇੰਟਰਨੈਟ 'ਤੇ ਪਾਬੰਦੀ ਲੱਗਣ ਦੇ ਅਕਸਰ ਮਾਮਲੇ ਸਾਹਮਣੇ ਆਉਂਦੇ ਰਹੇ ਹਨ। ਉਦਾਹਰਣ ਵਜੋਂ, ਹਾਲ ਹੀ ਵਿੱਚ ਮੇਵਾਤ ਵਿੱਚ

(ਬਾਕੀ ਸਫ਼ਾ 30 'ਤੇ)

## ਕਿਸ ਨੇ ਫੈਲਾਈ ਤਾਮਿਲਨਾਡੂ ਵਿੱਚ ਬਿਹਾਰੀ ਮਜ਼ਦੂਰਾਂ ਵਿਰੁੱਧ ਹਿੰਸਾ

### ਝੂਠੀਆਂ ਖਬਰਾਂ ਗੋਦੀ ਮੀਡੀਆ ਤੇ ਭਾਜਪਾ ਨੇ ਫੈਲਾਈਆਂ

### ਮਹਾਂਗੱਠਜੋੜ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਤਾਰਪੀਡੋ ਕਰਨਾ ਭਾਜਪਾ ਦਾ ਮਨੋਰਥ

ਪਿਛਲੇ ਦਿਨੀਂ ਤਾਮਿਲਨਾਡੂ ਵਿੱਚ ਜਿਸ ਤਰ੍ਹਾਂ ਦੀ ਅਫਰਾ-ਤਫਰੀ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ, ਉਸ ਤੋਂ ਤਾਂ ਇਹੋ ਜਾਪਦਾ ਹੈ ।ਤਾਮਿਲਨਾਡੂ ਵਿੱਚ ਬਿਹਾਰ ਦੇ ਮਜ਼ਦੂਰਾਂ ਵਿਰੁੱਧ ਭਾਰੀ ਹਿੰਸਾ ਦੀਆਂ ਖ਼ਬਰਾਂ ਇੱਕ ਮਾਰਚ ਨੂੰ ਫੈਲਣੀਆਂ ਸ਼ੁਰੂ ਹੋਈਆਂ ਸਨ । ਬਿਹਾਰ ਦੀਆਂ ਅਖ਼ਬਾਰਾਂ ਨੇ ਇੱਕ ਫ਼ਰਜ਼ੀ ਵੀਡੀਓ ਨੂੰ ਅਧਾਰ ਬਣਾ ਕੇ ਲੋਕਾਂ ਵਿੱਚ ਇਹ ਝੂਠੀ ਖ਼ਬਰ ਪਰੋਸੀ ।ਇਹ ਝੂਠੀ ਖ਼ਬਰ ਫੈਲਾਉਣ ਵਾਲਿਆਂ ਵਿੱਚ ਭਾਜਪਾ ਦੀ ਹਮਾਇਤੀ 'ਆਪ ਇੰਡੀਆ' ਵੈਬਸਾਈਟ ਸਭ ਤੋਂ ਮੂਹਰੇ ਸੀ ।ਉਸ ਨੇ ਕਿਹਾ ਕਿ ਤਾਮਿਲਨਾਡੂ ਵਿੱਚ ਹਿੰਦੀ ਬੋਲਣ ਵਾਲੇ ਪ੍ਰਵਾਸੀ ਮਜ਼ਦੂਰਾਂ ਉਬਤੇ ਤਾਲਿਬਾਨੀ ਤਰੀਕੇ ਦੇ ਹਮਲੇ ਕੀਤੇ ਜਾ ਰਹੇ ਹਨ ।'ਦੈਨਿਕ ਭਾਸਕਰ' ਨੇ ਖ਼ਬਰ ਛਾਪੀ ਕਿ 15 ਬਿਹਾਰੀ ਮਜ਼ਦੂਰਾਂ ਨੂੰ ਜਾਨ ਤੋਂ ਮਾਰ ਦੇਣ ਦੀਆਂ ਧਮਕੀਆਂ ਮਿਲੀਆਂ ਹਨ । ਉਸ ਨੇ ਇਹ ਵੀ ਦਾਅਵਾ ਕੀਤਾ ਕਿ ਹਿੰਦੀ ਬੋਲਣ ਵਾਲੇ ਬਿਹਾਰੀਆਂ ਉਬਤੇ ਤਾਲਿਬਾਨ ਵਰਗੇ ਹਮਲੇ ਹੋ ਰਹੇ ਹਨ ।

ਤਾਮਿਲਨਾਡੂ ਵਿੱਚ ਟੈਕਸਟਾਈਲ ਸਨਅਤ ਨਾਲ ਜੁੜੇ ਕਾਰਖਾਨਿਆਂ ਵਿੱਚ ਲੱਗਭੱਗ 12 ਲੱਖ ਪ੍ਰਵਾਸੀ ਮਜ਼ਦੂਰ ਕੰਮ ਕਰਦੇ ਹਨ । ਇਨ੍ਹਾਂ ਅਫ਼ਵਾਹਾਂ ਤੋਂ ਬਾਅਦ ਬਿਹਾਰੀ ਮਜ਼ਦੂਰਾਂ ਨੇ ਵਾਪਸ ਜਾਣਾ ਸ਼ੁਰੂ ਕਰ ਦਿੱਤਾ । ਇਨ੍ਹਾਂ ਅਫ਼ਵਾਹਾਂ ਪਿੱਛੇ ਅਸਲ ਮਕਸਦ 1 ਮਾਰਚ ਨੂੰ ਮੁੱਖ ਮੰਤਰੀ ਸਟਾਲਿਨ ਦੇ ਜਨਮ ਦਿਨ ਉਬਤੇ ਜੁੜੇ ਵੱਖ-ਵੱਖ



ਪਾਰਟੀਆਂ ਦੇ ਆਗੂਆਂ ਵੱਲੋਂ ਭਾਜਪਾ ਵਿਰੁੱਧ ਮਹਾਂਗੱਠਜੋੜ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਤਾਰਪੀਡੋ ਕਰਨਾ ਸੀ । ਇਸ ਮੌਕੇ ਬਿਹਾਰ ਵਿੱਚ ਵਿਧਾਨ ਸਭਾ ਦਾ ਬਜਟ ਅਜਲਾਸ ਚੱਲ ਰਿਹਾ ਸੀ ।ਤਾਮਿਲਨਾਡੂ ਵਿੱਚ ਬਿਹਾਰੀ ਮਜ਼ਦੂਰਾਂ ਵਿਰੁੱਧ ਹਿੰਸਾ ਦੀਆਂ ਖ਼ਬਰਾਂ ਛਪ ਜਾਣ ਤੋਂ ਬਾਅਦ ਭਾਜਪਾ ਵਾਲੇ ਤੇਜਸਵੀ ਯਾਦਵ ਉਬਤੇ ਹਮਲਾਵਰ ਹੋ ਗਏ, ਕਿਉਂਕਿ ਉਹ ਸਟਾਲਿਨ ਦੀ ਜਨਮ ਦਿਨ ਪਾਰਟੀ ਵਿੱਚ ਸ਼ਾਮਲ ਹੋਏ ਸਨ ।ਭਾਜਪਾ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਵਿਜੇ ਕੁਮਾਰ ਸਿਨਹਾ ਨੇ ਨਿਤੀਸ਼ ਕੁਮਾਰ ਨੂੰ ਵੀ ਘੇਰਨ ਦੀ ਕੋਸ਼ਿਸ਼ ਕੀਤੀ।

ਤਾਮਿਲਨਾਡੂ ਸਰਕਾਰ ਜਦੋਂ ਅਫ਼ਵਾਹਾਂ ਫੈਲਾਉਣ ਵਾਲਿਆਂ ਪ੍ਰਤੀ ਸਖ਼ਤ ਹੋਈ ਤਾਂ ਅਖ਼ਬਾਰਾਂ ਵੀ ਨਰਮ ਪੈ ਗਈਆਂ ।ਤਾਮਿਲਨਾਡੂ ਦੇ ਡੀ ਜੀ ਪੀ ਨੇ ਜਾਂਚ ਤੋਂ ਬਾਅਦ ਕਿਹਾ ਕਿ ਜਿਹੜਾ ਵੀਡੀਓ ਵਾਇਰਲ ਕਰਕੇ ਕਿਹਾ ਜਾ ਰਿਹਾ ਹੈ ਕਿ ਇਹ ਹਿੰਦੀ ਬੋਲਣ ਵਾਲਿਆਂ ਵਿਰੁੱਧ ਹਿੰਸਾ ਦਾ ਹੈ, ਉਹ ਪੁਰਾਣਾ ਹੈ ਤੇ ਅਫ਼ਵਾਹ ਕੋਰਾ ਝੂਠ ਹੈ ।ਤਾਮਿਲਨਾਡੂ ਸਰਕਾਰ ਵੱਲੋਂ ਹਿੰਦੀ, ਅੰਗਰੇਜ਼ੀ ਤੇ ਤਾਮਿਲ ਵਿੱਚ ਸਪੱਸ਼ਟੀਕਰਨ ਦਿੱਤਾ ਗਿਆ, ਜਿਸ ਨਾਲ ਸ਼ਾਂਤੀ ਦਾ ਮਾਹੌਲ ਬਣਨਾ ਸ਼ੁਰੂ ਹੋਇਆ । ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਵੀ ਤੁਰੰਤ ਬਿਹਾਰ ਦੇ ਅਫ਼ਸਰਾਂ ਦੀ ਇੱਕ ਟੀਮ ਸਥਿਤੀ ਦਾ ਜਾਇਜ਼ਾ ਲੈਣ ਲਈ ਚੇਨਈ ਭੇਜੀ ਗਈ, ਜਿਸ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਸੰਗਠਿਤ ਜਾਂ ਵਿਆਪਕ ਹਿੰਸਾ ਦੀਆਂ ਖ਼ਬਰਾਂ ਬਿਲਕੁਲ ਝੂਠੀਆਂ ਹਨ ।

ਸਾਰੀ ਸਚਾਈ ਸਾਹਮਣੇ ਆਉਣ ਤੋਂ ਬਾਅਦ ਭਾਜਪਾ ਨੂੰ ਵੀ ਪਿਛਲਖੁਰੀ ਮੁੜਨਾ ਪਿਆ ਹੈ ।ਤਾਮਿਲਨਾਡੂ ਭਾਜਪਾ ਪ੍ਰਧਾਨ ਅੰਨਾਮਲਾਈ ਨੇ ਬਿਆਨ ਦੇ ਕੇ ਕਿਹਾ ਕਿ ਬਿਹਾਰੀ

(ਬਾਕੀ ਸਫ਼ਾ 30 'ਤੇ)

# ਅੰਮ੍ਰਿਤਪਾਲ ਦੀ ਨਸ਼ਾ ਛੁਡਾਊ ਮੁਹਿੰਮ

## ਨਸ਼ੇੜੀਆਂ ਲਈ ਮੁਫ਼ਤ ਖਾਣਾ ਤੇ ਦਵਾਈ, ਪਿੰਡ ਵਾਸੀ ਕਰ ਰਹੇ ਹਨ ਸੇਵਾ





ਅੰਮ੍ਰਿਤਸਰ/ਏ.ਟੀ.ਨਿਊਜ਼ :- ਅੰਮ੍ਰਿਤਸਰ ਜ਼ਿਲ੍ਹੇ ਦਾ ਪਿੰਡ ਜੱਲੂਪੁਰ ਖੇੜਾ ਪੰਜਾਬ ਦੇ ਕਿਸੇ ਹੋਰ ਆਮ ਪਿੰਡ ਵਰਗਾ ਲੱਗਦਾ ਹੈ। ਖੇਤਾਂ ਨਾਲ ਘਿਰੀ ਵਸੋਂ, 2200 ਦੇ ਆਸ-ਪਾਸ ਆਬਾਦੀ ਪਰ ਜਿਵੇਂ ਹੀ ਤੁਸੀਂ ਪਿੰਡ ਵਿੱਚ ਦਾਖਲ ਹੁੰਦੇ ਹੋ, ਗੁਰਦੁਆਰਾ ਸਾਹਿਬ ਦੇ ਸਾਹਮਣੇ ਲੱਗੀ ਤਸਵੀਰ ਤੁਹਾਨੂੰ ਇਸ ਦੇ ਵੱਖਰੇ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਸਾਹਮਣੇ ਇਕ ਵੱਡਾ ਪੋਸਟਰ ਹੈ, ਉਸ ’ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਦੀਪ ਸਿੱਧੂ, ‘ਵਾਰਿਸ ਪੰਜਾਬ ਦੇ’ ਦੇ ਬਾਨੀ ਅਤੇ ਇਸ ਦੇ ਹੇਠਾਂ ਸੰਸਥਾ ਦੇ ਮੌਜੂਦਾ ਮੁਖੀ ਅੰਮ੍ਰਿਤਪਾਲ ਸਿੰਘ ਦੀ ਵੱਡੀ ਫੋਟੋ ਹੈ। ਪੋਸਟਰ ’ਤੇ ਸਭ ਕੁਝ ਗੁਰਮੁਖੀ ’ਚ ਲਿਖਿਆ ਹੋਇਆ ਹੈ।

ਜੱਲੂਪੁਰ ਖੇੜਾ ਅੰਮ੍ਰਿਤਪਾਲ ਸਿੰਘ ਜਾਂ ਪਿੰਡ ਦੇ ਲੋਕਾਂ ਦੀ ਭਾਸ਼ਾ ਵਿੱਚ ਇਹ ‘ਸਿੰਘ ਸਾਬ’ ਦਾ ਪਿੰਡ ਹੈ। ਪੁੱਛਣ ’ਤੇ ਲੋਕ ਦੱਸਦੇ ਹਨ ਕਿ ਪੋਸਟਰ ’ਤੇ ਨਸ਼ਾ ਛੁਡਾਉਣ ਦੀ ਮੁਹਿੰਮ ਬਾਰੇ ਲਿਖਿਆ ਹੈ। ਅੰਮ੍ਰਿਤਪਾਲ ਨੇ ਪਿੰਡ ਦੇ ਗੁਰਦੁਆਰੇ ਵਿੱਚ ਇੱਕ ਸੈਂਟਰ ਬਣਾਇਆ ਹੋਇਆ ਹੈ, ਜਿੱਥੇ ਉਹ ਨੌਜਵਾਨਾਂ ਨੂੰ ਨਸ਼ੇ ਤੋਂ ਛੁਟਕਾਰਾ ਦਿਵਾਉਣ ਵਿੱਚ ਮਦਦ ਕਰਦਾ ਹੈ। ਪੋਸਟਰ ’ਤੇ ਭਿੰਡਰਾਂਵਾਲੇ ਦੀ ਫੋਟੋ ਲੱਗੀ ਹੋਈ ਹੈ ਕਿਉਂਕਿ ਅੰਮ੍ਰਿਤਪਾਲ ਉਸ ਨੂੰ ਆਪਣਾ ਆਈਡਲ ਦੱਸਦਾ ਹੈ।

ਅਜਿਹਾ ਨਹੀਂ ਹੈ ਕਿ ਪੰਜਾਬ ਖਾਲਿਸਤਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਰਗੇ ਸ਼ਬਦਾਂ ਨੂੰ ਭੁੱਲ ਗਿਆ ਸੀ। 29 ਸਤੰਬਰ 2022 ਨੂੰ ਦੁਬਈ ਰਿਟਰਨ ਅੰਮ੍ਰਿਤਪਾਲ ਸਿੰਘ ਨਾਂ ਦਾ ਨੌਜਵਾਨ ‘ਵਾਰਿਸ ਪੰਜਾਬ ਦੇ’ ਨਾਂ ਦੀ ਸੰਸਥਾ ਦਾ ਮੁਖੀ ਬਣਿਆ ਤਾਂ ਇਹ ਸ਼ਬਦ ਮੁੜ ਪੰਜਾਬ ਦੀ ਸਿਆਸਤ ’ਤੇ ਹਾਵੀ ਹੋਣ ਲੱਗਾ। ਅੰਮ੍ਰਿਤਪਾਲ ਸਿੰਘ ਦੀ ‘ਦਸਤਾਰ ਬੰਦੀ’ ਸਮਾਗਮ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਵਿੱਚ ਹੋਇਆ। ਇਹ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜੱਦੀ ਪਿੰਡ ਹੈ।

ਅੰਮ੍ਰਿਤਪਾਲ ਭਾਵੇਂ ਇਹ ਕਹਿੰਦਾ ਰਿਹਾ ਹੋਵੇ ਕਿ ਉਹ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਲੜਾਈ ਲੜ ਰਿਹਾ ਹੈ, ਪਰ ਇਹ ਸਾਰੇ ਹਾਵ-ਭਾਵ, ਉਸ ਦਾ ਪਹਿਰਾਵਾ ਅਤੇ ਉਸ ਦੇ ਬਿਆਨ ਕੁਝ ਵੱਖਰੀ ਕਹਾਣੀ ਬਿਆਨ ਕਰਦੇ ਹਨ।

ਅੰਮ੍ਰਿਤਪਾਲ ਦਾ ਮੰਨਣਾ ਹੈ ਕਿ ਉਸ ਦੀ ਖਾਲਿਸਤਾਨ ਦੀ ਮੰਗ ਜਾਇਜ਼ ਹੈ ਕਿਉਂਕਿ ਸਿੱਖ ਭਾਰਤ ਵਿੱਚ ਆਜ਼ਾਦ ਨਹੀਂ ਹਨ। ਉਹ ਮੋੜਵਾਂ ਸਵਾਲ ਕਰਦੇ ਹਨ ਕਿ ਜੇਕਰ ਹਿੰਦੂ ਰਾਸ਼ਟਰ ਦੀ ਗੱਲ ਹੋ ਸਕਦੀ ਹੈ ਤਾਂ ਖਾਲਿਸਤਾਨ ਦੀ ਕਿਉਂ ਨਹੀਂ।

ਪਿੰਡ ਦੇ ਸਭ ਤੋਂ ਵੱਡੇ ਗੁਰਦੁਆਰੇ ਪਹੁੰਚ ਗਿਆ। ਇਥੇ ਅੰਮ੍ਰਿਤਪਾਲ ਅਤੇ ‘ਵਾਰਿਸ ਪੰਜਾਬ ਦੇ’ ਦੇ ਪੋਸਟਰ ਵੀ ਲਾਏ ਗਏ ਹਨ। ਅਸਲ ਵਿੱਚ ਇਹ ਗੁਰਦੁਆਰਾ ‘ਵਾਰਿਸ ਪੰਜਾਬ ਦੇ’ ਦਾ ਦਫ਼ਤਰ ਹੈ ਅਤੇ ਇਹ ਨਸ਼ਾ ਛੁਡਾਉਣ ਦਾ ਕੇਂਦਰ ਹੈ।ਜਿਸ ਵਿੱਚ ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਲੋਕ ਇੱਥੇ ਪਹੁੰਚਦੇ ਹਨ। ਤਰਨਤਾਰਨ, ਗੁਰਦਾਸਪੁਰ, ਮੋਗਾ, ਬਠਿੰਡਾ, ਸੰਗਰੂਰ ਪੰਜਾਬ ਦੇ ਕੋਨੇ-ਕੋਨੇ ਤੋਂ ਲੋਕ ਇਸ ਆਸ ਨਾਲ ਇੱਥੇ ਪਹੁੰਚਦੇ ਹਨ ਕਿ ਉਨ੍ਹਾਂ ਦਾ ਬੱਚਾ ਨਸ਼ੇ ਦੀ ਲਤ ਤੋਂ ਛੁਟਕਾਰਾ ਪਾ ਲਵੇਗਾ।

ਗੁਰਦੁਆਰੇ ਵਿੱਚ ਚੱਲ ਰਹੇ ‘ਵਾਰਿਸ ਪੰਜਾਬ ਦੇ’ ਨਸ਼ਾ ਛੁਡਾਊ ਕੇਂਦਰ ਵਿੱਚ ਪੰਜਾਬ ਦੇ ਦੂਰ-ਦੁਰਾਡੇ ਤੋਂ ਲੋਕ ਨਸ਼ਾ ਛੁਡਾਉਣ ਲਈ ਇੱਥੇ ਆ ਰਹੇ ਹਨ। ਉਨ੍ਹਾਂ ਲਈ ਸਾਰੇ ਪ੍ਰਬੰਧ ਮੁਫ਼ਤ ਕੀਤੇ ਗਏ ਹਨ।

ਗੁਰਦੁਆਰੇ ਵਿੱਚ ਚੱਲ ਰਹੇ ‘ਵਾਰਿਸ ਪੰਜਾਬ ਦੇ’ ਨਸ਼ਾ ਛੁਡਾਊ ਕੇਂਦਰ ਵਿੱਚ ਪੰਜਾਬ ਦੇ ਦੂਰ-ਦੁਰਾਡੇ ਤੋਂ ਲੋਕ ਨਸ਼ਾ ਛੁਡਾਉਣ ਲਈ ਇੱਥੇ ਆ ਰਹੇ ਹਨ। ਉਨ੍ਹਾਂ ਲਈ ਸਾਰੇ ਪ੍ਰਬੰਧ ਮੁਫ਼ਤ ਕੀਤੇ ਗਏ ਹਨ।

ਗੁਰਦੁਆਰੇ ਵਿੱਚ ਨਸ਼ੇੜੀਆਂ ਨੂੰ ਬਿਲਕੁਲ ਮੁਫ਼ਤ ਰੱਖਿਆ ਜਾਂਦਾ ਹੈ। ਪੀੜਤਾਂ ਦਾ ਇਲਾਜ ਆਯੁਰਵੈਦਿਕ ਦਵਾਈਆਂ, ਯੋਗਾ, ਸੇਵਾ ਅਤੇ ਸ਼ਬਦ ਕੀਰਤਨ ਨਾਲ ਕੀਤਾ ਜਾਂਦਾ ਹੈ। ਪੀੜਤਾਂ ਨੂੰ ਸਵੇਰ ਤੋਂ ਸ਼ਾਮ ਤੱਕ ਚੰਗੀ ਖੁਰਾਕ ਅਤੇ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਚੰਗੀ ਸੰਗਤ ਵਿਚ ਰੱਖਿਆ ਜਾਂਦਾ ਹੈ, ਇਨ੍ਹਾਂ ’ਤੇ ਨਜ਼ਰ ਰੱਖਣ ਲਈ ਗਾਰਡ ਵੀ ਹਨ ਗੁਰਦੁਆਰੇ ਦੇ ਆਲੇ-ਦੁਆਲੇ ਹੋ ਰਹੀ ਉਸਾਰੀ ਵਿੱਚ ਨਸ਼ੇ ਛੱਡਣ ਲਈ ਆਉਣ ਵਾਲੇ ਲੋਕਾਂ ਨੂੰ ਵੀ ਕੰਮ ਕਰਵਾਇਆ ਜਾਂਦਾ ਹੈ। ਉਨ੍ਹਾਂ ਦੀ ਸਿਹਤ ’ਚ ਸੁਧਾਰ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਪੈਰਾਂ ’ਤੇ ਖੜ੍ਹਾ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਜੋ ਨਸ਼ੇੜੀ ਇੱਥੋਂ ਠੀਕ ਹੋਣ ’ਤੇ ਆਮ ਜ਼ਿੰਦਗੀ ਜੀਅ ਸਕਣ।

## ਭਾਰਤੀ ਹਵਾਈ ਸੈਨਾ ’ਚ ਕੈਪਟਨ ਸ਼ੈਲਜਾ ਧਾਮੀ ਨੂੰ ਮਿਲੀ ਲੜਾਈ ਯੂਨਿਟ ਦੀ ਕਮਾਂਡ



ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤੀ ਹਵਾਈ ਸੈਨਾ ਨੇ ਲੜਾਕੂ ਯੂਨਿਟ ਦੀ ਕਮਾਨ ਗਰੁੱਪ ਕੈਪਟਨ ਸ਼ੈਲਜਾ ਧਾਮੀ ਨੂੰ ਸੌਂਪ ਦਿੱਤੀ ਹੈ।ਭਾਰਤੀ ਹਵਾਈ ਸੈਨਾ ਨੇ ਗਰੁੱਪ ਕੈਪਟਨ ਸ਼ੈਲਜਾ ਧਾਮੀ ਨੂੰ ਨਵੀਂ ਜ਼ਿੰਮੇਵਾਰੀ ਦਿੱਤੀ ਹੈ। ਪੱਛਮੀ ਸੈਕਟਰ ਵਿੱਚ ਫਰੰਟਲਾਈਨ ਕੰਬੈਟ ਯੂਨਿਟ ਦੀ ਕਮਾਂਡ ਹੁਣ ਭਾਰਤੀ ਹਵਾਈ ਸੈਨਾ ਦੀ ਗਰੁੱਪ ਕੈਪਟਨ ਸ਼ੈਲਜਾ ਧਾਮੀ ਕਰੇਗੀ। ਭਾਰਤੀ ਹਵਾਈ ਸੈਨਾ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕੋਈ ਮਹਿਲਾ ਲੜਾਕੂ ਯੂਨਿਟ ਦੀ ਕਮਾਨ ਸੰਭਾਲੇਗੀ।

ਜਾਣਕਾਰੀ ਮੁਤਾਬਕ ਸ਼ੈਲਜਾ ਸਾਲ 2003 ’ਚ ਭਾਰਤੀ ਹਵਾਈ ਫੌਜ ਨਾਲ ਜੁੜੀ ਸੀ। ਵਰਤਮਾਨ ਵਿੱਚ ਉਹ ਫਰੰਟਲਾਈਨ ਕਮਾਂਡ ਹੈੱਡਕੁਆਰਟਰ ਦੇ ਕਾਰਜਾਂ ਵਿੱਚ ਤਾਇਨਾਤ ਹੈ। ਹਵਾਈ ਸੈਨਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਧਾਮੀ ਇਕ ਹੁਸ਼ਿਆਰ ਅਤੇ ਬਹੁਤ ਹੀ ਕਾਬਲ ਫਲਾਇੰਗ ਇੰਸਟ੍ਰਕਟਰ ਹੈ। ਧਾਮੀ ਕੋਲ ਆਪਣੇ ਕਰੀਅਰ ਵਿੱਚ 2800 ਘੰਟਿਆਂ ਤੋਂ ਵੱਧ ਉਡਾਣ ਦਾ ਤਜਰਬਾ ਹੈ। ਉਹ ਪਹਿਲੀ ਔਰਤ ਹੈ ਜਿਸ ਨੇ ਸਤੰਬਰ 2019 ਦੇ ਮਹੀਨੇ ਵਿੱਚ ਹਵਾਈ ਸੈਨਾ ਦੀ ਇੱਕ ਫਲਾਇੰਗ ਯੂਨਿਟ ਦੀ ਪਹਿਲੀ ਮਹਿਲਾ ਫਲਾਈਟ ਕਮਾਂਡਰ ਬਣਨ ਦਾ ਕਾਰਨਾਮਾ ਹਾਸਲ ਕੀਤਾ। ਧਾਮੀ ਨੂੰ ਦੋ ਵਾਰ ਏਅਰ ਆਫਿਸਰ ਕਮਾਂਡਿੰਗ-ਇਨ-ਚੀਫ ਦੀ ਕਮਾਂਡ ਦਿੱਤੀ ਗਈ ਹੈ।ਜਾਣਕਾਰੀ ਮੁਤਾਬਕ ਸ਼ੈਲਜਾ ਧਾਮੀ ਪੰਜਾਬ ਦੇ ਲੁਧਿਆਣਾ ਨਾਲ ਸਬੰਧਤ ਹੈ। ਉਨ੍ਹਾਂ ਦਾ ਪਾਲਣ-ਪੋਸ਼ਣ ਸ਼ਹੀਦ ਕਰਤਾਰ ਸਿੰਘ ਸਰਾਭਾ ਪਿੰਡ ਵਿੱਚ ਹੋਇਆ। ਪਿੰਡ ਵਿੱਚ ਰਹਿਣ ਦੌਰਾਨ ਹੀ ਉਨ੍ਹਾਂ ਵਿੱਚ ਦੇਸ਼ ਲਈ ਕੁਝ ਕਰਨ ਦੀ ਇੱਛਾ ਪੈਦਾ ਹੋਈ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਪੰਜਾਬ ਹੁਣ ਏਡਜ਼ ਦੇ ਦੈਂਤ ਦੇ ਸ਼ਿਕੰਜੇ ’ਚ

## ਪੰਜਾਬ ਵਿੱਚ ਨਸ਼ੇ ਤੋਂ ਬਾਅਦ ਹੁਣ ਤੇਜ਼ੀ ਨਾਲ ਫੈਲ ਰਹੀ ਹੈ ਏਡਜ਼

### ਪੰਜਾਬ ਵਿੱਚ ਸਾਲ 2022 ਤੋਂ ਜਨਵਰੀ 2023 ਤੱਕ 10,000 ਤੋਂ ਵੱਧ ਨਵੇਂ ਐਚ.ਆਈ.ਵੀ. ਕੇਸ ਸਾਹਮਣੇ ਆਏ, ਸਭ ਤੋਂ ਵੱਧ 1711 ਪੀੜ੍ਹਤ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ

ਪਹਿਲਾਂ ਤੋਂ ਹੀ ਨਸ਼ਾ, ਬੇਰੁਜ਼ਗਾਰੀ ਅਤੇ ਹੋਰ ਅਨੇਕਾਂ ਭਿਅੰਕਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ ਹੁਣ ਏਡਜ਼ ਦੇ ਦੈਂਤ ਨੇ ਆਪਣੇ ਸ਼ਿਕੰਜੇ ਵਿੱਚ ਲੈ ਲਿਆ ਹੈ।

ਪੰਜਾਬ ਵਿੱਚ ਸਾਲ 2022 ਤੋਂ ਜਨਵਰੀ 2023 ਤਕ ਐਚਆਈਵੀ ਦੇ ਦਰਜ਼ ਕੀਤੇ ਗਏ ਕੇਸਾਂ ਦੀ ਗਿਣਤੀ 10,109 ਹੈ ਜੋ ਆਪਣੇ ਆਪ ਵਿੱਚ ਬਹੁਤ ਵੱਡੀ ਗਿਣਤੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਜਵਾਨੀ ਹੁਣ ਨਸ਼ਿਆਂ ਦੇ ਨਾਲ-ਨਾਲ ਐੱਚਆਈਵੀ ਵਰਗੀਆਂ ਮਾਰੂ ਬਿਮਾਰੀਆਂ ਦਾ ਸ਼ਿਕਾਰ ਹੋ ਰਹੀ ਹੈ।

ਇਹਨਾਂ ਵਿੱਚੋਂ 88 ਕੇਸ 15 ਸਾਲ ਤੋਂ ਘੱਟ ਉਮਰ ਦੇ ਨਾਬਾਲਗਾਂ ਦੇ ਹਨ, ਇਹੀ 10,021 ਕੇਸ 15 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਪਾਏ ਗਏ ਹਨ। ਇਨ੍ਹਾਂ ਵਿੱਚ 8155 ਪੁਰਸ਼ ਅਤੇ 1847 ਔਰਤਾਂ ਸ਼ਾਮਲ ਹਨ, ਜਦੋਂ ਕਿ 19 ਟਰਾਂਸਜੈਂਡਰ, 56 ਲੜਕੇ ਅਤੇ 32 ਲੜਕੀਆਂ ਸ਼ਾਮਲ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਮਾਮਲੇ ਲੁਧਿਆਣਾ ਜ਼ਿਲ੍ਹੇ ’ਚ ਦਰਜ ਹੋਏ ਹਨ, ਲੁਧਿਆਣਾ ਵਿੱਚ 1711 ਮਾਮਲੇ ਸਾਹਮਣੇ ਆਏ ਹਨ, ਇਸ ਤੋਂ ਬਾਅਦ ਪਟਿਆਲਾ ਦੂਜੇ ਨੰਬਰ ’ਤੇ ਆਉਂਦਾ ਹੈ, ਇੱਥੇ 795 ਐਚਆਈਵੀ ਪਾਜ਼ੇਟਿਵ ਕੇਸ ਦਰਜ ਹੋਏ ਹਨ।

**ਤੇਜ਼ੀ ਨਾਲ ਵਧ ਰਹੀ ਗਿਣਤੀ**

ਪੰਜਾਬ ਦੀ ਜਵਾਨੀ ਪਹਿਲਾਂ ਹੀ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਹੈ। ਜੋ ਕਿ ਸਰਕਾਰ ਲਈ ਵੱਡੀ ਸਮੱਸਿਆ ਹੈ। ਨਸ਼ਿਆਂ ਦੇ ਮੁੱਦੇ ’ਤੇ ਵਿਰੋਧੀ ਧਿਰਾਂ ਵੱਲੋਂ ਅਕਸਰ ਹੀ ਸਰਕਾਰ ਨੂੰ ਘੇਰਿਆ ਜਾਂਦਾ ਹੈ। ਇਸ ਦੇ ਨਾਲ ਹੀ ਐੱਚ.ਆਈ.ਵੀ ਪਾਜ਼ੀਟਿਵ ਦੀ ਤੇਜ਼ੀ ਨਾਲ ਵਧ ਰਹੀ ਗਿਣਤੀ ਨੂੰ ਦੇਖਦਿਆਂ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ ਹੈ। ਪਰ ਹੁਣ ਤੱਕ ਇਸ ਗੱਲ ਦਾ ਖੁਲਾਸਾ ਨਹੀਂ ਹੋ ਸਕਿਆ ਹੈ ਕਿ ਐੱਚ.ਆਈ.ਵੀ. ਪਾਜ਼ੀਟਿਵ ਦੀ ਗਿਣਤੀ ਤੇਜ਼ੀ ਨਾਲ ਵਧਣ ਦਾ ਕਾਰਨ ਕੀ ਹੈ। ਸਾਲ 2019 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ 11 ਸਾਲਾਂ ਵਿੱਚ ਏਡਜ਼ ਨਾਲ 6081 ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ

**ਨੌਜਵਾਨਾਂ ਵਿੱਚ ਬੱਚੇ ਜੰਮਣ ਦੀ ਸਮਰੱਥਾ ਘਟੀ**

ਨਸ਼ਿਆਂ ਦੇ ਵਗਦੇ ਦਰਿਆ ਨੇ ਪੰਜਾਬੀਆਂ ਦੀ ਹੋਂਦ ਦਾ ਖਤਰਾ ਖੜ੍ਹਾ ਕਰ ਦਿੱਤਾ ਹੈ। ਸੂਬੇ ਦੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੇ ਹੁਣੇ ਜਿਹੇ ਸਦਨ ਵਿੱਚ ਪ੍ਰਾਈਵੇਟ ਮੈਂਬਰ ਬਿੱਲ ’ਤੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਦੱਸਿਆ ਕਿ ਨੌਜਵਾਨ ਵਿਆਹ ਕਰਵਾਉਣ ਤੋਂ ਭੱਜਣ ਲੱਗੇ ਹਨ। ਨੌਜਵਾਨਾਂ ਵਿੱਚ ਬੱਚੇ ਜੰਮਣ ਦੀ ਸਮਰੱਥਾ ਘੱਟ ਰਹੀ ਹੈ ਅਤੇ ਨਸ਼ਿਆਂ ਨੇ ਅਨੇਕਾਂ ਮੁੰਡਿਆਂ ਨੂੰ ਨਿਪੁੰਸਕ ਬਣਾ ਦਿੱਤਾ।

ਉਨ੍ਹਾਂ ਭਾਵੁਕ ਹੁੰਦਿਆਂ ‘ਜਸਵੰਤ ਕੰਵਲ’ ਦੇ ਨਾਵਲ ‘ ਪੰਜਾਬ ਕੀ ਬਣੂੰ ਤੇਰਾ’ ਸਦਨ ਦੇ ਸਾਰੇ ਮੈਂਬਰਾਂ ਨੂੰ ਪੜ੍ਹਨ ਦੀ ਅਪੀਲ ਕਰਦਿਆਂ ਕਿਹਾ ਕਿ ਨਸ਼ਾ ਇਕ ਗੰਭੀਰ ਮੁੱਦਾ ਬਣ ਗਿਆ ਹੈ, ਸਦਨ ’ਚ ਹਾਜ਼ਰ 117 ਵਿਧਾਇਕਾਂ ਨੂੰ ਸੰਜੀਦਾ ਹੋਣ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਐੱਚ.ਆਈ.ਵੀ. ਪਾਜ਼ੇਟਿਵ, ਨੌਜਵਾਨਾਂ ਵੱਲੋਂ ਕੀਤੀ ਜਾਂਦੀ ਹੁੱਲੜਬਾਜ਼ੀ, ਚੋਰੀ ਵਰਗੀਆਂ ਘਟਨਾਵਾਂ ਨਸ਼ੇ ਕਾਰਨ ਹੋ ਰਹੀਆਂ ਹਨ, ਪਰ ਇਸ ਤੋਂ ਵੱਡੀ ਸਮੱਸਿਆ ਕਿ ਨੌਜਵਾਨ ਵਿਆਹ ਕਰਵਾਉਣ ਤੋਂ ਅਸਮਰੱਥ ਹੋਣ ਲੱਗੇ ਹਨ, ਮੁੰਡਿਆਂ ਵਿੱਚ ਬੱਚੇ ਪੈਦਾ ਕਰਨ ਦੀ ਸ਼ਕਤੀ ਘਟ ਗਈ ਹੈ ਅਤੇ ਮੁੰਡੇ ਨਿਪੁੰਸਕ ਬਣ ਰਹੇ ਹਨ। ਦਵਾਈਆਂ ਨਾਲ ਅਸਥਾਈ ਰਾਹਤ ਮਿਲ ਸਕਦੀ ਹੈ, ਪਰ ਸੁਖਦ ਜ਼ਿੰਦਗੀ ਜਿਊਣ ਲਈ ਖਾਣ ਪੀਣ ਵਿੱਚ ਬਦਲਾਅ ਲਿਆਉਣਾ ਪਵੇਗਾ।



ਬਸਪਾ ਦੇ ਵਿਧਾਇਕ ਡਾ. ਨਛੱਤਰ ਪਾਲ ਦੁਆਰਾ ਪੁੱਛੇ ਇਕ ਸਵਾਲ ਦੇ ਜਵਾਬ ਵਿੱਚ ਸਿਹਤ ਵਿਭਾਗ ਨੇ ਦਿਲ ਕੰਬਾਊ ਅੰਕੜੇ ਪੇਸ਼ ਕੀਤੇ ਹਨ। ਸੂਬੇ ਵਿੱਚ ਇਕ ਸਾਲ ਦੌਰਾਨ (ਜਨਵਰੀ 2023 ਤੱਕ) 10109 ਨਵੇਂ ਐੱਚ.ਆਈ.ਵੀ. ਪਾਜ਼ੇਟਿਵ ਕੇਸ ਸਾਹਮਣੇ ਆਏ ਹਨ। ਇਨ੍ਹਾਂ ਪੀੜਤਾਂ ਵਿੱਚ ਪੰਦਰਾਂ ਸਾਲ ਤੋਂ ਘੱਟ ਉਮਰ ਵਾਲੇ 88 ਬੱਚੇ ਵੀ ਸ਼ਾਮਲ ਹਨ ਅਤੇ 19 ਟਰਾਂਸਜੈਂਡਰ ਵੀ ਐੱਚ.ਆਈ.ਵੀ. ਪਾਜ਼ੇਟਿਵ ਦਾ ਸ਼ਿਕਾਰ ਹੋਏ ਹਨ।

ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਇਕ ਸਾਲ ਦੌਰਾਨ 8155 ਮਰਦ, 1847 ਔਰਤਾਂ, 19 ਟਰਾਂਸਜੈਂਡਰ ਅਤੇ ਬੱਚਿਆਂ ਵਿੱਚ 56 ਮੁੰਡੇ ਅਤੇ 32 ਕੁੜੀਆਂ ਨੂੰ ਵੀ ਇਸ ਨਾਮੁਰਾਦ ਬਿਮਾਰੀ ਨੇ ਜਕੜ ਲਿਆ ਹੈ। ਅੰਕੜਿਆਂ ਮੁਤਾਬਕ ਸਭ ਤੋਂ ਵੱਧ 1711 ਪੀੜ੍ਹਤ ਲੁਧਿਆਣਾ ਜ਼ਿਲ੍ਹੇ ਵਿੱਚ ਹਨ ਅਤੇ 1514 ਪੀੜ੍ਹਤਾਂ ਨਾਲ ਬਠਿੰਡਾ ਦੂਜੇ ਨੰਬਰ ’ਤੇ ਹੈ। ਬਰਨਾਲਾ ਜ਼ਿਲ੍ਹੇ ਵਿੱਚ ਸਭ ਤੋਂ ਘੱਟ 77 ਮਾਮਲੇ ਸਾਹਮਣੇ ਆਏ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿੱਚ 679 ਮਰਦ, 148 ਔਰਤਾਂ, ਦੋ ਟਰਾਂਸਜੈਂਡਰ, ਬੱਚਿਆਂ ਵਿੱਚ ਛੇ ਮੁੰਡੇ ਤੇ ਇਕ ਕੁੜੀ ਐੱਚ.ਆਈ.ਵੀ ਪਾਜੇਟਿਵ ਰੋਗੀ ਹੈ। ਇਸੀ ਤਰ੍ਹਾਂ ਬਰਨਾਲਾ ਜ਼ਿਲ੍ਹੇ ਵਿੱਚ 57 ਮਰਦ, 20 ਔਰਤਾਂ, ਬਠਿੰਡਾ ਵਿੱਚ 1281 ਮਰਦ, 225 ਔਰਤਾਂ, ਦੋ ਟਰਾਂਸਜੈਂਡਰ, ਚਾਰ ਮੁੰਡੇ ਤੇ ਦੋ ਕੁੜੀਆ, ਫਰੀਦਕੋਟ ਵਿੱਚ 619 ਮਰਦ, 86 ਔਰਤਾਂ, ਤਿੰਨ ਮੁੰਡੇ, ਫਿਰੋਜਪੁਰ ਵਿਖੇ 513 ਮਰਦ, 127 ਔਰਤਾਂ, ਇਕ ਟਰਾਂਸਜੈਂਡਰ, ਤਿੰਨ ਮੁੰਡੇ ਅਤੇ ਤਿੰਨ ਕੁੜੀਆਂ ਸ਼ਾਮਲ ਹਨ। ਹੁਸ਼ਿਆਰਪੁਰ ਵਿਖੇ 190 ਮਰਦ, 34 ਔਰਤਾਂ, ਇਕ ਕੁੜੀ, ਜਲੰਧਰ ਵਿੱਚ 435 ਮਰਦ, 110 ਔਰਤਾਂ, ਇਕ ਟਰਾਂਸਜੈਂਡਰ, ਚਾਰ ਮੁੰਡੇ ਤੇ ਤਿੰਨ ਕੁੜੀਆਂ, ਕਪੂਰਥਲਾ ਵਿਖੇ 250 ਮਰਦ, 65 ਔਰਤਾਂ, ਇਕ ਟਰਾਂਸਜੈਂਡਰ ਤੇ ਦੋ ਮੁੰਡੇ, ਲੁਧਿਆਣਾ ਵਿੱਚ 1448 ਪੁਰਸ਼, 223 ਔਰਤਾਂ, ਦੋ ਟਰਾਂਸਜੈਂਡਰ, 19 ਮੁੰਡੇ ਤੇ 9 ਕੁੜੀਆਂ ਸ਼ਾਮਲ ਹਨ। ਜਦਕਿ ਮਾਨਸਾ ਜ਼ਿਲ੍ਹੇ ਵਿੱਚ 220 ਮਰਦ, 69 ਔਰਤਾਂ, ਦੋ ਟਰਾਂਸਜੈਂਡਰ, ਇਕ ਮੁੰਡਾ ਤੇ ਇੱਕ ਕੁੜੀ, ਮੋਗਾ ਵਿੱਚ 561 ਮਰਦ, 147 ਔਰਤਾਂ, ਤਿੰਨ ਮੁੰਡੇ ਤੇ ਇਕ ਕੁੜੀ, ਮੋਹਾਲੀ ਵਿਖੇ 158 ਮਰਦ, 46 ਔਰਤਾਂ, 5 ਟਰਾਂਸਜੈਂਡਰ, ਨਵਾਂਸ਼ਹਿਰ ਵਿਖੇ 168 ਮਰਦ, 48 ਔਰਤਾਂ, ਇਕ ਟਰਾਂਸਜੈਂਡਰ ਤੇ ਇਕ ਕੁੜੀ, ਪਠਾਨਕੋਟ ਵਿਖੇ 197 ਮਰਦ, 52 ਕੁੜੀਆਂ, ਇਕ ਮੁੰਡਾ, ਪਟਿਆਲਾ ਜ਼ਿਲ੍ਹੇ ਵਿੱਚ 572 ਮਰਦ, 215 ਔਰਤਾਂ, ਤਿੰਨ ਮੁੰਡੇ ਤੇ ਪੰਜ ਕੁੜੀਆਂ, ਰੋਪੜ 119 ਮਰਦ, 22 ਔਰਤਾਂ, ਸੰਗਰੂਰ ਵਿੱਚ 113 ਮਰਦ, 42 ਔਰਤਾਂ, ਦੋ ਟਰਾਂਸਜੈਂਡਰ ਅਤੇ ਤਰਨ ਤਾਰਨ ਜਿਲ੍ਹੇ ਵਿੱਚ 395 ਮਰਦ, 118 ਔਰਤਾਂ, 5 ਮੁੰਡੇ ਅਤੇ 2 ਕੁੜੀਆਂ ਐੱਚ.ਆਈ.ਵੀ ਪਾਜੇਟਿਵ ਹਨ।

## ਏਡਜ਼ ਹੋਣ ’ਤੇ ਕੀ ਕੀਤਾ ਜਾਵੇ

ਜਦੋਂ ਕਿਸੇ ਔਰਤ/ਆਦਮੀ ਨੂੰ ਆਪਣੇ ਬਾਰੇ ਏਡਜ਼ ਹੋਣ ਦਾ ਪਤਾ ਲੱਗਦਾ ਹੈ ਤਾਂ ਉਸ ਨੂੰ ਘਬਰਾਉਣਾ ਨਹੀਂ ਚਾਹੀਦਾ, ਸਗੋਂ ਚੰਗੇ ਡਾਕਟਰ ਦੀ ਸਲਾਹ ਨਾਲ ਉਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਵੇਖਣ ਵਿੱਚ ਆਇਆ ਹੈ ਕਿ ਅਣਗਹਿਲੀ ਨਾਲ ਏਡਜ਼ ਦਾ ਸ਼ਿਕਾਰ ਹੋਏ ਮਰੀਜ਼ ਜਾਣ ਬੁੱਝ ਕੇ ਖਰੀਦੀ ਗਈ ਏਡਜ਼ ਦੇ ਮੁਕਾਬਲੇ ਜ਼ਿਆਦਾ ਵਧੀਆ ਜ਼ਿੰਦਗੀ ਬਤੀਤ ਕਰਦੇ ਹਨ। ‘ਜਾਣ ਬੁੱਝ’ ਕੇ ਦਾ ਮਤਲਬ ਸੈਕਸ ਸੰਬੰਧਾਂ ਰਾਹੀਂ। ‘ਖਰੀਦੀ’ ਸ਼ਬਦ ਇੱਥੇ ਤਾਂ ਵਰਤਿਆ ਹੈ ਕਿਉਂਕਿ ਇਹ ਬਿਮਾਰੀ ਮਨੁੱਖ ਖਰੀਦਦਾ ਹੈ ਤਾਂ ਹੀ ਇਸ ਦਾ ਨਾਮ Acquired ਰੱਖਿਆ ਗਿਆ ਹੈ।



‘ਅਣਗਹਿਲੀ’ ਤੋਂ ਭਾਵ ਡਾਕਟਰਾਂ ਦੀ ਅਣਗਹਿਲੀ। ਟੀਕਾ ਲਾਉਣ ਲੱਗਿਆਂ ਸਰਿੰਜ ਜਾਂ ਸੂਈਆਂ ਨੂੰ ਨਾ ਉਬਾਲਣਾ, ਓਪਰੇਸ਼ਨ ਵੇਲੇ ਔਜਾਰਾਂ ਨੂੰ ਚੰਗੀ ਤਰ੍ਹਾਂ ਸਟਰਲਾਈਜ਼ ਨਾ ਕਰਨਾ, ਬਿਨਾਂ ਜਾਂਚ ਕੀਤਿਆਂ ਖ਼ੂਨ ਚੜ੍ਹਾਉਣਾ, ਆਦਿ।

ਆਪਣੀ ਕੀਤੀ ’ਤੇ ਪਛਤਾਉਣ ਨਾਲੋਂ ਉਸ ਦੇ ਹੱਲ ਵੱਲ ਧਿਆਨ ਦੇਣਾ ਚਾਹੀਦਾ ਹੈ। ਏਡਜ਼ ਰੋਗ ਬਾਰੇ ਆਮ ਜਾਣਕਾਰੀ ਹੋਣੀ ਬਹੁਤ ਜਰੂਰੀ ਹੈ ਜਿਵੇਂ ਕਿ ਏਡਜ਼ ਦਾ ਰੋਗੀ ਇੱਕ ਤਾਂ ਸਰੀਰਕ ਅਤੇ ਮਾਨਸਿਕ ਤੌਰ ’ਤੇ ਪਰੇਸ਼ਾਨ ਹੁੰਦਾ ਹੈ, ਦੂਸਰਾ ਆਮ ਜਾਣਕਾਰੀ ਦੀ ਘਾਟ ਕਾਰਨ ਘਰ ਵਾਲੇ, ਰਿਸ਼ਤੇਦਾਰ, ਦੋਸਤ-ਮਿੱਤਰ ਉਸ ਤੋਂ ਘਿਰਣਾ ਕਰਨ ਲੱਗ ਜਾਂਦੇ ਹਨ। ਇਸ ਤਰ੍ਹਾਂ ਕੀਤਿਆਂ ਏਡਜ਼ ਦਾ ਰੋਗੀ ਛੇਤੀ ਮੌਤ ਦੇ ਮੂੰਹ ਜਾ ਪੈਂਦਾ ਹੈ। ਲੋਕ ਮਨਾਂ ਵਿੱਚ ਘਰ ਕਰ ਚੁੱਕੀਆਂ ਗੱਲਾਂ ਨੂੰ ਮਨ ’ਚੋਂ ਕੱਢਣਾ ਜ਼ਰੂਰੀ ਹੈ ਜਿਵੇਂ ਕਿ ਏਡਜ਼ ਦਾ ਰੋਗ ਨਾ ਤਾਂ ਕਿਸੇ ਨੂੰ ਹੱਥ ਲਾਉਣ ਨਾਲ ਫੈਲਦਾ ਹੈ ਅਤੇ ਨਾ ਹੀ ਸਾਹ ਦੁਆਰਾ ਜਾਂ ਕਿਸੇ ਏਡਜ਼ ਰੋਗੀ ਦੇ ਕੱਪੜੇ ਬਦਲਣ ਨਾਲ। ਇੱਥੋਂ ਤੱਕ ਕਿ ਜੇਕਰ ਏਡਜ਼ ਰੋਗੀ ਦੇ ਨਾਲ ਬਹਿ ਕੇ ਖਾਣਾ ਵੀ ਖਾ ਲਿਆ ਜਾਵੇ ਤਾਂ ਵੀ ਇਹ ਰੋਗ ਨਹੀਂ ਹੁੰਦਾ।

## ਐਚ.ਆਈ.ਵੀ. ਦੇ ਕਾਰਨ

- ☛ ਅਸੁਰੱਖਿਅਤ ਸਰੀਰਕ ਸਬੰਧ
- ☛ ਐਚ.ਆਈ.ਵੀ. ਪਾਜ਼ਿਟਿਵ ਦਾ ਖ਼ੂਨ ਚੜ੍ਹਾਉਣ ਨਾਲ
- ☛ ਇਕ ਤੋਂ ਵਧੇਰੇ ਮਰੀਜ਼ਾਂ ਨੂੰ ਟੀਕਾ ਲਗਾਉਣ ਵੇਲੇ ਇਕੋ ਸੂਈ ਵਰਤਣੀ
- ☛ ਐਚ.ਆਈ.ਵੀ. ਪੀੜ੍ਹਤ ਮਾਂ ਦੇ ਬੱਚੇ ਨੂੰ

ਸਾਵਧਾਨੀਆਂ : ਨੁਕੀਲੇ ਉਪਕਰਨਾਂ ਦੀ ਸਾਵਧਾਨੀ ਨਾਲ ਵਰਤੋਂ ➢ ਕਿਸੇ ਵੀ ਕੰਮ ਤੋਂ ਬਾਅਦ ਸਾਬਣ ਨਾਲ ਹੱਥ ਧੋਵੋ ➢ ਖ਼ੂਨ ਜਾਂ ਹੋਰ ਸਰੀਰਕ ਤਰਲ ਪਦਾਰਥਾਂ ਦੇ ਸੰਪਰਕ ’ਚ ਆਉਣ ’ਤੇ ਦਸਤਾਨੇ, ਗਾਊਨ, ਐਪ੍ਰਨ, ਮਾਰਕ, ਗਾਗਲਸ ਵਰਗੇ ਬਚਾਓ ਕਰਨ ਵਾਲੇ ਉਪਕਰਨਾਂ ਦੀ ਵਰਤੋਂ ➢ ਖ਼ੂਨ ਅਤੇ ਸਰੀਰਕ ਤਰਲਾਂ ਤੋਂ ਦੂਸ਼ਿਤ ਕਚਰੇ ਨੂੰ ਸੁਰੱਖਿਅਤ ਢੰਗ ਨਾਲ ਖ਼ਤਮ ਕਰਨਾ

## ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਯਤਨ




ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੇ ਵਧੀਕ ਪ੍ਰੋਜੈਕਟ ਅਫਸਰ ਡਾ. ਬੌਬੀ ਗੁਲਾਟੀ ਦੱਸਦੇ ਹਨ ਕਿ ਸੂਬੇ ਦੇ 19 ਸੈਂਟਰਾਂ ’ਚ ਏਡਜ਼ ਪੀੜਤਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਸੁਸਾਇਟੀ ਨੇ ਪੀੜਤ ਔਰਤਾਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਉਨ੍ਹਾਂ ਨੂੰ ਨਿਰੰਤਰ ਦਵਾਈ ਖਾਣ ਲਈ ਪ੍ਰੇਰਿਤ ਕੀਤਾ ਜਿਸ ਦਾ ਸਿੱਟਾ ਨਿਕਲਿਆ ਕਿ ਛੇ ਮਹੀਨਿਆਂ ’ਚ ਹੋਏ 267 ਜਣੇਪਿਆਂ ’ਚ ਸਿਰਫ਼ ਇਕ ਔਰਤ ਦੇ ਐੱਚਆਈਵੀ ਬੱਚਾ ਪੈਦਾ ਹੋਇਆ ਹੈ।

ਡਾ. ਗੁਲਾਟੀ ਅਨੁਸਾਰ ਐੱਚਆਈਵੀ ਦਾ ਪਸਾਰ ਇਕ ਤੋਂ ਵੱਧ ਸਾਥੀਆਂ ਨਾਲ ਅਸੁਰੱਖਿਅਤ ਜਿਨਸੀ ਸਬੰਧ ਬਣਾਉਣ, ਸੂਈ ਸਿਰਿੰਜਾਂ ਦੀ ਸਾਂਝੀ ਵਰਤੋਂ ਕਰਨ ਕਰਕੇ ਟੀਕਿਆਂ ਰਾਹੀਂ ਨਸ਼ਾ ਕਰਨ ਵਾਲੇ ਲੋਕਾਂ ਵਿਚ ਵਧ ਰਿਹਾ ਹੈ। ਉਨ੍ਹਾਂ ਅਨੁਸਾਰ ਪਿਛਲੇ ਸਾਲਾਂ ਦੇ ਮੁਕਾਬਲੇ ਲੋਕ ਜਾਗਰੂਕ ਵੀ ਹੋ ਰਹੇ ਹਨ ਅਤੇ ਜਾਂਚ ਵਿਚ ਵੀ ਵਾਧਾ ਹੋਇਆ ਹੈ।ਡਾ. ਗੁਲਾਟੀ ਅਨੁਸਾਰ ਡਬਲਯੂਐੱਚਓ ਨੇ 2030 ਤਕ ਐੱਚਆਈਵੀ ਵਾਇਰਸ ਖ਼ਤਮ ਕਰਨ ਦਾ ਟੀਚਾ ਰੱਖਿਆ ਹੈ। ਪੰਜਾਬ ਸਰਕਾਰ ਨੇ ਸਾਲ 2025-26 ਤਕ ਐੱਚਆਈਵੀ ਅਤੇ ਏਡਜ਼ ਰੋਕਥਾਮ ਤੇ ਨਿਯੰਤਰਣ ਐਕਟ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਟੀਚਾ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਦਾ ਥੀਮ ‘ਸਮਾਨਤਾ’ ਰੱਖਿਆ ਗਿਆ ਹੈ ਜਿਸ ਤਹਿਤ ਪੀੜਤਾਂ ਨਾਲ ਹੁੰਦੇ ਭੇਦਭਾਵ ਨੂੰ ਰੋਕਣਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਸਿਵਲ ਸਰਜਨ ਰੂਪਨਗਰ, ਜਲੰਧਰ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਪਟਿਆਲਾ ਨੂੰ ਓਮਬਡਸਮੈਨ (ਸਿਵਲ ਸਰਜਨ) ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਨੂੰ 30 ਦਿਨਾਂ ਦੇ ਅੰਦਰ-ਅੰਦਰ ਸ਼ਿਕਾਇਤ ਦਾ ਨਿਪਟਾਰਾ ਕਰਨਾ ਹੁੰਦਾ ਹੈ। ਡਾ. ਗੁਲਾਟੀ ਅਨੁਸਾਰ ਸੂਬੇ ਵਿੱਚ ਐੱਚਆਈਵੀ ਮਰੀਜ਼ਾਂ ਦੇ ਸਮਾਰਟ ਰਾਸ਼ਨ ਕਾਰਡ, ਵਿਧਵਾ ਪੈਨਸ਼ਨ, ਅਨਾਥ ਬੱਚਿਆਂ ਨੂੰ ਪੈਨਸ਼ਨ, ਬੁਢਾਪਾ ਪੈਨਸ਼ਨ, ਮੁਫ਼ਤ ਇਲਾਜ ਦੀ ਸੁਵਿਧਾ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਏਡਜ਼ ਪੀੜਤਾਂ ਦੀ ਪਹਿਚਾਣ ਗੁਪਤ ਰੱਖੀ ਜਾਂਦੀ ਹੈ। ਇੱਥੋਂ ਤਕ ਕਿ ਪਤੀ-ਪਤਨੀ ਦੀ ਆਗਿਆ ਤੋਂ ਬਿਨਾਂ ਇਕ-ਦੂਜੇ ਨੂੰ ਵੀ ਜਾਣਕਾਰੀ ਨਹੀਂ ਦਿੱਤੀ ਜਾਂਦੀ। ਫਿਰ ਵੀ ਪਤਾ ਲੱਗਣ ’ਤੇ ਜੇ ਕੋਈ ਨੌਕਰੀ, ਪੜ੍ਹਾਈ, ਬੀਮਾ ਪਾਲਿਸੀ ਕਰਨ ਜਾਂ ਦਫ਼ਤਰ ਵਿੱਚ ਭੇਦਭਾਵ ਕਰਦਾ ਹੈ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਡਾ. ਗੁਲਾਟੀ ਅਨੁਸਾਰ ਸੂਬੇ ਵਿੱਚ ਕੁੱਲ 1059 ਥਾਵਾਂ ’ਤੇ ਜਾਂਚ ਲਈ ਸੈਂਪਲ ਇਕੱਤਰ ਕੀਤੇ ਜਾਂਦੇ ਹਨ। 19 ਸੈਂਟਰਾਂ ’ਤੇ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ ਅਤੇ 115 ਥਾਵਾਂ ’ਤੇ ਜਾਂਚ ਕੀਤੀ ਜਾਂਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

15 ਮਾਰਚ ਤੋਂ 21 ਮਾਰਚ, 2023

## ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੂੰ ਯਾਦ ਕਰਦਿਆਂ

ਅੰਗਰੇਜ਼ ਲਿਖਾਰੀ ਮੇਜਰ ਸਮਾਇਥ ਦੇ ਲਿਖਣ ਅਨੁਸਾਰ, 'ਸੱਚੇ ਅਕਾਲੀ ਹੱਦ ਦਰਜੇ ਦੇ ਦਲੇਰ ਅਤੇ ਸੁਤੰਤਰ ਹੁੰਦੇ ਸਨ, ਸਭ ਕਿਸੇ ਨੂੰ ਪਿਆਰ ਨਾਲ ਮਿਲਦੇ ਸਨ।ਇਹਨਾਂ ਦੀ ਜ਼ਿੰਦਗੀ ਦਾ ਮੁੱਖ ਪ੍ਰਯੋਜਨ ਗੁਰਦੁਆਰਿਆਂ ਦੀ ਰੱਖਿਆ, ਮਰਿਯਾਦਾ ਦੀ ਪਵਿੱਤਰਤਾ ਦੀ ਕਾਇਮੀ, ਆਚਰਣ ਦੀ ਰਾਖੀ, ਦੀਨਾਂ ਦੁਖੀਆਂ ਤੇ ਸ਼ਰਨਾਗਤਾਂ ਦੀ ਸਹਾਇਤਾ ਕਰਨੀ ਹੁੰਦੀ ਸੀ।' ਬਾਬਾ ਫੂਲਾ ਸਿੰਘ ਇੱਕ ਅਜਿਹੇ ਹੀ ਗੁਰੂ ਆਸ਼ੇ ਨੂੰ ਪਹੁੰਚੇ ਹੋਏ ਅਕਾਲੀ ਸਨ, ਜਿਹਨਾਂ ਨੇ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ ਬਖਸ਼ੀ ਹੋਈ ਗੁਰਮਤੇ ਦੀ ਦਾਤ ਨੂੰ ਸੰਭਾਲਿਆ ਅਤੇ ਗੁਰੂ ਤੋਂ ਆਪਣੇ ਜਥੇ ਸਮੇਤ ਸ਼ਹੀਦੀ ਦੀ ਦਾਤ ਪ੍ਰਾਪਤ ਕੀਤੀ। ਬਾਬਾ ਜੀ ਨੇ ਇੱਕ ਅਕਾਲ ਪੁਰਖ 'ਤੇ ਸਦਾ ਟੇਕ ਰੱਖੀ, ਨਾਲ ਉਹ ਪੂਰਨ ਤਿਆਗ ਅਤੇ ਵੈਰਾਗ ਦੀ ਬਿਰਤੀ ਵੀ ਰਖਦੇ ਸਨ। ਜਿਸ ਕਰਕੇ ਉਹਨਾਂ ਪ੍ਰਤੀ ਹਰੇਕ ਪੰਥ ਦਰਦੀ ਦੇ ਦਿਲ ਅੰਦਰ ਸਤਿਕਾਰ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਰਹਿੰਦਿਆਂ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਨੂੰ ਕਿਸੇ ਹੋਰ ਦੁਨਿਆਵੀਂ ਤਖ਼ਤ ਤੋਂ ਹਮੇਸ਼ਾ ਉੱਚਾ ਰੱਖਿਆ ਅਤੇ ਆਪਣੀ ਕ੍ਰਿਪਾਨ ਦੇ ਜ਼ੋਰ ਨਾਲ ਸਿਆਸਤ ਨੂੰ ਕੁੰਡੇ ਹੇਠ ਰਖਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਨੂੰ ਦੁਨੀਆਂ ਸਾਹਮਣੇ ਸਾਬਤ ਕੀਤਾ।

ਜਥੇਦਾਰ ਅਕਾਲੀ ਫੂਲਾ ਸਿੰਘ ਜੀ ਦਾ ਜਨਮ ਸੰਮਤ 1818 ਬਿ: ਵਿੱਚ ਭਾਈ ਈਸ਼ਰ ਸਿੰਘ ਜੀ ਦੇ ਘਰ ਪਿੰਡ ਦੇਹਲਾਂ ਸੀਹਾਂ (ਨੇੜੇ ਪਾਤੜਾਂ) ਵਿੱਚ ਹੋਇਆ। ਚਲਾਣੇ ਤੋਂ ਪਹਿਲਾਂ ਭਾਈ ਈਸ਼ਰ ਸਿੰਘ ਨੇ ਆਪਣੇ ਸਪੁੱਤਰ ਫੂਲਾ ਸਿੰਘ ਦੀ ਬਾਂਹ ਬਾਬਾ ਨੈਣਾ ਸਿੰਘ ਜੀ, ਜੋ ਕਿ ਸ਼ਹੀਦਾਂ ਦੀ ਮਿਸਲ ਦੇ ਜਥੇਦਾਰ ਸਨ, ਦੇ ਹੱਥ ਫੜਾ ਕੇ ਆਖਿਆ ਕਿ ਮੇਰੇ ਪਿੱਛੋਂ ਇਸ ਬੱਚੇ ਨੂੰ ਪੰਥ ਦਾ ਬੱਚਾ ਸਮਝ ਕੇ ਪੰਥਕ ਸੇਵਾ ਲਈ ਤਿਆਰ ਕਰਨਾ। ਨਿੱਕੀ ਉਮਰੇ ਹੀ ਥੋੜ੍ਹੇ ਸਮੇਂ ਵਿੱਚ ਫੂਲਾ ਸਿੰਘ ਜੀ ਨੇ ਬਹੁਤ ਸਾਰੀ ਗੁਰਬਾਣੀ ਕੰਠ ਕਰ ਲਈ, ਉੱਥੇ ਨਾਲ-ਨਾਲ ਖਾਲਸੇ ਦੀ ਮਰਯਾਦਾ ਅਨੁਸਾਰ ਉਸ ਸਮੇਂ ਦੇ ਬਹੁਤ ਸਾਰੇ ਪ੍ਰਚੱਲਤ ਜੰਗੀ ਗੁਣ ਵੀ ਪ੍ਰਾਪਤ ਕਰ ਲਏ। ਨਿੱਕੀ ਉਮਰ ਵਿੱਚ ਹੀ ਇਹ ਪੰਥਕ ਜੱਥਿਆਂ ਵਿੱਚ ਪਿਆਰੇ ਜਾਣ ਲੱਗੇ।

ਬਾਬਾ ਫੂਲਾ ਸਿੰਘ ਜੀ ਨੇ ਮਾਤਾ ਜੀ ਦੇ ਚਲਾਣੇ ਤੋਂ ਬਾਅਦ ਆਪਣਾ ਨਿੱਜੀ ਘਰ ਮਾਲ ਪਿੰਡ ਵਿੱਚ ਲੁਟਾ ਦਿੱਤਾ ਅਤੇ ਅਕਾਲੀ ਬਾਣਾ ਪਹਿਨ ਕੇ ਸ਼ਹੀਦਾਂ ਦੀ ਮਿਸਲ ਵਿੱਚ ਰਲ ਗਏ। ਬਾਬਾ ਨੈਣਾ ਸਿੰਘ ਨਾਲ ਮਿਲ ਕੇ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੀ ਸੇਵਾ ਵਿੱਚ ਰਹੇ। ਸਮੇਂ ਦੀ ਲੋੜ ਅਨੁਸਾਰ ਆਪ ਜੀ ਨੇ ਪੰਥ ਲਈ ਐਸੀਆਂ ਘਾਲਾਂ ਘਾਲੀਆਂ ਕਿ ਬਾਬਾ ਜੀ ਦੇ ਚਲਾਣੇ ਉਪਰੰਤ ਜਥੇ ਦੀ ਸਰਬ ਸੰਮਤੀ ਨਾਲ ਫੂਲਾ ਸਿੰਘ ਜੀ ਨੂੰ ਹੀ ਜਥੇਦਾਰ ਥਾਪਿਆ ਗਿਆ।

ਬਾਅਦ ਵਿੱਚ ਅਕਾਲੀ ਬਾਬਾ ਫੂਲਾ ਸਿੰਘ ਜੀ ਨੇ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਆ ਕੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਵਿਚੋਂ ਗੁਰਮਤਿ ਵਿਰੁੱਧ ਕੁਰੀਤੀਆਂ ਨੂੰ ਦੂਰ ਕੀਤਾ ਅਤੇ ਪੰਥ ਦੇ ਕੁੰਡੇ ਹੇਠ ਸਾਰਾ ਪ੍ਰਬੰਧ ਰੱਖਿਆ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਨੂੰ ਖਾਲਸਾ ਰਾਜ ਨਾਲ ਮਿਲਾਉਣ ਲਈ ਵਿਚਾਰ ਕੀਤਾ ਤਾਂ ਗੁਰੂ-ਨਗਰੀ ਭੰਗੀਆਂ ਤੇ ਰਾਮਗੜ੍ਹੀਆ ਸਰਦਾਰਾਂ ਦੇ ਕਬਜ਼ੇ ਵਿੱਚ ਸੀ। ਸਥਿਤੀ ਟਕਰਾਅ ਵਾਲੀ ਬਣ ਗਈ, ਅਕਾਲੀ ਬਾਬਾ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਵੱਡੀ ਸਿਆਣਪ ਤੋਂ ਕੰਮ ਲੈ ਕੇ ਸਿੱਖ ਭਰਾਵਾਂ ਨੂੰ ਆਪਸ ਵਿੱਚ ਲੜਨ ਤੋਂ ਰੋਕ ਕੇ ਯੋਗ ਫੈਸਲਾ ਕਰਵਾ ਦਿੱਤਾ।

ਪੇਸ਼ਾਵਰ ਦੀ ਫਤਿਹ ਦੇ ਬਾਅਦ ਵੀ ਕਾਬਲ ਦਾ ਹਾਕਮ ਪੇਸ਼ਾਵਰ ਨੂੰ ਦੁਬਾਰਾ ਕਾਬਲ ਨਾਲ ਜੋੜਨ ਲਈ ਕਾਹਲਾ ਸੀ। ਪੇਸ਼ਾਵਰ ਲਈ ਮੁਹੰਮਦ ਅਜ਼ੀਮ ਖਾਨ ਅਤੇ ਇਸ ਦੇ ਦੋਵੇਂ ਭਾਈ ਦੋਸਤ ਮੁਹੰਮਦ ਖਾਨ, ਜਬਾਰ ਖਾਨ ਨੇ ਖਾਲਸੇ ਨਾਲ ਪੂਰੀ ਤਰ੍ਹਾਂ ਬਲ-ਨਿਰਣੈ ਕਰਨ ਦਾ ਪੱਕਾ ਇਰਾਦਾ ਕਰ ਲਿਆ ਅਤੇ ਇਸ ਸੰਗਰਾਮ ਲਈ ਨੌਸ਼ਹਿਰੇ ਦਾ ਖੁਲ੍ਹਾ ਮੈਦਾਨ ਚੁਣਿਆ ਗਿਆ ਤਾਂ ਸ਼ੇਰ ਏ ਪੰਜਾਬ, ਸਣੇ ਬਾਬਾ ਫੂਲਾ ਸਿੰਘ ਅਤੇ ਅਕਾਲੀ ਦਲ ਦੇ, ਅਕੋੜੇ ਪਹੁੰਚ ਗਏ। ਗੁਰਮਤੇ ਅਨੁਸਾਰ 14 ਮਾਰਚ ਨੂੰ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਚੜ੍ਹਾਈ ਦਾ ਅਰਦਾਸਾ ਸੋਧਿਆ ਗਿਆ ਪਰ ਜੱਕ ਤੱਕ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਹੋਰ ਤੋਪਾਂ ਅਤੇ ਗੋਲੀ ਸਿੱਕਾ ਮੰਗਵਾਉਣ ਲਈ ਕੁਝ ਸਮਾਂ ਲੜਾਈ ਨੂੰ ਰੋਕ ਦੇਣ ਲਈ ਕਿਹਾ ਤਾਂ ਅਕਾਲੀ ਫੂਲਾ ਸਿੰਘ ਜੀ ਨੇ ਸਾਫ ਮਨ੍ਹਾ ਕਰ ਦਿੱਤਾ ਅਤੇ ਕਿਹਾ ਕਿ ਅਸੀਂ ਗੁਰਮਤੇ ਅਨੁਸਾਰ ਹੁਣੇ ਹੀ ਮੈਦਾਨਿ ਜੰਗ ਵਲ ਜਾਵਾਂਗੇ ਭਾਵੇਂ ਸਾਨੂੰ ਆਪਣਾ ਸੀਸ ਵੀ ਕਿਉਂ ਨਾ ਵਾਰਨਾ ਪਏ। ਗੁਰਮਤੇ ਦੀ ਪਾਲਣਾ ਕਰਦਿਆਂ ਅਕਾਲੀ ਬਾਬਾ ਫੂਲਾ ਸਿੰਘ ਜੀ ਨੇ ਜੰਗ ਵਿੱਚ ਜੂਝ ਕੇ ਸ਼ਹਾਦਤ ਪ੍ਰਾਪਤ ਕੀਤੀ।

ਅਕਾਲੀ ਫੂਲਾ ਸਿੰਘ ਜੀ ਦੇ ਜਾਣ ਤੋਂ ਬਾਅਦ ਥੋੜੇ ਸਾਲਾਂ ਵਿੱਚ ਹੀ ਖਾਲਸਾ ਰਾਜ ਖਤਮ ਹੋ ਗਿਆ। ਬਰਤਾਨਵੀ ਹਕੂਮਤ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀ ਸੀ ਕਿ ਸਿੱਖਾਂ ਦਾ ਰਾਜਨੀਤਕ ਧੁਰਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਅਕਾਲੀ ਹਨ, ਇਹਨਾਂ ਨੂੰ ਖਤਮ ਕੀਤਾ ਜਾਵੇ। ਇਸੇ ਲਈ ਓਹਨਾਂ ਨੇ ਅਕਾਲ ਤਖ਼ਤ 'ਤੇ ਗੁਰਮਤਾ ਕਰਨ ਅਤੇ ਅਕਾਲੀਆਂ ਨੂੰ ਖਤਮ ਕਰਨ ਦੇ ਯਤਨ ਕੀਤੇ। ਸ੍ਰੀ ਅਕਾਲ ਤਖ਼ਤ ਸਾਹਿਬ, ਜੋ ਸਿੱਖਾਂ ਦਾ ਫੈਸਲੇ ਲੈਣ ਦਾ ਕੇਂਦਰੀ ਸਥਾਨ ਸੀ, ਉਥੇ ਸਰਬਰਾਹ ਲਗਾ ਕੇ ਤਖਤ ਦੀ ਪੂਜਾ ਜਾਂ ਪ੍ਰਬੰਧ ਤੱਕ ਸੀਮਤ ਕਰ ਦਿੱਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਮਤੇ ਸੋਧਣ ਦੀ ਪਰੰਪਰਾ ਬੰਦ ਕਰਵਾ ਦਿਤੀ।

ਜਥੇਦਾਰ ਅਕਾਲੀ ਫੂਲਾ ਸਿੰਘ ਜੀ ਦੀ 200ਵੀਂ ਯਾਦ ਵਿੱਚ ਨਗਰ ਕੀਰਤਨ ਹੋ ਰਹੇ ਹਨ, ਵਹੀਰਾਂ ਦੇ ਰੂਪ ਵਿੱਚ ਫੌਜਾਂ ਇੱਕ ਪੜਾਅ ਤੋਂ ਦੂਸਰੇ ਪੜਾਅ ਤੱਕ ਉਹਨਾਂ ਨੂੰ ਯਾਦ ਕਰਦੀਆਂ ਜਾ ਰਹੀਆਂ ਹਨ। ਦੋ ਸਦੀਆਂ ਬਾਅਦ ਵੀ ਅੱਜ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਵਰਗੀ ਸਖਸ਼ੀਅਤ ਦੀ ਘਾਟ ਪੰਥ ਨੂੰ ਮਹਿਸੂਸ ਹੋ ਰਹੀ ਹੈ ਅਤੇ ਸੰਗਤ ਅਰਦਾਸ ਕਰ ਰਹੀ ਹੈ ਕਿ ਮੁੜ ਉਸ ਤਰ੍ਹਾਂ ਦੇ ਅਕਾਲੀ ਸਿੰਘਾਂ ਦੇ ਦਰਸ਼ਨ ਅਤੇ ਅਗਵਾਈ ਸਾਨੂੰ ਨਸੀਬ ਹੋ ਸਕੇ। ਸਿੱਖਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰਮਤੇ ਸੋਧਣ ਦੀ ਰਵਾਇਤ ਨੂੰ ਸੁਰਜੀਤ ਕਰਨ ਵੱਲ ਉੱਦਮ ਕਰਨੇ ਚਾਹੀਦੇ ਹਨ ਅਤੇ ਗੁਰਮਤੇ 'ਤੇ ਨਿਭਣ ਲਈ ਅਕਾਲੀ ਫੂਲਾ ਸਿੰਘ ਤੋਂ ਸੇਧ ਲੈਣੀ ਚਾਹੀਦੀ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਕਰਜ਼ੇ ਦੇ ਚੱਕਰਵਿਊ 'ਚ ਫਸਿਆ ਪੰਜਾਬ

## ਪੰਜਾਬ ਸਿਰ 35201.87 ਕਰੋੜ ਰੁਪਏ ਦੇ ਚੜ੍ਹੇ ਕਰਜ਼ੇ ਲਈ ਕੀ ਰਣਨੀਤੀ ਅਪਨਾਵੇ ਆਪ ਸਰਕਾਰ ?

## ਪੰਜਾਬ ਨੂੰ ਮੱਠੇ ਵਿਕਾਸ ਅਤੇ ਕਰਜ਼ੇ ਦੇ ਦੋਹਰੇ ਜਾਲ 'ਚੋਂ ਕੱਢਣ ਦੀ ਲੋੜ

ਕੇਸਰ ਸਿੰਘ ਭੰਗੂ




ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਦੀ ਆਰਥਿਕਤਾ ਮੱਠੇ/ਹੌਲੀ ਵਿਕਾਸ ਦੇ ਜਾਲ ਵਿੱਚ ਫਸੀ ਹੋਈ ਹੈ। ਨਤੀਜੇ ਵਜੋਂ ਸੂਬਾ ਪ੍ਰਤੀ ਵਿਅਕਤੀ ਆਮਦਨ ਵਿੱਚ ਆਪਣੇ ਦੇਸ਼ ਦੇ ਪ੍ਰਮੁੱਖ ਸੂਬਿਆਂ ਵਿੱਚ ਪਹਿਲੇ ਸਥਾਨ ਦੀ ਸਰਦਾਰੀ ਗਵਾ ਕੇ ਹੁਣ 10ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਵੇਂ ਹੀ ਦੋ ਹੋਰ ਮਹੱਤਵਪੂਰਨ ਸੂਚਕਾਂ-ਜਿਵੇਂ ਕਿ ਮਨੁੱਖੀ ਵਿਕਾਸ ਅਤੇ ਨਵੀਆਂ ਕਾਢਾਂ-ਵਿੱਚ ਵੀ ਸੂਬਾ ਕ੍ਰਮਵਾਰ ਪੰਜਵੇਂ ਅਤੇ ਛੇਵੇਂ ਸਥਾਨ 'ਤੇ ਹੈ। ਪੰਜਾਬ ਦੇ ਲੋਕਾਂ ਅਤੇ ਆਰਥਿਕ ਵਿਕਾਸ ਦੀਆਂ ਨੀਤੀਆਂ ਦਾ ਅਧਿਐਨ ਕਰਨ ਵਾਲੇ ਮਾਹਿਰਾਂ ਲਈ ਇਹ ਵਰਤਾਰਾ ਚਿੰਤਾਜਨਕ ਹੈ ਕਿ ਸੂਬਾ ਆਰਥਿਕ ਪੱਖੋਂ ਲਗਾਤਾਰ ਕਿਉਂ ਪਛੜਦਾ ਜਾ ਰਿਹਾ ਹੈ ? ਇਸ ਮਸਲੇ ਦੇ ਗੁੰਝਲਦਾਰ ਅਤੇ ਬਹੁਪਰਤੀ ਹੋਣ ਕਾਰਨ, ਇਸ ਦਾ ਹੱਲ ਸੌਖਾ ਤੇ ਸਿੱਧਾ ਨਹੀਂ ਹੈ। ਇਸ ਲਈ ਪੰਜਾਬ ਦੀ ਆਰਥਿਕਤਾ ਨੂੰ ਹੌਲੀ ਵਿਕਾਸ ਦੇ ਜੰਜਾਲ ਵਿੱਚ ਫਸਾਉਣ ਵਾਲੇ ਗੁੰਝਲਦਾਰ ਅਤੇ ਬਹੁਪਰਤੀ ਕਾਰਕਾਂ ਨੂੰ ਸਮਝਣ ਲਈ ਇਕ ਯੋਜਨਾਬੱਧ ਅਤੇ ਸੰਪੂਰਨਤਾ ਵਾਲੀ ਪਹੁੰਚ ਦੀ ਲੋੜ ਹੈ, ਕਿਉਂਕਿ ਇਸ ਤਰ੍ਹਾਂ ਦੀ ਪਹੁੰਚ ਹੀ ਸੂਬੇ ਵਿੱਚ ਚਲ ਰਹੇ ਧੀਮੇ ਵਿਕਾਸ ਦੇ ਰੁਝਾਨ ਨੂੰ ਰੋਕਣ ਲਈ ਸਹਾਈ ਹੋਵੇਗੀ।

ਸਭ ਤੋਂ ਪਹਿਲਾਂ, ਪੰਜਾਬ ਦੀ ਆਰਥਿਕਤਾ ਦੇ ਹੌਲੀ ਵਿਕਾਸ ਦੇ ਜਾਲ ਵਿੱਚ ਘਿਰਨ ਲਈ ਕੁੱਲ ਸਥਿਰ ਪੂੰਜੀ ਨਿਰਮਾਣ ਦੀ ਘਾਟ (ਉਤਪਾਦਨ ਪੈਦਾ ਕਰਨ ਦੀ ਸਮਰੱਥਾ) ਜ਼ਿੰਮੇਵਾਰ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਸੂਬੇ ਦੀ ਰਾਜਕੋਸ਼ੀ ਨੀਤੀ ਅਸਮਰੱਥ ਹੋ ਗਈ ਹੈ ਕਿਉਂਕਿ ਸਰਕਾਰ ਕੋਲ ਨਵਾਂ ਪੂੰਜੀ ਨਿਵੇਸ਼ ਕਰਨ ਲਈ ਸਰੋਤ (ਸਮਰੱਥਾ) ਨਹੀਂ ਹੈ, ਜਿਸ ਕਾਰਨ ਵਿਕਾਸ ਪ੍ਰਕਿਰਿਆ ਨੂੰ ਮੁੜ ਸੁਰਜੀਤ ਨਹੀਂ ਕੀਤਾ ਜਾ ਸਕਿਆ। ਹੁਣ ਜਦੋਂ ਅਸੀਂ ਪੰਜਾਬ ਸਿਰ ਚੜ੍ਹੇ ਕਰਜ਼ੇ 'ਤੇ ਨਜ਼ਰ ਮਾਰਦੇ ਹਾਂ ਤਾਂ ਰਾਜਕੋਸ਼ੀ ਨੀਤੀ ਦੀ ਅਸਮਰੱਥਤਾ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਭਾਰਤੀ ਰਿਜ਼ਰਵ ਬੈਂਕ ਦੇ ਅੰਕੜਿਆਂ ਅਨੁਸਾਰ, ਪੰਜਾਬ ਸਰਕਾਰ ਨੇ ਮਾਰਚ 2022 ਤੱਕ ਵੱਖ-ਵੱਖ ਸਰੋਤਾਂ ਤੋਂ 3 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਲਿਆ ਹੈ, ਜੋ ਕਿ ਕੁੱਲ ਰਾਜ ਘਰੇਲੂ ਉਤਪਾਦ ਦਾ 53.3 ਫ਼ੀਸਦੀ ਬਣਦਾ ਹੈ। ਜੇਕਰ ਅਸੀਂ ਪੰਜਾਬ ਸਰਕਾਰ ਦੁਆਰਾ ਮੌਜੂਦਾ ਵਿੱਤੀ ਸਾਲ (2022-23) ਦੀਆਂ ਬਕਾਇਆ ਦੇਣਦਾਰੀਆਂ, ਗੈਰ-ਗਾਰੰਟੀ ਵਾਲੇ ਕਰਜ਼ੇ ਅਤੇ ਸੰਭਾਵਿਤ ਉਧਾਰਾਂ/ਦੇਣਦਾਰੀਆਂ ਨੂੰ ਸ਼ਾਮਿਲ ਕਰਦੇ ਹਾਂ, ਤਾਂ ਮਾਰਚ 2023 ਦੇ ਅੰਤ ਵਿਚ ਕੁੱਲ ਕਰਜ਼ਾਂ 3.80 ਲੱਖ ਕਰੋੜ ਰੁਪਏ ਤੋਂ ਵੱਧ ਹੋ ਜਾਵੇਗਾ। ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ, ਪੰਜਾਬ ਦੀ ਕਰਜ਼ਾ-ਕੁੱਲ ਰਾਜ ਘਰੇਲੂ ਉਤਪਾਦ ਅਨੁਪਾਤ ਸਭ ਤੋਂ ਵੱਧ ਹੈ ਅਤੇ ਦੇਸ਼ ਵਿਚ ਪਹਿਲੇ ਨੰਬਰ 'ਤੇ ਹੈ। ਇਹ ਸਥਿਤੀ ਮੁੱਖ ਤੌਰ 'ਤੇ ਇਸ ਕਾਰਨ ਬਣੀ ਹੈ ਕਿ ਪਿਛਲੀਆਂ ਸਰਕਾਰਾਂ ਨੇ, ਆਪਣੇ ਕਾਰਜਕਾਲ ਦੇ ਸਮੇਂ ਦੌਰਾਨ, ਸਾਧਨਾਂ ਤੋਂ ਵੱਧ ਕਰਜ਼ਾ ਲਿਆ ਹੈ ਅਤੇ ਕਰਜ਼ੇ ਦੀ ਪੰਡ ਨੂੰ ਭਾਰੀ ਕੀਤਾ ਹੈ। ਸਾਲ 2015-16 ਅਤੇ 2016-17 ਵਿੱਚ ਕਰਜ਼ਾ ਚੜ੍ਹਨ ਦੀ ਸਾਲਾਨਾ ਦਰ ਕ੍ਰਮਵਾਰ 22.85 ਫ਼ੀਸਦੀ ਅਤੇ 40.80 ਫ਼ੀਸਦੀ ਰਹੀ ਹੈ। ਇਸ ਤੋਂ ਬਾਅਦ ਇਹ ਲਗਾਤਾਰ 9 ਫ਼ੀਸਦੀ ਪ੍ਰਤੀ ਸਾਲ ਦੀ ਔਸਤ ਦਰ ਨਾਲ ਵਧਦਾ ਰਿਹਾ ਹੈ। ਮੌਜੂਦਾ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰਜ਼ 'ਤੇ ਕਰਜ਼ਾ ਲੈ ਰਹੀ ਹੈ ਅਤੇ ਇਸ ਤਰ੍ਹਾਂ ਜਦੋਂ ਇਹ ਸਰਕਾਰ ਦਾ ਕਾਰਜਕਾਲ ਪੂਰਾ ਹੋਵੇਗਾ ਤਾਂ ਸੂਬੇ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋਣ ਦੀ ਉਮੀਦ ਹੈ।

ਪੰਜਾਬ ਸਿਰ ਕਰਜ਼ਾ ਚੜ੍ਹਨ ਦਾ ਮੁੱਢ 1980ਵਿਆਂ ਦੇ ਅੱਧ (1984-85) ਵਿੱਚ ਬੱਝਾ, ਜਦੋਂ ਪਹਿਲੀ ਵਾਰ ਸਰਕਾਰੀ ਮਾਲੀਆ ਖਾਤੇ ਵਿੱਚ ਮਾਲੀਆ ਘਾਟਾ ਸਾਹਮਣੇ ਆਇਆ ਸੀ ਪਰ ਇਹ ਮਾਲੀਆ ਘਾਟਾ 1987-88 ਤੋਂ ਹੁਣ ਤੱਕ ਲਗਾਤਾਰ ਵਧ ਰਿਹਾ ਹੈ। ਇਹ ਸਮਾਂ ਪੰਜਾਬ ਵਿੱਚ ਰਾਜਸੀ ਅਤੇ ਸਮਾਜਿਕ ਉਥਲ-ਪੁਥਲ ਦਾ ਸੀ ਜਦੋਂ ਮਾਲੀਆ ਉਗਰਾਹੀ ਕਰਨ ਸਮੇਤ ਸਾਰੇ ਸਰਕਾਰੀ ਅਦਾਰੇ ਬੇਕਾਰ/ਅਸਮੱਰਥ ਹੋ ਗਏ ਸਨ ਅਤੇ ਅੱਜ ਤੱਕ ਇਨ੍ਹਾਂ ਅਦਾਰਿਆਂ ਦਾ ਕੰਮਕਾਜ ਕੁੱਝ ਸਵਾਰਥੀ ਤੱਤਾਂ ਕਾਰਨ ਬਹਾਲ ਨਹੀਂ ਹੋ ਸਕਿਆ। ਮੌਜੂਦਾ ਸਰਕਾਰ ਨੇ ਵੀ ਆਪਣੇ ਸ਼ੁਰੂਆਤੀ ਮਹੀਨਿਆ ਵਿਚ ਸੂਬੇ ਨੂੰ ਕਾਨੂੰਨ ਅਤੇ ਸੁਰੱਖਿਆ ਦੇ ਪੱਖ ਤੋਂ ਵਿਕਾਸਮੁਖੀ ਦਿਸ਼ਾ ਵੱਲ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਜਿਹੇ ਨਿੱਜੀ ਹਿਤਾਂ ਨੇ ਤੇਜ਼ੀ ਨਾਲ ਕੁਝ ਗੈਰ-ਕਾਨੂੰਨੀ ਕਾਰਵਾਈਆਂ ਕੀਤੀਆਂ ਅਤੇ ਇੱਥੋਂ ਤੱਕ ਕਿ ਨਿਆਂਪਾਲਿਕਾ ਦੀ ਵਰਤੋਂ ਕਰਕੇ ਪੰਜਾਬ ਨੂੰ ਮੁੜ ਤੋਂ ਕਾਨੂੰਨ ਅਤੇ ਸੁਰੱਖਿਆ ਨਾਲ ਸੰਬੰਧਿਤ ਕੇਂਦਰ ਵਿਚ ਤਬਦੀਲ ਕਰ ਦਿੱਤਾ। ਪੰਜਾਬ ਸਰਕਾਰ ਨੇ ਪੰਜਾਬ ਦੀ ਸੁਰੱਖਿਆ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਹਰ ਸਾਲ ਹੋਰ ਪੁਲਿਸ ਮੁਲਾਜ਼ਮਾਂ ਦੀ ਭਰਤੀ ਕਰਨ ਦਾ ਐਲਾਨ ਕੀਤਾ ਹੈ। ਖਜ਼ਾਨੇ ਨੂੰ ਭਰਨ ਦੇ ਸਾਰੇ ਦਾਅਵਿਆਂ ਦੇ ਬਾਵਜੂਦ, ਮੌਜੂਦਾ ਸਰਕਾਰ ਨੇ ਵੀ ਸਾਲ 2022-23 ਦੇ ਮਾਲੀਏ ਘਾਟੇ ਦੇ ਟੀਚੇ 12553.80 ਕਰੋੜ ਰੁਪਏ ਦੇ ਮੁਕਾਬਲੇ ਪਹਿਲੇ 9 ਮਹੀਨਿਆਂ ਵਿੱਚ ਹੀ ਮਾਲੀਆ ਘਾਟਾ 15 348.55 ਕਰੋੜ ਰੁਪਏ ਹੋ ਗਿਆ ਹੈ।

ਪਿਛਲੀ ਸਰਕਾਰ ਨੇ ਵੀ ਆਪਣੇ ਪਿਛਲੇ ਤਿੰਨ ਸਾਲਾਂ ਵਿੱਚ ਹਰ ਸਾਲ ਸੂਬੇ ਸਿਰ 35201.87 ਕਰੋੜ ਰੁਪਏ ਦਾ ਕਰਜ਼ਾ ਚੜ੍ਹਾਇਆ ਹੈ। ਇਸੇ ਸਮੇਂ ਦੌਰਾਨ ਲਏ ਕਰਜ਼ੇ ਨੂੰ ਵਾਪਸ ਕਰਨ ਲਈ ਹਰ ਸਾਲ 18209.8 ਕਰੋੜ ਰੁਪਏ ਵਿਆਜ ਅਤੇ 14257.98 ਕਰੋੜ ਰੁਪਏ ਮੂਲ, ਭਾਵ ਕੁੱਲ 32467.78 ਕਰੋੜ ਰੁਪਏ ਖ਼ਰਚ ਕੀਤੇ। ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਹਰ ਸਾਲ ਸਰਕਾਰ ਨੂੰ ਸ਼ੁੱਧ ਕਰਜ਼ੇ ਦੇ ਰੂਪ ਵਿੱਚ ਕੇਵਲ 2734.09 ਕਰੋੜ ਰੁਪਏ ਹੀ ਪ੍ਰਾਪਤ ਹੋਏ ਜੋ ਕਿ ਸਾਲ ਵਿੱਚ ਲਏ ਕੁੱਲ ਕਰਜ਼ੇ ਦਾ 7.8 ਪ੍ਰਤੀਸ਼ਤ ਹੀ ਹੈ ਅਤੇ ਬਾਕੀ 92.2 ਪ੍ਰਤੀਸ਼ਤ ਪਿਛਲਾ ਕਰਜ਼ਾ ਉਤਾਰਨ ਲਈ ਖ਼ਰਚ ਕੀਤਾ ਗਿਆ। ਇਹ ਵਰਤਾਰਾ ਦਰਸਾਉਂਦਾ ਹੈ ਕਿ ਸੂਬਾ ਕਿਸ ਕਦਰ ਤੱਕ ਕਰਜ਼ੇ ਦੇ ਚੱਕਰਵਿਊ ਵਿੱਚ ਫਸ ਚੁੱਕਾ ਹੈ। ਉਪਰੋਕਤ ਤੱਥ ਬਿਲਕੁਲ ਸਪੱਸ਼ਟ ਕਰਦੇ ਹਨ ਕਿ ਪੰਜਾਬ ਕਰਜ਼ੇ ਵਿੱਚ ਡੁੱਬ ਚੁੱਕਾ ਹੈ ਅਤੇ ਅਜਿਹੀ ਸਥਿਤੀ ਅਤੇ ਹਾਲਾਤ ਵਿੱਚ ਸੂਬੇ ਦੇ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੂੰ ਮੁੜ ਸੁਰਜੀਤ ਕਰਨਾ ਸੌਖਾਲਾ ਨਹੀਂ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਧੀਮੇ ਵਿਕਾਸ ਅਤੇ ਕਰਜ਼ੇ ਦੇ ਜਾਲ ਵਿਚੋਂ ਨਿਕਲ ਸਕਦਾ ਹੈ ਕਿ ਨਹੀਂ ? ਇਸ ਦੇ ਜਵਾਬ ਲਈ ਸਰਕਾਰ ਦੀ ਮਾਲੀਆ ਵਧਾਉਣ ਦੀ ਸਮਰੱਥਾ ਦੀ ਗੱਲ ਕਰਨੀ ਜ਼ਰੂਰੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਪੰਜਾਬ ਸਰਕਾਰ ਲਗਾਤਾਰ ਕੁੱਲ ਰਾਜ ਘਰੇਲੂ ਉਤਪਾਦ ਦੇ 2 ਪ੍ਰਤੀਸ਼ਤ ਤੋਂ ਜ਼ਿਆਦਾ ਮਾਲੀਏ ਦੇ ਘਾਟੇ ਨੂੰ ਸਹਿ ਰਹੀ ਹੈ। ਇਹ ਘਾਟਾ 2018-19 ਵਿੱਚ 2.56 ਪ੍ਰਤੀਸ਼ਤ ਸੀ, ਜੋ 2020-21 ਵਿੱਚ ਵਧ ਕੇ 3.23 ਪ੍ਰਤੀਸ਼ਤ ਹੋ ਗਿਆ। ਚਾਲੂ ਵਿੱਤੀ ਸਾਲ (2022-23) ਵਿੱਚ ਰਾਜ ਦੀ ਕੁੱਲ ਆਮਦਨ ਪ੍ਰਾਪਤੀ ਦੇ ਟੀਚੇ ਦਾ ਦਸੰਬਰ 2022 ਤੱਕ ਕੇਵਲ 63 ਪ੍ਰਤੀਸ਼ਤ ਹਾਸਲ ਹੋਇਆ ਜਿਸ ਤੋਂ ਲੱਗਦਾ ਹੈ ਕਿ ਇਹ ਘਾਟਾ ਹੋਰ ਵਧੇਗਾ ਅਤੇ ਨਤੀਜੇ ਵਜੋਂ, ਕਰਜ਼ੇ ਦੀ ਪੰਡ ਹੋਰ ਭਾਰੀ ਹੋਵੇਗੀ। ਇਹ ਮੌਜੂਦਾ ਸਰਕਾਰ ਦੇ ਉਨ੍ਹਾਂ ਦਾਵਿਆਂ ਦੇ ਉਲਟ ਹੋਵੇਗਾ ਜੋ ਸੱਤਾ ਵਿਚ ਆਉਣ ਲਈ ਕੀਤੇ ਗਏ ਸਨ। ਜੇਕਰ ਇਕੱਠੀਆਂ ਹੋਈਆਂ ਦੇਣਦਾਰੀਆਂ, ਸਰਕਾਰੀ ਖੇਤਰ ਵਿਚ ਨੌਕਰੀਆਂ ਪੈਦਾ ਕਰਨ ਦੇ ਵਾਅਦੇ, ਵਾਅਦਿਆਂ ਮੁਤਾਬਿਕ ਸਬਸਿਡੀਆਂ ਤੇ ਹੋਰ ਅਦਾਇਗੀਆਂ ਨੂੰ ਵੀ ਸ਼ਾਮਲ ਕਰ ਲਈਏ ਤਾਂ ਸਰਕਾਰ ਦਾ ਖ਼ਰਚਾ ਬਹੁਤ ਵਧ ਜਾਵੇਗਾ ਅਤੇ ਮਾਲੀਏ ਵਿਚ ਲੋੜੀਂਦਾ ਵਾਧਾ ਨਹੀਂ ਹੋਵੇਗਾ। ਸੂਬੇ ਦੀ ਅਜਿਹੀ ਨਿਰਾਸ਼ਾਜਨਕ ਸਥਿਤੀ ਦੇ ਬਾਵਜੂਦ, ਜੇਕਰ ਪੰਜਾਬ ਸਰਕਾਰ ਸੁਝਾਏ ਗਏ ਤਰੀਕਿਆਂ 'ਤੇ ਠੋਸ ਕਦਮ ਚੁੱਕੇ ਤਾਂ ਕਿ ਪੰਜਾਬ ਨੂੰ ਦੋਹਰੇ ਜਾਲ, ਭਾਵ ਧੀਮੇ ਵਿਕਾਸ ਅਤੇ ਕਰਜ਼ੇ ਦੇ ਜਾਲ ਵਿਚੋਂ ਕੱਢਿਆ ਜਾ ਸਕੇ। ਇਸ ਸੰਬੰਧੀ ਸੂਬਾ ਸਰਕਾਰ ਕੋਲ ਸਭ ਤੋਂ ਪਹਿਲਾ ਰਸਤਾ ਟੈਕਸ ਚੋਰੀ ਦੇ ਸਰੋਤਾਂ ਦੀ ਪਛਾਣ ਕਰਨਾ ਹੈ। ਇਹ ਕਰਨ ਲਈ ਸੰਸਥਾਵਾਂ ਨੂੰ ਚੁਸਤ-ਦਰੁਸਤ ਬਣਾਉਣ ਦੇ ਨਾਲ-ਨਾਲ ਅੰਦਰੂਨੀ ਨੀਤੀਆਂ ਬਣਾਉਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਨਾ ਪਵੇਗਾ। ਅਜਿਹਾ ਕਰਨ ਨਾਲ ਸੂਬੇ ਵਿੱਚ ਦਾਖਲ ਹੋਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੇ ਆਡਿਟ ਨਾਲ ਥੋਕ ਅਤੇ ਪ੍ਰਚੂਨ ਵਿਕਰੇਤਾਵਾਂ ਕੋਲੋਂ ਜੀ ਐਸ ਟੀ ਕੌਂਸਲ ਦੁਆਰਾ ਨਿਰਧਾਰਤ ਟੈਕਸ ਦਰਾਂ 'ਤੇ ਜਾਇਜ਼ ਮਾਲੀਆ ਵਸੂਲਣ ਲਈ ਮਦਦਗਾਰ ਹੋਵੇਗਾ। ਸੂਬੇ ਦਾ ਗੈਰ-ਟੈਕਸ ਮਾਲੀਆ ਜਿਹੜਾ ਕਿ ਇਸ ਸਦੀ ਦੇ ਪਹਿਲੇ ਦਹਾਕੇ ਦੌਰਾਨ 30 ਪ੍ਰਤੀਸ਼ਤ ਸੀ, ਹੁਣ 2021-22 ਵਿਚ ਘਟ ਕੇ ਕੇਵਲ 6 ਪ੍ਰਤੀਸ਼ਤ ਰਹਿ ਗਿਆ ਹੈ। ਗੈਰ-ਟੈਕਸ ਮਾਲੀਆ ਇਕ ਸੰਭਾਵੀ ਸਰੋਤ ਹੈ ਅਤੇ ਇਸ ਨੂੰ ਮੁੜ ਸੁਰਜੀਤ ਕਰਨਾ ਪਵੇਗਾ। ਅੱਜ-ਕੱਲ੍ਹ ਅਰਥ-ਵਿਵਸਥਾਵਾਂ ਸੰਪਤੀ ਆਧਾਰਿਤ ਆਮਦਨ ਤੋਂ ਗਿਆਨ ਆਧਾਰਿਤ ਆਮਦਨ ਵੱਲ ਤਬਦੀਲ ਹੋ ਰਹੀਆਂ ਹਨ ਸਰਕਾਰ ਨੂੰ ਵੀ ਨਵੀਨਤਾਕਾਰੀ ਹੋਣਾ ਚਾਹੀਦਾ ਹੈ

(ਬਾਕੀ ਸਫ਼ਾ 31 'ਤੇ)

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ 'ਚ 'ਨਿਊ ਵਰਲਡ ਆਰਡਰ'

ਡਾ. ਸਰਬਜੀਤ ਕੌਰ ਜੰਗ

ਭਾਗ- 10

## Chemtrails ਸਾਜ਼ਿਸ਼ ਥਿਊਰੀ ਦਾ ਸਿਧਾਂਤ

ਕੈਮਟਰੇਲ ਸਾਜ਼ਿਸ਼ ਸਿਧਾਂਤ ਤੋਂ ਭਾਵ ਅਸਮਾਨ ਵਿੱਚ ਬਨਾਉਟੀ ਬੱਦਲ ਬਣਾਉਣ ਤੋਂ ਹੈ ਜਿਸ ਨੂੰ ਬਣਾਉਣ ਦਾ ਕੋਈ ਸਪੱਸ਼ਟ ਕਾਰਨ ਪਤਾ ਨਹੀ ਚਲਦਾ ਪਰ ਇਕ ਵਿਸ਼ਵਾਸ ਅਨੁਸਾਰ ਕੈਮਟਰੇਲ ਉਚੇ-ਉੱਡਣ ਵਾਲੇ ਜਹਾਜ਼ਾਂ ਦੁਆਰਾ ਅਸਮਾਨ ਵਿੱਚ ਛੱਡੇ ਗਏ ਰਸਾਇਣਕ ਜਾਂ ਜੈਵਿਕ ਏਜੰਟ ਹੁੰਦੇ ਹਨ। ਇਸ ਸਾਜ਼ਿਸ਼ ਸਿਧਾਂਤ ਵਿੱਚ ਵਿਸ਼ਵਾਸ ਕਰਨ ਵਾਲੇ ਕਹਿੰਦੇ ਹਨ ਕਿ ਰਸਾਇਣਕ ਪਦਾਰਥ ਦਾ ਛਿੜਕਾਅ ਕਰਨ ਦਾ ਉਦੇਸ਼ ਸੂਰਜੀ ਰੇਡੀਏਸ਼ਨ ਪ੍ਰਬੰਧਨ, ਮੌਸਮ ਸੋਧ, ਮਨੋਵਿਗਿਆਨਕ ਹੇਰਾਫੇਰੀ, ਮਨੁੱਖੀ ਆਬਾਦੀ ਨਿਯੰਤਰਣ, ਜੈਵਿਕ ਜਾਂ ਰਸਾਇਣਕ ਯੁੱਧ, ਜਾਂ ਆਬਾਦੀ 'ਤੇ ਜੈਵਿਕ ਜਾਂ ਰਸਾਇਣਕ ਏਜੰਟਾਂ ਦੀ ਜਾਂਚ ਹੋ ਸਕਦਾ ਹੈ। ਕਿਹਾ ਜਾਂਦਾ ਹੈ ਕਿ ਟ੍ਰੇਲ ਸਾਹ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਰਹੇ ਹਨ ਪਰ ਇਸ ਦਾਅਵੇ ਨੂੰ ਵਿਗਿਆਨਕ ਭਾਈਚਾਰੇ ਨੇ ਖਾਰਜ ਕਰ ਦਿੱਤਾ ਹੈ। ਉਨ੍ਹਾਂ ਅਨੁਸਾਰ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਵਾਯੂਮੰਡਲ ਦੀਆਂ ਸਥਿਤੀਆਂ ਵਿੱਚ ਉੱਚ-ਉੱਡਣ ਵਾਲੇ ਜਹਾਜ਼ਾਂ ਦੁਆਰਾ ਨਿਯਮਿਤ ਤੌਰ 'ਤੇ ਛੱਡੇ ਗਏ ਪਾਣੀ-ਅਧਾਰਤ ਕੰਟਰੇਲਾਂ ਤੋਂ ਕਥਿਤ ਕੈਮਟਰੇਲ ਵੱਖਰੇ ਹੁੰਦੇ ਹਨ। ਹਾਲਾਂਕਿ ਸਮਰਥਕਾਂ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਰਸਾਇਣਕ ਛਿੜਕਾਅ ਵਾਪਰਦਾ ਹੈ, ਪਰ ਉਹਨਾਂ ਦੇ ਵਿਸ਼ਲੇਸ਼ਣ ਗਲਤ ਸਨ ਜਾਂ ਗਲਤ ਧਾਰਨਾਵਾਂ 'ਤੇ ਅਧਾਰਤ ਹਨ। ਸਾਜ਼ਿਸ਼ ਦੇ ਸਿਧਾਂਤ ਅਤੇ ਸਰਕਾਰੀ ਸ਼ਮੂਲੀਅਤ ਬਾਰੇ ਸਵਾਲਾਂ ਦੇ ਦ੍ਰਿੜਤਾ ਦੇ ਕਾਰਨ, ਦੁਨੀਆਂ ਭਰ ਦੇ ਵਿਗਿਆਨੀਆਂ ਅਤੇ ਸਰਕਾਰੀ ਏਜੰਸੀਆਂ ਨੇ ਵਾਰ-ਵਾਰ ਵਿਆਖਿਆ ਕੀਤੀ ਹੈ ਤੇ ਮੰਨਿਆਂ ਹੈ ਕਿ ਕੈਮਟਰੇਲ ਅਸਲ ਵਿੱਚ ਸਾਧਾਰਨ ਰੁਕਾਵਟਾਂ ਹਨ।

ਕੈਮਟਰੇਲ ਸ਼ਬਦ ਰਸਾਇਣਕ ਅਤੇ ਟ੍ਰੇਲ ਸ਼ਬਦਾਂ ਨੂੰ ਮਿਲਾਉਂਦਾ ਹੈ, ਜਿਵੇਂ ਕਿ ਕੰਟਰੇਲ ਸੰਘਣਾਪਣ ਅਤੇ ਟਰਾਈ ਨੂੰ ਮਿਲਾਉਂਦਾ ਹੈ। ਯੂਨਾਈਟਿਡ ਸਟੇਟਸ ਏਅਰ ਫੋਰਸ (USAF) ਦੁਆਰਾ 1996 ਵਿੱਚ ਮੌਸਮ ਦੇ ਬਦਲਾਅ ਬਾਰੇ ਇੱਕ ਰਿਪੋਰਟ ਪ੍ਰਕਾਸ਼ਿਤ ਕਰਨ ਤੋਂ ਬਾਅਦ ਕੈਮਟਰੇਲ ਸਾਜ਼ਿਸ਼ ਦੇ ਸਿਧਾਂਤ ਪ੍ਰਚਲਿਤ ਹੋਣੇ ਸ਼ੁਰੂ ਹੋ ਗਏ। ਰਿਪੋਰਟ ਦੇ ਬਾਅਦ, 1990 ਦੇ ਦਹਾਕੇ ਦੇ ਅਖੀਰ ਵਿੱਚ, USAF ਉੱਤੇ "ਅਸਾਧਾਰਨ ਕੰਟਰੇਲ ਪੈਟਰਨ ਪੈਦਾ ਕਰਦੇ ਹੋਏ" ਹਵਾਈ ਜਹਾਜ਼ ਤੋਂ "ਅਮਰੀਕਾ ਦੀ ਆਬਾਦੀ ਉਪਰ ਰਹੱਸਮਈ ਪਦਾਰਥਾਂ ਨਾਲ ਛਿੜਕਣ" ਦਾ ਦੋਸ਼ ਲਗਾਇਆ ਗਿਆ ਸੀ। ਵਿਲੀਅਮ ਥਾਮਸ ਅਤੇ 1999 ਵਿੱਚ ਸ਼ੁਰੂ ਹੋਏ, ਦੇਰ ਰਾਤ ਦੇ ਰੇਡੀਓ ਹੋਸਟ ਆਰਟ ਬੈੱਲ ਦੁਆਰਾ ਪ੍ਰਸਿੱਧ ਕੀਤੇ ਗਏ ਕਈ ਸਾਜ਼ਿਸ਼ ਸਿਧਾਂਤਾਂ ਵਿੱਚੋਂ ਇੱਕ ਸਨ। ਅਫਵਾਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨ ਵਾਲੀ ਇੱਕ ਰਿਪੋਰਟ ਬਹੁ-ਏਜੰਸੀ ਪ੍ਰਤੀਕਿਰਿਆ 2000 ਵਿੱਚ ਵਾਤਾਵਰਣ ਸੁਰੱਖਿਆ ਏਜੰਸੀ (ਈਪੀਏ), ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫਏਏ), ਨੈਸ਼ਨਲ ਐਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ (ਨਾਸਾ) ਅਤੇ ਨੈਸ਼ਨਲ ਓਸ਼ੀਅਨ ਐਂਡ ਐਟਮੌਸਫੇਰਿਕ ਐਡਮਨਿਸਟ੍ਰੇਸ਼ਨ (ਐਨਓਏਏ) ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸੀ। ਬਹੁਤ ਸਾਰੇ ਕੈਮਟਰੇਲ ਵਿਸ਼ਵਾਸੀਆਂ ਨੇ ਏਜੰਸੀ ਤੱਥ ਸ਼ੀਟਾਂ ਨੂੰ ਸਰਕਾਰੀ ਕਵਰ-ਅੱਪ ਦੀ ਮੌਜੂਦਗੀ ਦੇ ਹੋਰ ਸਬੂਤ ਵਜੋਂ ਵਿਆਖਿਆ ਕੀਤੀ।

ਕਿਸੇ ਜਹਾਜ਼ ਦੀ ਉਚਾਈ ਅਤੇ ਵਾਯੂਮੰਡਲ ਦੇ ਤਾਪਮਾਨ ਅਤੇ ਨਮੀ 'ਤੇ ਨਿਰਭਰ ਕਰਦੇ ਹੋਏ, ਕੰਟਰੇਲ ਆਪਣੀ ਮੋਟਾਈ, ਹੱਦ ਅਤੇ ਮਿਆਦ ਵਿੱਚ ਵੱਖ-ਵੱਖ ਹੋ ਸਕਦੇ ਹਨ। ਜੈੱਟ ਕੰਟਰੇਲ ਦੀ ਪ੍ਰਕਿਰਤੀ ਅਤੇ ਸਥਿਰਤਾ ਦੀ ਵਰਤੋਂ ਮੌਸਮ ਦੀ ਭਵਿੱਖਬਾਣੀ ਕਰਨ ਲਈ ਕੀਤੀ ਜਾ ਸਕਦੀ ਹੈ। ਇੱਕ ਪਤਲਾ, ਥੋੜ੍ਹੇ ਸਮੇਂ ਦਾ ਕੰਟਰੇਲ ਉੱਚ ਉਚਾਈ 'ਤੇ ਘੱਟ ਨਮੀ ਵਾਲੀ ਹਵਾ ਨੂੰ ਦਰਸਾਉਂਦਾ ਹੈ, ਜੋ ਕਿ ਸਹੀ ਮੌਸਮ ਦਾ ਸੰਕੇਤ ਹੈ, ਜਦੋਂ ਕਿ ਇੱਕ ਮੋਟਾ, ਲੰਬੇ ਸਮੇਂ ਤੱਕ ਚੱਲਣ ਵਾਲਾ ਕੰਟਰੇਲ ਉੱਚੀ ਉਚਾਈ 'ਤੇ ਨਮੀ ਵਾਲੀ ਹਵਾ ਨੂੰ ਦਰਸਾਉਂਦਾ ਹੈ ਅਤੇ ਤੂਫਾਨ ਦਾ ਸ਼ੁਰੂਆਤੀ ਸੂਚਕ ਹੋ ਸਕਦਾ ਹੈ। ਹਾਲੀਆ ਖੋਜਾਂ ਨੇ ਸੁਝਾਅ ਦਿੱਤਾ ਹੈ ਕਿ ਕੰਟਰੇਲ ਵਿੱਚ ਮੌਜੂਦ ਬਰਫ਼ ਦੇ ਬੱਦਲ ਗ੍ਰੀਨਹਾਉਸ ਪ੍ਰਭਾਵਾਂ ਦਾ ਕਾਰਨ ਬਣਦੇ ਹਨ ਅਤੇ ਵਾਤਾਵਰਣ ਵਿੱਚ ਨਮੀ ਅਤੇ ਗੈਸਾਂ ਦੇ ਇੰਸੂਲੇਟਿੰਗ ਕੰਬਲ ਦੇ ਹਿੱਸੇ ਵਜੋਂ ਗਲੋਬਲ ਵਾਰਮਿੰਗ ਵਿੱਚ ਯੋਗਦਾਨ ਪਾਉਂਦੇ ਹਨ।






'ਹਰਡ ਵਰਡ ਯੂਨੀਵਰਸਿਟੀਆਂ ਅਨੁਸਾਰ 'ਕੈਮਟਰੇਲ ਇਸ ਸਿਧਾਂਤ ਦਾ ਹਵਾਲਾ ਦਿੰਦਾ ਹੈ ਕਿ ਸਰਕਾਰਾਂ ਜਾਂ ਹੋਰ ਸ਼ਕਤੀਸ਼ਾਲੀ ਵਿਸ਼ਵ ਪਾਰਟੀਆਂ ਹਵਾਈ ਜਹਾਜ਼ਾਂ ਤੋਂ ਵਾਯੂਮੰਡਲ ਵਿੱਚ ਜ਼ਹਿਰੀਲੇ ਰਸਾਇਣਾਂ ਦਾ ਛਿੜਕਾਅ ਕਰਦੀਆਂ ਹਨ। ਜਿਸ ਨੂੰ ਇੱਕ ਗੁਪਤ ਪ੍ਰੋਗਰਾਮ ਦਾ ਨਾਮ ਦਿੱਤਾ ਗਿਆ ਹੈ, ਜੋ ਅਸਮਾਨ ਵਿੱਚ ਦਿਖਾਈ ਦੇਣ ਵਾਲੇ ਪਲੂਮ ਬਣਾਉਂਦੀਆਂ ਹਨ, ਜੋ ਕੁਝ ਹੱਦ ਤੱਕ ਕੰਟਰੇਲ ਦੇ ਸਮਾਨ ਦਿਖਾਈ ਦਿੰਦੇ ਹਨ। ਇਸ ਕਥਿਤ ਛਿੜਕਾਅ ਲਈ ਵੱਖ-ਵੱਖ ਪ੍ਰੇਰਣਾਵਾਂ ਤੋਂ ਅੰਦਾਜ਼ਾ ਲਗਾਇਆ ਗਿਆ ਹੈ, ਕਿ ਇਸ ਨਾਲ ਮਨੁੱਖੀ ਜੀਵਨ ਪ੍ਰਭਾਵਿਤ ਹੋਵੇਗਾ ਜਿਸ ਵਿੱਚ ਨਸਬੰਦੀ, ਉਮਰ ਨੂੰ ਘਟਾਉਣਾ, ਮਨ ਕੰਟਰੋਲ ਜਾਂ ਮੌਸਮ ਕੰਟਰੋਲ ਸ਼ਾਮਲ ਹੈ। ਹਰਡ ਵਰਡ ਯੂਨੀਵਰਸਿਟੀ ਆਪਣੀ ਰਿਪੋਰਟ ਵਿੱਚ ਸਪੱਸ਼ਟ ਕਰਦੀ ਹੈ ਕਿ ਅਸੀਂ ਕੋਈ ਭਰੋਸੇਯੋਗ ਸਬੂਤ ਨਹੀਂ ਦੇਖਿਆ ਹੈ ਕਿ ਕੈਮਟਰੇਲ ਮੌਜੂਦ ਹਨ। ਜੇਕਰ ਅਸੀਂ ਕੋਈ ਸਬੂਤ ਦੇਖਦੇ ਹਾਂ ਕਿ ਸਰਕਾਰਾਂ ਕੈਮਟਰੇਲ ਸਾਜ਼ਿਸ਼ ਵਿੱਚ ਕਥਿਤ ਤੌਰ 'ਤੇ ਆਪਣੇ ਹੀ ਨਾਗਰਿਕਾਂ ਨੂੰ ਖ਼ਤਰੇ ਵਿੱਚ ਪਾ ਰਹੀਆਂ ਹਨ, ਤਾਂ ਅਸੀਂ ਅਜਿਹੀਆਂ ਗਤੀਵਿਧੀਆਂ ਨੂੰ ਬੇਨਕਾਬ ਕਰਨ ਅਤੇ ਰੋਕਣ ਲਈ ਉਤਸੁਕ ਹੋਵਾਂਗੇ।



### ਐਲਬੇਡੋ ਸੋਧ 'ਤੇ ਖੋਜ

ਗਲੋਬਲ ਵਾਰਮਿੰਗ ਦਾ ਮੁਕਾਬਲਾ ਕਰਨ ਲਈ ਸਿਧਾਂਤਕ ਪ੍ਰਸਤਾਵਾਂ 'ਤੇ ਕੰਮ ਕਰਨ ਵਾਲਿਆਂ ਨੂੰ ਸੋਲਰ ਜੀਓਇੰਜੀਨੀਅਰਿੰਗ ਜਾਂ ਅਲਬੇਡੋ ਸੋਧ ਕਿਹਾ ਜਾਂਦਾ ਹੈ। ਇਹ ਉਹ ਤਕਨੀਕਾਂ ਹਨ ਜੋ ਲੋਕਾਂ ਨੂੰ ਧਰਤੀ ਦੇ ਵਾਯੂਮੰਡਲ ਵਿੱਚ ਸਮੱਗਰੀ ਜੋੜਨ ਦੇ ਯੋਗ ਬਣਾਉਂਦੀਆਂ ਹਨ ਤਾਂ ਜੋ ਪੁਲਾੜ ਵਿੱਚ ਥੋੜ੍ਹੀ ਹੋਰ ਸੂਰਜ ਦੀ ਰੌਸ਼ਨੀ ਨੂੰ ਪ੍ਰਤੀਬਿੰਬਤ ਕੀਤਾ ਜਾ ਸਕੇ ਅਤੇ ਗ੍ਰੀਨਹਾਉਸ ਗੈਸਾਂ ਦੇ ਕਾਰਨ ਜਲਵਾਯੂ ਪਰਿਵਰਤਨ ਨੂੰ ਅੰਸ਼ਕ ਤੌਰ 'ਤੇ ਘਟਾਇਆ ਜਾ ਸਕੇ।

ਸੂਰਜੀ ਜੀਓਇੰਜੀਨੀਅਰਿੰਗ ਦਾ ਅਧਿਐਨ ਬਹੁਤ ਸ਼ੁਰੂਆਤੀ ਪੜਾਵਾਂ ਵਿੱਚ ਹੈ ਅਤੇ ਇਸ ਦਾ ਵਿਸ਼ਾ ਜਲਵਾਯੂ ਨੀਤੀ ਦਾ ਇੱਕ ਬਹੁਤ ਹੀ ਵਿਵਾਦਪੂਰਨ ਖੇਤਰ ਹੈ ਕਿਉਂਕਿ ਜੇਕਰ ਇਸਨੂੰ ਕਦੇ ਵੀ ਵੱਡੇ ਪੈਮਾਨੇ 'ਤੇ ਪਰਖਿਆ ਗਿਆ ਜਾਂ ਲਾਗੂ ਕੀਤਾ ਗਿਆ ਤਾਂ ਇਸ ਵਿੱਚ ਭੌਤਿਕ ਜੋਖਮ ਸ਼ਾਮਲ ਹੋ ਸਕਦੇ ਹਨ ਅਤੇ ਗੰਭੀਰ ਸਮਾਜਿਕ-ਰਾਜਨੀਤਕ ਸੀਮਾ ਨੂੰ ਵਧਾ ਸਕਦੇ ਹਨ। ਹਾਲਾਂਕਿ, ਅਕਾਦਮਿਕ ਰਸਾਲਿਆਂ ਵਿੱਚ ਵਿਸ਼ੇ ਬਾਰੇ ਸੈਂਕੜੇ ਪ੍ਰਕਾਸ਼ਨਾਂ ਅਤੇ ਮੁੱਖ ਧਾਰਾ ਮੀਡੀਆ ਵਿੱਚ ਸੈਂਕੜੇ ਲੇਖਾਂ ਦੇ ਨਾਲ, ਅਲਬੇਡੋ ਸੋਧ ਦੇ ਅਧਿਐਨ ਬਾਰੇ ਕੁਝ ਵੀ ਗੁਪਤ ਨਹੀਂ ਹੈ, ਪਰ ਇਸ ਪਾਰਦਰਸ਼ਤਾ ਤੋਂ ਬਾਅਦ ਇਹ ਵੀ ਯਕੀਨੀ ਹੈ ਕਿ ਐਲਬੇਡੋ ਸੋਧ ਨੂੰ ਅਸਲ ਵਿੱਚ ਟੈਸਟ ਕਰਨ ਜਾਂ ਲਾਗੂ ਕਰਨ ਲਈ ਵਰਤਮਾਨ ਵਿੱਚ ਕੋਈ ਸਰਗਰਮ ਪ੍ਰੋਗਰਾਮ ਨਹੀਂ ਹੈ। ਇਹ ਪ੍ਰਯੋਗ ਸਿਰਫ਼ ਤਾਂ ਹੀ ਅੱਗੇ ਵਧੇਗਾ ਜੇਕਰ ਇਹ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਜਨਤਕ ਢੰਗ ਨਾਲ ਕੀਤਾ ਜਾਂਦਾ ਹੈ, ਅਤੇ ਸਿਰਫ਼ ਇੱਕ ਵਿਆਪਕ ਸੁਤੰਤਰ ਸੁਰੱਖਿਆ ਸਮੀਖਿਆ ਪਾਸ ਕਰਦਾ ਹੈ। ਪ੍ਰਯੋਗਾਤਮਕ ਯੋਜਨਾਵਾਂ, ਸੰਚਾਲਨ ਅਤੇ ਨਤੀਜੇ ਜਨਤਕ ਤੌਰ 'ਤੇ ਉਪਲਬਧ ਹੋਣਗੇ ਅਤੇ ਸੁਤੰਤਰ ਤੌਰ 'ਤੇ ਵਰਤੋਂ ਯੋਗ ਹੋਣਗੇ।

### Chemtrails ਦੀ ਮੌਜੂਦਗੀ ਲਈ ਕੋਈ ਸਬੂਤ ਨਹੀਂ ਹੈ

ਅਸਧਾਰਨ ਦਾਅਵਿਆਂ ਲਈ ਅਸਧਾਰਨ ਸਬੂਤ ਦੀ ਲੋੜ ਹੁੰਦੀ ਹੈ। ਇਹ ਦਾਅਵਾ ਕਿ ਹਵਾਈ ਜਹਾਜ਼ਾਂ ਤੋਂ ਸਮੱਗਰੀ ਛਿੜਕਣ ਦਾ ਇੱਕ ਵੱਡੇ ਪੱਧਰ ਦਾ ਅਸਾਧਾਰਣ ਗੁਪਤ ਪ੍ਰੋਗਰਾਮ ਹੈ। ਸਭ ਤੋਂ ਆਮ ਦਾਅਵਾ ਇਹ ਹੈ ਕਿ ਬਿਨਾਂ ਕਿਸੇ ਤੁਲਨਾਤਮਕ ਵਿਸ਼ਲੇਸ਼ਣ ਦੇ, ਹਵਾਈ ਜਹਾਜ਼ ਦੇ ਕੰਟਰੇਲ "ਵੱਖਰੇ" ਦਿਖਾਈ ਦਿੰਦੇ ਹਨ। ਇਹ ਕਹਿਣਾ ਮੰਨਣਯੋਗ ਹੈ ਕਿ ਪਰਦੇਸੀ ਜੀਵ ਲੋਕਾਂ ਦੇ ਭੇਸ ਵਿੱਚ ਘੁੰਮਦੇ ਹਨ ਕਿਉਂਕਿ ਕੁਝ ਲੋਕ ਬਹੁਤ ਅਜੀਬ ਢੰਗ ਨਾਲ ਕੰਮ ਕਰਦੇ ਹਨ।

ਜੇਕਰ ਵਰਣਨ ਕੀਤੇ ਗਏ ਪੈਮਾਨੇ 'ਤੇ ਹਵਾਈ ਜਹਾਜ਼ਾਂ ਤੋਂ ਡੰਪਿੰਗ ਸਮੱਗਰੀ ਨੂੰ ਅਸਲ ਵਿੱਚ ਇੱਕ ਵੱਡੇ ਪੱਧਰ ਦਾ ਪ੍ਰੋਗਰਾਮ ਹੁੰਦਾ, ਤਾਂ ਸਮੱਗਰੀ ਨੂੰ ਬਣਾਉਣ, ਲੋਡ ਕਰਨ ਅਤੇ ਖਿੰਡਾਉਣ ਲਈ ਇੱਕ ਵੱਡਾ ਓਪਰੇਟਿੰਗ ਪ੍ਰੋਗਰਾਮ ਹੋਣਾ ਚਾਹੀਦਾ ਸੀ। ਜੇਕਰ ਅਜਿਹਾ ਪ੍ਰੋਗਰਾਮ ਕੈਮਟਰੇਲ ਦੀ ਦਾਅਵਾ ਕੀਤੀ ਗਈ ਮਾਤਰਾ ਨੂੰ ਸਮਝਾਉਣ ਲਈ ਲੋੜੀਂਦੇ ਪੈਮਾਨੇ 'ਤੇ ਮੌਜੂਦ ਹੈ, ਤਾਂ ਇਸ ਲਈ ਹਜ਼ਾਰਾਂ ਲੋਕਾਂ ਦੀ ਲੋੜ ਹੋਵੇਗੀ।ਅਜਿਹੇ ਪ੍ਰੋਗਰਾਮ ਨੂੰ ਗੁਪਤ ਰੱਖਣਾ ਅਸਾਧਾਰਨ ਤੌਰ 'ਤੇ ਔਖਾ ਹੋਵੇਗਾ ਕਿਉਂਕਿ ਪ੍ਰੋਗਰਾਮ ਵਿਚਲੇ ਇਕੱਲੇ ਵਿਅਕਤੀ ਲਈ ਲੀਕ ਹੋਏ ਦਸਤਾਵੇਜ਼ਾਂ, ਤਸਵੀਰਾਂ ਜਾਂ ਅਸਲ ਹਾਰਡਵੇਅਰ ਦੀ ਵਰਤੋਂ ਕਰਕੇ ਇਸ ਨੂੰ ਪ੍ਰਗਟ ਕਰਨਾ ਬਹੁਤ ਆਸਾਨ ਹੋਵੇਗਾ। ਇਸ ਤੋਂ ਇਲਾਵਾ, ਜੇਕਰ ਅਜਿਹਾ ਪ੍ਰੋਗਰਾਮ ਉਹਨਾਂ ਦੇ ਸਾਥੀ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣ ਦਾ ਇਰਾਦਾ ਸੀ-ਜਿਵੇਂ ਕਿ ਉਹਨਾਂ ਲੋਕਾਂ ਦੁਆਰਾ ਦੋਸ਼ ਲਗਾਇਆ ਗਿਆ ਹੈ ਜੋ ਕੈਮਟਰੇਲ ਸਾਜ਼ਿਸ਼ ਵਿੱਚ ਵਿਸ਼ਵਾਸ ਕਰਦੇ ਹਨ — ਤਾਂ ਪ੍ਰੋਗਰਾਮ ਵਿੱਚ ਕੰਮ ਕਰਨ ਵਾਲੇ ਲੋਕਾਂ ਕੋਲ ਇਸ ਨੂੰ ਪ੍ਰਗਟ ਕਰਨ ਲਈ ਬਹੁਤ ਮਜ਼ਬੂਤ ਨਿੱਜੀ ਗੱਲਾਂ ਹੋਣਗੀਆਂ। ਜਰੂਰੀ ਨਹੀਂ ਕਿ ਸਰਕਾਰਾਂ ਹਮੇਸ਼ਾ ਸਹੀ ਕੰਮ ਕਰਨਗੀਆਂ, ਪਰ ਅਸੀਂ ਉਨ੍ਹਾਂ ਵਿਅਕਤੀਆਂ ਦੀ ਸਦਭਾਵਨਾ 'ਤੇ ਭਰੋਸਾ ਕਰਦੇ ਹਾਂ ਜੋ ਸਰਕਾਰੀ ਮਾੜੇ ਕੰਮਾਂ ਦਾ ਪਰਦਾਫਾਸ਼ ਕਰਦੇ ਹੋਏ ਜੋਖਮ ਲੈਂਦੇ ਹਨ।

### ਉਹਨਾਂ ਲੋਕਾਂ ਲਈ ਟਿੱਪਣੀਆਂ ਜੋ Chemtrails ਵਿੱਚ ਵਿਸ਼ਵਾਸ ਕਰਦੇ ਹਨ

ਜੇ ਤੁਸੀਂ ਕੈਮਟਰੇਲ ਵਿੱਚ ਵਿਸ਼ਵਾਸ ਕਰਦੇ ਹੋ, ਤਾਂ ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਇੰਨੇ ਨਿਸ਼ਚਿਤ ਕਿਵੇਂ ਹੋ ਸਕਦੇ ਹੋ ਕਿ ਅਸਲ ਵਿੱਚ ਇੱਕ ਵੱਡੀ ਸਾਜ਼ਿਸ਼ ਹੈ। ਇੰਟਰਨੈੱਟ ਉਹਨਾਂ ਲੋਕਾਂ ਨਾਲ ਭਰਿਆ ਹੋਇਆ ਹੈ ਜੋ ਉਹਨਾਂ ਚੀਜ਼ਾਂ ਬਾਰੇ ਪੂਰੀ ਤਰ੍ਹਾਂ ਯਕੀਨ ਰੱਖਦੇ ਹਨ, ਜੋ ਸੱਚ ਨਹੀਂ ਹੈ। ਯਾਦ ਰੱਖੋ ਕਿ ਜਦੋਂ ਕਿ ਸਰਕਾਰਾਂ ਭੇਦ ਰੱਖ ਸਕਦੀਆਂ ਹਨ, ਜਿਸ ਵਿੱਚ ਸਿਰਫ ਕੁਝ ਲੋਕ ਸ਼ਾਮਲ ਹੁੰਦੇ ਹਨ, ਉਹ ਵੱਡੇ ਪੱਧਰ ਦੇ ਪ੍ਰੋਗਰਾਮਾਂ ਨੂੰ ਗੁਪਤ ਰੱਖਣ ਵਿੱਚ ਵੀ ਕਾਮਯਾਬ ਹੁੰਦੀਆਂ ਹਨ। ਉਦਾਹਰਨ ਲਈ ਰੂਸ ਪਹਿਲੇ ਪ੍ਰਮਾਣੂ ਹਥਿਆਰਾਂ ਦੇ ਪ੍ਰੀਖਣ ਤੋਂ ਪਹਿਲਾਂ ਮੈਨਹਟਨ ਪ੍ਰੋਜੈਕਟ ਬਾਰੇ ਖਾਸ ਵੇਰਵੇ ਰੱਖਦਾ ਸੀ ਅਤੇ ਇਹ ਇੱਕ ਅਜਿਹਾ ਕੇਸ ਸੀ ਜਿਸ ਵਿੱਚ ਸ਼ਾਮਲ ਲੋਕਾਂ ਨੂੰ ਗੁਪਤ ਰੱਖਣ ਲਈ ਇੱਕ ਸਪੱਸ਼ਟ ਦੇਸ਼ਭਗਤੀ ਦੀ ਪ੍ਰੇਰਣਾ ਦਿੱਤੀ ਗਈ ਸੀ।

ਜੇਕਰ ਤੁਸੀਂ ਸੋਚਦੇ ਹੋ ਕਿ ਏਅਰਕ੍ਰਾਫਟ ਕੰਟ੍ਰੇਲ "ਵੱਖਰਾ ਦਿਖਾਈ ਦਿੰਦਾ ਹੈ" ਜਾਂ "ਅਜੀਬ ਢੰਗ ਨਾਲ ਵਿਵਹਾਰ" ਕਰ ਰਿਹਾ ਹੈ, ਤਾਂ ਵਿਚਾਰ ਕਰੋ ਕਿ ਨਿਯਮਤ ਏਅਰਕ੍ਰਾਫਟ ਕੰਡੈਂਸੇਸ਼ਨ ਟ੍ਰੇਲ (ਕੰਟਰੇਲ) ਕਈ ਵਾਰ ਲੰਬੇ ਸਮੇਂ ਤੱਕ ਚੱਲਣ ਵਾਲੇ ਹੁੰਦੇ ਹਨ ਅਤੇ ਉਹਨਾਂ ਦੇ ਦਿਖਾਈ ਦੇਣ ਦਾ ਤਰੀਕਾ ਅਚਾਨਕ ਬਦਲ ਸਕਦਾ ਹੈ ਕਿਉਂਕਿ ਜਹਾਜ਼ ਵੱਖ-ਵੱਖ ਤਾਪਮਾਨ ਵਾਲੇ ਖੇਤਰਾਂ ਵਿੱਚ ਉੱਡਦਾ ਹੈ। ਇਹ ਚੰਗੀ ਤਰ੍ਹਾਂ ਸਮਝਿਆ ਗਿਆ ਹੈ ਅਤੇ ਜ਼ਮੀਨੀ ਨਿਰੀਖਣ ਦੁਆਰਾ ਅਤੇ ਕਈ ਦਹਾਕਿਆਂ ਤੋਂ ਹਜ਼ਾਰਾਂ ਲੋਕਾਂ ਦੁਆਰਾ ਕੀਤੀ ਗਈ ਵਿਗਿਆਨਕ ਖੋਜ ਦੁਆਰਾ ਪ੍ਰਦਰਸ਼ਿਤ ਕੀਤਾ ਗਿਆ ਹੈ। ਬੇਸ਼ੱਕ ਇਹ ਸੰਭਵ ਹੈ ਕਿ ਕੁਝ ਹੋਰ ਚੱਲ ਰਿਹਾ ਹੈ, ਪਰ ਇਸ ਨੂੰ ਸਾਬਤ ਕਰਨ ਲਈ ਕਿਸੇ ਨਾ ਕਿਸੇ ਅਜਿਹੀ ਚੀਜ਼ ਦੀਆਂ ਸਧਾਰਨ ਤਸਵੀਰਾਂ ਤੋਂ ਵੱਧ ਦੀ ਲੋੜ ਪਵੇਗੀ ਜੋ ਆਮ ਕੰਟਰੇਲ ਨਾਲ ਪੂਰੀ ਤਰ੍ਹਾਂ ਇਕਸਾਰ ਦਿਖਾਈ ਦਿੰਦੀ ਹੈ।

(ਚਲਦਾ )

# ਚੋਣ ਸੁਧਾਰਾਂ ਲਈ ਇਕਮੱਤ ਹੋਣ ਸੁਪਰੀਮ ਕੋਰਟ, ਸੰਸਦ ਅਤੇ ਸਿਆਸੀ ਪਾਰਟੀਆਂ

## ਸੁਪਰੀਮ ਕੋਰਟ, ਸਿਆਸੀ ਪਾਰਟੀਆਂ ਤੇ ਸੰਸਦ ਦੇ ਯਤਨਾਂ ਬਿਨਾਂ ਚੋਣ-ਸੁਧਾਰ ਅਸੰਭਵ

## ਆਪਣੇ ਲੋਕਤੰਤਰੀ ਆਦਰਸ਼ ਤੋਂ ਬਹੁਤ ਪਿੱਛੇ ਹੈ ਭਾਰਤੀ ਚੋਣ ਪ੍ਰਣਾਲੀ



ਅਭੈ ਕੁਮਾਰ ਦੂਬੇ

ਚੋਣ ਕਮਿਸ਼ਨ ਦਾ ਗਠਨ ਕਰਨ ਸੰਬੰਧੀ ਨਿਯਮਾਂ ਵਿੱਚ ਤਬਦੀਲੀ ਕਰ ਕੇ ਸੁਪਰੀਮ ਕੋਰਟ ਨੇ ਇਕ ਵਾਰ ਫਿਰ ਚੋਣ ਸੁਧਾਰਾਂ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਹੈ। ਕਿਸੇ ਵੀ ਲੋਕਤੰਤਰ ਲਈ 73 ਸਾਲ ਦੀ ਉਮਰ ਘੱਟ ਨਹੀਂ ਹੁੰਦੀ। ਸਾਨੂੰ ਆਪਣੇ ਆਪ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਸੁਪਰੀਮ ਕੋਰਟ ਤੋਂ ਅਸੀਂ ਕਦੋਂ ਤੱਕ ਉਹ ਕੰਮ ਕਰਨ ਦੀ ਉਮੀਦ ਕਰਦੇ ਰਹਾਂਗੇ, ਜਿਸ ਨੂੰ ਕਰਨ ਦੀ ਜ਼ਿੰਮੇਵਾਰੀ ਦਰਅਸਲ ਸਾਡੀਆਂ ਸਰਕਾਰਾਂ, ਰਾਜਨੀਤਕ ਪਾਰਟੀਆਂ ਅਤੇ ਸੰਸਦ ਦੀ ਹੈ। ਹੁਣ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ (ਜੇਕਰ ਵਿਰੋਧੀ ਧਿਰ ਦਾ ਕੋਈ ਨੇਤਾ ਨਹੀਂ ਹੈ ਤਾਂ ਲੋਕ ਸਭਾ ’ਚ ਸਭ ਤੋਂ ਵੱਡੀ ਪਾਰਟੀ ਦਾ ਨੇਤਾ) ਅਤੇ ਚੀਫ਼ ਜਸਟਿਸ ਨੂੰ ਮਿਲਾ ਕੇ ਬਣੀ ਕਮੇਟੀ ਜਿਨ੍ਹਾਂ ਨਾਵਾਂ ਦੀ ਸਿਫ਼ਾਰਸ਼ ਕਰੇਗੀ, ਰਾਸ਼ਟਰਪਤੀ ਉਨ੍ਹਾਂ ’ਚੋਂ ਕਮਿਸ਼ਨ ਦੇ ਮੁਖੀ ਅਤੇ ਉਨ੍ਹਾਂ ਦੇ ਸਹਿਯੋਗੀ ਕਮਿਸ਼ਨਰਾਂ ਨੂੰ ਚੁਣਨਗੇ। ਸਾਨੂੰ ਸਾਰਿਆਂ ਨੂੰ ਉਮੀਦ ਹੋ ਗਈ ਹੈ ਕਿ ਇਸ ਨਵੀਂ ਪ੍ਰਕਿਰਿਆ ਨਾਲ ਇਹ ਕਮਿਸ਼ਨ ਜ਼ਿਆਦਾ ਖ਼ੁਦ-ਮੁਖਤਿਆਰ, ਸੁਤੰਤਰ ਅਤੇ ਸਰਕਾਰੀ ਦਬਾਵਾਂ ਤੋਂ ਮੁਕਤ ਬਣੇਗਾ। ਇਹ ਸਾਡੇ ਲੋਕਤੰਤਰ ਲਈ ਇਕ ਖ਼ੁਸ਼ਖ਼ਬਰੀ ਹੈ। ਜਿਵੇਂ ਕਿ ਸੰਵਿਧਾਨ ਦੀ ਧਾਰਾ 324 ’ਚ ਪਹਿਲਾਂ ਤੋਂ ਹੀ ਦਰਜ ਸੀ, ਇਹ ਵਿਵਸਥਾ ਉਦੋਂ ਤੱਕ ਚਲਦੀ ਰਹੇਗੀ, ਜਦੋਂ ਤੱਕ ਸੰਸਦ ਕਮਿਸ਼ਨ ਦੇ ਗਠਨ ਬਾਰੇ ਕਾਨੂੰਨ ਨਹੀਂ ਬਣਾ ਦਿੰਦੀ। ਇੱਥੇ ਸੋਚਣ ਦੀ ਗੱਲ ਇਹ ਹੈ ਕਿ ਜੇਕਰ ਸੰਸਦ ਪਿਛਲੇ 73 ਸਾਲਾਂ ’ਚ ਆਪਣੀ ਇਹ ਜ਼ਿੰਮੇਵਾਰੀ ਨਿਭਾ ਦਿੰਦੀ ਤਾਂ ਸੁਪਰੀਮ ਕੋਰਟ ਨੂੰ ਇਹ ਦਖ਼ਲਅੰਦਾਜ਼ੀ ਕਰਨ ਦੀ ਜ਼ਰੂਰਤ ਹੀ ਨਾ ਪੈਂਦੀ। ਜ਼ਾਹਿਰ ਹੈ ਕਿ ਨਾ ਇਸ ਸਰਕਾਰ ਨੇ ਅਤੇ ਨਾ ਹੀ ਕਿਸੇ ਹੋਰ ਸਰਕਾਰ ਨੇ ਇਸ ਬਾਰੇ ਪਹਿਲਕਦਮੀ ਕਰਨ ਦੀ ਕੋਸ਼ਿਸ਼ ਕੀਤੀ। ਇਹ ਹਾਲਤ ਚੋਣ ਕਮਿਸ਼ਨ ਦੇ ਗਠਨ ਦੀ ਹੀ ਨਹੀਂ ਹੈ, ਸਗੋਂ ਚੋਣ ਸੁਧਾਰਾਂ ਦੇ ਸਮੁੱਚੇ ਸਵਾਲਾਂ ਦੀ ਵੀ ਹੈ। ਚੋਣਾਂ ਲੋਕਤੰਤਰ ਦਾ ਪਹਿਲਾ ਅਤੇ ਜ਼ਰੂਰੀ ਪ੍ਰਗਟਾਵਾ ਹੈ। ਪਰ ਉਨ੍ਹਾਂ ਦੀ ਪ੍ਰਕਿਰਿਆ ਨੂੰ ਬਿਹਤਰ ਬਣਾਉਣ, ਚੋਣ ਦੀ ਪ੍ਰਣਾਲੀ ’ਚ ਸੁਧਾਰ ਲਿਆਉਣ, ਉਸ ’ਚ ਖ਼ਰਚ ਹੋਣ ਵਾਲੀ ਰਕਮ ਦੇ ਨਿਯਮਬੱਧ ਹੋਣ ’ਚ, ਉਸ ਦੇ ਉਪਰੋਂ ਬਾਹੂਬਲ-ਧਨਬਲ-ਜਾਤੀਬਲ ਦਾ ਰੁਤਬਾ ਹਟਾਉਣ ਦੇ ਮਾਮਲੇ ’ਚ ਦਿੱਤਾ ਗਿਆ ਹਰ ਸੁਝਾਅ ਸ਼ੁਰੂ ਤੋਂ ਹੀ ਠੰਢੇ ਬਸਤੇ ’ਚ ਪਾਇਆ ਜਾਂਦਾ ਰਿਹਾ ਹੈ। ਚੋਣ ਸੁਧਾਰਾਂ ਦੀ ਫਾਈਲ ਬਹੁਤ ਮੋਟੀ ਹੈ ਅਤੇ ਉਸ ਦੇ ਉੱਪਰ ਬਹੁਤ ਧੂੜ ਜਮ੍ਹਾਂ ਹੋ ਚੁੱਕੀ ਹੈ।

ਜ਼ਾਹਰ ਹੈ ਕਿ ਐੱਫ.ਟੀ.ਪੀ.ਟੀ. ਪ੍ਰਣਾਲੀ (ਵਧੇਰੇ ਵੋਟਾਂ ਲੈਣ ਵਾਲੇ ਨੂੰ ਜੇਤੂ ਕਰਾਰ ਦੇਣਾ) ਦੀਆਂ ਜ਼ਰੂਰੀ ਖ਼ਾਮੀਆਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਵੀ ਭਾਰਤੀ ਸੰਦਰਭ ’ਚ ਉਸ ਦੇ ਅੰਦਰ ਸੁਧਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਸਕਦੀਆਂ ਹਨ। ਇਸ ਜ਼ਰੂਰਤ ਵੱਲ ਸਭ ਤੋਂ ਪਹਿਲਾਂ 70 ਦੇ ਦਹਾਕੇ ’ਚ ਜੈਪ੍ਰਕਾਸ਼ ਨਾਰਾਇਣ ਦਾ ਧਿਆਨ ਗਿਆ ਸੀ। ਉਨ੍ਹਾਂ ਨੇ ਜਸਟਿਸ ਵੀ.ਐਮ. ਤਾਰਕੁੰਡੇ ਦੀ ਅਗਵਾਈ ’ਚ ਇਕ ਕਮੇਟੀ ਬਣਾਈ, ਜਿਸ ਦੀ ਰਿਪੋਰਟ 1975 ’ਚ ਸਾਹਮਣੇ ਆਈ। ਇਸ ਤੋਂ ਬਾਅਦ ਕਈ ਕਮੇਟੀਆਂ, ਕਮਿਸ਼ਨਾਂ ਅਤੇ ਅਧਿਐਨਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ, ਜਿਨ੍ਹਾਂ ਕਾਰਨ ਚੋਣ ਸੁਧਾਰਾਂ ਦਾ ਸਵਾਲ ਪਿਛਲੇ 35 ਸਾਲ ਤੋਂ ਹੀ ਵਾਦ-ਵਿਵਾਦ ਦੇ ਏਜੰਡੇ ’ਤੇ ਬਣਿਆ ਹੋਇਆ ਹੈ। 1990 ’ਚ ਦਿਨੇਸ਼ ਗੋਸਵਾਮੀ ਕਮੇਟੀ ਬਣਾਈ ਗਈ। 1998 ’ਚ ਇੰਦਰਜੀਤ ਗੁਪਤਾ ਕਮੇਟੀ ਨੇ ਮੁੱਖ ਤੌਰ ’ਤੇ ਚੋਣਾਂ ’ਚ ਖ਼ਰਚ ਹੋਣ ਵਾਲੇ ਧਨ ਦੀ ਸਮੱਸਿਆ ’ਤੇ ਵਿਚਾਰ ਕੀਤਾ। 1999 ’ਚ ਕਾਨੂੰਨ ਕਮਿਸ਼ਨ ਨੇ 170 ਪੰਨਿਆਂ ਦੀ ਰਿਪੋਰਟ ਜਾਰੀ ਕੀਤੀ, ਜਿਸ ’ਚ ਵਿਆਪਕ ਚੋਣ ਸੁਧਾਰਾਂ ਦੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਚੋਣ ਕਮਿਸ਼ਨ ਵੀ 80 ਦੇ ਦਹਾਕੇ ਤੋਂ ਹੀ ਚੋਣ ਸੁਧਾਰਾਂ ਲਈ ਤਰ੍ਹਾਂ-ਤਰ੍ਹਾਂ ਦੀਆਂ ਪਹਿਲਕਦਮੀਆਂ ਕਰਦਾ ਰਿਹਾ ਹੈ। ਸਰਬਉੱਚ ਅਦਾਲਤ ਦੇ ਕਈ ਫ਼ੈਸਲਿਆਂ ਨੇ ਵੀ ਕਈ ਪਹਿਲੂਆਂ ਨਾਲ ਚੋਣ-ਪ੍ਰਕਿਰਿਆ ਨੂੰ ਸੁਧਾਰਿਆ ਹੈ। ਵਿਰੋਧਾਭਾਸ ਇਹ ਹੈ ਕਿ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਚੋਣ ਪ੍ਰਕਿਰਿਆ ਨਾਲ ਧਨਬਲ, ਬਾਹੂਬਲ ਅਤੇ ਅਪਰਾਧੀਕਰਨ ਤੋਂ ਮੁਕਤ ਨਹੀਂ ਕੀਤਾ ਜਾ ਸਕਿਆ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਰਾਜਨੀਤਕ ਦਲਾਂ ਦੀ ਝਿਜਕ ਜਿਸ ਦੇ ਚਲਦਿਆਂ ਭਾਰਤੀ ਲੋਕਤੰਤਰ ਚੋਣ ਦੀਆਂ ਆਦਰਸ਼ ਬਣਤਰਾਂ ਤੋਂ ਦੂਰ ਬਣਿਆ ਹੋਇਆ ਹੈ। ਚੋਣ ਸੁਧਾਰਾਂ ਦੀ ਜ਼ਰੂਰਤ ਤੋਂ ਕੋਈ ਪਾਰਟੀ ਇਨਕਾਰ ਨਹੀਂ ਕਰਦੀ, ਪਰ ਤ੍ਰਾਸਦੀ ਇਹ ਹੈ ਕਿ ਛੋਟੀਆਂ-ਮੋਟੀਆਂ ਤਬਦੀਲੀਆਂ ਨੂੰ ਛੱਡ ਕੇ ਸ਼ਾਇਦ ਹੀ ਕਿਸੇ ਪਾਰਟੀ ਨੇ ਮੌਲਿਕ ਅਤੇ ਵਿਸਥਾਰਿਤ ਸੁਧਾਰਾਂ ਨੂੰ ਆਪਣੀ ਤਰਜੀਹ ਬਣਾਇਆ ਹੋਵੇ। ਹੋਰ ਤਾਂ ਹੋਰ ਉਨ੍ਹਾਂ ਨੇ ਵਿੱਚ-ਵਿਚ ਅਜਿਹੇ ਕਦਮ ਵੀ ਚੁੱਕੇ ਹਨ, ਜਿਨ੍ਹਾਂ ਨਾਲ ਸੁਧਾਰਾਂ ਦੀ ਪ੍ਰਕਿਰਿਆ ਨੂੰ ਧੱਕਾ ਤੱਕ ਲੱਗਿਆ ਹੈ।

ਜਨ ਪ੍ਰਤੀਨਿਧੀਤਵ ਕਾਨੂੰਨ ਦੀ ਧਾਰਾ 77 ਦੀ ਉਪ ਧਾਰਾ (1) ਦਾ ਸੰਬੰਧ ਚੋਣਾਂ ’ਚ ਹੋਣ ਵਾਲੇ ਖ਼ਰਚੇ ਨਾਲ ਹੈ। ਮੂਲ ਰੂਪ ’ਚ ਇਸ ਦਾ ਮਤਲਬ ਸੀ ਉਮੀਦਵਾਰ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਜਾਂ ਉਸ ਦੇ ਏਜੰਟਾਂ ਵਲੋਂ ਕੀਤੇ ਜਾਣ ਵਾਲੇ ਖ਼ਰਚੇ ਨੂੰ ਵੀ ਖ਼ਰਚ ਹੱਦ ਤਹਿਤ ਲਿਆਉਣਾ। ਖ਼ਰਚ ਹੱਦ ਦੇ ਉਲੰਘਣ ਦਾ ਅਰਥ ਸੀ ਚੋਣ ਲੜਨ ’ਤੇ ਛੇ ਸਾਲ ਦੀ ਪਾਬੰਦੀ। 1975 ’ਚ ਸੁਪਰੀਮ ਕੋਰਟ ਨੇ ਇਸ ਸੰਬੰਧ ’ਚ ਉੱਠੇ ਵਿਵਾਦ ’ਤੇ ਵਿਚਾਰ ਕਰ ਕੇ ਫ਼ੈਸਲਾ ਦਿੱਤਾ ਸੀ ਕਿ ਦੋਸਤਾਂ, ਏਜੰਟਾਂ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਕੀਤਾ ਜਾਣ ਵਾਲਾ ਖ਼ਰਚ ਵੀ ਉਮੀਦਵਾਰ ਵਲੋਂ ਕੀਤੇ ਜਾਣ ਵਾਲੇ ਖ਼ਰਚੇ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਸੁਪਰੀਮ ਕੋਰਟ ਦੀ ਗੱਲ ਮੰਨ ਲਈ ਜਾਂਦੀ ਤਾਂ ਚੋਣਾਂ ਨੂੰ ਧਨਬਲ ਦੇ ਜ਼ਰੀਏ ਪ੍ਰਭਾਵਿਤ ਕਰਨ ’ਤੇ ਕਾਫ਼ੀ ਹੱਦ ਤੱਕ ਰੋਕ ਲੱਗ ਸਕਦੀ ਸੀ। ਪਰ ਫ਼ੈਸਲਾ ਆਉਣ ਦੇ ਤੁਰੰਤ ਬਾਅਦ ਇਕ ਆਰਡੀਨੈਂਸ ਜਾਰੀ ਕਰ ਕੇ ਉਪ ਧਾਰਾ (1) ’ਚ ਇਕ ਵਾਕ ਜੋੜ ਕੇ ਇਸ ਨੂੰ ਬੇਅਸਰ ਕਰ ਦਿੱਤਾ ਗਿਆ। ਬਾਅਦ ’ਚ ਇਹ ਆਰਡੀਨੈਂਸ ਸੰਸਦ ਵਲੋਂ ਜਨ ਪ੍ਰਤੀਨਿਧਤਵ ਕਾਨੂੰਨ ’ਚ ਸੋਧ ਦੀ ਤਰ੍ਹਾਂ ਪਾਸ ਹੋ ਗਿਆ। ਇਸ ਤੋਂ ਬਾਅਦ ਸੁਪਰੀਮ ਕੋਰਟ ਕਈ ਵਾਰ ਆਪਣੇ ਨਿਰੀਖਣਾਂ ’ਚ ਸੰਸਦ ਨੂੰ ਅਪੀਲ ਕਰ ਚੁੱਕੀ ਹੈ ਕਿ ਉਹ ਇਸ ਮਸਲੇ ’ਤੇ ਇਸ ਤਰ੍ਹਾਂ ਦਾ ਕਾਨੂੰਨ ਬਣਾਏ, ਜਿਸ ਨਾਲ ਚੋਣਾਂ ’ਚ ਧਨਬਲ ਕਰਕੇ ਵਿਗਾੜ ਨਾ ਆਏ, ਪਰ ਅਜੇ ਤੱਕ ਸਾਡੇ ਕਾਨੂੰਨ ਘਾੜਿਆਂ ਦੇ ਕੰਨ ’ਤੇ ਜੂੰ ਵੀ ਨਹੀਂ ਸਰਕੀ। ਕਾਨੂੰਨ ਕਮਿਸ਼ਨ ਇੰਦਰਜੀਤ ਗੁਪਤਾ ਕਮੇਟੀ ਵਲੋਂ ਕੀਤੀ ਗਈ ਉਹ ਸਿਫ਼ਾਰਸ਼ ਮੰਨ ਚੁੱਕਾ ਹੈ, ਜਿਸ ’ਚ ਪ੍ਰਯੋਗਾਤਮਿਕ ਰੂਪ ਨਾਲ ਚੋਣਾਂ ਦੀ ਅਧੂਰੀ ਸਰਕਾਰੀ ਫੰਡਿੰਗ ਦਾ ਸੁਝਾਅ ਦਿੱਤਾ ਗਿਆ ਸੀ ਪਰ ਅਜੇ ਤੱਕ ਇਹ ਸਿਰਫ਼ ਸੁਝਾਅ ਦੀ ਸ਼ਕਲ ਵਿਚ ਹੀ ਹੈ।

ਇਸ ਦੀ ਥਾਂ ਜੋ ਲਾਗੂ ਕੀਤਾ ਗਿਆ ਹੈ, ਉਸ ਨੂੰ ਅਸੀਂ ਚੋਣ ਬਾਂਡ (ਇਲੈਕਟੋਰਲ ਬਾਂਡਜ਼) ਦੇ ਨਾਂਅ ਨਾਲ ਜਾਣਦੇ ਹਾਂ। ਪੰਜ ਸਾਲਾਂ ਤੋਂ ਚੱਲ ਰਹੀ ਫੰਡਿੰਗ ਦੀ ਇਸ ਪ੍ਰਣਾਲੀ ਤਹਿਤ ਹੁਣ ਤੱਕ 12 ਹਜ਼ਾਰ ਕਰੋੜ ਦੇ ਬਾਂਡ ਵਿਕ ਚੁੱਕੇ ਹਨ। ਸਿਆਸੀ ਪਾਰਟੀਆਂ ਨੇ ਇਸ ਤੋਂ ਖ਼ੂਬ ਲਾਹਾ ਲਿਆ ਹੈ। ਉਂਜ ਤਾਂ ਇਕ ਹਜ਼ਾਰ ਰੁਪਏ ਦਾ ਬਾਂਡ ਵੀ ਖ਼ਰੀਦਿਆ ਜਾ ਸਕਦਾ ਹੈ, ਪਰ ਸਭ ਤੋਂ ਵੱਧ ਹਰਮਨ ਪਿਆਰਾ ਬਾਂਡ ਇਕ ਕਰੋੜ ਰੁਪਏ ਦਾ ਹੈ। ਜ਼ਾਹਰ ਹੈ ਕਿ ਵੱਡੇ-ਵੱਡੇ ਉਦਯੋਗਪਤੀ ਹੀ ਇਹ ਬਾਂਡਜ਼ ਖ਼ਰੀਦਦੇ ਹਨ ਕਿਉਂਕਿ ਖ਼ਰੀਦਣ ਵਾਲੇ ਦੀ

(ਬਾਕੀ ਸਫ਼ਾ 31 ’ਤੇ)




# ਕੇਂਦਰੀ ਸਕੀਮਾਂ ਤੋਂ ਲਾਭ ਉਠਾਉਣ ਵਿੱਚ ਅਸਫ਼ਲ ਕਿਉਂ ਹਨ ਸੂਬੇ

## ਸੂਬਿਆਂ ਨੂੰ ਕੇਂਦਰੀ ਸਕੀਮਾਂ ਦਾ ਪੂਰਾ ਲਾਭ ਉਠਾਉਣ ਦੀ ਲੋੜ

ਡਾ. ਬਿਕਰਮ ਸਿੰਘ ਵਿਰਕ

ਸੂਬਾ ਸਰਕਾਰਾਂ ਨੂੰ ਪ੍ਰਾਪਤ ਹੋਣ ਵਾਲੇ ਮਾਲੀਏ ਵਿੱਚ ਉਸ ਦੇ ਆਪਣੇ ਕਰ ਅਤੇ ਗ਼ੈਰ-ਕਰ ਸੋਮਿਆਂ ਤੋਂ ਇਲਾਵਾ ਕੁਝ ਹਿੱਸਾ ਕੇਂਦਰ ਸਰਕਾਰ ਤੋਂ ਕੇਂਦਰੀ ਕਰਾਂ ਦੇ ਹਿੱਸੇ ਅਤੇ ‘ਗ੍ਰਾਂਟਸ ਇਨ ਏਡ’ ਵਜੋਂ ਵੀ ਪ੍ਰਾਪਤ ਹੁੰਦਾ ਹੈ ਕਿਉਂਕਿ ਸਾਡੇ ਦੇਸ਼ ਵਿੱਚ ਸੰਘੀ ਢਾਂਚਾ ਹੈ, ਇਸ ਕਾਰਨ ਕੁਝ ਟੈਕਸ ਕੇਂਦਰ ਅਤੇ ਕੁਝ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਇਸ ਵਕਤ ਭਾਰਤ ਵਿੱਚ ਕੇਂਦਰ ਸਰਕਾਰ ਕੋਲ ਟੈਕਸ ਉਗਰਾਹੇ ਜਾਣ ਦੇ ਸੋਮੇ ਸੂਬਾ ਸਰਕਾਰਾਂ ਦੇ ਮੁਕਾਬਲਤਨ ਵਧੇਰੇ ਹਨ, ਜਿਸ ਕਾਰਨ ਕੇਂਦਰ ਸਰਕਾਰ ਨੂੰ ਪੂਰੇ ਦੇਸ਼ ਵਿਚੋਂ ਇਕ ਵੱਡਾ ਮਾਲੀਆ ਟੈਕਸਾਂ ਦੇ ਰੂਪ ਵਿੱਚ ਹਾਸਿਲ ਹੋ ਜਾਂਦਾ ਹੈ। ਕੇਂਦਰ ਸਰਕਾਰ ਦੁਆਰਾ ਪੂਰੇ ਦੇਸ਼ ਵਿਚੋਂ ਇਕੱਤਰ ਹੋਣ ਵਾਲੇ ਮਾਲੀਏ ਨੂੰ ਫਿਰ ਸੂਬਾ ਸਰਕਾਰਾਂ ਵਿੱਚ ਕੁਝ ਅਧਾਰ ਬਣਾ ਕੇ ਵੰਡਿਆ ਜਾਂਦਾ ਹੈ ਜੋ ਕਿ ਕਾਫੀ ਵਿਸਥਾਰਤ ਅਮਲ ਹੁੰਦਾ ਹੈ ਅਤੇ ਸਮੇਂ ਸਮੇਂ ’ਤੇ ਬਣਾਏ ਜਾਣ ਵਾਲੇ ਵਿੱਤ ਕਮਿਸ਼ਨਾਂ ਵਲੋਂ ਇਸ ਵਿੱਚ ਵਾਧਾ ਘਾਟਾ ਹੁੰਦਾ ਰਹਿੰਦਾ ਹੈ। ਬਹੁਤ ਸਾਰੀਆਂ ਸੂਬਾ ਸਰਕਾਰਾਂ ਨੂੰ ਹਮੇਸ਼ਾ ਹੀ ਇਹ ਗਿਲਾ ਰਿਹਾ ਹੈ ਕਿ ਉਨ੍ਹਾਂ ਨਾਲ ਇਨ੍ਹਾਂ ਟੈਕਸਾਂ ਦੀ ਵੰਡ ਵੇਲੇ ਵਿਤਕਰਾ ਕੀਤਾ ਜਾਂਦਾ ਹੈ ਅਤੇ ਇਹ ਗੱਲ ਸਹੀ ਵੀ ਹੈ। ਪ੍ਰੰਤੂ ਹਥਲੇ ਲੇਖ ਦਾ ਵਿਸ਼ਾ ਇਸ ਬਹਿਸ ਵਿੱਚ ਪੈਣਾ ਨਹੀਂ ਬਲਕਿ ਇਕ ਹੋਰ ਮੁੱਦਾ ਹੈ ਕਿ, ਕੀ ਕੇਂਦਰ ਵਲੋਂ ਦਿੱਤੇ ਜਾਣ ਵਾਲੇ ਕੇਂਦਰੀ ਕਰਾਂ ਦੇ ਹਿੱਸੇ ਅਤੇ ‘ਗ੍ਰਾਂਟਸ ਇਨ ਏਡ’ ਖਰਚਣ ਲਈ ਕੀ ਸੂਬੇ ਆਜ਼ਾਦ ਹਨ ਜਾਂ ਫਿਰ ਉਨ੍ਹਾਂ ’ਤੇ ਵੀ ਕਿਸੇ ਤਰ੍ਹਾਂ ਦੀਆਂ ਸ਼ਰਤਾਂ ਹਨ?

ਇਸ ਵਿੱਚ ਜਿਥੋਂ ਤੱਕ ਤਾਂ ਕੇਂਦਰੀ ਕਰਾਂ ਵਿਚੋਂ ਮਿਲਣ ਵਾਲੇ ਹਿੱਸੇ ਦਾ ਸਵਾਲ ਹੈ ਤਾਂ ਉਹ ਤਾਂ ਸੂਬੇ ਦੇ ਆਪਣੇ ਕਰਾਂ ਤੋਂ ਹੋਣ ਵਾਲੇ ਮਾਲੀਏ ਵਾਂਗ ਹੀ ਹੈ ਜਿਸ ਨੂੰ ਸੂਬਾ ਸਰਕਾਰਾਂ ਆਪਣਾ ਮਾਲੀਆ ਸਮਝ ਕੇ ਮਰਜ਼ੀ ਨਾਲ ਖਰਚ ਕਰ ਸਕਦੀਆਂ ਹਨ। ਪ੍ਰੰਤੂ ਜਿੱਥੋਂ ਤੱਕ ‘ਗ੍ਰਾਂਟਸ ਇਨ ਏਡ’ ਦਾ ਸੰਬੰਧ ਹੈ, ਉਨ੍ਹਾਂ ਸੰਬੰਧੀ ਕੁਝ ਇਕ ਸ਼ਰਤਾਂ ਅਤੇ ਨਿਯਮ ਹਨ ਜਿਨ੍ਹਾਂ ਦੀ ਕਿ ਸੂਬਾ ਸਰਕਾਰਾਂ ਵਲੋਂ ਪਾਲਣਾ ਕਰਨ ਉਪਰੰਤ ਹੀ ਇਹ ਗ੍ਰਾਂਟ ਹਾਸਲ ਹੁੰਦੀ ਹੈ, ਵਰਨਾ ਇਹ ਕੇਂਦਰ ਸਰਕਾਰ ਵਲੋਂ ਜਾਰੀ ਨਹੀਂ ਕੀਤੀ ਜਾਂਦੀ।

**ਕੇਂਦਰੀ ਸਹਾਇਤਾ ਵਾਲੀਆਂ ਸਕੀਮਾਂ**

ਦੇਸ਼ ਦੇ ਸਮੁੱਚੇ ਵਿਕਾਸ ਲਈ ਕੇਂਦਰ ਸਰਕਾਰ ਵਲੋਂ ਸਾਰੇ ਹੀ ਸੂਬਿਆਂ ’ਚ ਕਈ ਪ੍ਰਕਾਰ ਦੀਆਂ ਵਿਕਾਸ ਸਕੀਮਾਂ ਚਲਾਈਆਂ ਜਾਂਦੀਆਂ ਹਨ, ਜਿਨ੍ਹਾਂ ਵਾਸਤੇ ਫੰਡ ਗ੍ਰਾਂਟ ਇਨ ਏਡ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ। ਗ੍ਰਾਂਟ ਇਨ ਏਡ ਤਹਿਤ ਚੱਲਣ ਵਾਲੀਆਂ ਇਨ੍ਹਾਂ ਸਕੀਮਾਂ ਨੂੰ ਅੱਗੇ ਦੋ ਹਿਸਿਆਂ ਵਿੱਚ ਵੰਡਿਆ ਜਾ ਸਕਦਾ ਹੈ, ਸੈਂਟਰਲ ਸੈਕਟਰ ਸਕੀਮਾਂ ਅਤੇ ਸੈਂਟਰਲੀ ਸਪਾਂਸਰਡ ਸਕੀਮਾਂ। ਸੈਂਟਰਲ ਸੈਕਟਰ ਸਕੀਮਾਂ ਤਹਿਤ ਸੌ ਫ਼ੀਸਦੀ ਫੰਡ ਕੇਂਦਰ ਸਰਕਾਰ ਵਲੋਂ ਗ੍ਰਾਂਟ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਨਿਯਮਾਂ ਅਨੁਸਾਰ ਖਰਚ ਸੂਬਾ ਸਰਕਾਰਾਂ ਕਰਦੀਆਂ ਹਨ। ਇਨ੍ਹਾਂ ਸਕੀਮਾਂ ਵਿੱਚ ਪ੍ਰਧਾਨ ਮੰਤਰੀ ਸੜਕ ਯੋਜਨਾ, ਮਿਡ ਡੇਅ ਮੀਲ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਵੱਛ ਭਾਰਤ ਮਿਸ਼ਨ ਆਦਿ 29 ਵੱਖ-ਵੱਖ ਸਕੀਮਾਂ ਹਨ। ਇਸ ਤੋਂ ਇਲਾਵਾ ਸੈਂਟਰਲੀ ਸਪਾਂਸਰਡ ਸਕੀਮਾਂ ਤਹਿਤ ਕੁਝ ਅਜਿਹੇ ਪ੍ਰੋਗਰਾਮ ਆਉਂਦੇ ਹਨ ਜਿਨ੍ਹਾਂ ਉਪਰ ਕੇਂਦਰ ਅਤੇ ਸੂਬਾ ਸਰਕਾਰ ਵਲੋਂ ਸਾਂਝੇ ਰੂਪ ਵਿੱਚ ਪੈਸੇ ਦਾ ਯੋਗਦਾਨ ਪਾ ਕੇ ਇਨ੍ਹਾਂ ਨੂੰ ਸਿਰੇ ਚਾੜ੍ਹਿਆ ਜਾਂਦਾ ਹੈ। ਕੇਂਦਰ ਸਰਕਾਰ ਵਲੋਂ ਵੱਖ-ਵੱਖ ਸੂਬਿਆਂ ਵਿੱਚ 65 ਦੇ ਕਰੀਬ ਸਕੀਮਾਂ ਉਪਰ ਆਪਣੇ ਸਾਲਾਨਾ ਬਜਟ ਦਾ ਕਰੀਬ 12 ਫ਼ੀਸਦੀ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਖ਼ਰਚ ਕੀਤਾ ਜਾਂਦਾ ਹੈ। ਇਨ੍ਹਾਂ ਪ੍ਰੋਗਰਾਮਾਂ ਵਿਚੋਂ ਕਈਆਂ ਵਿੱਚ ਕੇਂਦਰ ਅਤੇ ਸੂਬਾ ਸਰਕਾਰ ਦਾ ਯੋਗਦਾਨ ਕ੍ਰਮਵਾਰ 50:50, 70:30, 75:25, 60:40 ਅਤੇ 90:10 ਦੇ ਅਨੁਪਾਤ ਅਨੁਸਾਰ ਹੋ ਸਕਦਾ ਹੈ। ਉਦਾਹਰਨ ਦੇ ਤੌਰ ’ਤੇ ਉਚੇਰੀ ਸਿੱਖਿਆ ਵਿੱਚ ਮੁੱਢਲੇ ਢਾਂਚੇ ਦੇ ਵਿਕਾਸ ਅਤੇ ਸਿੱਖਿਆ ਦੇ ਮਿਆਰ ਨੂੰ ਬਿਹਤਰ ਬਣਾਉਣ ਲਈ ਰੂਸਾ ਪ੍ਰੋਗਰਾਮ-2013 ਅਧੀਨ ਖਰਚ ਕੀਤੀ ਜਾਣ ਵਾਲੀ ਰਾਸ਼ੀ ਵਿਚ ਕੇਂਦਰੀ ਪ੍ਰਸ਼ਾਸਤ ਖੇਤਰਾਂ ਵਿੱਚ ਕੇਂਦਰ ਸਰਕਾਰ 100 ਫ਼ੀਸਦੀ ਯੋਗਦਾਨ ਪਾਉਂਦੀ ਹੈ ਜਦਕਿ ਵਿਸ਼ੇਸ਼ ਕੈਟੇਗਰੀ ਸੂਬਿਆਂ (ਇਨ੍ਹਾਂ ਵਿਚ ਉੱਤਰ-ਪੂਰਬੀ ਸੂਬਿਆਂ ਤੋਂ ਇਲਾਵਾ ਪਹਾੜੀ ਇਲਾਕਿਆਂ ਵਾਲੇ ਅਤੇ ਪਛੜੇ ਸੂਬੇ ਸ਼ਾਮਿਲ ਹਨ) ਲਈ ਕੇਂਦਰ 90 ਫ਼ੀਸਦੀ ਆਮ ਸ਼੍ਰੇਣੀ ਦੇ ਸੂਬਿਆਂ, ਜਿਨ੍ਹਾਂ ਵਿੱਚ ਪੰਜਾਬ ਵੀ ਸ਼ਾਮਿਲ ਹੈ, ਲਈ 60 ਫ਼ੀਸਦੀ ਯੋਗਦਾਨ ਦਿੰਦੀ ਹੈ। ਬਾਕੀ ਦਾ ਹਿੱਸਾ ਸੂਬਿਆਂ ਵਲੋਂ ਆਪਣੇ ਕੋਲੋਂ ਪਾਇਆ ਜਾਂਦਾ ਹੈ।

**ਸੂਬਿਆਂ ਦੇ ਇਤਰਾਜ਼**

ਸਮਾਜਿਕ, ਆਰਥਿਕ, ਭਾਸ਼ਾਈ ਅਤੇ ਭੂਗੋਲਿਕ ਤੌਰ ’ਤੇ ਭਾਰਤ ਇਕ ਬਹੁਤ ਹੀ ਵਿਭਿੰਨ ਦੇਸ਼ ਹੈ ਅਤੇ ਇਸ ਦੇ ਅਨੇਕ ਹੀ ਸੂਬਿਆਂ ਵਿਚਲੇ ਵੱਖ-ਵੱਖ ਭੂਗੋਲਿਕ ਖੇਤਰਾਂ ਦੇ ਲੋਕਾਂ ਦੀਆਂ ਜ਼ਰੂਰਤਾਂ ਵੀ ਬਹੁਤ ਹੀ ਵਿਭਿੰਨ ਹਨ। ਇਸ ਲਈ ਅਨੇਕ ਸਕੀਮਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਹਰ ਸੂਬੇ ਵਿੱਚ ਇਕੋ ਤਰ੍ਹਾਂ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ। ਉਦਾਹਰਨ ਦੇ ਤੌਰ ’ਤੇ ਪੰਜਾਬ ਵਿੱਚ ਪੇਂਡੂ ਸੜਕਾਂ ਦਾ ਜਾਲ ਕਈ ਦਹਾਕੇ ਪਹਿਲਾਂ ਹੀ ਸੂਬਾ ਸਰਕਾਰਾਂ ਵਲੋਂ ਆਪਣੇ ਪੱਧਰ ਉਪਰ ਵਿਛਾ ਦਿੱਤਾ ਗਿਆ ਸੀ ਜਦਕਿ ਬਾਕੀ ਸੂਬਿਆਂ ਵਿੱਚ ਇਹ ਨਾ-ਮਾਤਰ ਹੈ। ਉਨ੍ਹਾਂ ਸੂਬਿਆਂ ਨੂੰ ਪ੍ਰਧਾਨ ਮੰਤਰੀ ਸੜਕ ਯੋਜਨਾ ਸਕੀਮ ਅਧੀਨ ਪੰਜਾਬ ਦੇ ਮੁਕਾਬਲਤਨ ਵਧੇਰੇ ਫਾਇਦਾ ਹੈ। ਇੰਜ ਹੀ ਕਈ ਹੋਰ ਸਕੀਮਾਂ ਵੀ ਹਨ। ਇਸ ਲਈ ਸੂਬਿਆਂ ਵਲੋਂ ਇਨ੍ਹਾਂ ਸਕੀਮਾਂ ਅਧੀਨ ਜਾਰੀ ਹੋਣ ਵਾਲੀ ਰਾਸ਼ੀ ਨੂੰ ਆਪਣੀ ਲੋੜ ਅਤੇ ਮਰਜ਼ੀ ਨਾਲ ਖਰਚ ਕੀਤੇ ਜਾਣ ਦੀ ਵਕਾਲਤ ਕੀਤੀ ਜਾਂਦੀ ਹੈ। ਪਰ ਦੂਸਰੇ ਪਾਸੇ ਤਸਵੀਰ ਦਾ ਇਕ ਪਹਿਲੂ ਇਹ ਵੀ ਹੈ ਕਿ ਜੇਕਰ ਸੂਬਿਆਂ ਨੂੰ ਅਜਿਹਾ ਕਰਨ ਦੀ ਖੁੱਲ੍ਹ ਦੇ ਦਿੱਤੀ ਜਾਵੇ ਤਾਂ ਉਹ ਇਨ੍ਹਾਂ ਸਕੀਮਾਂ ਅਧੀਨ ਮਿਲਣ ਵਾਲੇ ਪੈਸੇ ਨੂੰ ਮੁਫ਼ਤ ਸਹੂਲਤਾਂ ਦੇ ਰੂਪ ਵਿੱਚ ਵੰਡਣ ਜਾਂ ਹੋਰ ਖੱਬੇ-ਸੱਜੇ ਖਰਚ ਕੇ ਵਾਹ-ਵਾਹ ਖੱਟਣ ਅਤੇ ਅਗਲੀਆਂ ਚੋਣਾਂ ਵਿੱਚ ਜਿੱਤ ਯਕੀਨੀ ਬਣਾਉਣ ਲਈ ਵੀ ਵਰਤ ਦਿੰਦੀਆਂ ਹਨ। ਪਿਛਲੇ ਸਮੇਂ ਵਿੱਚ ਅਜਿਹੀਆਂ ਅਨੇਕ ਉਦਾਹਰਨਾਂ ਸਾਹਮਣੇ ਆਈਆਂ ਸਨ। ਇਸ ਲਈ ਕੇਂਦਰ ਸਰਕਾਰ ਵਲੋਂ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਜਾਰੀ ਕੀਤੀ ਜਾਣ ਵਾਲੀ ਰਕਮ ਤਦ ਹੀ ਜਾਰੀ ਕੀਤੀ ਜਾਂਦੀ ਹੈ ਜਦੋਂ ਸੂਬੇ ਵਲੋਂ ਵੀ ਆਪਣਾ ਹਿੱਸਾ ਪਾ ਦਿੱਤਾ ਜਾਂਦਾ ਹੈ ਅਤੇ ਪਹਿਲਾਂ ਜਾਰੀ ਕੀਤੀ ਗਈ ਗ੍ਰਾਂਟ ਦਾ ਵਰਤੋਂ ਸੰਬੰਧੀ ਸਰਟੀਫਿਕੇਟ ਦੇ ਦਿੱਤਾ ਜਾਂਦਾ ਹੈ। ਪਰ ਜਿਵੇਂ ਕਿ ਪਿਛਲੇ ਕੁਝ ਸਮੇਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸੂਬਿਆਂ ਕੋਲ ਫੰਡਾਂ ਦੀ ਘਾਟ ਹੋਣ ਕਾਰਨ ਕਈ ਸਕੀਮਾਂ ਵਿੱਚ ਉਹ ਆਪਣਾ ਯੋਗਦਾਨ ਪਾਉਣ ਤੋਂ ਖੁੰਝ ਜਾਂਦੇ ਹਨ, ਜਿਸ ਕਾਰਨ ਕੇਂਦਰ ਸਰਕਾਰ ਵਲੋਂ ਸੈਂਟਰਲੀ ਸਪਾਂਸਰਡ ਸਕੀਮ ਅਧੀਨ ਜਾਰੀ ਕੀਤੀ ਜਾਣ ਵਾਲੀ ਗ੍ਰਾਂਟ ਨਹੀਂ ਮਿਲਦੀ। ਇੰਜ ਜਿੱਥੇ

(ਬਾਕੀ ਸਫ਼ਾ 31 ’ਤੇ)

# ਸਿਆਟਲ ਮਗਰੋਂ ਟੋਰਾਂਟੋ ਵਿੱਚ ਨਸਲੀ ਵਿਤਕਰੇ ਵਿਰੁੱਧ ਹੋਇਆ ਮਤਾ ਪਾਸ

**➢ ਘੱਟ ਗਿਣਤੀ ਭਾਈਚਾਰੇ ਦੇ ਬੱਚਿਆਂ ਨੂੰ ਹੋਵੇਗਾ ਫ਼ਾਇਦਾ ➢ ਭਾਰਤ ਵਿੱਚ ਇਹ ਵਿਤਕਰਾ ਹਾਲੇ ਵੀ ਚੱਲ ਰਿਹਾ-ਬੋਰਡ ਟਰੱਸਟੀ ਯਾਲਿਨੀ ਰਾਜਕੁਲਾਸਿੰਘਮ**










ਟੋਰਾਂਟੋ - ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਨੇ ਮੰਨਿਆ ਕਿ ਸ਼ਹਿਰ ਦੇ ਸਕੂਲਾਂ ਵਿੱਚ ਨਸਲੀ ਵਿਤਕਰਾ ਮੌਜੂਦ ਹੈ। ਇਸ ਨੂੰ ਖ਼ਤਮ ਕਰਨ ਲਈ ਬੋਰਡ ਨੇ ਵੱਡਾ ਕਦਮ ਚੁੱਕਿਆ ਹੈ। ਬੋਰਡ ਨੇ ਸਮੱਸਿਆ ਦੇ ਹੱਲ ਲਈ ਸੂਬਾਈ ਮਨੁੱਖੀ ਅਧਿਕਾਰ ਸੰਸਥਾ ਦੀ ਮਦਦ ਲੈਣ ਦਾ ਫ਼ੈਸਲਾ ਕੀਤਾ ਹੈ। ਮਨੁੱਖੀ ਅਧਿਕਾਰ ਸੰਸਥਾ ਨੂੰ ਵੀ ਇਸ ਲਈ ਢਾਂਚਾ ਬਣਾਉਣ ਲਈ ਕਿਹਾ ਗਿਆ ਹੈ। ਬੋਰਡ ਨੇ ਟਰੱਸਟੀ ਯਾਲਿਨੀ ਰਾਜਕੁਲਾਸਿੰਘਮ ਦੁਆਰਾ ਪੇਸ਼ ਇੱਕ ਮਤਾ ਵੀ ਪਾਸ ਕੀਤਾ। 16 ਟਰੱਸਟੀਆਂ ਨੇ ਮਤੇ ਦੇ ਹੱਕ ਵਿੱਚ ਵੋਟ ਪਾਈ, ਜਦੋਂ ਕਿ ਪੰਜ ਨੇ ਇਸ ਦੇ ਵਿਰੋਧ ਵਿੱਚ ਵੋਟ ਪਾਈ। ਅਜਿਹਾ ਕਰਕੇ ਟੋਰਾਂਟੋ ਸਕੂਲ ਬੋਰਡ ਜਾਤੀ ਭੇਦਭਾਵ ਨੂੰ ਖ਼ਤਮ ਕਰਨ ਲਈ ਅਜਿਹਾ ਕਦਮ ਚੁੱਕਣ ਵਾਲਾ ਦੇਸ਼ ਦਾ ਪਹਿਲਾ ਬੋਰਡ ਬਣ ਗਿਆ ਹੈ।ਇਹ ਫੈਸਲਾ ਅਮਰੀਕਾ ਦੇ ਸ਼ਹਿਰ ਸਿਆਟਲ ਵੱਲੋਂ ਜਾਤੀ ਭੇਦਭਾਵ ਨੂੰ ਗੈਰਕਾਨੂੰਨੀ ਕਰਨ ਤੋਂ ਇੱਕ ਹਫਤਾ ਬਾਅਦ ਆਇਆ ਹੈ

**ਬੋਰਡ ਨੇ ਕਹੀਆਂ ਇਹ ਗੱਲਾਂ**

ਬੋਰਡ ਟਰੱਸਟੀ ਯਾਲਿਨੀ ਰਾਜਕੁਲਾਸਿੰਘਮ ਨੇ ਕਿਹਾ ਕਿ "ਇਹ ਕਦਮ ਖੇਤਰ ਵਿੱਚ ਦੱਖਣੀ ਏਸ਼ੀਆਈ ਡਾਇਸਪੋਰਾ, ਖਾਸ ਕਰਕੇ ਭਾਰਤੀ ਅਤੇ ਹਿੰਦੂ ਭਾਈਚਾਰਿਆਂ ਦੇ ਮਹੱਤਵਪੂਰਨ ਮੁੱਦੇ ਨੂੰ ਸੰਬੋਧਿਤ ਕਰਦਾ ਹੈ। ਭਾਰਤ ਦੀ ਜਾਤ ਪ੍ਰਣਾਲੀ ਸਮਾਜਿਕ ਵਿਤਕਰੇ ਦੇ ਵਿਸ਼ਵ ਦੇ ਸਭ ਤੋਂ ਪੁਰਾਣੇ ਰੂਪਾਂ ਵਿੱਚੋਂ ਇੱਕ ਹੈ। ਇਹ ਪ੍ਰਸਤਾਵ ਦਬੇ ਕੁਚਲੇ ਭਾਈਚਾਰਿਆਂ ਨੂੰ ਸ਼ਕਤੀ ਪ੍ਰਦਾਨ ਕਰੇਗਾ ਅਤੇ ਸੁਰੱਖਿਅਤ ਸਕੂਲ ਪ੍ਰਦਾਨ ਕਰੇਗਾ ਜੋ ਉਹਨਾਂ ਦੇ ਵਿਦਿਆਰਥੀ ਹੱਕਦਾਰ ਹਨ। ਉਹਨਾਂ ਕਿਹਾ ਕਿ ਭਾਰਤ ਵਿੱਚ ਕਰੀਬ 70 ਸਾਲ ਪਹਿਲਾਂ ਜਾਤੀ ਵਿਵਸਥਾ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ ਸੀ।ਹਾਲਾਂਕਿ ਕਈ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਇਹ ਵਿਤਕਰਾ ਹਾਲੇ ਵੀ ਚੱਲ ਰਿਹਾ ਹੈ।ਖੋਜ ਵਿੱਚ ਇਹ ਵੀ ਪਾਇਆ ਗਿਆ ਹੈ ਕਿ ਕਥਿਤ ਛੋਟੀਆਂ ਜਾਤਾਂ ਨਾਲ ਸਬੰਧਤ ਲੋਕ ਉਚ ਤਨਖਾਹ ਵਾਲੀਆਂ ਨੌਕਰੀਆਂ ਉਪਰ ਘੱਟ ਹੀ ਹਨ।

ਇਸ ਵਿਚ ਦੱਸਿਆ ਗਿਆ ਹੈ ਕਿ 2016 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਟੋਰਾਂਟੋ ਦੀ ਦੱਖਣੀ ਏਸ਼ੀਆਈ ਆਬਾਦੀ ਓਂਟਾਰੀਓ ਦੇ ਦੱਖਣੀ ਏਸ਼ੀਆਈਆਂ ਦਾ 84% ਹੈ ਅਤੇ ਦੱਖਣੀ ਏਸ਼ੀਆ ਅਤੇ ਕੈਰੇਬੀਅਨ ਦੇ ਵੱਖ-ਵੱਖ ਧਰਮਾਂ ਦੇ ਭਾਈਚਾਰਿਆਂ ਦੁਆਰਾ ਜਾਤ-ਆਧਾਰਿਤ ਜ਼ੁਲਮ ਦਾ ਅਨੁਭਵ ਕੀਤਾ ਜਾਂਦਾ ਹੈ।ਇਹ ਦਾਅਵਾ ਕਰਦੇ ਹੋਏ ਕਿ ਟੋਰਾਂਟੋ ਸਮੇਤ ਡਾਇਸਪੋਰਾ ਵਿੱਚ ਦਸਤਾਵੇਜ਼ੀ ਜਾਤ-ਆਧਾਰਿਤ ਵਿਤਕਰੇ ਵਿੱਚ ਵਾਧਾ ਹੋਇਆ ਹੈ, ਜਿਵੇਂ ਕਿ ਮਤਾ ਪਾਸ ਹੋਣ ਤੋਂ ਬਾਅਦ ਦਲਿਤ ਸਮੂਹਾਂ ਨੇ ਜਿੱਤ ਦਾ ਦਾਅਵਾ ਕੀਤਾ, ਹਿੰਦੂ ਸਮੂਹਾਂ ਨੇ ਵੀ ਸੋਧ ਨੂੰ ਉਜਾਗਰ ਕਰਕੇ ਜਿੱਤ ਦਾ ਦਾਅਵਾ ਕੀਤਾ।ਕੈਨੇਡੀਅਨ ਆਰਗੇਨਾਈਜ਼ੇਸ਼ਨ ਫਾਰ ਹਿੰਦੂ ਹੈਰੀਟੇਜ ਐਜੂਕੇਸ਼ਨ (ਸੀਓਐਚਐਚਈ) ਦੁਆਰਾ ਇਸ ਪ੍ਰਸਤਾਵ ਦੇ ਵਿਰੁੱਧ ਇੱਕ ਪ੍ਰਦਰਸ਼ਨ ਵੀ ਕੀਤਾ ਗਿਆ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਇਸ ਦੇ ਵਿਰੁੱਧ 5,000 ਤੋਂ ਵੱਧ ਦਸਤਖਤ ਵੀ ਇਕੱਠੇ ਕੀਤੇ ਹਨ। ਕੋਚੀ ਇਸ ਮੋਸ਼ਨ ਖ਼ਿਲਾਫ਼ ਇੱਕ ਮੁਹਿੰਮ ਦੀ ਅਗਵਾਈ ਕਰ ਰਿਹਾ ਹੈ। ਇਸਨੇ ਬਾਅਦ ਵਿੱਚ ਟਵੀਟ ਕੀਤਾ: ਇਹ ਇੱਕ ਜਿੱਤ ਹੈ।

ਰਾਜਕੁਲਾਸਿੰਘਮ ਨੇ ਕੈਨੇਡਾ ਦੇ ਸਭ ਤੋਂ ਵੱਧ ਆਬਾਦੀ ਵਾਲੇ ਸੂਬੇ ਓਂਟਾਰੀਓ ਦੇ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਟੋਰਾਂਟੋ ਦੇ ਸਕੂਲ ਬੋਰਡ ਵਿਚਕਾਰ ਭਾਈਵਾਲੀ ਦੀ ਮੰਗ ਕੀਤੀ। ਉਸਨੇ ਕਿਹਾ ਕਿ ਜਾਤੀ ਪ੍ਰਣਾਲੀ ਹਜ਼ਾਰਾਂ ਸਾਲ ਪੁਰਾਣੀ ਹੈ ਅਤੇ ਉਚ ਜਾਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਦਿੰਦੀ ਹੈ ਪਰ ਨੀਵੀਆਂ ਜਾਤਾਂ ਦਾ ਦਮਨ ਕਰਦੀ ਹੈ। ਦਲਿਤ ਭਾਈਚਾਰਾ ਹਿੰਦੂ ਜਾਤੀ ਪ੍ਰਣਾਲੀ ਦੇ ਸਭ ਤੋਂ ਹੇਠਲੇ ਪੱਧਰ 'ਤੇ ਕਾਬਜ਼ ਹੈ ਅਤੇ ਉਨ੍ਹਾਂ ਨੂੰ ਅਛੂਤ ਮੰਨਿਆ ਜਾਂਦਾ ਹੈ। 70 ਸਾਲ ਪਹਿਲਾਂ ਭਾਰਤ ਵਿੱਚ ਜਾਤੀ ਵਿਤਕਰਾ ਗੈਰ-ਕਾਨੂੰਨੀ ਸੀ, ਫਿਰ ਵੀ ਪੱਖਪਾਤ ਜਾਰੀ ਹੈ। ਹਾਲ ਹੀ ਦੇ ਸਾਲਾਂ ਵਿੱਚ ਕਈ ਅਧਿਐਨਾਂ ਦੇ ਅਨੁਸਾਰ ਉਚ-ਤਨਖ਼ਾਹ ਵਾਲੀਆਂ ਨੌਕਰੀਆਂ ਵਿੱਚ ਹੇਠਲੇ ਜਾਤਾਂ ਦੇ ਲੋਕਾਂ ਨੂੰ ਘੱਟ ਨੁਮਾਇੰਦਗੀ ਮਿਲੀ।

ਭਾਰਤ ਅਤੇ ਵਿਦੇਸ਼ਾਂ ਵਿੱਚ ਜਾਤੀ ਪ੍ਰਣਾਲੀ ਦੇ ਦਰਜੇਬੰਦੀ ਬਾਰੇ ਬਹਿਸ ਵਿਵਾਦਪੂਰਨ ਹੈ। ਇਸ ਮੁੱਦੇ ਨਾਲ ਧਰਮ ਜੁੜਿਆ ਹੋਇਆ ਹੈ। ਕੁਝ ਕਹਿੰਦੇ ਹਨ ਕਿ ਵਿਤਕਰਾ ਹੁਣ ਬਹੁਤ ਘੱਟ ਹੈ। ਚੋਟੀ ਦੀਆਂ ਭਾਰਤੀ ਯੂਨੀਵਰਸਿਟੀਆਂ ਵਿੱਚ ਦਲਿਤ ਜਾਤੀ ਦੇ ਵਿਦਿਆਰਥੀਆਂ ਲਈ ਸੀਟਾਂ ਰਾਖਵੀਆਂ ਕਰਨ ਦੀਆਂ ਭਾਰਤ ਸਰਕਾਰ ਦੀਆਂ ਨੀਤੀਆਂ ਨੇ ਹਾਲ ਹੀ ਦੇ ਸਾਲਾਂ ਵਿੱਚ ਪੱਛਮ ਵਿੱਚ ਬਹੁਤ ਸਾਰੀਆਂ ਜ਼ਮੀਨੀ ਤਕਨੀਕੀ ਨੌਕਰੀਆਂ ਵਿੱਚ ਮਦਦ ਕੀਤੀ ਹੈ। ਕਾਰਲਟਨ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਤੇ ਕੈਨੇਡਾ ਸਥਿਤ ਸਾਊਥ ਏਸ਼ੀਅਨ ਦਲਿਤ ਆਦਿਵਾਸੀ ਨੈਟਵਰਕ ਦੇ ਸਹਿ-ਸੰਸਥਾਪਕ ਚਿਨੰਈਆ ਜੰਗਮ ਨੇ ਕਿਹਾ ਕਿ ਇਹ ਇੱਕ ਇਤਿਹਾਸਕ ਪਲ ਹੈ। ਇਹ ਦੱਸਦਾ ਹੈ ਕਿ ਜਾਤ-ਪਾਤ ਅਸਲ ਵਿੱਚ ਪਾਇਆ ਜਾ ਰਿਹਾ ਹੈ ਅਤੇ ਟੋਰਾਂਟੋ ਦੇ ਸਕੂਲਾਂ ਵਿੱਚ ਵੀ ਮੌਜੂਦ ਹੈ।

# ਭਾਰਤ ਵਿੱਚ ਫੈਲ ਰਿਹਾ H3N2 ਵਾਇਰਸ

**➢ ਜ਼ੁਕਾਮ, ਹਲਕੀ ਖਾਂਸੀ, ਬੁਖ਼ਾਰ, ਸਰੀਰ ਵਿੱਚ ਦਰਦ ਅਤੇ ਸਿਰ ਦਰਦ ਇਸ ਦੇ ਲੱਛਣ ➢ ਇਸ ਕਾਰਨ ਖੰਘ ਅਤੇ ਦਰਦ ਤਿੰਨ ਹਫ਼ਤਿਆਂ ਤੱਕ ਰਹਿ ਸਕਦੇ ਨੇ ➢ ਮਾਹਿਰ ਡਾਕਟਰਾਂ ਦੀ ਹਦਾਇਤ ਖ਼ੁਰਾਕ ਵੱਲ ਧਿਆਨ ਦਿਓ, ਜ਼ਿਆਦਾ ਪਾਣੀ ਪੀਓ**

ਕੋਰੋਨਾ ਦੇ ਮਾਮਲਿਆਂ ਵਿੱਚ ਅਚਾਨਕ ਵਾਧੇ ਦੇ ਨਾਲ-ਨਾਲ H3N2 ਇਨਫਲੂਏਂਜ਼ਾ ਵਾਇਰਸ ਦੇ ਮਾਮਲੇ ਵੀ ਵਧੇ ਹਨ। ਕੇਂਦਰੀ ਸਿਹਤ ਮੰਤਰਾਲੇ ਨੇ ਬੀਤੇ ਦਿਨੀਂ H3N2 ਇਨਫਲੂਐਂਜ਼ਾ ਦੇ ਵਧਦੇ ਮਾਮਲਿਆਂ 'ਤੇ ਚਰਚਾ ਕਰਨ ਲਈ ਦੇਸ਼ ਦੇ ਪ੍ਰਮੁੱਖ ਹਸਪਤਾਲਾਂ ਦੇ ਚੋਟੀ ਦੇ ਸਿਹਤ ਮਾਹਿਰਾਂ ਨਾਲ ਮੀਟਿੰਗ ਕੀਤੀ।

ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਦੇ ਮੈਡੀਕਲ ਡਾਇਰੈਕਟਰ ਡਾਕਟਰ ਅਜੇ ਸ਼ੁਕਲਾ ਨੇ ਦੱਸਿਆ ਕਿ ਸਾਰੇ ਵਾਇਰਲ ਬੁਖ਼ਾਰ ਦੇ ਲੱਛਣ ਲਗਭਗ ਇੱਕੋ ਜਿਹੇ ਹੁੰਦੇ ਹਨ। ਇਸ ਕਾਰਣ ਜ਼ੁਕਾਮ, ਹਲਕੀ ਖਾਂਸੀ, ਬੁਖ਼ਾਰ, ਸਰੀਰ ਵਿੱਚ ਦਰਦ ਅਤੇ ਸਿਰ ਦਰਦ ਹੋ ਸਕਦਾ ਹੈ।

ਸ਼ੁਰੂਆਤ ਵਿੱਚ ਇਹ ਭਾਲਣਾ ਬਹੁਤ ਮੁਸ਼ਕਲ ਹੁੰਦਾ ਹੈ ਕਿ ਤੁਹਾਨੂੰ ਕਿਹੜਾ ਵਾਇਰਸ ਹੈ। ICMR ਨੇ ਹਾਲ ਹੀ ਵਿੱਚ ਆਪਣੇ ਅਧਿਐਨ ਵਿੱਚ ਪਾਇਆ ਹੈ ਕਿ ਲੋਕਾਂ ਵਿੱਚ ਮੌਜੂਦਾ ਸੰਕਰਮਣ ਜ਼ਿਆਦਾਤਰ H3N2 ਇਨਫਲੂਏਂਜ਼ਾ ਵਾਇਰਸ ਦਾ ਹੈ, ਨਾ ਕਿ ਕੋਰੋਨਾ ਦਾ। ਉਸਨੇ ਦੱਸਿਆ ਕਿ H3N2 ਵਾਇਰਸ ਅਜੇ ਵੀ ਹਵਾ ਵਿੱਚ ਮੌਜੂਦ ਹੈ, ਪਰ ਇਹ ਕੋਰੋਨਾ ਰੂਪ ਨਹੀਂ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਜਿਸ ਦਰ ਨਾਲ ਫਲੂ ਦੇ ਮਾਮਲੇ ਵਧੇ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਇਹ ਪੜਾਅ ਲੰਬੇ ਸਮੇਂ ਤੱਕ ਚੱਲੇਗਾ। ਇਸ ਦੇ ਲੱਛਣ ਜਿਵੇਂ ਕਿ ਖੰਘ ਅਤੇ ਦਰਦ ਤਿੰਨ ਹਫ਼ਤਿਆਂ ਤੱਕ ਰਹਿ ਸਕਦੇ ਹਨ। ਦੂਜੇ ਪਾਸੇ, ਮੌਸਮੀ ਬੁਖ਼ਾਰ ਅਤੇ ਖੰਘ ਆਮ ਤੌਰ 'ਤੇ ਲਗਭਗ ਪੰਜ ਤੋਂ ਸੱਤ ਦਿਨਾਂ ਤੱਕ ਰਹਿੰਦੀ ਹੈ।



ਫਲੂ ਦਾ ਵਾਇਰਸ ਬਦਲਦਾ ਰਹਿੰਦਾ ਹੈ। ਇਸ ਮੌਸਮ ਵਿੱਚ ਫਲੂ ਆਮ ਹੁੰਦਾ ਹੈ।

ਏਮਜ਼ ਦੇ ਸਾਬਕਾ ਡਾਇਰੈਕਟਰ ਡਾਕਟਰ ਰਣਦੀਪ ਗੁਲੇਰੀਆ ਦਾ ਕਹਿਣਾ ਹੈ ਕਿ ਇਹ ਇਨਫਲੂਐਂਜ਼ਾ ਵਾਇਰਸ ਕੋਵਿਡ ਵਰਗੀਆਂ ਬੂੰਦਾਂ ਰਾਹੀਂ ਫੈਲਦਾ ਹੈ। ਸਿਰਫ਼ ਉਨ੍ਹਾਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ, ਜਿਨ੍ਹਾਂ ਨੂੰ ਇਹ ਬਿਮਾਰੀ ਪਹਿਲਾਂ ਤੋਂ ਹੀ ਹੈ।

ਇਸ ਸਬੰਧੀ, ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਜਾਣਕਾਰੀ ਦੇਣ ਲਈ ਇੱਕ ਪਰਚਾ ਜਾਰੀ ਕੀਤਾ ਹੈ ਅਤੇ ਨਾਲ ਹੀ ਲੋਕਾਂ ਨੂੰ ਹਦਾਇਤ ਦਿੱਤੀ ਹੈ ਕਿ ਜੇਕਰ ਉਹ ਵਾਇਰਲ ਫਲੂ ਨਾਲ ਪੀੜਤ ਹਨ ਤਾਂ ਐਂਟੀਬਾਇਓਟਿਕਸ ਨਾ ਲੈਣ।

ਫਲੂ ਅਤੇ ਇਸ ਵਾਇਰਸ ਬਾਰੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਕੌਮੀ ਉਪ ਪ੍ਰਧਾਨ ਡਾ. ਸ਼ਿਵਕੁਮਾਰ ਉਤੁਰੇ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਵਾਇਰਲ ਇਨਫੈਕਸ਼ਨ ਆਮ ਹੈ ਅਤੇ ਹਰ ਸਾਲ ਫਰਵਰੀ ਵਿੱਚ ਮਰੀਜ਼ ਦੇਖੇ ਜਾਂਦੇ ਹਨ, ਇਹ ਵਾਇਰਸ ਹੁਣ ਬਦਲ ਗਿਆ ਹੈ। ਐੱਚ3ਐੱਨ2 ਵਾਇਰਸ ਕਾਰਨ ਖੰਘ ਹੁੰਦੀ ਹੈ ਜੋ ਘੱਟ-ਘੱਟ ਤਿੰਨ ਹਫ਼ਤਿਆਂ ਤੱਕ ਰਹਿੰਦੀ ਹੈ।ਇਸ ਕਾਰਨ ਮਰੀਜ਼ ਪ੍ਰੇਸ਼ਾਨ ਹਨ ਅਤੇ ਐਂਟੀਬਾਇਓਟਿਕਸ ਲੈ ਰਹੇ ਹਨ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਇਹ ਨੁਕਸਾਨਦੇਹ ਹੈ।ਇਰਲ ਇਨਫੈਕਸ਼ਨ ਲਈ ਐਂਟੀਬਾਇਓਟਿਕਸ ਨਾ ਲਓ। ਇਸ ਦਾ ਇਲਾਜ ਲੱਛਣ ਮੁਤਾਬਕ ਕੀਤਾ ਜਾਣਾ ਚਾਹੀਦਾ ਹੈ।

ਜੇਕਰ ਤੁਸੀਂ ਵਾਇਰਲ ਬੁਖਾਰ ਲਈ ਐਂਟੀਬਾਇਓਟਿਕਸ ਲੈਂਦੇ ਹੋ, ਤਾਂ ਵੀ ਐਂਟੀਬਾਇਓਟਿਕਸ ਦੂਜੀਆਂ ਬਿਮਾਰੀਆਂ ਲਈ ਕੰਮ ਨਹੀਂ ਕਰਨਗੇ ਕਿਉਂਕਿ ਬੈਕਟੀਰੀਆ ਇਸ ਦੀ ਆਦਤ ਪਾ ਲੈਂਦੇ ਹਨ, ਇਸ ਦਾ ਪ੍ਰਤੀਰੋਧ ਵਿਕਸਿਤ ਕਰਦੇ ਹਨ।

ਡਾ. ਸ਼ਿਵਕੁਮਾਰ ਉਤੁਰੇ ਅਨੁਸਾਰ ਇਸ ਵਾਇਰਸ ਦੇ ਆਮ ਲੱਛਣ ਹਨ ਬੁਖਾਰ, ਜ਼ੁਕਾਮ, ਖਾਂਸੀ, ਸਰੀਰ ਵਿੱਚ ਦਰਦ, ਕਮਜ਼ੋਰੀ, ਦਸਤ।ਜੇਕਰ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦੇਣ ਤਾਂ ਡਾਕਟਰ ਦੀ ਸਲਾਹ ਮੁਤਾਬਕ ਹੀ ਦਵਾਈ ਲੈਣੀ ਚਾਹੀਦੀ ਹੈ।ਜੇਕਰ ਤੁਹਾਨੂੰ ਦਸਤ ਜਾਂ ਕਮਜ਼ੋਰੀ ਹੈ, ਤਾਂ ਤੁਹਾਨੂੰ ਡਾਕਟਰ ਕੋਲ ਜਾਣਾ ਚਾਹੀਦਾ ਹੈ।

**ਧਿਆਨ ਰੱਖਣਯੋਗ ਗੱਲਾਂ ?**

ਡਾ. ਸ਼ਿਵਕੁਮਾਰ ਕਹਿੰਦੇ ਹਨ ਕਿ ਭਾਵੇਂ ਤੁਸੀਂ ਡਾਕਟਰ ਕੋਲ ਨਹੀਂ ਜਾਂਦੇ, ਇਹ ਯਕੀਨੀ ਬਣਾਓ ਕਿ ਤੁਸੀਂ ਕਾਫ਼ੀ ਪਾਣੀ ਪੀਓ।ਇੱਕ ਦਿਨ ਵਿੱਚ ਤਿੰਨ ਲੀਟਰ ਪਾਣੀ ਪੀਣਾ ਬਹੁਤ ਜ਼ਰੂਰੀ ਹੈ।ਭੀੜ ਵਿੱਚ ਜਾਣ ਤੋਂ ਬਚਣ ਦੀ ਲੋੜ ਹੈ। ਖੰਘ ਜ਼ਿਆਦਾ ਹੋਣ 'ਤੇ ਦੋ-ਤਿੰਨ ਦਿਨ ਵੀ ਦਫ਼ਤਰ ਨਾ ਜਾਓ। ਇਸ ਨਾਲ ਲਾਗ ਦੂਜਿਆਂ ਤੱਕ ਨਹੀਂ ਫੈਲੇਗੀ।ਜੇਕਰ



ਤੁਹਾਨੂੰ ਵਾਇਰਲ ਫਲੂ ਹੈ, ਤਾਂ ਇਹ ਸਭ ਤੋਂ ਵਧੀਆ ਇਹ ਹੈ ਕਿ ਤੁਸੀਂ ਕੁਝ ਦਿਨਾਂ ਲਈ ਘਰ ਵਿੱਚ ਆਰਾਮ ਕਰ ਸਕਦੇ ਹੋ। ਇਹ ਤੁਹਾਨੂੰ ਤੇਜ਼ੀ ਨਾਲ ਠੀਕ ਹੋਣ ਅਤੇ ਇਸ ਨੂੰ ਫੈਲਣ ਤੋਂ ਰੋਕਣ ਵਿੱਚ ਵੀ ਮਦਦ ਕਰੇਗਾ ਸਰਜੀਕਲ ਮਾਸਕ ਦੀ ਵਰਤੋਂ ਕਰਨਾ ਵਧੇਰੇ ਉਚਿਤ ਹੋਵੇਗਾ।ਤੁਹਾਨੂੰ ਪੌਸ਼ਟਿਕ ਅਤੇ ਸਹੀ ਖ਼ੁਰਾਕ ਖਾਣ ਦੀ ਲੋੜ ਹੈ। ਅਜਿਹਾ ਇਸ ਲਈ ਹੈ ਕਿਉਂਕਿ ਸਹੀ ਖਾਣਾ ਸਰੀਰ ਵਿੱਚ ਪ੍ਰਤੀਰੋਧਕ ਸ਼ਕਤੀ ਵਧਾ ਸਕਦੀ ਹੈ।ਸਰੀਰ ਦੀ ਇਮਿਊਨਿਟੀ ਜਾਂ ਪ੍ਰਤੀਰੋਧਕ ਸ਼ਕਤੀ ਵਾਇਰਸ ਨਾਲ ਲੜ ਰਹੀ ਹੁੰਦੀ ਹੈ। ਜੇਕਰ ਇਮਿਊਨਿਟੀ ਚੰਗੀ ਹੋਵੇ ਤਾਂ ਮਰੀਜ਼ ਜਲਦੀ ਠੀਕ ਹੋ ਸਕਦਾ ਹੈ। ਇਸ ਲਈ, ਖ਼ੁਰਾਕ ਵੱਲ ਧਿਆਨ ਦਿਓ।ਹਾਈਡਰੇਸ਼ਨ ਅਤੇ ਕਸਰਤ ਵੀ ਮਹੱਤਵਪੂਰਨ ਹਨ।ਇਹ ਵਾਇਰਸ ਜਾਨਲੇਵਾ ਨਹੀਂ ਹੈ। ਪਰ ਇਹ ਯਕੀਨੀ ਹੈ ਕਿ ਇਹ ਵਾਇਰਸ ਤੇਜ਼ੀ ਨਾਲ ਫੈਲ ਰਿਹਾ ਹੈ।

# ਅਮਰੀਕੀ ਸੰਸਦ ਦੇ ਦੋ ਮੈਂਬਰਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖ਼ਤਰਿਆਂ ਬਾਰੇ ਦਿੱਤੀ ਚਿਤਾਵਨੀ

ਨਿਊਯਾਰਕ/ਏ.ਟੀ.ਨਿਊਜ਼ :-ਪਿਛਲੇ ਦਿਨੀਂ ਨਿਊਯਾਰਕ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਕਾਨਫਰੰਸ ਦੌਰਾਨ ਤਕਨਾਲੋਜੀ ਦੀਆਂ ਕਈ ਐਪਲੀਕੇਸ਼ਨਾਂ ਪੇਸ਼ ਕੀਤੀਆਂ ਗਈਆਂ ਸਨ। ਪਿਛਲੇ ਕੁਝ ਹਫ਼ਤਿਆਂ ਦੌਰਾਨ , ਅਮਰੀਕੀ ਸੰਸਦ ਦੇ ਦੋ ਮੈਂਬਰਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖ਼ਤਰਿਆਂ ਬਾਰੇ ਚਿਤਾਵਨੀ ਦਿੱਤੀ ਸੀ। ਡੈਮੋਕਰੇਟਿਕ ਕਾਂਗਰਸਮੈਨ ਟੇਡ ਲਿਊ ਨੇ ਲਿਖਿਆ ਕਿ ਉਹ ਚੈਟਜੀਪੀਟੀ ਚੈਟਬੋਟ ਦੀ ਮਨੁੱਖੀ ਲੇਖਕਾਂ ਦੀ ਨਕਲ ਕਰਨ ਦੀ ਯੋਗਤਾ ਤੋਂ ਹੈਰਾਨ ਸਨ।

ਇਕ ਹੋਰ ਡੈਮੋਕਰੇਟ ਸਾਂਸਦ ਜੇਕ ਅਚਿਨਕਲਾਸ, ਨੇ ਇੱਕ ਚੈਟਬੋਟ ਦੁਆਰਾ ਲਿਖੇ ਇੱਕ ਭਾਸ਼ਣ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਕੰਟਰੋਲ ਕਰਨ ਦੀ ਜ਼ਰੂਰਤ ਦਸੀ ਹੈ। ਸੰਸਦ ਮੈਂਬਰਾਂ ਦੀਆਂ ਚਿਤਾਵਨੀਆਂ ਦੇ ਬਾਵਜੂਦ ਇਸ ਸਬੰਧੀ ਕੋਈ ਕਦਮ ਨਹੀਂ ਚੁੱਕੇ ਜਾ ਰਹੇ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖਤਰਨਾਕ ਪਹਿਲੂਆਂ ਦੇ ਵਿਕਾਸ ਨੂੰ ਰੋਕਣ ਜਾਂ ਲੋਕਾਂ ਦੀ ਸੁਰੱਖਿਆ ਲਈ ਕੋਈ ਕਾਨੂੰਨ ਨਹੀਂ ਬਣਾਇਆ ਜਾ ਰਿਹਾ ਹੈ। ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਜੇ ਓਬਰਨੋਲਟੇ ਦਾ ਕਹਿਣਾ ਹੈ, ਅਸਲ ਵਿੱਚ, ਜ਼ਿਆਦਾਤਰ ਸੰਸਦ ਮੈਂਬਰਾਂ ਨੂੰ ਨਹੀਂ ਪਤਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਕੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਸਰਗਰਮੀ ਇੱਕ ਜਾਣੇ-ਪਛਾਣੇ ਪੈਟਰਨ ਦਾ ਹਿੱਸਾ ਹੈ। ਟੈਕਨਾਲੋਜੀ ਕੰਪਨੀਆਂ ਨੇ ਇਕ ਵਾਰ ਫਿਰ ਅਮਰੀਕੀ ਕਾਨੂੰਨਾਂ ਅਤੇ ਨਿਯਮਾਂ ਦੀ



ਉਲੰਘਣਾ ਕੀਤੀ ਹੈ। ਲੰਬੇ ਸਮੇਂ ਤੋਂ ਸੰਸਦ ਮੈਂਬਰਾਂ ਲਈ ਨਵੀਆਂ ਕਾਢਾਂ ਨੂੰ ਸਮਝਣਾ ਮੁਸ਼ਕਲ ਹੋ ਰਿਹਾ ਹੈ।

ਟੈਕਨਾਲੋਜੀ ਕੰਪਨੀਆਂ ਨੇ ਇਹ ਕਹਿ ਕੇ ਨਿਯਮ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਨੂੰ ਰਦ ਕੀਤਾ ਹੈ ਕਿ ਅਮਰੀਕਾ ਨੂੰ ਚੀਨ ਤੋਂ ਮੁਕਾਬਲੇ ਤੋਂ ਅੱਗੇ ਰੱਖਣ ਲਈ ਉਦਯੋਗ ਲਈ ਰੁਕਾਵਟਾਂ ਘੱਟ ਹੋਣੀਆਂ ਚਾਹੀਦੀਆਂ ਹਨ। ਇੱਕ ਪਾਸੇ ਜਿੱਥੇ ਅਮਰੀਕੀ ਸਰਕਾਰ ਪਛੜ ਰਹੀ ਹੈ, ਉੱਥੇ ਹੀ ਦੂਜੇ ਪਾਸੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਤੇਜ਼ ਰਫ਼ਤਾਰ ਨੇ ਸਿਲੀਕਾਨ ਵੈਲੀ ਨੂੰ ਜਕੜਿਆ ਹੋਇਆ ਹੈ। ਤਕਨਾਲੋਜੀ ਦੀ ਸਹੀ ਵਰਤੋਂ 'ਤੇ ਧਿਆਨ ਕੇਂਦਰਿਤ ਕਰਨ ਵਾਲੀ ਲੰਡਨ ਦੀ ਐਡਾ ਲਵਲੇਸ ਇੰਸਟੀਚਿਊਟ ਦੇ ਨਿਰਦੇਸ਼ਕ, ਕਾਰਲੀ ਕਿੰਡ ਦਾ ਕਹਿਣਾ ਹੈ ਕਿ ਕੰਟਰੋਲ ਦੀ ਘਾਟ ਕਾਰਣ ਕੰਪਨੀਆਂ ਸੁਰੱਖਿਆ ਦੀ ਕੀਮਤ 'ਤੇ ਵਪਾਰਕ ਹਿੱਤਾਂ ਨੂੰ ਉਤਸ਼ਾਹਿਤ ਕਰ ਰਹੀਆਂ ਹਨ।

ਇਸ ਦੌਰਾਨ ਯੂਰੋਪੀਅਨ ਯੂਨੀਅਨ ਨੇ ਨੁਕਸਾਨ ਪਹੁੰਚਾਉਣ ਵਾਲੀ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਨੂੰ ਦਾਇਰੇ ਤਕ ਸੀਮਤ ਕਰਨ ਦੀ ਪਹਿਲ ਕੀਤੀ ਹੈ। ਦੂਜੇ ਪਾਸੇ ਅਮਰੀਕਾ ਦੀਆਂ ਸਰਕਾਰੀ ਏਜੰਸੀਆਂ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਲੈ ਕੇ ਕੁਝ ਕਦਮ ਚੁੱਕ ਰਹੀਆਂ ਹਨ। ਫੈਡਰਲ ਟਰੇਡ ਕਮਿਸ਼ਨ ਨੇ ਉਪਭੋਗਤਾ ਸੁਰੱਖਿਆ ਨਿਯਮਾਂ ਨੂੰ ਤੋੜਨ ਕਾਰਣ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਦੇ ਵਿਰੁੱਧ ਆਦੇਸ਼ ਜਾਰੀ ਕੀਤੇ ਹਨ। ਡਾਟਾ ਇਕੱਤਰ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਨੂੰ ਰੋਕਣ ਲਈ ਨਿਯਮ ਵੀ ਪੇਸ਼ ਕੀਤੇ ਜਾਣਗੇ।

ਖਪਤਕਾਰ ਵਿੱਤੀ ਸੁਰੱਖਿਆ ਬਿਊਰੋ ਨੇ ਕ੍ਰੈਡਿਟ ਏਜੰਸੀਆਂ ਦੇ ਅਪਾਰਦਰਸ਼ੀ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰਣਾਲੀਆਂ ਬਾਰੇ ਚਿਤਾਵਨੀ ਦਿੱਤੀ ਹੈ। ਵ੍ਹਾਈਟ ਹਾਊਸ ਨੇ ਨਿਜਤਾ ਦੇ ਅਧਿਕਾਰਾਂ, ਸੁਰੱਖਿਅਤ ਆਟੋਮੇਟਿਡ ਪ੍ਰਣਾਲੀਆਂ, ਅਲਗੋਰਿਦਮਿਕ ਨਾਲ ਵਿਤਕਰੇ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਨਿਯਮਾਂ ਦਾ ਖਾਕਾ ਪੇਸ਼ ਕੀਤਾ ਹੈ। ਪਰ, ਇਹਨਾਂ ਵਿੱਚੋਂ ਕੋਈ ਵੀ ਯਤਨ ਕਾਨੂੰਨ ਨਾਲ ਜੁੜਿਆ ਹੋਇਆ ਨਹੀਂ ਹੈ। ਖੋਜ ਕੇਂਦਰ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਓ ਇੰਸਟੀਚਿਊਟ ਦੇ ਡਾਇਰੈਕਟਰ ਅੰਬਾ ਕਾਕ ਦਾ ਕਹਿਣਾ ਹੈ ਕਿ ਜਦੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਰੈਗੂਲੇਸ਼ਨ ਦੀ ਗੱਲ ਆਉਂਦੀ ਹੈ ਤਾਂ ਇਸ ਮਾਮਲੇ ਵਿਚ ਸੰਸਦੀ ਤਸਵੀਰ ਧੁੰਦਲੀ ਹੈ। ਸਮਾਜ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਟੂਲਜ਼ ਦੀ ਵਿਆਪਕ ਵਰਤੋਂ ਕੀਤੀ ਜਾ ਰਹੀ ਹੈ। ਇਸੇ ਕਰਕੇ ਮਾਮਲਾ ਬਹੁਤ ਨਾਜ਼ੁਕ ਹੈ।

ਟਿਕਟਾਕ ਤੋਂ ਚੀਨੀ ਸਰਕਾਰ ਨੂੰ ਯੂਜ਼ਰਸ ਦਾ ਡਾਟਾ ਮਿਲਣ ਦਾ ਡਰ

ਪਿਛਲੇ ਕੁਝ ਮਹੀਨਿਆਂ ਤੋਂ, ਅਮਰੀਕਾ, ਯੂਰਪ ਅਤੇ ਕੈਨੇਡਾ ਦੀਆਂ ਸਰਕਾਰਾਂ ਨੇ ਚੀਨੀ ਕੰਪਨੀ ਬਾਈਟਡਾਂਸ ਦੀ ਵੀਡੀਓ ਐਪ ਟਿਕ ਟਾਕ 'ਤੇ ਸ਼ਿਕੰਜਾ ਕੱਸਣ ਲਈ ਵੱਖ-ਵੱਖ ਕੋਸ਼ਿਸ਼ਾਂ ਕੀਤੀਆਂ ਸਨ। ਪਿਛਲੇ ਸੋਮਵਾਰ, ਵ੍ਹਾਈਟ ਹਾਊਸ ਨੇ ਸੰਘੀ ਏਜੰਸੀਆਂ ਨੂੰ 30 ਦਿਨਾਂ ਦੇ ਅੰਦਰ ਸਰਕਾਰੀ ਡਿਵਾਈਸਾਂ ਤੋਂ ਐਪ ਨੂੰ ਹਟਾਉਣ ਲਈ ਕਿਹਾ ਸੀ। ਕੈਨੇਡਾ ਅਤੇ ਯੂਰਪੀਅਨ ਯੂਨੀਅਨ ਨੇ ਹਾਲ ਹੀ ਵਿੱਚ ਸਰਕਾਰੀ ਡਿਵਾਈਸਾਂ 'ਤੇ ਐਪ ਉਪਰ ਪਾਬੰਦੀ ਲਗਾ ਦਿੱਤੀ ਹੈ।

ਭਾਰਤ ਨੇ 2020 ਵਿੱਚ ਟਿਕ ਟਾਕ ਸਮੇਤ 59 ਚੀਨੀ ਐਪਸ 'ਤੇ ਪਾਬੰਦੀ ਲਗਾ ਦਿੱਤੀ ਸੀ। ਬੀਤੇ ਦਿਨੀਂ ਅਮਰੀਕੀ ਸੰਸਦ ਦੀ ਇਕ ਕਮੇਟੀ ਨੇ ਰਾਸ਼ਟਰਪਤੀ ਜੋਅ ਬਿਡੇਨ ਦੇ ਟਿਕ ਟਾਕ 'ਤੇ ਪਾਬੰਦੀ ਲਗਾਉਣ ਦਾ ਅਧਿਕਾਰ ਦਿੱਤਾ ਸੀ। ਇਹ ਸਵਾਲ ਉਠਦੇ ਹਨ ਕਿ ਸਰਕਾਰਾਂ ਟਿੱਕ ਟਾਕ 'ਤੇ ਪਾਬੰਦੀ ਕਿਉਂ ਲਗਾ ਰਹੀਆਂ ਹਨ। ਦਰਅਸਲ, ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਇਸ ਗੱਲ ਤੋਂ ਚਿੰਤਤ ਹਨ ਕਿ ਟਿੱਕ ਟਾਕ ਅਤੇ ਬਾਈਟਡਾਂਸ ਲੋਕੇਸ਼ਨ ਦੀ ਜਾਣਕਾਰੀ ਵਰਗੇ ਯੂਜਰ ਦਾ ਸੰਵੇਦਨਸ਼ੀਲ ਡੇਟਾ ਚੀਨੀ ਸਰਕਾਰ ਨੂੰ ਦੇ ਸਕਦੀ ਹੈ। ਚੀਨ ਵਿੱਚ, ਸਰਕਾਰ ਨੇ ਕੰਪਨੀਆਂ ਅਤੇ ਨਾਗਰਿਕਾਂ ਤੋਂ ਜਾਣਕਾਰੀ ਇਕੱਠੀ ਕਰਨ ਲਈ ਕਾਨੂੰਨ ਬਣਾਏ ਹਨ। ਇਹ ਵੀ ਖਦਸ਼ਾ ਹੈ ਕਿ ਚੀਨ ਗਲਤ ਜਾਣਕਾਰੀ ਫੈਲਾਉਣ ਲਈ ਟਿੱਕ ਟੌਕ ਦੀ ਸਮੱਗਰੀ ਦੀ ਵਰਤੋਂ ਕਰ ਸਕਦਾ ਹੈ।

# ਭਾਰਤ ਬਗਗਾਰ ਦੀ ਟਿੱਕੀ ਵਾਂਗ ਰੂਸ-ਚੀਨ ਅਤੇ ਅਮਰੀਕਾ ਵਿਚਾਲੇ ਫਸਿਆ

## ਮੋਦੀ ਸਰਕਾਰ ਵਿਸ਼ਵ ਤਣਾਅ ਬਾਰੇ ਆਪਣੀ ਬਣਾਈ ਨੀਤੀ ਵਿੱਚ ਫਸੀ

ਨਿਊਜ਼ ਵਿਸ਼ਲੇਸ਼ਣ
ਸ਼ੇਖਰ ਗੁਪਤਾ

ਯੂਕਰੇਨ ਦੇ ਬਹਾਨੇ ਪੱਛਮ ਨਾਲ ਆਪਣੀ ਲੜਾਈ ਵਿੱਚ ਰੂਸ, ਚੀਨ ਦੀ ਮਦਦ ਤੋਂ ਬਿਨਾਂ ਕੁਝ ਹਫ਼ਤੇ ਵੀ ਜ਼ਿੰਦਾ ਨਹੀਂ ਰਹਿ ਸਕਦਾ। ਵਪਾਰ ਦੇ ਸਬੰਧ ਵਿੱਚ ਚੀਨੀ ਕਸਟਮ ਵਿਭਾਗ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਪਿਛਲੇ ਇੱਕ ਸਾਲ ਵਿੱਚ ਚੀਨ ਦੀ ਅਰਥਵਿਵਸਥਾ ਸੁਸਤ ਰਹੀ ਅਤੇ ਇਸ ਦਾ ਕੁੱਲ ਵਪਾਰ ਘਟਿਆ ਹੈ, ਪਰ ਇਨ੍ਹਾਂ ਦੋਵਾਂ ਦੇਸ਼ਾਂ ਚੀਨ ਤੇ ਰੂਸ ਵਿਚਕਾਰ ਵਪਾਰ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਵਿੱਚ ਰੂਸ ਤੋਂ ਕੀਤੇ ਗਏ ਨਿਰਯਾਤ ਦਾ ਵੱਡਾ ਯੋਗਦਾਨ ਰਿਹਾ ਹੈ। ਇੱਕ ਵਿਸ਼ਵਾਸ ਕਾਫੀ ਫੈਲਿਆ ਹੋਇਆ ਹੈ, ਖਾਸ ਤੌਰ 'ਤੇ ਭਾਰਤ ਵਿੱਚ ਜੋ ਆਪਣੀ ਪਿੱਠ ਥਪਥਪਾਉਂਦਾ ਹੈ, ਕਿ ਅਸੀਂ ਰੂਸ ਤੋਂ ਜੋ ਤੇਲ ਖਰੀਦ ਰਹੇ ਹਾਂ, ਉਹ ਰੂਸ ਦੀ ਆਰਥਿਕਤਾ ਵਿੱਚ ਵਾਧਾ ਕਰ ਰਿਹਾ ਹੈ ਅਤੇ ਯੂਕਰੇਨ ਨਾਲ ਜੰਗ ਵਿੱਚ ਕਾਫੀ ਸਹਾਇਕ ਸਾਬਤ ਹੋ ਰਿਹਾ ਹੈ। ਪਰ ਅਸਲੀਅਤ ਇਹ ਹੈ ਕਿ ਰੂਸ ਦੀ ਆਰਥਿਕਤਾ ਵਿੱਚ ਚੀਨ ਦਾ ਯੋਗਦਾਨ ਇਸ ਤੋਂ ਕਈ ਗੁਣਾ ਵੱਡਾ ਹੈ।

ਯਾਦ ਰੱਖਣ ਵਾਲੀ ਗਲ ਇਹ ਹੈ ਕਿ ਭਾਰਤ ਦਾ ਸਭ ਤੋਂ ਪੁਰਾਣਾ ਮਿੱਤਰ ਰੂਸ ਆਰਥਿਕ, ਰਾਜਨੀਤਿਕ ਅਤੇ ਅੰਤ ਵਿੱਚ ਫੌਜੀ ਮਾਮਲਿਆਂ ਦੇ ਸੰਦਰਭ ਵਿੱਚ ਸਿਰਫ ਇਕੋ ਇਕ ਦੇਸ਼ ਚੀਨ 'ਤੇ ਨਿਰਭਰ ਹੈ, ਜੋ ਲੰਬੇ ਸਮੇਂ ਤੋਂ ਭਾਰਤ ਦਾ ਸਭ ਤੋਂ ਵੱਡਾ ਵਿਰੋਧੀ ਰਿਹਾ ਹੈ ਅਤੇ ਜਿਸ ਦੇ 60,000 ਸੈਨਿਕ ਭਾਰਤ ਨਾਲ ਲੜਨ ਲਈ ਤਿਆਰ ਹਨ। ਸਪੱਸ਼ਟ ਤੇ ਗੁੰਝਲਦਾਰ ਗਲ ਇਹ ਹੈ ਕਿ ਭਾਰਤ ਦਾ ਵਿਰੋਧੀ ਚੀਨ ਭਾਰਤ ਦੇ ਦੋਸਤ ਰੂਸ ਦਾ ਸਭ ਤੋਂ ਵਧੀਆ ਦੋਸਤ ਹੈ।

ਚੀਨ ਭਾਰਤ ਦੇ ਰਣਨੀਤਕ ਸਹਿਯੋਗੀ ਅਮਰੀਕਾ ਦੇ ਸਭ ਤੋਂ ਵੱਡੇ ਦੁਸ਼ਮਣ ਰੂਸ ਦਾ ਸਭ ਤੋਂ ਚੰਗਾ ਮਿੱਤਰ ਹੈ। ਭਾਰਤ ਦੇ ਪ੍ਰਧਾਨ ਮੰਤਰੀਆਂ ਅਤੇ ਅਮਰੀਕਾ ਦੇ ਰਾਸ਼ਟਰਪਤੀਆਂ ਦੇ ਕਈ ਸਾਂਝੇ ਬਿਆਨਾਂ ਦੇ ਆਧਾਰ 'ਤੇ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਭਾਰਤ ਅਮਰੀਕਾ



ਨਾਲ ਮਿੱਤਰਤਾ ਨਿਭਾ ਰਿਹਾ ਹੈ। ਇਸ ਤੋਂ ਇਲਾਵਾ, ਅਮਰੀਕਾ ਭਾਰਤ ਦੇ ਸਭ ਤੋਂ ਨਜ਼ਦੀਕੀ ਸਿਰਦਰਦ ਪਾਕਿਸਤਾਨ ਦਾ ਰਖਵਾਲਾ ਤੇ ਮਿੱਤਰ ਹੈ। ਅਮਰੀਕਾ ਪਾਕਿਸਤਾਨ ਦਾ ਨੰਬਰ ਇਕ ਕਰਜ਼ਦਾਤਾ ਅਤੇ ਸੁਰੱਖਿਆ ਦਾ ਗਾਰੰਟੀ ਦੇਣ ਵਾਲਾ ਮੁਲਕ ਹੈ।

ਇਹ ਦ੍ਰਿਸ਼ ਸੰਸਾਰ ਦੀਆਂ ਜਟਿਲਤਾਵਾਂ ਨੂੰ ਪ੍ਰਗਟ ਕਰਦਾ ਹੈ ਜਿਸ ਵਿੱਚ ਭਾਰਤ ਫਸਿਆ ਹੋਇਆ ਹੈ। ਫੌਜੀ ਲੋੜਾਂ ਲਈ ਰੂਸ 'ਤੇ ਭਾਰਤ ਦੀ ਨਿਰਭਰਤਾ ਜ਼ਿਆਦਾ ਹੈ ਅਤੇ ਅਜਿਹਾ ਲਗਦਾ ਹੈ ਕਿ ਘੱਟੋ-ਘੱਟ ਪੰਜ ਹੋਰ ਸਾਲਾਂ ਤੱਕ ਅਜਿਹਾ ਹੀ ਰਹੇਗਾ। ਕੋਈ ਵੀ ਭਾਰਤ ਦੇ 95 ਫੀਸਦੀ ਟੈਂਕਾਂ, 70 ਫੀਸਦੀ ਲੜਾਕੂ ਜਹਾਜ਼ਾਂ ਅਤੇ ਜਲ ਸੈਨਾ ਦੇ ਫਲੈਗ-ਸ਼ਿਪ ਅਤੇ ਉਡਾਨ ਭਰਨ ਵਾਲੇ ਜਹਾਜ਼ਾਂ ਨੂੰ ਰਾਤੋ-ਰਾਤ ਨਹੀਂ ਬਦਲ ਸਕਦਾ।

ਭਾਰਤ ਉਲਝੇ ਹੋਏ ਰਣਨੀਤਕ ਸੰਸਾਰ ਦਾ ਸਾਹਮਣਾ ਕਰ ਰਿਹਾ ਹੈ। ਹਾਂ-ਰੂਸ ਇੱਕ ਅਟੁੱਟ ਦੋਸਤ ਹੈ ਅਤੇ ਚੀਨ 'ਤੇ ਨਿਰਭਰ ਹੈ, ਸਥਾਈ ਵਿਰੋਧੀ ਪਾਕਿਸਤਾਨ ਲਈ ਵੀ ਤਾਕਤ ਅਤੇ ਪੈਸੇ ਦਾ ਕੋਈ ਹੋਰ ਸਰੋਤ ਨਹੀਂ ਹੈ ਅਤੇ ਅਮਰੀਕਾ ਪਾਕਿਸਤਾਨ ਦਾ ਇੱਕ ਜ਼ਰੂਰੀ ਰਣਨੀਤਕ ਸਹਿਯੋਗੀ ਹੈ।

ਪਾਕਿਸਤਾਨ ਦੀ ਨਿਰਾਸ਼ਾ ਵੱਖਰੀ ਕਿਸਮ ਦੀ ਹੈ। ਖਾੜੀ ਦੇ ਅਰਬ ਦੇਸ਼ਾਂ ਨੂੰ ਉਸ 'ਤੇ ਭਰੋਸਾ ਨਹੀਂ ਹੈ ਅਤੇ ਉਹ ਪੱਛਮ ਨਾਲੋਂ ਵੀ ਕੱਟਿਆ ਹੋਇਆ ਹੈ, ਹਾਲਾਂਕਿ ਉਹ ਬਰਤਾਨੀਆ, ਅਮਰੀਕਾ ਵਿੱਚ ਆਪਣੀ ਦਾਲ ਗਾਲਨ ਲਈ ਬਹੁਤ ਯਤਨ ਕਰ ਰਿਹਾ ਹੈ। ਜੇ ਪਾਕਿਸਤਾਨ ਯੂਕਰੇਨ ਨੂੰ ਜ਼ਰੂਰੀ ਟੈਂਕ ਅਤੇ ਰਾਕੇਟ ਗੋਲੇ ਵੇਚ ਰਿਹਾ ਹੈ, ਤਾਂ ਇਹ ਸਿਰਫ ਉਸ ਦਾ ਆਪਣਾ ਕਾਰੋਬਾਰ ਨਹੀਂ ਹੈ, ਭਾਵੇਂ ਉਸ ਨੂੰ ਬਦਲੇ ਵਿੱਚ ਡਾਲਰ ਜਾਂ ਕਣਕ ਦੀ ਲੋੜ ਕਿਉਂ ਨਾ ਹੋਵੇ। ਇਹ ਅਮਰੀਕਾ ਤੋਂ ਆਪਣੇ ਪਿਛਲੇ ਅਪਰਾਧਾਂ ਲਈ ਮੁਆਫੀ ਲਈ ਅਰਜ਼ੀ ਹੈ।

ਭਾਰਤ ਨੂੰ ਅਜਿਹੇ ਗੁੰਝਲਦਾਰ ਰਣਨੀਤਕ ਸੰਸਾਰ ਨਾਲ ਨਜਿੱਠਣਾ ਹੈ। ਜੇਕਰ ਗਲੋਬਲ ਸਾਊਥ, ਬਰਾਬਰ ਦੂਰੀ, ਰਣਨੀਤਕ ਖੁਦਮੁਖਤਿਆਰੀ ਵਰਗੇ ਵਾਕਾਂਸ਼ਾਂ ਦੇ ਪਿੱਛੇ ਰਣਨੀਤਕ ਮਾਮਲਿਆਂ ਨਾਲ ਸਬੰਧਤ ਵਪਾਰਕ ਉਦੇਸ਼ ਹੈ, ਤਾਂ ਇਹ ਠੀਕ ਹੈ। ਹਾਲਾਂਕਿ ਜੀ-20 ਵਿੱਚ ਹਿੱਤਾਂ ਦਾ ਟਕਰਾਅ ਹਾਵੀ ਹੈ, ਪਰ 'ਨਾਟੋ' ਦੀ ਇੱਕ ਟੀਮ ਨੇ ਹਿੰਦ-ਪ੍ਰਸ਼ਾਂਤ ਖੇਤਰ ਦੇ ਮਾਮਲੇ ਵਿੱਚ ਵਧੇਰੇ ਸਹਿਯੋਗ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਇੱਕ ਭਾਰਤੀ ਟੀਮ ਨਾਲ ਮੁਲਾਕਾਤ ਕੀਤੀ ਸੀ।

'ਕਵਾਡ' ਦੇ ਤਾਜ਼ਾ ਬਿਆਨ ਵਿੱਚ ਯੂਕਰੇਨ ਸੰਬੰਧੀ ਰੂਸ ਨੂੰ ਸਪੱਸ਼ਟ ਤੌਰ 'ਤੇ ਯੂਕਰੇਨ ਦੀ ਪ੍ਰਭੂਸੱਤਾ, ਖੇਤਰੀ ਅਖੰਡਤਾ ਅਤੇ ਅੰਤਰਰਾਸ਼ਟਰੀ ਵਿਵਸਥਾ ਦਾ ਸਨਮਾਨ ਕਰਦੇ ਹੋਏ ਆਪਣਾ ਹਮਲਾ ਰੋਕਣ ਲਈ ਕਿਹਾ ਗਿਆ ਸੀ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ 'ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਗਲਤ ਤੇ ਅਣਮਨੁੱਖੀ ਹੈ'।

ਇਸ ਦੌਰਾਨ ਅਮਰੀਕਾ ਦੀ ਵਣਜ ਮੰਤਰੀ ਜੀਨਾ ਰੇਮੋਂਡੋ ਭਾਰਤ ਆਈ ਸੀ ਅਤੇ ਉਹ ਸਿਰਫ਼ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਘਰ ਹੋਲੀ ਖੇਡਣ ਨਹੀਂ ਆਈ। ਉਸਦੇ ਏਜੰਡੇ ਵਿੱਚ ਸੈਮੀਕੰਡਕਟਰਾਂ ਦੇ ਮਾਮਲੇ ਵਿੱਚ ਸਾਂਝੇਦਾਰੀ ਵੀ ਸ਼ਾਮਲ ਹੈ। ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਦੇ ਵਾਸ਼ਿੰਗਟਨ ਦੌਰੇ ਦੌਰਾਨ ਅਤਿ-ਆਧੁਨਿਕ ਤਕਨਾਲੋਜੀ ਦੇ ਮਾਮਲਿਆਂ 'ਤੇ ਹੋਈ ਪ੍ਰਗਤੀ ਤੋਂ ਇਹ ਇਕ ਕਦਮ ਅੱਗੇ ਹੈ। ਮੋਦੀ ਸਰਕਾਰ ਹੁਣ ਆਪਣੇ ਉਸਾਰੇ ਡੂੰਘੇ ਵਿਰੋਧਾਭਾਸ ਦਾ ਸਾਹਮਣਾ ਕਰ ਰਹੀ ਹੈ। ਇੱਕ ਪਾਸੇ ਮੋਦੀ ਪੱਛਮ ਵਿਰੋਧੀ ਅਤੇ ਰੂਸ ਪੱਖੀ ਲੋਕ ਰਾਇ ਬਣਾਉਣ ਨੂੰ ਉਤਸ਼ਾਹਿਤ ਕਰਦੀ ਰਹੀ ਹੈ, ਦੂਜੇ ਪਾਸੇ ਇਸ ਦੇ ਉਲਟ ਆਪਣੀ ਰਣਨੀਤੀ ਤੈਅ ਕਰਦਾ ਆ ਰਹੀ ਹੈ। ਮੋਦੀ ਲਈ ਇਹ ਅਸੁਭਾਵਿਕ ਹੈ, ਕਿਉਂਕਿ ਉਹ ਅਕਸਰ ਆਪਣੀਆਂ ਨੀਤੀਆਂ ਅਤੇ ਜਨਤਾ ਦੀ ਰਾਏ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਲਈ, ਦਿਸ਼ਾ-ਨਿਰਦੇਸ਼ ਨੂੰ ਇੱਕ ਜਾਂ ਦੂਜੇ ਮਾਮਲੇ ਵਿੱਚ ਜਲਦੀ ਹੀ ਫੈਸਲਾ ਲੈਣਾ ਪੈ ਸਕਦਾ ਹੈ।

## ਫੇਸਬੁੱਕ ਦੀ ਕੰਪਨੀ ਮੈਟਾ ਵੱਲੋਂ 10,000 ਹੋਰ ਨੌਕਰੀਆਂ 'ਚ ਕਟੌਤੀ ਕਰਨ ਦਾ ਐਲਾਨ

ਨਿਊਯਾਰਕ/ਏ.ਟੀ.ਨਿਊਜ਼ :-ਫੇਸਬੁੱਕ ਦੀ ਪੇਰੈਂਟ ਕੰਪਨੀ ਮੈਟਾ 10,000 ਹੋਰ ਨੌਕਰੀਆਂ ਵਿੱਚ ਕਟੌਤੀ ਕਰ ਰਹੀ ਹੈ ਅਤੇ ਖਰਚਿਆਂ ਵਿੱਚ ਕਟੌਤੀ ਕਰਦੇ ਹੋਏ 5,000 ਖਾਲੀ ਅਸਾਮੀਆਂ ਨੂੰ ਨਹੀਂ ਭਰੇਗੀ। ਕੰਪਨੀ ਨੇ ਕਿਹਾ ਕਿ ਉਹ ਆਪਣੀ ਭਰਤੀ ਟੀਮ ਦੇ ਆਕਾਰ ਨੂੰ ਘਟਾ ਦੇਵੇਗੀ ਅਤੇ ਅਪ੍ਰੈਲ ਦੇ ਅੰਤ ਵਿੱਚ ਆਪਣੇ ਤਕਨਾਲੋਜੀ ਸਮੂਹ ਵਿੱਚ ਹੋਰ ਲੋਕਾਂ ਦੀ ਛਾਂਟੀ ਕਰੇਗੀ। ਇਸ ਤੋਂ ਬਾਅਦ ਮਈ ਦੇ ਅੰਤ ਵਿੱਚ ਵਪਾਰਕ ਵਰਗ ਦੇ ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ।




ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਮਾਰਕ ਜ਼ੁਕਰਬਰਗ ਨੇ ਕਿਹਾ ਕਿ ਇਹ ਮੁਸ਼ਕਿਲ ਹੈ ਪਰ ਕੋਈ ਹੋਰ ਰਸਤਾ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸਦਾ ਮਤਲਬ ਪ੍ਰਤਿਭਾਸ਼ਾਲੀ ਅਤੇ ਭਾਵੁਕ ਸਹਿਕਰਮੀਆਂ ਨੂੰ ਅਲਵਿਦਾ ਕਹਿਣਾ ਹੋਵੇਗਾ ਜੋ ਸਾਡੀ ਸਫ਼ਲਤਾ ਦਾ ਹਿੱਸਾ ਰਹੇ ਹਨ। ਕੰਪਨੀ ਨੇ ਮੈਟਾਵਰਸ 'ਤੇ ਧਿਆਨ ਦੇਣ ਲਈ ਕਈ ਬਿਲੀਅਨ ਡਾਲਰਾਂ ਦਾ ਨਿਵੇਸ਼ ਕੀਤਾ ਹੈ। ਇਸਨੇ ਚੌਥੀ ਤਿਮਾਹੀ ਵਿੱਚ ਘੱਟ ਮੁਨਾਫੇ ਅਤੇ ਮਾਲੀਏ ਦੀ ਰਿਪੋਰਟ ਕੀਤੀ, ਆਨਲਾਈਨ ਵਿਗਿਆਪਨ ਬਾਜ਼ਾਰ ਵਿੱਚ ਗਿਰਾਵਟ ਅਤੇ ਟਿੱਕਟੋਕ ਵਰਗੇ ਵਿਰੋਧੀਆਂ ਤੋਂ ਮੁਕਾਬਲੇ ਨਾਲ ਪ੍ਰਭਾਵਿਤ ਹੋਇਆ। ਕੰਪਨੀ ਨੇ ਨਵੰਬਰ ਵਿੱਚ 11,000 ਨੌਕਰੀਆਂ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਸੀ।

# ਪੰਜਾਬ ਦਾ ਨੌਜਵਾਨ ਨਿਰਾਸ਼ ਤੇ ਬੇਚੈਨ ਕਿਉਂ ?



ਰਣਜੀਤ ਸਿੰਘ ਘੁੰਮਣ



ਪੰਜਾਬੀ ਹਮੇਸ਼ਾ ਮੁਸ਼ਕਿਲਾਂ ਤੇ ਚੁਣੌਤੀਆਂ ਦਾ ਸਾਹਮਣਾ ਅਤੇ ਇਨ੍ਹਾਂ ਨੂੰ ਸਰ ਵੀ ਕਰਦੇ ਆਏ ਹਨ। ਪੰਜਾਬੀਆਂ ਨੇ ਮੁਲਕ ਦੀ ਹਰ ਸਮੱਸਿਆ ਵਿੱਚ ਮੁਹਰਲੀਆਂ ਸਫਾਂ 'ਚ ਖੜ੍ਹ ਕੇ ਹਿੱਸਾ ਪਾਇਆ। ਇਹ ਭਾਵੇਂ ਅਜ਼ਾਦੀ ਦੀ ਲਹਿਰ ਹੋਵੇ, ਭਾਵੇਂ ਸਰਹੱਦਾਂ ਦੀ ਰਾਖੀ ਦਾ ਮਾਮਲਾ ਹੋਵੇ, ਤੇ ਭਾਵੇਂ ਅਨਾਜ ਸੁਰੱਖਿਆ ਦਾ ਮਸਲਾ ਹੋਵੇ। ਹਾਂ, ਮੁਲਕ ਦੀ ਵੰਡ ਸਮੇਂ ਵੀ ਪੰਜਾਬੀ ਲੱਖਾਂ ਦੀ ਤਾਦਾਦ ਵਿਚ ਕਤਲੋਗਾਰਤ ਅਤੇ ਜਬਰੀ ਪਰਵਾਸ (ਜੋ ਗੈਰ-ਮਨੁੱਖੀ ਵਤੀਰਾ ਸੀ) ਦੇ ਸੰਕਟ ਵਾਲੇ ਦੌਰ ਵਿਚੋਂ ਲੰਘੇ ਹਨ ਪਰ ਹਰ ਸੰਕਟ ਵਿਚੋਂ ਉਭਰ ਕੇ ਜੀਵਨ ਪੰਧ 'ਤੇ ਅੱਗੇ ਵਧਦੇ ਗਏ ਅਤੇ ਪੰਜਾਬ ਤੇ ਦੇਸ਼ ਦੀ ਤਰੱਕੀ ਵਿੱਚ ਸਾਰਥਕ ਯੋਗਦਾਨ ਪਾਉਂਦੇ ਰਹੇ ਹਨ।

ਅਜ਼ਾਦੀ ਤੋਂ ਬਾਅਦ ਪੰਜਾਬੀਆਂ (ਖਾਸਕਰ ਸਿੱਖਾਂ) ਨੂੰ ਉਮੀਦ ਸੀ ਕਿ ਉਨ੍ਹਾਂ ਪਾਸ ਅਜਿਹਾ ਖੁਦਮੁਖਤਾਰੀ ਵਾਲਾ ਖਿੱਤਾ ਹੋਵੇਗਾ ਜਿਥੇ ਉਹ (ਮੁਲਕ ਦਾ ਅਨਿਖੜ ਅੰਗ ਰਹਿ ਕੇ) ਅਜ਼ਾਦੀ ਦਾ ਜਲੌਅ ਮਾਣ ਸਕਣਗੇ ਪਰ ਅਜਿਹਾ ਨਹੀਂ ਹੋਇਆ। ਸਿੱਖਾਂ ਅਤੇ ਪੰਜਾਬੀਆਂ ਨੂੰ ਉਮੀਦ ਸੀ ਕਿ ਭਾਰਤ ਸਰਕਾਰ ਉਨ੍ਹਾਂ ਦੇ ਅਜ਼ਾਦੀ ਦੇ ਸੰਘਰਸ਼ ਵਿੱਚ ਆਪਣੀ ਗਿਣਤੀ ਤੋਂ ਕਿਤੇ ਵੱਧ ਯੋਗਦਾਨ ਦੇ ਮੱਦੇਨਜ਼ਰ ਇਹ ਖਿਆਲ ਜ਼ਰੂਰ ਰੱਖੇਗੀ। ਭਾਸ਼ਾ ਦੇ ਆਧਾਰ ਉਪਰ ਪੰਜਾਬੀ ਸੂਬਾ ਬਣਾਉਣ ਵੇਲੇ ਵੀ ਪੰਜਾਬ ਨਾਲ ਵਿਤਕਰਾ ਹੋਇਆ। ਆਰੀਆ ਸਮਾਜ ਅਤੇ ਹਿੰਦੂ ਅਤਿਵਾਦੀ ਸੰਗਠਨਾਂ ਦੇ ਪ੍ਰਭਾਵ ਹੇਠ ਹਿੰਦੂ ਭਾਈਚਾਰੇ ਨੇ 1961 ਦੀ ਮਰਦਮਸ਼ੁਮਾਰੀ ਵਿੱਚ ਵਧ-ਚੜ੍ਹ ਕੇ ਆਪਣੀ ਮਾਂ-ਬੋਲੀ ਪੰਜਾਬੀ ਦਰਜ ਕਰਾਈ। ਚੰਡੀਗੜ੍ਹ (ਜਿਸ 'ਤੇ ਪੰਜਾਬ ਦਾ ਹੱਕ ਬਣਦਾ ਸੀ) ਪੰਜਾਬ ਨੂੰ ਅਜੇ ਤੱਕ ਨਹੀਂ ਮਿਲਿਆ। ਪੰਜਾਬੀ ਬੋਲਦੇ ਕੁਝ ਇਲਾਕੇ ਵੀ ਮੌਜੂਦਾ ਪੰਜਾਬ ਤੋਂ ਅਜੇ ਤੱਕ ਬਾਹਰ ਹਨ। ਅਕਾਲੀਆਂ ਦੁਆਰਾ ਖੁਦਮੁਖਤਾਰੀ ਦਾ ਅਨੰਦਪੁਰ ਸਾਹਿਬ ਮਤਾ ਅਕਾਲੀਆਂ ਦੁਆਰਾ ਹੀ ਛੱਡ ਦਿੱਤਾ ਗਿਆ। ਪਾਣੀਆਂ ਦੀ ਵੰਡ ਦਾ ਮਸਲਾ ਵੀ ਵਿਚਾਲੇ ਲਟਕ ਰਿਹਾ ਹੈ।

80ਵਿਆਂ ਵਿੱਚ ਵਾਪਰੀਆਂ ਬਹੁਤ ਮੰਦਭਾਗੀ ਘਟਨਾਵਾਂ (1984 'ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਪਰ ਭਾਰਤੀ ਫੌਜ ਦਾ ਹਮਲਾ ਤੇ ਉਸ ਪਿਛੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ) ਅਤੇ ਦਿੱਲੀ ਤੇ ਕੁਝ ਹੋਰ ਸੂਬਿਆਂ ਵਿੱਚ ਬੇਦੋਸ਼ੇ ਸਿੱਖਾਂ ਦੀ ਕਤਲੋਗਾਰਤ ਨੇ ਪੰਜਾਬੀਆਂ, ਖਾਸਕਰ ਸਿੱਖਾਂ ਦੇ ਮਨਾਂ 'ਚ ਅਜਿਹੀ ਭਾਵਨਾ ਪੈਦਾ ਕੀਤੀ ਕਿ ਉਨ੍ਹਾਂ ਨਾਲ ਮਿੱਥ ਕੇ ਵਿਤਕਰਾ ਕੀਤਾ ਜਾ ਰਿਹਾ ਹੈ। 1984 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਸਿਆਸਤਦਾਨਾਂ ਨੂੰ ਸਜਾਵਾਂ ਦੇਣ ਦੀ ਬਜਾਏ ਉਨ੍ਹਾਂ ਨੂੰ ਰਾਜ ਸੱਤਾ ਵਿਚ ਭਾਗੀਦਾਰ ਬਣਾਉਣ ਅਤੇ 38 ਸਾਲਾਂ ਬਾਅਦ ਵੀ ਸਿੱਖ ਭਾਈਚਾਰੇ ਨੂੰ ਇਨਸਾਫ ਨਾ ਮਿਲਣਾ ਜੱਗ ਜ਼ਾਹਿਰ ਹੈ। ਪੀਪਲ'ਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ ਵੱਲੋਂ ਛਾਪੀ ਕਿਤਾਬ 'ਦੋਸ਼ੀ ਕੌਣ ? (Who Are Guilty?) ਵਿਚ 84 ਦੇ ਕਤਲੇਆਮ ਬਾਰੇ ਸਾਰੀਆਂ ਘਟਨਾਵਾਂ ਅਤੇ ਉਸ ਨੂੰ ਅੰਜਾਮ ਦੇਣ ਵਾਲੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ। ਅਜਿਹੇ ਵਰਤਾਰੇ ਨੇ ਜਿੱਥੇ ਸਿੱਖਾਂ ਦੇ ਮਨਾਂ ਵਿੱਚ ਇਨਸਾਫ ਦੀ ਆਸ ਮੱਧਮ ਕੀਤੀ, ਉਥੇ ਭਾਰਤੀ ਸਿਆਸਤ ਅਤੇ ਨਿਆਂ ਪਾਲਿਕਾ ਉਪਰ ਵੀ ਗੰਭੀਰ ਪ੍ਰਸ਼ਨ ਚਿੰਨ ਲਾਏ।

ਇਹ ਵੀ ਹਕੀਕਤ ਹੈ ਕਿ 1980ਵਿਆਂ ਵਿੱਚ ਖਾੜਕੂਆਂ ਨੇ ਹਿੰਸਾ ਕੀਤੀ, ਉਥੇ ਰਾਜ ਸੱਤਾ ਤੇ ਪੁਲਿਸ ਨੇ ਖਾੜਕੂਆਂ ਤੇ ਹਜ਼ਾਰਾਂ ਬੇਗੁਨਾਹ ਨੌਜੁਆਨਾਂ ਨੂੰ ਫਰਜ਼ੀ ਮੁਕਾਬਲਿਆਂ 'ਚ ਮਾਰ ਮੁਕਾਇਆ। ਅਜਿਹੇ ਵਰਤਾਰੇ ਨੇ ਸਿੱਖ ਮਾਨਸਿਕਤਾ ਨੂੰ ਵਲੂੰਧਰਿਆ। ਸੈਂਕੜੇ ਨੌਜਵਾਨਾਂ ਨੇ ਵਿਦੇਸ਼ਾਂ ਵਿੱਚ ਸਿਆਸੀ ਪਨਾਹ ਲੈ ਲਈ। ਫਿਰ ਗੈਂਗਵਾਦ ਵਧਣਾ-ਫੁਲਣਾ ਸ਼ੁਰੂ ਹੋ ਗਿਆ। ਅੱਜ ਪੰਜਾਬ ਵਿੱਚ ਹਜ਼ਾਰਾਂ ਨੌਜੁਆਨ ਗੈਂਗਸਟਰ ਹਨ।

ਇਹ ਵਰਤਾਰਾ ਪੰਜਾਬ ਦੀ ਤਰਾਸਦੀ ਦੀ ਤਸਵੀਰ ਦਾ ਇੱਕ ਪਹਿਲੂ ਹੈ। ਇਸ ਵਰਤਾਰੇ ਵਿੱਚ ਅਕਾਲੀ ਅਤੇ ਸਿੱਖ ਲੀਡਰਸ਼ਿਪ ਵੀ ਬਣਦੀ ਜਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਹੀ। ਦਰਬਾਰ ਸਾਹਿਬ ਉਪਰ ਫੌਜੀ ਹਮਲੇ ਤੋਂ ਬਾਅਦ ਵੀ ਸਿਆਸੀ ਲੀਡਰਸ਼ਿਪ (ਖਾਸਕਰ ਅਕਾਲੀ) ਸੌੜੇ ਸਿਆਸੀ ਮੁਫ਼ਾਦਾਂ ਲਈ ਦੋਗਲਾ ਰੋਲ ਨਿਭਾਉਂਦੀ ਰਹੀ। ਅਕਾਲੀਆਂ ਅਤੇ ਕਾਂਗਰਸੀਆਂ ਨੇ ਸੱਤਾ 'ਚ ਹੋਣ ਵੇਲੇ ਤਾਂ ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਦਾ ਮੁੱਦਾ ਕਦੇ ਸੰਜੀਦਗੀ ਨਾਲ ਨਹੀਂ ਉਭਾਰਿਆ ਪਰ ਜਦ ਸੱਤਾ ਤੋਂ ਬਾਹਰ ਹੁੰਦੇ ਹਨ ਤਾਂ ਇਹ ਮੁੱਦੇ ਚੁੱਕੇ ਜਾਂਦੇ ਹਨ। ਸਿਆਸੀ ਨੇਤਾ ਪੰਜਾਬ ਦੀ ਜੁਆਨੀ ਨੂੰ ਵੀ ਆਪਣੀ ਸੌੜੀ ਸਿਆਸਤ ਵਿੱਚ ਝੋਕਦੇ ਰਹਿੰਦੇ ਹਨ।

ਉਂਝ, 2022 ਵਾਲੀਆਂ ਵਿਧਾਨ ਸਭਾ ਚੋਣਾਂ ਨੇ ਸਿੱਧ ਕਰ ਦਿੱਤਾ ਕਿ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ (ਸ਼੍ਰੋਮਣੀ ਅਕਾਲੀ ਦਲ, ਕਾਂਗਰਸ) ਅਤੇ ਭਾਰਤੀ ਜਨਤਾ ਪਾਰਟੀ ਆਪਣੀ ਸ਼ਾਖ ਗੁਆ ਚੁੱਕੀਆਂ ਹਨ। ਇਹ ਵੀ ਹਕੀਕਤ ਹੈ ਕਿ ਉਪਰੋਕਤ ਵਰਤਾਰੇ ਦੇ ਬਾਵਜੂਦ ਪੰਜਾਬ ਫਿਰਕੂ ਦੰਗਿਆਂ ਤੋਂ ਬਚਿਆ ਹੋਇਆ ਹੈ। ਇਸ ਦਾ ਸਿਹਰਾ ਪੰਜਾਬੀਆਂ ਸਿਰ ਬੱਝਦਾ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਜਿਸ ਵਿੱਚ ਅੰਮ੍ਰਿਤਪਾਲ ਸਿੰਘ ਦਾ 'ਵਾਰਿਸ ਪੰਜਾਬ ਦੇ' ਦੇ ਨੇਤਾ ਵਜੋਂ ਉਭਾਰ ਅਤੇ ਕੁਝ ਦਿਨ ਪਹਿਲਾਂ ਅਜਨਾਲਾ ਵਿੱਚ ਅਣਸੁਖਾਵੀਂ ਘਟਨਾ ਨੂੰ ਉਪਰੋਕਤ ਪ੍ਰਸੰਗ 'ਚ ਰੱਖ ਕੇ ਦੇਖਣ ਦੀ ਲੋੜ ਹੈ। ਕਦੀ ਕਦੀ ਤਾਂ ਜਾਪਦਾ ਹੈ ਕਿ ਸਿਆਸੀ ਨੇਤਾ ਅਤੇ ਹੋਰ ਮੌਕਾਪ੍ਰਸਤ ਅਨਸਰ ਧਰਮ ਨੂੰ ਸਿਆਸੀ ਹਥਿਆਰ ਤੋਂ ਬਿਨਾ ਹੋਰ ਕੁਝ ਵੀ ਨਹੀਂ ਸਮਝਦੇ। ਬੰਦੀ ਸਿੰਘਾਂ ਨੂੰ ਸਜ਼ਾਵਾਂ ਭੁਗਤਣ ਦੇ ਬਾਵਜੂਦ ਰਿਹਾਅ ਨਾ ਕੀਤਾ ਜਾਣਾ ਵੀ ਅਜਿਹੀਆਂ ਤਾਕਤਾਂ ਦੇ ਹੱਥ ਵਿਚ ਇੱਕ ਹੋਰ ਮਸਲਾ ਦੇਣਾ ਹੈ। ਨੌਜੁਆਨਾਂ ਦੇ ਮਨਾਂ ਵਿੱਚ ਵੀ ਉਨ੍ਹਾਂ ਨੂੰ ਇਨਸਾਫ਼ ਨਾ ਦਿੱਤੇ ਜਾਣ ਦੀ ਧਾਰਨਾ ਉਨ੍ਹਾਂ ਨੂੰ ਅਜਿਹੇ ਵਰਤਾਰੇ ਵੱਲ ਖਿੱਚਦੀ ਹੈ। ਅਜਿਹੇ ਵਰਤਾਰੇ ਦੌਰਾਨ ਕੁਦਰਤੀ ਗੱਲ ਹੈ ਕਿ ਮਾਨਸਿਕ ਪੀੜ ਝੱਲ ਰਹੇ ਲੋਕ ਕਾਨੂੰਨ ਆਪਣੇ ਹੱਥ ਵਿਚ ਲੈਣਗੇ । ਡੇਰਾਵਾਦ ਅਤੇ ਬਾਬਾਵਾਦ ਵੀ ਪੰਜਾਬ ਵਿਚ ਸਮਾਜਿਕ ਅਤੇ ਧਾਰਮਿਕ ਵੰਡੀਆਂ ਪਾਉਣ ਅਤੇ ਆਪਣੀ ਪ੍ਰਭੂਸੱਤਾ ਕਾਇਮ ਰੱਖਣ ਵਿੱਚ ਕਿਸੇ ਨਾਲੋਂ ਘੱਟ ਨਹੀਂ। ਤਰਕ ਦੀ ਥਾਂ ਅੰਧ-ਵਿਸ਼ਵਾਸ ਲੈ ਰਿਹਾ ਹੈ।

ਪੰਜਾਬ ਦਾ ਇੱਕ ਹੋਰ ਦੁਖਾਂਤ ਇਹ ਹੈ ਕਿ ਇਥੋਂ ਦੀਆਂ ਸਿਆਸੀ ਪਾਰਟੀਆਂ ਨੇ ਪੰਜਾਬ ਪ੍ਰਤੀ ਸੁਹਿਰਦਤਾ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਬਜਾਇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦੀ ਥਾਂ ਆਪਣੇ ਸੌੜੇ ਸਿਆਸੀ ਤੇ ਆਰਥਿਕ ਮੁਫ਼ਾਦਾਂ ਵੱਲ ਹੀ ਜ਼ਿਆਦਾ ਧਿਆਨ ਦਿੱਤਾ ਹੈ। ਜੱਗ ਜ਼ਾਹਿਰ ਹੈ ਕਿ ਸਿਆਸੀ ਪਾਰਟੀਆਂ ਰਾਜ ਸੱਤਾ ਹਥਿਆਉਣ ਅਤੇ ਸੱਤਾ ਕਾਇਮ ਰੱਖਣ ਲਈ ਕਿਸੇ ਵੀ ਹੱਦ ਤੱਕ ਅਨੈਤਿਕ ਕਾਰਵਾਈ ਕਰ ਸਕਦੀਆਂ ਹਨ। ਇਹ ਲੋਕ ਸਮਾਜਿਕ-ਸੱਭਿਆਚਾਰਕ ਗਿਰਾਵਟ ਅਤੇ ਡਿਗਦੀ ਜਾ ਰਹੀ ਆਰਥਿਕਤਾ ਵੱਲ ਧਿਆਨ ਦੇਣ ਦੀ ਬਜਾਇ ਸੱਤਾ ਪ੍ਰਾਪਤੀ ਅਤੇ ਸੱਤਾ ਮਾਣਨ ਵਿੱਚ ਮਸਤ ਰਹਿੰਦੇ ਹਨ। ਪੰਜਾਬ ਦੇ ਦਾਨਿਸ਼ਵਰ ਵੀ ਬਣਦੀ ਜ਼ਿੰਮੇਵਾਰੀ ਨਿਭਾਉਣ ਤੋਂ ਕੰਨੀ ਕਤਰਾਉਂਦੇ ਜਾਪਦੇ ਹਨ। ਹਰ ਕੋਈ ਚੁੱਪ ਰਹਿਣ 'ਚ ਹੀ ਭਲਾ ਸਮਝਦਾ ਹੈ।

ਆਰਥਿਕਤਾ ਦੀ ਹਾਲਤ ਇਹ ਹੈ ਕਿ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੀ ਵਿਕਾਸ ਦਰ ਨਾ ਕੇਵਲ ਕੌਮੀ ਔਸਤ ਤੋਂ ਥੱਲੇ ਰਹੀ ਸਗੋਂ ਹੁਣ 17 ਮੁੱਖ ਰਾਜਾਂ ਵਿਚੋਂ ਵੀ ਸਭ ਤੋਂ ਥੱਲੇ ਹੈ। ਪ੍ਰਤੀ ਵਿਅਕਤੀ ਆਮਦਨ ਪੱਖੋਂ 28 ਰਾਜਾਂ ਵਿਚੋਂ ਪੰਜਾਬ ਦਾ 19ਵਾਂ ਨੰਬਰ ਹੈ। ਸਰਕਾਰੀ ਖਜ਼ਾਨੇ ਵਿੱਚ ਆਉਣ ਵਾਲੇ ਪੈਸੇ ਦਾ ਮਹੱਤਵਪੂਰਨ ਹਿੱਸਾ ਹਰ ਸਾਲ ਸਿਆਸੀ ਨੇਤਾਵਾਂ, ਅਫਸਰਸ਼ਾਹੀ, ਟੈਕਸ ਦੇਣ ਵਾਲੇ ਵਪਾਰੀਆਂ ਅਤੇ ਉਦਯੋਗਪਤੀਆਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ

(ਬਾਕੀ ਸਫ਼ਾ 31 'ਤੇ)



# ਪੰਜਾਬ ਨੂੰ ਘੁਣ ਵਾਂਗ ਖਾ ਰਹੇ ਹਨ ਨਸ਼ੇ



## * ਨਸ਼ੇ ਦੇ ਜ਼ਹਿਰ ਨਾਲ ਭਰਿਆ ਪੰਜਾਬ * ਨਸ਼ਿਆਂ 'ਚ ਵਾਧਾ ਵਿਸ਼ਵ ਪੱਧਰੀ ਸਰਕਾਰਾਂ ਲਈ ਚਿੰਤਾ ਦਾ ਵਿਸ਼ਾ * ਨਸ਼ਾ ਤਸਕਰਾਂ, ਭੈੜੇ ਪੁਲਿਸ ਅ਼ਫਸਰਾਂ ਅਤੇ ਲਾਲਚੀ ਸਿਆਸਤਦਾਨਾਂ ਦੀ ਤਿੱਕੜੀ ਤੋੜਣ ਦੀ ਲੋੜ



ਗੁਰਮੀਤ ਸਿੰਘ ਪਲਾਹੀ
ਮੋ. 9815802070

7 ਮਾਰਚ 2023 ਨੂੰ ਗੁਜਰਾਤ ਦੇ ਤੱਟ ਤੋਂ 61 ਕਿਲੋ ਹੈਰੋਇਨ ਫੜੀ ਗਈ ਹੈ, ਇਸ ਦੀ ਕੌਮਾਂਤਰੀ ਬਜ਼ਾਰ 'ਚ ਕੀਮਤ 425 ਕਰੋੜ ਆਂਕੀ ਗਈ ਹੈ।

ਸਤੰਬਰ 2022 'ਚ 40 ਕਿਲੋਗ੍ਰਾਮ ਅਤੇ ਅਕਤੂਬਰ 2021 'ਚ ਗੁਜਰਾਤ ਦੀ ਬੰਦਰਗਾਹ ਤੋਂ ਹੀ 2988 ਕਿਲੋਗ੍ਰਾਮ ਦੀ ਵੱਡੀ ਖੇਪ ਫੜੀ ਗਈ ਸੀ। ਗੁਜਰਾਤ ਸੂਬੇ ਦੀਆਂ ਬੰਦਰਗਾਹਾਂ ਤੋਂ ਫੜੇ ਨਸ਼ੇ ਸਬੰਧੀ ਗੁਜਰਾਤ ਦੇ ਅਧਿਕਾਰੀ ਦਾਅਵਾ ਕਰਦੇ ਹਨ ਕਿ ਇਹ ਨਸ਼ੀਲੇ ਪਦਾਰਥ ਪੰਜਾਬ ਪਹੁੰਚਾਏ ਜਾਣੇ ਸਨ। ਤਸਕਰਾਂ ਦੇ ਗਰੋਹਾਂ ਵਲੋਂ ਪਾਕਿਸਤਾਨ, ਇਰਾਨ ਤੋਂ ਇਹ ਨਸ਼ੇ ਪੰਜਾਬ 'ਚ ਸਪਲਾਈ ਕਰਨ ਦੀਆਂ ਖ਼ਬਰਾਂ ਵੀ ਹਨ।

ਨਸ਼ਿਆਂ ਦਾ ਪ੍ਰਕੋਪ ਇਕੱਲੇ ਪੰਜਾਬ, ਜਾਂ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਹੀ ਪੈਰ ਨਹੀਂ ਪਸਾਰ ਰਿਹਾ ਸਗੋਂ ਕੈਨੇਡਾ,ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਹਰ ਕਿਸਮ ਦੇ ਨਸ਼ੇ ਤਸਕਰਾਂ ਰਾਹੀਂ ਪਹੁੰਚਾਏ ਜਾਂਦੇ ਹਨ ਅਤੇ ਉਥੇ ਵੀ ਨੌਜਵਾਨਾਂ ਵੱਲੋਂ ਇਸ ਦੀ ਵਰਤੋਂ ਹੁੰਦੀ ਹੈ। ਇਸ ਨਾਲ ਟੱਬਰਾਂ ਦੇ ਟੱਬਰ ਤਬਾਹ ਹੋ ਰਹੇ ਹਨ, ਉਜੜ ਰਹੇ ਹਨ। ਅਪਰਾਧਾਂ 'ਚ ਅਤਿਅੰਤ ਵਾਧਾ ਹੋ ਰਿਹਾ ਹੈ। ਨਸ਼ਿਆਂ 'ਚ ਇਹ ਵਾਧਾ ਵਿਸ਼ਵ ਪੱਧਰੀ ਸਰਕਾਰਾਂ ਲਈ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਰਗਾ ਖ਼ੁਸ਼ਹਾਲ ਸੂਬਾ, ਜਿਥੋਂ ਦੇ ਵਾਸੀਆਂ ਦੇ ਸੁਡੋਲ ਜੁੱਸੇ ਹਨ, ਜਿਥੋਂ ਦੇ ਨੌਜਵਾਨ, ਮੁਟਿਆਰਾਂ ਛੈਲ ਛਬੀਲੇ ਹਨ, ਨਸ਼ਿਆਂ 'ਚ ਗ੍ਰਸਕੇ ਔਝੜੇ ਰਾਹੀਂ ਪਏ ਹੋਏ ਆਪਣੀ ਹੋਂਦ ਤੇ ਸ਼ਾਖ ਗੁਆ ਰਹੇ ਹਨ।

ਪੰਜਾਬ 'ਚ ਨਸ਼ੇ ਵਰਤਣ ਵਾਲਿਆਂ ਦੀ ਸਥਿਤੀ ਵੇਖੋ।ਆਲ ਇੰਡੀਆ ਇੰਸਟੀਚੀਊਟ ਆਫ ਮੈਡੀਕਲ ਸਾਇੰਸ ਦੇ ਡਾ: ਅਤੁਲ ਅੰਬੇਦਕਰ ਅਨੁਸਾਰ ਪੰਜਾਬ 'ਚ ਅਲਕੋਹਲ (ਸ਼ਰਾਬ) ਪੀਣ ਵਾਲੇ 28.5 ਫੀਸਦੀ ਲੋਕ ਹਨ ਜਦਕਿ ਰਾਸ਼ਟਰੀ ਔਸਤ 14.6 ਫੀਸਦੀ ਹੈ।ਅਫੀਮ ਅਤੇ ਹੈਰੋਇਨ ਚਿੱਟਾ ਆਦਿ ਪੀਣ ਵਾਲੇ ਪੰਜਾਬ 'ਚ 9.7 ਫੀਸਦੀ ਹਨ ਜਦਕਿ ਰਾਸ਼ਟਰੀ ਔਸਤ 2.1 ਫੀਸਦੀ ਹੈ।ਜ਼ਾਹਿਰ ਹੈ ਕਿ ਨਸ਼ੇ ਵਰਤਣ ਵਾਲਿਆਂ ਦੀ ਗਿਣਤੀ ਪੰਜਾਬ 'ਚ ਜ਼ਿਆਦਾ ਹੈ। ਪੰਜਾਬ 'ਚ ਨਸ਼ੇ



ਵਰਤਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧੀ ਹੈ ਅਤੇ ਪੰਜਾਬ 'ਚ ਐਡਵੋਕੇਟ ਨਵਕਿਰਨ ਸਿੰਘ ( ਜੋ ਪੰਜਾਬ, ਹਰਿਆਣਾ ਹਾਈਕੋਰਟ 'ਚ ਨਸ਼ਿਆਂ ਪ੍ਰਤੀ ਕੇਸ ਲੜ ਰਹੇ ਹਨ) ਅਨੁਸਾਰ ਪੰਜਾਬ 'ਚ ਨਸ਼ੇ ਉਦੋਂ ਤੱਕ ਬੰਦ ਨਹੀਂ ਹੋ ਸਕਦੇ ਜਦੋਂ ਤੱਕ ਨਸ਼ਾ ਤਸਕਰਾਂ, ਭੈੜੇ ਪੁਲਿਸ ਅਫ਼ਸਰਾਂ ਅਤੇ ਲਾਲਚੀ ਸਿਆਸਤਦਾਨਾਂ ਦੀ ਤਿੱਕੜੀ ਤੋੜੀ ਨਹੀਂ ਜਾਂਦੀ।

ਪੰਜਾਬ ਦਾ ਪੇਂਡੂ ਇਲਾਕਾ ਖ਼ਾਸ ਤੌਰ 'ਤੇ ਨਸ਼ਿਆਂ ਦੀ ਲਪੇਟ ਵਿੱਚ ਹੈ। ਨਸ਼ਿਆਂ 'ਚ ਪੇਂਡੂ ਨੌਜਵਾਨਾਂ ਦਾ ਵੱਧ ਹੋਣਾ ਬੇਰੁਜ਼ਗਾਰੀ, ਰਿਸ਼ਤਿਆਂ 'ਚ ਟੁੱਟ ਭੱਜ, ਆਰਥਿਕ ਤੰਗੀ-ਤੁਰਸ਼ੀ ਅਤੇ ਸਭਿਆਚਾਰਕ ਤਾਣੇ-ਬਾਣੇ 'ਚ ਵਿਗਾੜ ਦਾ ਹੋਣਾ ਹੈ। 1984 ਤੋਂ ਬਾਅਦ ਖ਼ਾਸ ਤੌਰ 'ਤੇ ਨੌਜਵਾਨ ਗਰਮ-ਸਰਦ ਲਹਿਰ ਤੋਂ ਬਾਅਦ ਪ੍ਰੇਸ਼ਾਨੀ, ਨਿਰਾਸ਼ਤਾ ਦੇ ਆਲਮ 'ਚ ਨਸ਼ਿਆਂ ਨਾਲ ਵਧੇਰੇ ਜੁੜੇ। ਨਸ਼ਿਆਂ ਕਾਰਨ ਸਮਾਜਿਕ ਵਿਗਾੜ ਤਾਂ ਵਧਿਆ ਹੀ, ਸਿਹਤ ਨੇ ਤਾਂ ਖਰਾਬ ਹੋਣਾ ਹੀ ਸੀ, ਪਰ ਨੌਜਵਾਨ ਗੱਭਰੂ-ਮੁਟਿਆਰਾਂ 'ਚ ਜਨਣ ਪ੍ਰਕਿਰਿਆ 'ਚ ਘਾਟ ਦਿਸਣ ਲੱਗੀ ਹੈ। ਇਹ ਅਣਖੀਲੀ ਪੰਜਾਬੀ ਕੌਮ ਲਈ ਇਕ ਤ੍ਰਿਸਕਾਰ ਦੀ ਸਥਿਤੀ ਬਣ ਚੁੱਕੀ ਹੈ।ਪੰਜਾਬ ਨੂੰ ਪਹਿਲਾਂ "ਕੁੜੀ-ਮਾਰ" ਸੂਬੇ ਵਜੋਂ ਅਤੇ ਹੁਣ ਪੰਜਾਬੀਆਂ ਨੂੰ ਨੱਸ਼ਈਆਂ ਵਜੋਂ ਸ਼ਰਮਿੰਦਗੀ ਉਠਾਉਣੀ ਪੈ ਰਹੀ ਹੈ। ਇੱਕ ਸਰਵੇ ਅਨੁਸਾਰ ਗੋਆ ਦੀ 78 ਫੀਸਦੀ, ਪੰਜਾਬ ਦੀ 77.5 ਫੀਸਦੀ ਪੇਂਡੂ ਅਬਾਦੀ ਕੋਈ ਨਾ ਕੋਈ ਨਸ਼ਾ ਕਰਦੀ ਹੈ, ਜਿਸ ਵਿੱਚ ਸ਼ਰਾਬ, ਡੋਡੇ, ਅਫੀਮ, ਹੈਰੋਇਨ ਅਤੇ ਹੋਰ ਸੰਥੈਟਿਕ ਨਸ਼ੇ ਸ਼ਾਮਲ ਹਨ।ਇਕ ਹੋਰ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਮੇਘਾਲਿਆਂ ਦੇ 90.7 ਫੀਸਦੀ ਅਤੇ ਮੀਜ਼ੋਰਮ ਦੇ 91 ਫੀਸਦੀ ਸ਼ਹਿਰੀ ਲੋਕ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਅਤੇ ਇਲਾਜ ਕਰਾਉਣ ਲਈ ਅੱਗੇ ਆਏ। ਜਦਕਿ ਪੰਜਾਬ ਦੇ ਨੌਜਵਾਨ ਜਾਂ ਲੋਕ ਵਾਹ ਲੱਗਦਿਆਂ ਨਸ਼ਾ ਛੁਡਾਊ ਕੇਂਦਰਾਂ 'ਚ ਜਾਣ ਤੋਂ ਕੰਨੀ ਕਤਰਾਉਂਦੇ ਹਨ ਅਤੇ ਉਥੇ ਜਾਣ 'ਚ ਸ਼ਰਮਿੰਦਗੀ ਮਹਿਸੂਸ ਕਰਦੇ ਹਨ।

ਨਸ਼ਿਆਂ ਦੀ ਮਾਰ ਘਰ-ਘਰ ਵਿੱਚ ਹੈ। ਕੋਈ ਸ਼ਰਾਬ ਦੇ ਨਾਲ ਪੀੜ੍ਹਤ ਹੈ ਅਤੇ ਕੋਈ ਹੋਰ ਕਿਸੇ ਸੰਥੈਟਿਕ ਨਸ਼ੇ ਨਾਲ। ਨਿੱਤ ਦਿਹਾੜੇ ਨਸ਼ੇ ਦੀ ਵਾਧੂ ਖੁਰਾਕ ਲੈਣ ਨਾਲ ਨੌਜਵਾਨਾਂ ਦਾ ਮਰਨਾ ਸੁਣਨ ਨੂੰ ਮਿਲਦਾ ਹੈ। ਪਰਿਵਾਰਾਂ 'ਚ ਕਲੇਸ਼ ਤਾਂ ਪੈਂਦਾ ਹੀ ਹੈ, ਨਸ਼ੇ ਕਰਨ ਵਾਲੇ ਚੋਰੀਆਂ, ਲੁੱਟਾਂ ਦੇ ਰਾਹ ਪੈ ਕੇ ਆਪਣਾ ਜੀਵਨ ਔਖਾ ਕਰ ਰਹੇ ਹਨ। ਬਾਵਜੂਦ ਇਸ ਗੱਲ ਦੇ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨਿਰੰਤਰ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਯਤਨਸ਼ੀਲ ਹੈ, ਪਰ ਗੁਜਰਾਤ ਬੰਦਰਗਾਹ ਅਤੇ ਪਾਕਿਸਤਾਨ ਵਾਲੀ ਸਰਹੱਦ ਦੇ ਪਾਸਿਓਂ ਡਰੋਨ ਰਾਹੀਂ ਨਸ਼ਿਆਂ ਦਾ ਨਿਰੰਤਰ ਆਉਣਾ ਵੱਡੇ ਸਵਾਲ ਪੈਦਾ ਕਰ ਰਿਹਾ ਹੈ। ਨਸ਼ਿਆਂ ਦਾ ਪੰਜਾਬ ਦੀਆਂ ਜੇਲ੍ਹਾਂ ਵਿੱਚ ਮਿਲਣਾ ਹੋਰ ਵੀ ਹੈਰਾਨੀਜਨਕ ਹੈ।ਨਸ਼ਿਆਂ ਦੀ ਲਾਹਨਤ ਕਾਰਨ ਪੰਜਾਬ ਵੱਡਾ ਨੁਕਸਾਨ ਝੱਲ ਚੁੱਕਾ ਹੈ ਅਤੇ ਹਰ ਦਿਨ, ਲਗਾਤਾਰ ਨਸ਼ਿਆਂ ਦੀ ਮਾਰ ਹੇਠ ਆ ਰਿਹਾ ਹੈ।

ਪੰਜਾਬ ਵਿੱਚ ਪੰਜਾਬੀਆਂ ਖ਼ਾਸ ਕਰਕੇ ਨੌਜਵਾਨਾਂ ਦਾ ਹਰ ਹੀਲੇ ਪ੍ਰਵਾਸ ਕੀ ਦਰਸਾਉਂਦਾ ਹੈ ? ਪੰਜਾਬ ਵਿੱਚ ਗੈਂਗਾਂ ਦੀਆਂ ਲੜਾਈਆਂ ਅਤੇ ਆਮ ਲੋਕਾਂ ਨੂੰ ਉਹਨਾਂ ਵਲੋਂ ਮਿਲਦੀਆਂ ਧਮਕੀਆਂ ਅਤੇ ਕਤਲਾਂ ਦੀਆਂ ਵਾਰਦਾਤਾਂ ਕੀ ਦਰਸਾਉਂਦੀਆਂ ਹਨ ? ਪੰਜਾਬ ਦਾ ਪੋਟਾ- ਪੋਟਾ ਕਰਜ਼ਾਈ ਹੋਣਾ, ਖ਼ੁਦਕੁਸ਼ੀਆਂ ਖ਼ਾਸ ਕਰਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਕੀ ਦਰਸਾਉਂਦੀਆਂ ਹਨ ? ਪੰਜਾਬ ਦੇ ਹਿੱਤ, ਮਸਲੇ, ਔਕੜਾਂ, ਦੁਸ਼ਵਾਰੀਆਂ ਨੂੰ ਦੂਰ ਛੱਡਕੇ ਸਿਆਸਤਦਾਨਾਂ ਦੀਆਂ ਆਪਸੀ ਲੜਾਈਆਂ ਕਿਹੜੇ ਪੰਜਾਬ ਦੇ ਹਿਤੈਸ਼ੀ ਹੋਣ ਦਾ ਪ੍ਰਮਾਣ ਹੈ?

ਪੰਜਾਬ 'ਚ ਸੱਭਿਆਚਾਰਕ ਸੰਕਟ ਵਧ ਰਿਹਾ ਹੈ। ਖੇਤੀ ਦਾ ਤਾਣਾ-ਬਾਣਾ ਟੁੱਟ ਰਿਹਾ ਹੈ।ਪੰਜਾਬ ਆਪਣੇ ਆਪ ਤੋਂ ਭੱਜ ਰਿਹਾ ਹੈ। ਪੰਜਾਬ ਕਦੇ ਭੱਜੂ ਨਹੀਂ ਸੀ, ਪੰਜਾਬ ਲੜਦਾ ਸੀ, ਪੰਜਾਬ ਖੜਦਾ ਸੀ, ਪੰਜਾਬ ਆਫ਼ਤਾਂ ਸਹਿੰਦਾ ਸੀ। ਪਰ ਪੰਜਾਬ ਹੁਣ ਭਗੌੜਾ ਹੋਇਆ ਦਿਸਦਾ ਹੈ।ਇਹ ਭਗੋੜਾਪਨ ਉਸ ਦੀ ਦਿੱਖ ਬਦਲ ਰਿਹਾ ਹੈ। ਉਸਦੀ ਆਰਥਿਕਤਾ ਨਿਚੋੜ ਰਿਹਾ ਹੈ। ਉਸਦੇ ਸਭਿਆਚਾਰ 'ਚ ਬਦਲਾਅ ਲਿਆ ਰਿਹਾ ਹੈ। ਉਸਦੇ ਗੀਤੀ-ਰਿਵਾਜ, ਬੋਲੀ ਉਸ ਤੋਂ ਖੁਸ ਰਹੇ ਹਨ। ਨਸ਼ਿਆਂ ਨੇ ਤਾਂ ਉਸਦਾ ਲੱਕ ਹੀ ਤੋੜ ਦਿੱਤਾ ਹੈ। ਪਿੰਡਾਂ ਦੀ ਪਰਿਆ 'ਚ ਸੋਗ ਦੇ ਝਲਕਾਰੇ, ਪਿੰਡਾਂ ਦੇ ਲਹਿਲਾਉਂਦੇ ਖੇਤਾਂ ਦੇ ਲਿਸ਼ਕਾਰਿਆਂ ਤੇ ਭਾਰੂ ਹੋ ਗਏ ਜਾਪਦੇ ਹਨ।

(ਬਾਕੀ ਸ਼ਫ਼ਾ 31 'ਤੇ)

# ਪੰਜਾਬ ਦੀ ਬੇਰੁਜ਼ਗਾਰ ਜਵਾਨੀ ਦਾ ਦੁਖਾਂਤ ਤੇ 'ਆਪ' ਸਰਕਾਰ

ਸੁਖਚੈਨ ਸਿੰਘ

**➢ ਕੀ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਕਾਮਯਾਬ ਹੋ ਸਕੇਗੀ 'ਆਪ' ਸਰਕਾਰ**
**➢ ਬੇਰੁਜ਼ਗਾਰੀ ਨੂੰ ਠੱਲ ਪਾਉਣ ਲਈ ਕੀ ਹੋਵੇ 'ਆਪ' ਸਰਕਾਰ ਦੀ ਨੀਤੀ**

ਪੰਜਾਬ ਵਿੱਚ ਬੇਰੁਜ਼ਗਾਰੀ ਅੱਜ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ ਕਿਉਂ ਜੋ ਹਰ ਸਾਲ ਇਹ ਪਿਛਲੇ ਸਾਲਾਂ ਨਾਲੋਂ ਵਾਧੇ ਦਾ ਰਿਕਾਰਡ ਤੋੜ ਰਹੀ ਹੈ। ਕਾਰਨ ਸਾਫ਼ ਹੈ ਸਰਕਾਰਾਂ ਦਾ ਰੁਜ਼ਗਾਰ ਦੇਣ ਸੰਬੰਧੀ ਕੋਈ ਠੋਸ ਨੀਤੀ ਨਾ ਤਿਆਰ ਕਰਨਾ। ਪਿੱਛੇ ਜਿਹੇ ਬਠਿੰਡਾ ਜ਼ਿਲ੍ਹਾ ਅਦਾਲਤ ਵਿੱਚ 27 ਅਸਾਮੀਆਂ ਲਈ 7000 ਤੋਂ ਵੱਧ ਚੰਗੇ ਪੜ੍ਹੇ-ਲਿਖੇ ਨੌਜਵਾਨਾਂ ਨੇ ਅਪਲਾਈ ਕੀਤਾ। ਇਸ ਤੋਂ ਬਿਨਾਂ 1152 ਪਟਵਾਰੀਆਂ ਵਾਸਤੇ 2.33 ਲੱਖ ਪ੍ਰੀਖਿਆਰਥੀਆਂ ਨੇ ਅਪਲਾਈ ਕੀਤਾ। ਬੇਰੁਜ਼ਗਾਰੀ ਦਾ ਪੱਧਰ ਦਸਵੀਂ ਤੋਂ ਗ੍ਰੈਜੂਏਸ਼ਨ ਤੱਕ ਜਾਂਦਿਆਂ-ਜਾਂਦਿਆਂ 15.8 ਪ੍ਰਤੀਸ਼ਤ ਹੋ ਗਿਆ। 2021 ਵਿੱਚ 'ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ' (ਸੀ.ਐਮ.ਆਈ) ਦੁਆਰਾ ਤਿਆਰ ਕੀਤੀ ਗਈ ਇਕ ਰਿਪੋਰਟ ਅਨੁਸਾਰ ਰਾਜ ਦੀ ਸ਼ਹਿਰੀ ਬੇਰੁਜ਼ਗਾਰੀ 7.85% ਤੋਂ 8.2% ਅਤੇ ਪੇਂਡੂ ਖੇਤਰਾਂ ਵਿੱਚ 7.7% ਦਰਜ ਕੀਤੀ ਗਈ। ਸਰਕਾਰਾਂ ਦੁਆਰਾ ਬਹੁਪੱਖੀ ਨੀਤੀਆਂ ਰਾਹੀਂ ਇਸ ਨੂੰ ਹੱਲ ਕਰਨ ਦੀ ਇੱਛਾ ਸ਼ਕਤੀ ਦੀ ਘਾਟ ਕਾਰਨ ਇਹ ਹੋਰ ਗੰਭੀਰ ਬਣਦੀ ਜਾ ਰਹੀ ਹੈ।

ਜੇਕਰ ਪਿਛਲੀ ਸਰਕਾਰ ਦੀ ਹੀ ਗੱਲ ਕਰੀਏ ਤਾਂ ਉਹ 'ਹਰ ਘਰ ਨੌਕਰੀ' ਵਰਗੇ ਛਲਾਵੇ ਨਾਲ ਸੱਤਾ ਵਿੱਚ ਆਈ। ਭਾਵੇਂ ਉਸ ਸਮੇਂ ਵੀ ਆਮ ਆਦਮੀ ਪਾਰਟੀ ਦੀ ਵਧੀਆ ਹਵਾ ਬਣੀ ਹੋਈ ਸੀ, ਪਰ ਉਨ੍ਹਾਂ ਕੋਲ ਰੁਜ਼ਗਾਰ ਮੁਹੱਈਆ ਕਰਵਾਉਣ ਵਰਗੇ ਠੋਸ ਮੁੱਦੇ ਨਾ ਹੋਣ ਕਾਰਨ ਕਾਂਗਰਸ ਨੇ ਰੁਜ਼ਗਾਰ ਦੇਣ ਵਰਗੇ ਮੁੱਦਿਆਂ 'ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਅਤੇ ਸਰਕਾਰ ਬਣਾਈ ਪਰ ਉਹ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਫੇਲ੍ਹ ਹੋਏ।ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰ ਘਰ ਨੌਕਰੀ ਤਹਿਤ 50,000 ਨੌਕਰੀਆਂ ਦੇਣ ਦਾ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ। 'ਰੁਜ਼ਗਾਰ ਮੇਲਿਆਂ' ਦੀ ਸ਼ੁਰੂਆਤ ਹੋਈ ਪਰ ਉਹ ਸਿਰਫ ਮੇਲੇ ਹੀ ਬਣ ਕੇ ਰਹਿ ਗਏ। ਪਤਾ ਨਹੀਂ ਉਨ੍ਹਾਂ ਮੇਲਿਆਂ ਵਿੱਚ ਕਿਸਨੂੰ ਅਤੇ ਕਿਸ ਹਿਸਾਬ ਦਾ ਰੁਜ਼ਗਾਰ ਦਿੱਤਾ ਗਿਆ ? ਇਸਦੇ ਨਾਲ ਹੀ ਉਸ ਸਮੇਂ ਦੇ ਮੁੱਖ ਮੰਤਰੀ ਨੇ 'ਹਰ ਘਰ ਤੋਂ ਇਕ ਕੈਪਟਨ' ਅਤੇ 'ਬੇਰੁਜ਼ਗਾਰੀ ਭੱਤਾ' ਦੇਣ ਵਾਲੇ ਸ਼ੋਸ਼ੇ ਛੱਡ ਕੇ ਬੇਰੁਜ਼ਗਾਰ ਨੌਜਵਾਨੀ ਦਾ ਉਹ ਦਿਲ ਦੁਖਾਇਆ ਕਿ ਸਰਕਾਰ ਦੇ ਪੰਜ ਸਾਲ ਧੋਖਾਧੜੀ ਅਤੇ ਝੂਠੇ ਵਾਅਦਿਆਂ ਨਾਲ ਕੱਢਣ ਕਰਕੇ ਬਹੁਤ ਸਾਰੇ ਉਮਰ ਵਿਹਾ ਚੁੱਕੇ ਨੌਜਵਾਨ ਜਾਂ ਨੌਕਰੀ ਦੀ ਆਸ ਛੱਡ ਬੈਠੇ ਜਾਂ ਵਿਦੇਸ਼ਾਂ ਵੱਲ ਪਲਾਇਨ ਕਰ ਚੁੱਕੇ ਹਨ। ਜਦੋਂ ਦੋ ਸਾਲਾਂ ਬਾਅਦ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਦੇਖੀ ਗਈ ਤਾਂ ਇਹ 10 ਪ੍ਰਤੀਸ਼ਤ ਵੀ ਨਹੀਂ ਸੀ ਜਿਸ ਦਾ ਫਤਵਾ ਉਨ੍ਹਾਂ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੇ ਦੇ ਦਿੱਤਾ। ਨੌਕਰੀਆਂ ਜਾਂ ਰੁਜ਼ਗਾਰ ਮੁਹੱਈਆ ਕਰਾਉਣ ਨੂੰ ਸਰਕਾਰਾਂ ਨੇ ਆਪਣੀ ਜ਼ਿੰਮੇਵਾਰੀ ਨਾ ਸਮਝ ਕੇ ਚੋਣ-ਵੋਟ ਬੈਂਕ ਦੇ ਤੌਰ 'ਤੇ ਵਰਤਿਆ। ਜਦੋਂ ਵੀ ਚੋਣਾਂ ਵਾਲਾ ਸਾਲ ਆਉਂਦਾ ਤਾਂ ਕਈ ਤਰ੍ਹਾਂ ਦੀਆਂ ਸਰਕਾਰੀ ਨੌਕਰੀਆਂ ਵਾਸਤੇ ਨੋਟੀਫਿਕੇਸ਼ਨ



ਆਉਂਦੇ ਜੋ ਕਿ ਨਾ-ਮਾਤਰ ਸਿੱਧ ਹੁੰਦੇ। ਲੱਖਾਂ ਦੀ ਗਿਣਤੀ ਵਿੱਚ ਨੌਜਵਾਨਾਂ ਲਈ ਇਹ ਮਜ਼ਾਕ-ਮਾਤਰ ਹੀ ਸਿੱਧ ਹੋਏ। ਬਹੁਤੇ ਨੌਕਰੀਆਂ ਦੇਣ ਦੇ ਮਾਮਲੇ ਕਿਸੇ ਕਾਰਨ ਕੋਰਟ ਚਲੇ ਜਾਂਦੇ ਜਾਂ ਅੱਧ-ਵਿਚਕਾਰ ਹੀ ਲਟਕ ਜਾਂਦੇ। ਗੱਲ ਕਰੀਏ ਤਾਂ ਪਿਛਲੀ ਸਰਕਾਰ ਵਲੋਂ 1158 'ਅਸਿਸਟੈਂਟ ਪ੍ਰੋਫੈਸਰਾਂ' ਦੀ ਕਾਲਜਾਂ ਅਧੀਨ ਭਰਤੀ ਦਾ ਸਰਕਾਰ ਨੇ ਜੋ ਹਾਲ ਕੀਤਾ ਉਹ ਕਿਸੇ ਤੋਂ ਲੁਕਿਆ ਨਹੀਂ। ਕਈਆਂ ਨੇ ਤਾਂ ਆਪਣੀਆਂ ਪ੍ਰਾਈਵੇਟ ਨੌਕਰੀਆਂ ਦਾਅ 'ਤੇ ਲਗਾਈਆਂ, ਫਿਰ ਘੁਟਾਲਾ ਜਿਸ 'ਤੇ ਸਰਕਾਰ ਚੁੱਪ ਰਹੀ। ਇਸ ਤੋਂ ਬਿਨਾਂ ਆਪ ਸਰਕਾਰ ਵਿੱਚ ਵੀ ਕਈ ਪੇਪਰ, ਜਿਹੜੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੇ ਲਏ (ਨਾਇਬ-ਤਹਿਸੀਲਦਾਰ, ਕੋਆਪ੍ਰੇਟਿਵ ਸੁਸਾਇਟੀਜ਼ ਦੇ ਇੰਸਪੈਕਟਰ) ਜਿਨ੍ਹਾਂ ਦਾ ਕਾਫੀ ਸਮੇਂ ਬਾਅਦ ਵੀ ਹੁਣ ਤੱਕ ਕੁਝ ਨਹੀਂ ਬਣਿਆ, ਇਸ ਬਾਰੇ ਸਰਕਾਰ ਨੇ ਚੁੱਪੀ ਧਾਰ ਲਈ ਸੀ।

ਨਾਇਬ ਤਹਿਸੀਲਦਾਰ ਪੇਪਰ ਵਿੱਚ ਜੋ ਹੋਇਆ ਉਹ ਸਭ ਦੇ ਸਾਹਮਣੇ ਹੈ, ਗ੍ਰਿਫਤਾਰੀਆਂ ਹੋ ਚੁੱਕੀਆਂ ਹਨ, ਪਰ ਸਰਕਾਰ ਚੁੱਪ ਹੈ। ਨਾ ਹੀ ਮੁੱਖ ਮੰਤਰੀ ਸਾਹਿਬ ਅਤੇ ਨਾ ਹੀ ਸਰਕਾਰ ਦਾ ਕੋਈ ਹੋਰ ਨੁਮਾਇੰਦਾ ਇਸ ਸੰਬੰਧੀ ਜਾਂ ਨਿਰਾਸ਼ ਹੋਏ ਪ੍ਰੀਖਿਆਰਥੀਆਂ ਨਾਲ ਕੋਈ ਗੱਲ ਕਰ ਸਕਿਆ ਤੇ ਉਨ੍ਹਾਂ ਨੂੰ ਕੋਈ ਧਰਵਾਸ ਦਿਵਾ ਸਕਿਆ ਹੈ ਕਿ ਅੱਗੇ ਤੋਂ ਕੀ ਹੀਲੇ-ਵਸੀਲੇ ਵਰਤੇ ਜਾਣਗੇ ਇਨ੍ਹਾਂ ਪ੍ਰੀਖਿਆਵਾਂ ਨੂੰ ਸਾਫ਼-ਸੁਥਰੀਆਂ ਬਣਾਉਣ ਲਈ। ਕੋਆਪ੍ਰੇਟਿਵ ਸੁਸਾਇਟੀ ਦੇ ਇੰਸਪੈਕਟਰਾਂ ਦੀ ਭਰਤੀ ਵੀ ਅਜੇ ਪੂਰੀ ਨਹੀਂ ਹੋਈ ਹੈ, ਜਿਸ ਸੰਬੰਧੀ ਨਾ ਹੀ ਸਰਕਾਰ ਅਤੇ ਨਾ ਹੀ ਕਮਿਸ਼ਨ ਨੇ ਜਵਾਬਦੇਹੀ ਕੀਤੀ। ਸਰਕਾਰ ਦੇ ਨਾਇਬ-ਤਹਿਸੀਲਦਾਰਾਂ ਸੰਬੰਧੀ ਫਿਰ ਤੋਂ ਪ੍ਰੀਖਿਆ ਲੈਣ ਦੇ ਫੈਸਲੇ ਨੇ ਉਮੀਦਵਾਰਾਂ ਨੂੰ ਕੁਝ ਧਰਵਾਸ ਜ਼ਰੂਰ ਦਿੱਤਾ ਹੈ। ਹੁਣ ਇਹ ਸਮਾਂ ਹੀ ਦੱਸੇਗਾ ਕਿ ਕਿਸ ਪੱਧਰ ਤੱਕ ਪਾਰਦਰਸ਼ਤਾ ਆਵੇਗੀ, ਕਿਉਂਕਿ ਉਤਰਾਖੰਡ ਵਰਗੇ ਰਾਜ ਨੇ ਕਈ ਪੇਪਰ ਲੀਕ ਹੋਣ ਦੀ ਜਾਂਚ ਸੀ.ਬੀ.ਆਈ ਨੂੰ ਸੌਂਪੀ ਹੈ। ਕੀ ਪੰਜਾਬ ਵਿਚ ਇਹੋ ਜਿਹੀ ਕੋਈ ਨਿਰਪੱਖ ਜਾਂਚ ਨਹੀਂ ਹੋਣੀ ਚਾਹੀਦੀ ?

ਕਾਲਜ ਅਧੀਨ ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਹਾਈਕੋਰਟ ਵਲੋਂ ਰੱਦ ਹੋਣ ਪਿੱਛੋਂ ਸਰਕਾਰ ਦਾ ਇਸਨੂੰ ਫਿਰ ਤੋਂ ਕਰਵਾਉਣ ਜਾਂ ਨਾ-ਕਰਵਾਉਣ ਲਈ ਕੋਈ ਬਿਆਨ ਨਹੀਂ ਆਇਆ। ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲਾਂ ਹੀ ਹਰਾ-ਪੈਨ ਬੇਰੁਜ਼ਗਾਰੀ ਦੂਰ ਕਰਨ ਲਈ ਚਲਾਉਣ ਦਾ ਵਾਅਦਾ ਕਰ ਕੇ ਸੱਤਾ ਵਿੱਚ ਆਈ ਹੈ ਤਾਂ ਲੱਖਾਂ ਨੌਜਵਾਨਾਂ ਦੇ ਹਰ ਦਿਨ ਤੋਂ ਰਾਤ ਤੱਕ ਦੇ ਸੰਘਰਸ਼ ਦੀ ਦਾਸਤਾਨ ਉਨ੍ਹਾਂ ਨੂੰ ਅੱਖੋਂ-ਉਹਲੇ ਨਹੀਂ ਕਰਨੀ ਚਾਹੀਦੀ। ਪਿੱਛੇ ਜਿਹੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਉਨ੍ਹਾਂ ਵਲੋਂ ਪੰਜ ਮਹੀਨਿਆਂ ਵਿੱਚ 17,313 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਹਨ। ਇਹ ਇਕ ਵਧੀਆ ਸ਼ੁਰੂਆਤ ਹੈ ਪਰ ਮੁੱਖ ਮੰਤਰੀ ਸਾਹਿਬ ਉਹ ਨੌਜਵਾਨ ਜੋ ਅੱਧੀ ਜ਼ਿੰਦਗੀ ਨੌਕਰੀਆਂ ਦੀ ਆਸ ਵਿੱਚ, ਨੀਰਸਤਾ ਵਿੱਚ ਬਿਤਾ ਚੁੱਕੇ ਹਨ, ਉਨ੍ਹਾਂ ਨੂੰ ਵੀ ਤੁਹਾਡੇ ਤੋਂ ਇਨਸਾਫ ਦੀ ਉਮੀਦ ਹੈ, ਕਿਉਂ ਜੋ ਰਵਾਇਤੀ ਪਾਰਟੀਆਂ ਨੂੰ ਲਾਂਭੇ ਕਰਕੇ ਆਪ ਪਾਰਟੀ ਨੂੰ ਮੌਕਾ ਦੇਣ ਵਿੱਚ ਇਨ੍ਹਾਂ ਨੌਜਵਾਨਾਂ ਦਾ ਸਭ ਤੋਂ ਵੱਡਾ ਹੱਥ ਹੈ। ਪਤਾ ਨਹੀਂ, ਹਜ਼ਾਰਾਂ ਨੌਜਵਾਨਾਂ ਦੇ ਘਰਾਂ ਦੇ ਹਾਲਾਤ ਕੀ ਹਨ, ਪਤਾ ਨਹੀਂ ਉਹ ਕੀ-ਕੀ ਤਿਆਗ ਕਰਦੇ ਹਨ। ਸਰਕਾਰਾਂ ਤੋਂ ਇਹ ਨੌਜਵਾਨ ਪੀੜ੍ਹੀ ਇਕ ਆਸ ਲਗਾਉਂਦੀ ਹੈ ਜੋ ਕਿ ਪੂਰੀ ਕਰਨੀ ਬਣਦੀ ਹੈ।

(ਬਾਕੀ ਸ਼ਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS Love's AMBEST

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD connect

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰਗੱਦੀ ਦਿਵਸ 'ਤੇ ਵਿਸ਼ੇਸ਼

# ਗੁਰੂ ਹਰਿ ਰਾਏ ਸਾਹਿਬ ਜੀ

ਸੰਨ 1469-1708 ਗੁਰੂ ਕਾਲ ਦਾ ਸਮਾਂ ਸਿੱਖ ਧਰਮ ਦੇ ਸੰਘਰਸ਼ ਅਤੇ ਵਿਕਾਸ ਦਾ ਸਮਾਂ ਹੈ। ਭਾਰਤ ਵਿੱਚ ਸਮਾਜਿਕ ਅਤੇ ਰਾਜਨੀਤਿਕ ਅਸ਼ਾਂਤੀ ਸੀ। ਧਰਮ ਦੇ ਨਾਂਅ ਹੇਠ ਹਾਕਮਾਂ ਵੱਲੋਂ ਜਨ ਸਾਧਾਰਣ ਲਈ ਦਮਨਕਾਰੀ ਵਿੱਤਕਰੇ ਦਾ ਸਮਾਂ ਸੀ। ਸਿੱਖ ਗੁਰੂ ਸਾਹਿਬਾਨ ਨੇ ਜ਼ੁਲਮ ਦੇ ਖਿਲਾਫ ਬਰਾਬਰੀ, ਨਿਆਂ ਆਜ਼ਾਦੀ ਅਤੇ ਧਰਮ ਦੀ ਰੱਖਿਆ ਵਾਸਤੇ ਕੁਰਬਾਨੀਆਂ ਦਿੱਤੀਆਂ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਸਮਾਜ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੰਡਿਆ ਹੋਇਆ ਸੀ। ਮੁਗਲਾਂ ਨੇ ਤੇਰਵੀਂ ਸਦੀ ਤੱਕ ਭਾਰਤ 'ਤੇ ਕਬਜਾ ਕਰ ਲਿਆ ਸੀ। ਹਿੰਦੂਆਂ ਦਾ ਜਬਰਦਸਤੀ ਇਸਲਾਮ ਵਿੱਚ ਪਰਿਵਰਤਨ ਸ਼ੁਰੂ ਸੀ। ਹਿੰਦੂਆਂ ਦੀ ਕੱਟੜਤਾ ਵੀ ਜਾਰੀ ਸੀ। ਸਮਾਜ ਜਾਤੀ-ਵੰਡ ਵਿੱਚ ਗ੍ਰਸਿਆ ਹੋਇਆ ਸੀ। ਜਨ-ਸਾਧਾਰਣ ਨੂੰ ਜੀਵਨ ਦੇ ਬੁਨਿਆਦੀ ਜੀਣ ਦੇ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਗਿਆ ਸੀ।

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਬਰਾਬਰਤਾ ਦਾ ਸੁਨੇਹਾ ਦਿੱਤਾ। ਨਾਮ ਜੱਪਣਾ, ਕ੍ਰਿਤ ਕਰਨੀ ਤੇ ਵੰਡ ਛੱਕਣਾਂ ਦੇ ਆਦਰਸ਼ਾਂ ਤੇ ਕਦਰਾਂ ਕੀਮਤਾਂ 'ਤੇ ਸਿੱਖ ਧਰਮ ਦੀ ਉਸਾਰੀ ਹੋਈ। ਦੂਸਰੀ ਪਾਤਸ਼ਾਹੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਅੱਗੇ ਤੋਰਿਆ। ਗੁਰਮੁੱਖੀ ਲਿਖੀ ਨੂੰ ਮਿਆਰੀ ਬਣਾ ਕੇ ਪ੍ਰਚਾਰ ਦਾ ਸਾਧਨ ਬਣਾਇਆ। ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਸਾਹਿਬ ਜੀ ਨੇ ਉਦਾਸੀਆਂ ਤੋਂ ਮੂੰਹ ਮੋੜ ਕੇ ਸਮਾਜ ਨੂੰ ਗ੍ਰਹਿਸਥ ਨਾਲ ਜੋੜਿਆ। ਗੁਰਬਾਣੀ ਦਾ ਸੰਗ੍ਰਹਿ ਕੀਤਾ ਅਤੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਆਪਸੀ ਮੇਲ ਜੋਲ ਵਧਾਉਣ ਵਾਸਤੇ ਵਿਸਾਖੀ ਦਾ ਤਿਉਹਾਰ ਸ਼ੁਰੂ ਕੀਤਾ। ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਸਾਹਿਬ ਜੀ ਨੇ ਨੈਤਿਕ ਰਹਿਤ ਮਰਿਆਦਾ 'ਤੇ ਜੋਰ ਦਿੱਤਾ, ਉਪਰੰਤ ਅਧਿਆਤਮਕਤਾ ਦਾ ਸੁਨੇਹਾ ਦਿੱਤਾ। ਪੰਜਵੀਂ ਪਾਤਿਸ਼ਾਹੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ। ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਕਰਕੇ ਅੰਮ੍ਰਿਤਸਰ ਸਿੱਖਾਂ ਦਾ ਮਹਾਨ ਧਾਰਮਿਕ ਕੇਂਦਰ ਸਥਾਪਤ ਕੀਤਾ। ਸੋਲਵੀਂ ਸਦੀ ਦੇ ਅੰਤ ਤੱਕ ਸਿੱਖ ਵੀ ਹਿੰਦੂ, ਮੁਸਲਮਾਨਾਂ ਤੋਂ ਇਲਾਵਾ ਤੀਸਰੀ ਸ਼ਕਤੀ ਦੀ ਕੌਮ ਵਜੋਂ ਉਭਰ ਚੁੱਕੇ ਸਨ। ਮੁਗਲ ਬਾਦਸ਼ਾਹ ਜਹਾਂਗੀਰ ਇਸ ਉਭਰ ਰਹੀ ਸ਼ਕਤੀ ਨੂੰ ਇਸਲਾਮ ਲਈ ਖਤਰਾ ਸਮਝਦਾ ਸੀ। ਉਸਨੇ ਸਿੱਖਾਂ ਵਿਚੋਂ ਧਾਰਮਿਕ ਸ਼ਕਤੀ ਦਾ ਜ਼ਜਬਾ ਖਤਮ ਕਰਨ ਲਈ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਘੋਰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਸੰਜਮ ਵਿੱਚ ਰਹਿ ਕੇ ਰੱਬ ਦੇ ਭਾਣੇ ਨੂੰ ਨਿਭਾਉਂਦਿਆਂ ਸਿੱਖੀ ਲਈ ਲਾਸਾਨੀ ਕੁਰਬਾਨੀਆਂ ਦਾ ਮੁੱਢ ਬੰਨਿਆ।

ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ, 1606 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਜਦੋਂ ਉਹਨਾਂ ਦੀ ਉਮਰ 11 ਸਾਲ ਸੀ। ਉਹਨਾਂ ਦਾ ਗੁਰੂ ਕਾਲ ਜ਼ੁਲਮ ਖਿਲਾਫ ਬੜਾ ਚੁਣੌਤੀਆਂ ਭਰਿਆ ਸੀ। ਉਹਨਾਂ ਸ਼ਾਂਤਮਈ ਪ੍ਰਚਾਰ ਦੇ ਨਾਲ ਜ਼ੁਲਮ ਖਿਲਾਫ ਹਥਿਆਰਬੰਦ ਹੋ ਕੇ ਧਰਮ ਦੀ ਰੱਖਿਆ ਕਰਨ ਦਾ ਬਕਾਇਦਾ ਐਲਾਨ ਕਰ ਦਿੱਤਾ। ਸਿੱਖ ਕੌਮ ਨੂੰ ਸਵੈ -ਰਖਿਆ ਅਤੇ ਖੁਦਮੁਖਤਿਆਰ ਬਣਾਉਣ ਲਈ 1609 ਵਿੱਚ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਮੀਰੀ -ਪੀਰੀ ਦੇ ਮਾਲਕ ਛੇਵੀਂ ਪਾਤਿਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਕੌਮ ਵਿੱਚ ਅਜਿਹਾ ਜੋਸ਼ ਭਰਿਆ ਕਿ ਉਹ ਮੁਗਲਾਂ ਦੇ ਜ਼ੁਲਮ ਦਾ ਡਟ ਕੇ ਮੁਕਾਬਲਾ ਕਰ ਸਕਦੇ ਹਨ। ਧਰਮ ਦੀ ਰੱਖਿਆ ਵਾਸਤੇ ਹਥਿਆਰਬੰਦ ਹੋਣ ਦਾ ਬੀਰ ਰਸ ਭਰਿਆ। ਭਾਵੇਂ ਆਪ ਇਕ ਦਿਆਲੂ ਅਤੇ ਮਨੁੱਖਤਾ ਦੀ ਭਲਾਈ ਦੇ ਹਾਮੀ ਸਨ ਪਰ ਸ਼ਾਹ ਜਹਾਨ ਮੁਗਲ ਬਾਦਸ਼ਾਹ ਨੇ ਸਿੱਖਾਂ ਨਾਲ ਦੁਸ਼ਮਣੀ ਲੈ ਕੇ ਚਾਰ ਜੰਗਾਂ ਲੜੀਆਂ। ਸਿੱਖਾਂ ਦੀ ਘੱਟ ਗਿਣਤੀ ਫੌਜ ਨੇ ਗੁਰੂ ਸਾਹਿਬ ਜੀ ਦੀ ਅਗਵਾਈ ਹੇਠ ਜੰਗਾਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਗੁਰੂ ਹਰਿਗੋਬਿੰਦ ਸਾਹਿਬ ਜੀ ਅਮਨ -ਸ਼ਾਂਤੀ ਦੀ ਤਲਾਸ਼ ਵਿੱਚ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਜਾ ਠਹਿਰੇ।

ਕੀਰਤਪੁਰ ਦੀ ਭਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ ਸੀ ਅਤੇ ਇਸਦਾ ਨਿਰਮਾਣ ਉਹਨਾਂ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੇ 1620 ਵਿੱਚ ਕੀਤਾ। ਬਾਬਾ ਗੁਰਦਿੱਤਾ ਜੀ ਦਾ ਵਿਆਹ ਅਨੰਤੀ, ਜਿੰਨਾਂ ਨੂੰ ਨਿਹਾਲ ਕੌਰ ਵੀ ਕਿਹਾ ਜਾਂਦਾ ਹੈ, ਨਾਲ ਹੋਇਆ। ਉਹਨਾਂ ਦੇ ਦੋ ਸਪੁੱਤਰ ਧੀਰਮਲ ਅਤੇ ਛੋਟੇ ਹਰਿ ਰਾਏ ਜੀ ਸਨ। ਹਰਿ ਰਾਏ ਜੀ ਦਾ ਪ੍ਰਕਾਸ਼ 16 ਜਨਵਰੀ 1630 ਨੂੰ ਕੀਰਤਪੁਰ ਵਿਖੇ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਵੀ 1635 ਵਿੱਚ ਕੀਰਤਪੁਰ ਆ ਗਏ, ਜਿਥੇ ਉਹ 10 ਸਾਲ ਰਹੇ। ਗੁਰੂ ਹਰਿ ਰਾਏ ਸਾਹਿਬ ਜੀ ਦੇ ਮਨ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬੜਾ ਪ੍ਰਭਾਵ ਸੀ। ਉਹਨਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ ਸੰਸਾਰਿਕ ਵਿਵਹਾਰਕ , ਗੁਰਬਾਣੀ ਵਿਚਾਰ ਅਤੇ ਬੀਰ ਰਸ ਦੇ ਪ੍ਰਭਾਵਾਂ ਹੇਠ ਸ਼ਸ਼ਤਰ ਵਿਦਿਆ ਦੇ ਗਿਆਨ ਵਿੱਚ ਪ੍ਰਪੱਕ ਹੋਣ ਦਾ ਪੂਰਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿੱਚ ਹੀ ਆਪ ਸੰਤ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ, ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਹਨਾਂ ਨੇ ਨਿਰਭਊ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਸੰਸਾਰ ਵਿੱਚ ਸੰਜਮ ਵਿੱਚ ਰਹਿਣ ਵਾਲਾ ਉਹਨਾਂ ਦਾ ਜੀਵਨ ਸੀ। ਅਜਿਹਾ ਅਨੁਭਵ ਸੀ ਕਿ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਹੈ ਕਿ ਕੁਝ ਨਜਾਇਜ਼ ਨਾ ਹੋ ਜਾਵੇ। ਇਸੇ ਭਾਣੇ ਵਿੱਚ ਆਪਣੇ ਤਾਣ ਹੁੰਦਿਆ ਵੀ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਵਿਆਹ 1640 ਵਿੱਚ ਅਨੂਪ ਸ਼ਹਿਰ ਜ਼ਿਲ੍ਹਾ ਬੁਲੰਦ ਸ਼ਹਿਰ ਉਤਰ ਪ੍ਰਦੇਸ਼ ਨਿਵਾਸੀ ਦਇਆ ਰਾਮ ਜੀ ਦੀ ਸਪੁੱਤਰੀ ਕਿਸ਼ਨ ਕੌਰ ਨਾਲ ਹੋਇਆ। ਆਪ ਜੀ ਦੇ ਦੋ ਸਪੁੱਤਰ ਰਾਮ ਰਾਇਦ ਜੀ ਅਤੇ (ਗੁਰੂ) ਹਰਿ ਕ੍ਰਿਸ਼ਨ ਸਾਹਿਬ ਜੀ ਸਨ। ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਭਰਾ ਧੀਰਮਲ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸਿੱਖ ਗੁਰੂਆਂ ਦੀ ਸਿੱਖਿਆ ਅਤੇ ਧਰਮ ਦਾ ਵਿਰੋਧ ਕੀਤਾ। ਛੇਵੀਂ ਪਾਤਿਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਹਰਿ ਰਾਏ ਜੀ ਨੇ ਗੁਰੂ ਹਰਿ ਰਾਏ ਜੀ ਦੇ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਆਪਣੇ ਪੋਤਰੇ ਨੂੰ ਸੱਤਵੀਂ ਪਾਤਿਸ਼ਾਹੀ ਦੀ ਗੁਰਗੱਦੀ ਸੌਂਪੀ। ਉਸ ਵੇਲੇ ਆਪ ਜੀ ਦੀ ਉਮਰ 14 ਸਾਲ ਦੀ ਸੀ। ਆਪ ਜੀ ਦੀ ਗੁਰਆਈ ਦਾ ਸਮਾਂ 8 ਮਾਰਚ 1644-6 ਅਕਤੂਬਰ 1661 ਤਕ ਦਾ ਹੈ।

ਆਪ ਜੀ ਨੇ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅੱਗੇ ਤੋਰਿਆ। ਉਸੇ ਆਸ਼ੇ ਵਿੱਚ ਆਪ ਜੀ ਨੇ ਜਿੰਮੇਵਾਰੀਆਂ ਨਿਭਾਈਆਂ। ਆਪ ਜੀ ਨੇ ਸੰਗਤਾਂ ਵਿੱਚ ਚੜ੍ਹਦੀ ਕਲਾ ਦਾ ਜਜਬਾ ਭਰਿਆ। ਉਪਦੇਸ਼ ਦਿੱਤਾ ਕਿ ਦੁਨਿਆਵੀਂ ਤੌਰ 'ਤੇ ਵਿਚਰਦਿਆਂ ਧਰਮ ਵਿੱਚ ਵਿਸ਼ਵਾਸ਼ ਨੂੰ ਨਹੀਂ ਤਿਆਗਣਾ, ਸਗੋਂ ਧਰਮ ਦੀ ਰੱਖਿਆ ਕਰਨੀ ਹੈ। ਧਰਮ ਦੀ ਖਾਤਿਰ ਜੀਵਨ ਘੋਲ -ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾਲ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਊ ਨਿਰਵੈਰ ਹੈ। ਗੁਰੂ ਸਾਹਿਬ ਜੀ ਨੇ ਸੰਜਮ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੌੜਾ ਖਾਣਾ, ਥੌੜਾ ਸੌਣਾ, ਸਰੀਰ ਨੂੰ ਤੰਦਰੁਸਤ ਰੱਖਣਾਂ ਅਤੇ ਸਹਿਜ ਵਿੱਚ ਰਹਿਣਾ ਹੈ। ਆਪ ਨਾਮ ਦਾਨ ਤੇ ਇਸ਼ਨਾਨ ਦੇ ਨਿੱਤਨੇਮੀ ਸਨ। ਮਰਿਆਦਾ ਵਿੱਚ ਹਮੇਸ਼ਾ ਪੱਕੇ ਰਹਿਣ ਦਾ ਉਪਦੇਸ਼ ਦਿੰਦੇ ਹਨ।

ਲੋੜਵੰਦਾਂ ਦੀ ਸਹਾਇਤਾ ਖਿੜੇ ਮੱਥੇ ਕਰਨੀ ਹੈ। ਗੁਰੂ ਕੇ ਲੰਗਰਾਂ ਦੇ ਪ੍ਰਬੰਧ ਵੱਲ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਕੇ ਲੰਗਰਾਂ ਦੀ ਲੋੜਵੰਦਾਂ ਦੀ ਸਹਾਇਤਾ ਖਿੜੇ ਮੱਥੇ ਕਰਨੀ ਹੈ। ਗੁਰੂ ਕੇ ਲੰਗਰਾਂ ਦੇ ਪ੍ਰਬੰਧ ਵੱਲ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਕੇ ਲੰਗਰਾਂ ਦੀ ਸੇਵਾ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤਕ ਚਲਾਉਣ ਦੀ ਮਰਿਆਦਾ ਬਣਾ ਦਿੱਤੀ। ਉਹੀ ਲੰਗਰ ਸਫਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖਾਂ ਦੀ ਰਹਿਣੀ ਬਹਿਣੀ ਦਾ ਪ੍ਰਪੱਕ ਅੰਗ ਦਸਿਆ। ਉਸੇ ਉਪਦੇਸ਼ ਅਧੀਨ ਜਦ 1646 ਵਿੱਚ ਲਾਹੌਰ ਵਿੱਚ ਭਿਆਨਕ ਬਿਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਸੰਗਤਾਂ ਨੇ ਲੋੜਵੰਦਾਂ ਬੇਸਹਾਰਿਆਂ ਦੀ ਸੇਵਾ ਕੀਤੀ।

ਆਪ ਜੀ ਨੂੰ ਗੁਰਆਈ ਬਖਸ਼ਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਅਮਨ ਸਾਹਿਤ ਗੁਰ-ਸਿੱਖੀ ਦਾ ਪ੍ਰਚਾਰ ਅਤੇ ਸਮਾਜ ਦਾ ਉਧਾਰ ਕਰਨਾ ਹੈ। ਸਵੈ ਰਖਿਆ ਅਤੇ ਧਰਮ ਦੀ ਰੱਖਿਆ ਲਈ ਆਪਣੇ ਕੋਲ ਫੌਜ਼ ਜਰੂਰ ਰੱਖਣੰ ਹੈ। ਤਦ ਹੀ ਤਾਂ 2200 ਘੌੜ ਸਵਾਰਾਂ ਦੀ ਜੁਝਾਰੂ ਫੌਜ ਆਪਜੀ ਕੋਲ ਸੀ ਜੋ ਖਾਲਸੇ ਦੇ ਜੁਝਾਰੂ ਜਲੋਅ ਦਾ ਪ੍ਰਤੀਕ ਸੀ। ਇਸ ਤਰਾਂ ਮੀਰੀ ਪੀਰੀ ਦੀ ਮਰਿਆਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ 'ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿੱਚ ਲੈ ਕੇ ਔਰੰਗਜੇਬ ਦੀ ਫੌਜ਼ ਨੂੰ ਰੋਕੀ ਰਖਿਆ ਤੇ ਦਾਰਾ ਸ਼ਿਕੋਹ ਬੱਚ ਨਿਕਲਣ ਵਿੱਚ ਸਫਲ ਹੋਇਆ।

ਆਪ ਜੀ ਨੂੰ ਸ਼ਿਕਾਰ ਕਰਨ ਦਾ ਬੜਾ ਸ਼ੌਂਕ ਸੀ। ਆਪ ਸ਼ਿਕਾਰ ਨੂੰ ਮਾਰਨ ਦੀ ਥਾਂ ਜਿਉਂਦੇ ਫੜਨ ਦਾ ਯਤਨ ਕਰਦੇ ਸਨ। ਜਿਹੜੇ ਜਾਨਵਰ ਫੜੇ ਜਾਂਦੇ, ਉਹਨਾਂ ਨੂੰ ਆਪਣੇ ਬਾਗ ਵਿੱਚ ਲਿਆ ਕੇ ਉਹਨਾਂ ਦੀ ਪਾਲਣਾ ਕਰਦੇ ਸਨ। ਇਸ ਤਰਾਂ ਆਪ ਜੀ ਦੇ ਬਾਗ ਵਿੱਚ ਚਿੜੀਆ ਘਰ ਵੀ ਸੀ।

ਆਪ ਆਪਣੀ ਸੰਗਤ ਨੂੰ ਨਾਮਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ। ਆਪ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਸੇਵਕਾਂ ਨੂੰ ਤੰਦਰੁਸਤ ਵੀ ਰੱਖਣਾ ਚਾਹੁੰਦੇ ਸਨ। ਚੜ੍ਹਦੀ ਕਲਾ ਵਾਲਾ ਜੀਵਨ ਵਿਚਰਨ ਲਈ ਸੁਖੀ ਜੀਵਨ ਬਤੀਤ ਕਰਨ ਦਾ ਪ੍ਰਬੰਧ ਵੀ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਿਹਾ ਕਿ ਲੰਗਰਾਂ ਵਿੱਚ ਜੋ ਵੀ ਰਸਦ ਸਮਾਨ ਆਵੇ ਬੜੀ ਹੀ ਸੰਭਾਲ ਨਾਲ ਰੱਖਣਾ ਹੈ। ਜੇ ਲੋੜ ਪਏ ਤਾਂ ਕੋਈ ਚੀਜ਼ ਕੰਮ ਨਾ ਆ ਸਕੇ। ਇਸ ਤਰਾਂ ਆਪ ਜੀ ਦੇ ਕੋਲ ਕੀਮਤੀ ਦੁਰਲੱਭ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਹਨਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਵੱਡੇ ਦਵਾਖਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫਤ ਦਵਾਈ ਦੇ ਰੂਪ ਵਿੱਚ ਵੰਡੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਬਾਦਸ਼ਾਹ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਣਾ ਕੀਤਾ ਸੀ। ਉਹ ਗੁਰੂ ਸਾਹਿਬ ਜੀ ਦਾ ਉਪਦੇਸ਼ ਰਹਿਣੀ ਬਹਿਣੀ ਅਤੇ ਸੁਚੱਜੇ ਅਤੇ ਸਫਲ ਵਿਸ਼ਾਲ ਪ੍ਰਬੰਧ, ਗੁਰੂ ਸਾਹਿਬ ਜੀ ਦੀ ਵੱਧਦੀ ਹਰਮਨ ਪਿਆਰਤਾ ਅਤੇ ਆਪ ਜੀ ਨਾਲ ਦਾਰਾ ਸ਼ਿਕੋਹ ਦਾ ਵੱਧਦਾ ਮੇਲ ਮਿਲਾਪ ਵੇਖਦੇ ਔਰੰਗਜੇਬ ਨੇ ਈਰਖਾ ਵਿੱਚ ਆ ਕੇ ਗੁਰੂ ਸਾਹਿਬ ਜੀ ਨੂੰ ਮਿਲਣ ਦੇ ਬਹਾਨੇ ਦਿੱਲੀ ਤਲਬ ਕਰ ਲਿਆ। ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਭੇਜਣ ਦਾ ਫੈਸਲਾ ਕੀਤਾ। ਉਸ ਨੂੰ ਸਮਝਾਇਆ ਕਿ ਗੁਰੂ ਨਾਨਕ ਦੇਵ ਜੀ ਦੇ ਧਰਮ ਆਸ਼ੇ ਅਨੁਸਾਰ ਹੀ ਧਰਮ ਦੀ ਗੱਲ ਕਰਨੀ ਹੈ। ਬਾਦਸ਼ਾਹ ਦੇ ਰੋਹਬ ਅੱਗੇ ਕਦੇ ਖਿੜਕਣਾ ਨਹੀਂ ਹੈ। ਔਰੰਗਜੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪਰਿਵਰਤਨ ਕਰਵਾਉਣ ਦਾ ਆਦੀ ਸੀ। ਉਸਨੇ ਚਾਹਿਆ ਕਿ (**ਬਾਕੀ ਸਫ਼ਾ 31 'ਤੇ**)

# ਜੜੀਆਂ ਬੂਟੀਆਂ ਦਾ ਬਾਗ਼ ਤੇ ਇੱਕ ਖ਼ੋਜ ਕੇਂਦਰ ਸਥਾਪਤ ਕਰਨ ਵਾਲੇ ਗੁਰੂ ਹਰਿਰਾਇ ਸਾਹਿਬ ਜੀ



ਡਾ. ਰੂਪ ਸਿੰਘ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਬਾਬਾ ਅਟੱਲ ਰਾਇ ਜੀ, ਬਾਬਾ ਅਣੀ ਰਾਇ ਜੀ, ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ ਅਤੇ ਗੁਰੂ ਤੇਗ ਬਹਾਦਰ ਜੀ। ਬਾਬਾ ਗੁਰਦਿੱਤਾ ਜੀ ਦੇ ਦੋ ਸਾਹਿਬਜ਼ਾਦੇ ਸਨ। ਬਾਬਾ ਧੀਰਮੱਲ ਜੀ ਅਤੇ ਗੁਰੂ ਹਰਿਰਾਇ ਜੀ। ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਜਨਮ 20 ਮਾਘ ਸੰਮਤ 1686 (30 ਜਨਵਰੀ, 1630 ਈ:) ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਦੇ ਘਰ, ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਗੁਰੂ ਹਰਿਰਾਇ ਸਾਹਿਬ ਜੀ ਬਚਪਨ ਤੋਂ ਹੀ ਕੁਦਰਤ ਪ੍ਰੇਮੀ, ਸ਼ਾਂਤ ਸੁਭਾਅ, ਦਇਆ, ਕੋਮਲਤਾ ਜਿਹੇ ਸਦਗੁਣਾਂ ਦੇ ਧਾਰਨੀ ਸਨ। ਆਰੰਭਕ ਅਧਿਆਤਮਕ ਤੇ ਸੰਸਾਰਕ, ਸਰੀਰਿਕ ਸਿੱਖਿਆ ਅਤੇ ਸ਼ਸ਼ਤਰ ਵਿੱਦਿਆ ਵੀ ਆਪ ਜੀ ਨੇ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਦੇਖ-ਰੇਖ ਵਿੱਚ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਅਤੇ ਅਧਿਆਤਮਕ ਪੱਖੋਂ ਬਹੁਤ ਬਲਵਾਨ ਤੇ ਵਿਰਸੇ ਤੋਂ ਅਮੀਰ ਸਨ। ਆਪ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ 1640 ਈਸਵੀ ਵਿੱਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਜੀ ਦੇ ਦੋ ਸਪੁੱਤਰ ਸਨ ਬਾਬਾ ਰਾਮਰਾਇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ। ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿੱਚ ਹੀ ਪ੍ਰਲੋਕ ਸਿਧਾਰ ਗਏ ਸਨ। ਕੇਵਲ ਗੁਰੂ ਹਰਿਰਾਇ ਸਾਹਿਬ ਜੀ ਹੀ ਗੁਰਗੱਦੀ ਦੇ ਯੋਗ ਵਾਰਸ ਸਾਬਤ ਹੋਏ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈਸਵੀਂ ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। 8 ਮਾਰਚ, 1644 ਈਸਵੀ ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਤਮ ਆਦੇਸ਼ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾ 2200 ਘੋੜ ਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ ਸ਼ਾਂਤੀ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਕੇਵਲ ਇੱਕ ਫੁੱਲ ਦੇ ਟੁੱਟਣ ਨਾਲ, ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ ਕਿ ਦਾਮਨ ਸੰਕੋਚ ਕੇ ਚਲੋ। ਸਾਰਾ ਜੀਵਨ ਸਹਿਜ, ਸੰਜਮ ਅਤੇ ਸ਼ੀਤਲਤਾ ਨਾਲ ਗੁਜਾਰਿਆ। ਮਸੰਦਾਂ ਤੇ ਮੀਣਿਆਂ ਨੇ ਗੁਰੂ ਹਰਿਰਾਇ ਸਾਹਿਬ ਦਾ ਹਮੇਸ਼ਾ ਵਿਰੋਧ ਕੀਤਾ। ਗੁਰਤਾ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੁਕਾਈ ਤਰਾਹ-ਤਰਾਹ ਕਰ ਉਬਠੀ। ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰੂ-ਘਰ ਦੀ ਪਰੰਪਰਾ ਅਨੁਸਾਰ ਦੁਖੀਆਂ ਦੀ ਸੇਵਾ ਕੀਤੀ। ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ ਕੇ 'ਸ਼ਾਹ-ਰੂਮੀ' ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿੱਚ ਹਾਜ਼ਰ ਹੋਇਆ। ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇੱਕ ਖੋਜ ਕੇਂਦਰ ਸਥਾਪਤ ਕੀਤਾ। ਬਾਦਸ਼ਾਹ ਸ਼ਾਹਜਹਾਂ ਦੇ ਆਖਰੀ ਦਿਨਾਂ ਵਿੱਚ ਪਰਿਵਾਰਕ ਫੁੱਟ ਚਰਮ ਸੀਮਾ 'ਤੇ ਸੀ। ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ। ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਜੀ ਬਹੁਤ ਹੀ ਵਿਦਵਾਨ ਤੇ ਹਾਜ਼ਰ ਜੁਆਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸੁਆਲ ਦਾ ਜੁਆਬ ਤਸੱਲੀਬਖ਼ਸ ਦਿੱਤਾ। ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ, 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।' ਦੇ ਅਰਥ ਪੁੱਛੇ ਤਾਂ ਬਾਬਾ ਰਾਮਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ; 'ਬੇਈਮਾਨ' ਹੈ, ਪਰ ਕਾਤਿਬ ਦੀ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ। ਬਾਬਾ ਰਾਮਰਾਇ ਜੀ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ। ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਗੁਰੂ-ਕਾਲ ਵਿੱਚ ਮਾਝੇ, ਮਾਲਵੇ ਤੇ ਦੁਆਬੇ ਦੇ ਇਲਾਕਿਆਂ ਵਿੱਚ ਕਈ ਪ੍ਰਚਾਰ ਦੌਰੇ ਕੀਤੇ। ਕਰਤਾਰਪੁਰ, ਨੂਰ ਮਹਿਲ, ਡਰੋਲੀ, ਭਾਈ ਰੂਪਾ ਤੋਂ ਹੁੰਦੇ ਹੋਏ ਮਰਾਝ ਪਹੁੰਚੇ। ਇੱਥੋਂ ਦਾ ਚੌਧਰੀ ਕਾਲਾ ਗੁਰੂ ਦਰਬਾਰ ਦਾ ਬਹੁਤ ਹੀ ਪ੍ਰੀਤਵਾਨ ਸੀ, ਉਸ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਇੱਕ ਦਿਨ ਚੌਧਰੀ ਕਾਲਾ ਆਪਣੇ ਯਤੀਮ ਭਤੀਜਿਆਂ ਨੂੰ ਨਾਲ ਲੈ ਕੇ ਗੁਰੂ ਦਰਸ਼ਨਾਂ ਲਈ ਹਾਜ਼ਰ ਹੋਇਆ। ਗੁਰੂ ਦਰਬਾਰ ਵਿੱਚ ਹਾਜ਼ਰ ਹੋ ਕੇ ਉਨ੍ਹਾਂ ਬੱਚਿਆਂ ਨੇ ਆਪਣੇ ਢਿੱਡ ਵਜਾਉਣੇ ਸ਼ੁਰੂ ਕਰ ਦਿੱਤੇ।

ਚੌਧਰੀ ਕਾਲੇ ਨੇ ਪੁੱਛਣ 'ਤੇ ਗੁਰੂ ਜੀ ਨੂੰ ਦੱਸਿਆ ਕਿ ਇਹ ਭੁੱਖੇ ਹਨ, ਖਾਣ ਨੂੰ ਮੰਗਦੇ ਹਨ। ਗੁਰੂ ਜੀ ਨੇ ਬਖਸ਼ਿਸ਼ ਕੀਤੀ ਕਿ ਇਨ੍ਹਾਂ ਦੀ ਸੰਤਾਨ ਤਾਂ ਦਰਿਆ ਸਤਲੁਜ ਦੇ ਵਿਚਕਾਰ ਰਾਜ ਭਾਗ ਕਰੇਗੀ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੀ ਬਖਸ਼ਿਸ਼ ਸਦਕਾ ਹੀ ਫੂਲ ਬੰਸ ਨੂੰ ਪਟਿਆਲਾ, ਜੀਂਦ ਤੇ ਨਾਭਾ ਰਿਆਸਤਾਂ ਦਾ ਰਾਜ ਭਾਗ ਪ੍ਰਾਪਤ ਹੋਇਆ। ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ 1661 ਈਸਵੀ ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾ ਗਏ।

# ਖੇਤੀ ਪ੍ਰਧਾਨ ਸੂਬਾ ਪੰਜਾਬ ਖੇਤੀਬਾੜੀ 'ਚ ਕਿਉਂ ਪਿਛੜਨ ਲੱਗਿਆ

## ➢ ਕਿਸਾਨਾਂ ਦੀਆਂ ਖ਼ੁਦਕਸ਼ੀਆਂ ਬਨਾਮ ਆਲਮੀ ਵਰਤਾਰਾ ➢ ਪੰਜਾਬ ਦੀ ਖੇਤੀਬਾੜੀ ਕਿਵੇਂ ਹੋਵੇ ਖ਼ੁਸ਼ਹਾਲ ? ➢ ਪੰਜਾਬ ਦੀ ਖੇਤੀ ਨੀਤੀ ਵਿੱਚ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਦੀ ਹੋਵੇ ਸਮਰਥਾ ➢ ਖੇਤੀਬਾੜੀ, ਕੇਂਦਰੀ ਬੱਜਟ, ਕਿਸਾਨਾਂ ਦੀ ਦਸ਼ਾ ਅਤੇ ਆਰਥਿਕਤਾ

-ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਪੰਜਾਬ ਦੀ ਵੱਡੀ ਗਿਣਤੀ ਆਬਾਦੀ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸਬੰਧਿਤ ਕੰਮ ਧੰਦਿਆਂ ਵਿੱਚ ਲਗੀ ਹੋਈ ਹੈ। ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਮਜਬੂਤ ਆਧਾਰ ਹੈ। ਖੇਤੀਬਾੜੀ ਦੇ ਖੇਤਰ ਵਿੱਚ ਆਈ ਮੰਦੀ ਅਤੇ ਤੇਜ਼ੀ ਦਾ ਪੰਜਾਬ ਦੀ ਆਰਥਿਕਤਾ 'ਤੇ ਵੱਡਾ ਅਸਰ ਪੈਂਦਾ ਹੈ। ਜੇ ਪੰਜਾਬ ਦੇ ਖੇਤਾਂ ਵਿੱਚ ਭਰਪੂਰ ਫਸਲ ਹੋਵੇ ਅਤੇ ਉਸਦਾ ਕਿਸਾਨਾਂ ਨੂੰ ਚੰਗਾ ਮੁੱਲ ਮਿਲ ਜਾਵੇ ਤਾਂ ਕਿਸਾਨ ਉਸ ਕਮਾਈ ਨਾਲ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਦੇ ਨਾਲ ਆਪਣੇ ਧੀਆਂ ਪੁੱਤਰਾਂ ਦੇ ਵਿਆਹਾਂ 'ਤੇ ਖੁੱਲਾ ਖਰਚ ਕਰਦਾ ਹੈ ਅਤੇ ਆਪਣੇ ਰਹਿਣ ਲਈ ਬਣਾਏ ਮਕਾਨ ਉਪਰ ਵੀ ਪੂੰਜੀ ਲਗਾਉਂਦਾ ਹੈ। ਇਸਦੇ ਨਾਲ ਹੀ ਫਸਲ ਵੇਚ ਕੇ ਮਿਲੀ ਆਮਦਨ ਨਾਲ ਕਿਸਾਨਾਂ ਵਲੋਂ ਆਪਣੇ ਸ਼ੌਂਕ ਵੀ ਪੂਰੇ ਕੀਤੇ ਜਾਂਦੇ ਹਨ, ਜਿਸ ਕਾਰਨ ਪੰਜਾਬ ਦੇ ਅਨੇਕਾਂ ਹੋਰਨਾਂ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਚੰਗੀ ਖੇਤ ਨੀਤੀ ਦੀ ਅਣਹੋਂਦ ਕਾਰਨ ਪੰਜਾਬ ਵਿੱਚ ਖੇਤੀ ਘਾਟੇ ਵਾਲਾ ਸੌਦਾ ਬਣਦੀ ਜਾ ਰਹੀ ਹੈ, ਜਿਸ ਕਾਰਨ ਕਿਸਾਨਾਂ ਦੀ ਆਰਥਿਕ ਹਾਲਤ ਡਾਵਾਂਡੋਲ ਹੋ ਰਹੀ ਹੈ। ਆਰਥਿਕ ਮੰਦੀ ਅਤੇ ਕਰਜ਼ੇ ਤੋਂ ਦੁਖੀ ਹੋ ਕੇ ਪੰਜਾਬ ਦੇ ਅਨੇਕਾਂ ਕਿਸਾਨ ਖੁਦਕਸ਼ੀਆਂ ਕਰ ਚੁਕੇ ਹਨ ਪਰ ਇਥੇ ਜ਼ਿਕਰ ਕਰਨਾ ਜਰੂਰੀ ਹੈ ਕਿ ਖੁਦਕੁਸ਼ੀਆਂ ਸਿਰਫ ਪੰਜਾਬ ਦੇ ਕਿਸਾਨ ਹੀ ਨਹੀਂ ਕਰਦੇ ਸਗੋਂ ਦੇਸ਼ ਅਤੇ ਦੁਨੀਆਂ ਦੇ ਹੋਰਨਾਂ ਇਲਾਕਿਆਂ ਦੇ ਅਨੇਕਾਂ ਕਿਸਾਨ ਵੀ ਖੁਦਕਸ਼ੀਆਂ ਕਰ ਚੁਕੇ ਹਨ।

ਇਸ ਸਮੇਂ ਪੂਰੇ ਵਿਸ਼ਵ ਵਿੱਚ ਜੋ ਆਰਥਿਕ ਮੰਦੀ ਆ ਰਹੀ ਹੈ, ਉਸਦਾ ਪ੍ਰਭਾਵ ਸਿਰਫ ਪੰਜਾਬ ਦੇ ਕਿਸਾਨਾਂ 'ਤੇ ਹੀ ਨਹੀਂ ਪਿਆ ਸਗੋਂ ਪੂਰੀ ਦੁਨੀਆਂ ਦੇ ਕਿਸਾਨਾਂ 'ਤੇ ਪਿਆ ਹੈ। ਪੱਛਮੀ ਯੂਰੋਪ ਦੇ ਬਰਤਾਨੀਆਂ, ਫਰਾਂਸ, ਇਟਲੀ ਅਤੇ ਜਰਮਨੀ ਵਰਗੇ ਵਿਕਸਤ ਮੁਲਕਾਂ ਦੇ ਲੋਕ ਪੈਨਸ਼ਨਾਂ, ਉਮਰ ਵਧਾਈ, ਸਹੂਲਤਾਂ ਵਿੱਚ ਕਟੌਤੀ ਆਦਿ ਨੂੰ ਲੈ ਕੇ ਵੱਡੀਆਂ ਹੜ੍ਹਤਾਲਾਂ ਕਰ ਰਹੇ ਹਨ। ਇਹ ਵਰਤਾਰਾ ਵਿਕਸਤ ਮੁਲਕਾਂ ਵਿਚੋਂ ਨਿਕਲ ਕੇ ਲਾਤੀਨੀ ਅਮਰੀਕਾ, ਪੂਰਬੀ ਯੂਰੋਪ ਅਤੇ ਏਸ਼ਿਆਈ ਮੁਲਕਾਂ ਅੰਦਰ ਵੀ ਵੱਧ ਰਿਹਾ ਹੈ।

ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਦੇ ਸਿੱਟੇ ਵਜੋਂ ਸੰਸਾਰ ਪੱਧਰ 'ਤੇ ਮਹਿੰਗਾਈ ਵਧੀ ਹੈ, ਜਿਸ ਕਾਰਨ ਕਰੀਬ ਸਾਰੀਆਂ ਕੰਪਨੀਆਂ ਵਿੱਚ ਮਜ਼ਦੂਰਾਂ ਤੇ ਮੁਲਾਜ਼ਮਾਂ ਦੀ ਛਾਂਟੀ ਹੋ ਰਹੀ ਹੈ। ਪੰਜਾਬ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਨੂੰ ਅਕਸਰ ਖੇਤੀ ਸੰਕਟ ਨਾਲ ਜੋੜ ਦਿਤਾ ਜਾਂਦਾ ਹੈ। ਇਕ ਸਰਵੇਖਣ ਅਨੁਸਾਰ ਸਾਲ 2008-2018 ਦੌਰਾਨ ਪੰਜਾਬ ਦੇ ਸਿਰਫ ਛੇ ਜ਼ਿਲ੍ਹਿਆਂ ਅੰਦਰ ਹੀ 9291 ਕਿਸਾਨਾਂ ਨੇ ਖੁਦਕਸ਼ੀ ਕਰ ਲਈ ਸੀ। ਪਿਛਲੇ ਸਾਲ ਦੌਰਾਨ ਅਪਰੈਲ ਤੋਂ ਦਸੰਬਰ ਤਕ ਦੇ ਸਮੇਂ ਤੱਕ 163 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਸਨ।



ਦੁਨੀਆਂ ਅੰਦਰ ਕਿਸਾਨਾਂ ਸਮੇਤ ਸਾਰੇ ਲੋਕਾਂ ਵੱਲੋਂ ਇਕ ਲੱਖ ਵਿਅਕਤੀਆਂ ਪਿੱਛੇ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਵਿੱਚ ਫਿਨਲੈਂਡ 22.5 ਨਾਲ ਸਭ ਤੋਂ ਅੱਗੇ ਹੈ। ਇਸ ਤੋਂ ਬਾਅਦ ਜਰਮਨੀ 13.5, ਆਸਟ੍ਰੇਲੀਆ 12.5, ਅਮਰੀਕਾ 10.8, ਭਾਰਤ 10.7 ਅਤੇ ਬਰਤਾਨੀਆਂ 7.5 ਹਨ। ਇਸਦੇ ਮੁਕਾਬਲੇ ਪੰਜਾਬ ਦੀ ਖੁਦਕੁਸ਼ੀਆਂ ਦੀ ਦਰ ਪ੍ਰਤੀ ਲੱਖ ਆਬਾਦੀ ਪਿੱਛੇ 16.13 ਹੈ। ਦੂਜੇ ਪਾਸੇ ਇਹ ਵੀ ਹਕੀਕਤ ਹੈ ਕਿ ਭਾਰਤ ਦੇ ਬਿਹਾਰ, ਉੜੀਸਾ, ਯੂ ਪੀ, ਮੱਧ ਪ੍ਰਦੇਸ਼, ਝਾਰਖੰਡ, ਛੱਤੀਸਗੜ੍ਹ ਅਤੇ ਰਾਜਸਥਾਨ ਸਭ ਤੋਂ ਗਰੀਬ ਸੂਬਿਆਂ ਵਿੱਚ ਗਿਣੇ ਜਾਂਦੇ ਹਨ। ਬਿਹਾਰ ਅਤੇ ਯੂ ਪੀ ਵਿੱਚ ਖੁਦਕੁਸ਼ੀਆਂ ਦੀ ਦਰ ਸਮੇਤ ਕਿਸਾਨਾਂ ਦੇ ਪ੍ਰਤੀ ਲੱਖ ਪਿੱਛੇ ਕ੍ਰਮਵਾਰ 0.7 ਅਤੇ 22 ਹੈ। ਪੰਜਾਬ ਜਿੰਨੇ ਵਿਕਸਤ ਤਮਿਲਨਾਡੂ ਵਿੱਚ ਇਹ ਦਰ 19.1 ਹੈ।

ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਦੀਆਂ ਰਿਪੋਰਟਾਂ ਅਨੁਸਾਰ ਸੰਨ 2019 ਤੋਂ 2021 ਤਕ ਤਿੰਨ ਸਾਲਾਂ ਦੌਰਾਨ ਕੁਲ 1.12 ਲੱਖ ਦਿਹਾੜੀਦਾਰਾਂ ਨੇ ਖੁਦਕੁਸ਼ੀ ਕੀਤੀ। ਇਸ ਸਮੇਂ ਦੌਰਾਨ 66,912 ਘਰੇਲੂ ਔਰਤਾਂ, 55661 ਸਵੈ ਰੁਜ਼ਗਾਰ ਕਰਨ ਵਾਲੇ ਵਿਅਕਤੀਆਂ, 43,420 ਮਹੀਨਾ ਬੱਧੀ ਕਮਾਉਣ ਵਾਲੇ ਵਿਅਕਤੀਆਂ ਅਤੇ 43,385 ਬੇਰੁਜ਼ਗਾਰ ਵਿਅਕਤੀਆਂ ਨੇ ਆਤਮ ਹੱਤਿਆ ਕੀਤੀ।

ਜੇ ਹੁਣ ਪੰਜਾਬ ਦੀ ਗਲ ਕੀਤੀ ਜਾਵੇ ਤਾਂ ਪੰਜਾਬ ਦਾ ਖੇਤੀ ਮਾਡਲ ਕਰੋੜਾਂ ਲੋਕਾਂ ਦਾ ਢਿੱਡ ਭਰਨ ਲਈ ਵਧੇਰੇ ਅਨਾਜ਼ ਉਗਾਉਣ ਦੇ ਟੀਚੇ ਨਾਲ ਵਿਕਸਤ ਕੀਤਾ ਗਿਆ ਸੀ, ਜੋ ਇਸ ਮੰਤਵ ਵਿੱਚ ਕਾਮਯਾਬ ਵੀ ਰਿਹਾ ਅਤੇ ਮੁਲਕ ਨੂੰ ਅੰਨ ਦੀ ਕਮੀ ਦੀ ਸਮੱਸਿਆ ਤੋਂ ਛੁਟਕਾਰਾ ਮਿਲਿਆ ਪਰ ਇਸ ਪ੍ਰਕਿਰਿਆ ਵਿੱਚ ਪੰਜਾਬ ਦੇ ਕੁਦਰਤੀ ਵਸੀਲਿਆਂ ਦਾ ਹੱਦੋਂ ਵੱਧ ਇਸਤੇਮਾਲ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਪੰਜਾਬ ਦੀ ਖੇਤੀਬਾੜੀ ਲੰਬੇ ਸਮੇਂ ਤੋਂ ਸੰਕਟ ਵਿੱਚ ਹੈ ਪਰ ਇਸ ਵਿੱਚ ਸੁਧਾਰ ਲਈ ਅਜੇ ਤਕ ਕੋਈ ਖਾਸ ਉਪਰਾਲਾ ਨਹੀਂ ਕੀਤਾ ਗਿਆ। ਪੰਜਾਬ ਵਿੱਚ ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਆਉਂਦੀਆਂ ਜਾਂਦੀਆਂ ਰਹੀਆਂ ਪਰ ਕਿਸਾਨਾਂ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਆਇਆ। ਪੰਜਾਬ ਦੇ ਕਿਸਾਨ ਪਹਿਲਾਂ ਵਾਂਗ ਹੀ ਅਜੇ ਵੀ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਵਿੱਚ ਫਸੇ ਹੋਏ ਹਨ, ਜਿਸ ਕਾਰਨ ਪੰਜਾਬ ਵਿੱਚ ਹੋਰਨਾਂ ਫਸਲਾਂ ਹੇਠ ਰਕਬਾ ਕਾਫੀ ਘੱਟ ਗਿਆ ਹੈ। ਝੋਨੇ ਦੀ ਫਸਲ ਕਾਰਨ ਪੰਜਾਬ ਦੀ ਧਰਤੀ ਹੇਠਲਾ ਪਾਣੀ ਘੱਟਦਾ ਜਾ ਰਿਹਾ ਹੈ, ਜੋ ਕਿ ਮੁੱਕਣ ਕੰਢੇ ਹੈ। ਖੇਤੀਬਾੜੀ ਵਿੱਚ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਅਤੇ ਨਦੀਨ ਮਾਰੂ ਜ਼ਹਿਰਾਂ ਨੇ ਪੰਜਾਬ ਦੀ ਆਬੋ ਹਵਾ ਨੂੰ ਗੰਧਲਾ ਬਣਾ ਦਿਤਾ ਹੈ। ਪੰਜਾਬ ਵਿੱਚ ਫਸਲਾਂ ਦੀ ਲਾਗਤ ਲਗਾਤਾਰ ਵੱਧ ਰਹੀ ਹੈ ਅਤੇ ਆਮਦਨ ਘੱਟ ਰਹੀ ਹੈ। ਇਸ ਤੋਂ ਇਲਾਵਾ ਖੇਤੀ ਵਿੱਚ ਰੁਜ਼ਗਾਰ ਘੱਟ ਰਹੇ ਹਨ ਅਤੇ ਖੇਤੀ ਦਾ ਹੋ ਰਿਹਾ ਮਸ਼ੀਨੀਕਰਨ ਵੀ ਰੁਜ਼ਗਾਰ ਘਟਾ ਰਿਹਾ ਹੈ।

ਕੇਂਦਰ ਸਰਕਾਰ ਵੱਲੋਂ ਸਾਲ 2023-24 ਦਾ ਜੋ ਬਜਟ ਪੇਸ਼ ਕੀਤਾ ਗਿਆ ਹੈ ਉਸ ਵਿੱਚ ਅੰਮ੍ਰਿਤ ਕਾਲ ਭਾਵ ਆਜ਼ਾਦੀ ਦੀ ਇਕ ਸਦੀ ਪੂਰੀ ਹੋਣ ਨੂੰ ਰਹਿੰਦੇ 25 ਸਾਲਾਂ ਦੇ ਅਰਸੇ ਲਈ ਖਾਕਾ ਉਲੀਕਿਆ ਹੈ ਤਾਂ ਇਸ ਵਿੱਚ ਵੀ ਖੇਤੀਬਾੜੀ ਨੂੰ ਪਿਛੇ ਛੱਡ ਦਿਤਾ ਗਿਆ ਹੈ। ਖੇਤੀਬਾੜੀ ਉਤੇ ਨਿਰਭਰ ਮੁਲਕ ਦੀ 70 ਫੀਸਦੀ ਪੇਂਡੂ ਆਬਾਦੀ ਅੱਜ ਇਹ ਦਰਿਆਫਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਸ ਨੂੰ ਕਿਉਂ ਨਜ਼ਰ ਅੰਦਾਜ਼ ਕਰ ਦਿਤਾ ਗਿਆ ਹੈ ਅਤੇ ਅੱਜ ਉਸ ਨੂੰ ਕਿਉਂ ਨਜ਼ਰ ਅੰਦਾਜ ਕਰ ਦਿਤਾ ਗਿਆ ਹੈ।

ਕੇਂਦਰ ਸਰਕਾਰ ਨੇ ਅਗਲੇ ਪੰਜ ਸਾਲਾਂ ਦੌਰਾਨ ਦੋ ਲੱਖ ਪ੍ਰਾਇਮਰੀ ਖੇਤੀ ਕਰਜ਼ਾ ਸੁਸਾਇਟੀਆਂ ਅਤੇ ਡੇਅਰੀ ਤੇ ਮੱਛੀ ਪਾਲਣ ਸਹਿਕਾਰੀ ਸਭਾਵਾਂ ਸਥਾਪਿਤ ਕਰਨ ਨੂੰ ਮਨਜ਼ੂਰੀ ਦੇ ਦਿਤੀ ਹੈ। ਕੇਂਦਰ ਵਿੱਚ ਸਹਿਕਾਰਤਾ ਮੰਤਰਾਲੇ ਦੀ ਸਥਾਪਨਾ ਤੋਂ ਡੇਢ ਸਾਲ ਬਾਅਦ ਕੀਤੇ ਇਸ ਫੈਸਲੇ ਦਾ ਮੰਤਵ ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕਰਨਾ ਅਤੇ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ।

ਪੰਜਾਬ ਵਿੱਚ ਉਹਨਾਂ ਕਾਰਨਾਂ ਦਾ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ, ਜਿਹਨਾਂ ਕਾਰਨਾਂ ਕਰਕੇ ਇਸ ਖੇਤੀ ਪ੍ਰਧਾਨ ਸੂਬੇ ਵਿੱਚ ਹੀ ਖੇਤੀਬਾੜੀ ਪਿੱਛੜ ਗਈ ਅਤੇ ਘਾਟੇ ਵਾਲਾ ਸੌਦਾ ਬਣ ਗਈ। ਇਸ ਕੰਮ ਲਈ ਅਤੇ ਖੇਤੀਬਾੜੀ ਵਿੱਚ ਸੁਧਾਰ ਲਈ ਵਿਸ਼ੇਸ਼ ਕਮੇਟੀ ਬਣਾਏ ਜਾਣ ਦੀ ਲੋੜ ਹੈ।

ਅਰਥ ਸ਼ਾਸਤਰੀ ਲੂਈਸ ਦਾ ਕਹਿਣਾ ਹੈ ਕਿ ਜੇ ਘਰੇਲੂ ਬੱਚਤਾਂ ਦੀ ਵਰਤੋਂ ਨਿਵੇਸ਼ ਲਈ ਨਹੀਂ ਕੀਤੀ ਜਾ ਸਕਦੀ ਤਾਂ ਸੰਬੰਧਿਤ ਉਦਮੀ ਬੈਂਕਾਂ ਤੋਂ ਉਧਾਰ ਲੈ ਸਕਦੇ ਹਨ। ਇਸ ਲਿਹਾਜ਼ ਨਾਲ ਵੀ ਪੰਜਾਬ ਦੀ ਹਾਲਤ ਅਨੁਕੂਲ ਹੈ। ਆਰਥਿਕ ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਪੂੰਜੀ, ਜਥੇਬੰਦਕ ਹੁਨਰ, ਸੰਸਥਾਈ ਫੰਡਿੰਗ, ਖੇਤੀਬਾੜੀ ਦੇ ਕੱਚੇ ਮਾਲ, ਉਦਮਤਾ, ਹੋਰ ਕਾਰੋਬਾਰੀ ਤਜਰਬਿਆਂ ਅਤੇ ਡਾਇਸਪੋਰਾ ਦੇ ਨੈਟਵਰਕ ਦੇ ਮਾਮਲੇ ਵਿੱਚ ਪੰਜਾਬ ਖੇਤੀਬਾੜੀ ਰਾਹੀਂ ਸੰਚਾਲਿਤ ਸਨਅਤੀਕਰਨ (ਬਾਕੀ ਸਫ਼ਾ 30 'ਤੇ)





ਡਾ. ਦਿਲਬਰ ਸਿੰਘ

# ਪੰਚ ਪਰਵਾਣ ਪੰਚ ਪਰਧਾਨੁ

ਸਿੱਖ ਧਰਮ ਆਧੁਨਿਕ ਯੁੱਗ ਦਾ ਸਭ ਤੋਂ ਛੋਟੀ ਉਮਰ ਦਾ ਧਰਮ ਹੈ ਪਰ ਇਸ ਦੀਆਂ ਪ੍ਰਾਪਤੀਆਂ ਬਹੁਤ ਵੱਡੀਆਂ ਹਨ। ਇਸ ਵਿੱਚ ਪੰਚ ਪ੍ਰਧਾਨੀ ਪ੍ਰਣਾਲੀ ਨੂੰ ਵਿਸ਼ੇਸ਼ ਮਹਤਵ ਪ੍ਰਾਪਤ ਹੈ। ਪੰਚ ਸ਼ਬਦ ਬਹੁ ਅਰਥਾਂ ਦਾ ਧਾਰਨੀ ਸ਼ਬਦ ਹੈ।ਇਹ ਗੁਣਵਾਚਕ ਵੀ ਹੈ ਤੇ ਗਿਣਤੀਵਾਚਕ ਵੀ। ਇਸ ਸ਼ਬਦ ਦੀ ਵਰਤੋਂ ਗੁਰਬਾਣੀ ਵਿੱਚ ਅਨੇਕਾਂ ਵਾਰੀ ਹੋਈ ਹੈ ਪਰ ਹਰ ਵਾਰ ਪੰਚ ਸ਼ਬਦ ਨੂੰ ਇਕੋ ਰੂਪ ਵਿੱਚ ਭਾਵ ਪੰਚ ਸ਼ਬਦ ਦਾ ਚਚਾ ਸਿਹਾਰੀ ਅਤੇ ਔਂਕੜ ਤੋਂ ਮੁਕਤਾ ਹੀ ਆਇਆ ਹੈ। ਪੰਚ ਸ਼ਬਦ ਦੇ ਬਹੁਵਚਨ ਪੰਚਾ, ਪੰਚੇ ਆਦਿ ਵੀ ਵਰਤੇ ਗਏ ਹਨ। ਇਹ ਸ਼ਬਦ ਅਕਾਲ ਪੁਰਖ, ਸਤਿਗੁਰੂ ਅਤੇ ਆਦਰਸ਼ ਮਨੁਖ ਸਿੱਖ ਲਈ ਵਰਤਿਆ ਗਿਆ ਹੈ। ਇਹ ਪੰਜ ਦੀ ਗਿਣਤੀ ਦਾ ਵੀ ਲਖਾਇਕ ਹੈ।ਜੇਕਰ ਗਹੁ ਨਾਲ ਵਿਚਾਰੀਏ ਤਾਂ ਇਸ ਸ਼ਬਦ ਦੇ ਬਹੁਤ ਡੂੰਘੇ ਅਰਥ ਨਿਕਲਦੇ ਹਨ; ਜਿਵੇਂ ਕਿ ਅਕਾਲ ਪੁਰਖ ਸਵੈਮ ਹੀ ਪੰਚ ਹੈ ਅਤੇ ਉਸ ਪੰਚ ਨੇ ਹੀ ਪ੍ਰਪੰਚ ਰਚਿਆ ਹੈ। ਇਹ ਉਸਨੇ ਦੂਈ ਕੁਦਰਤਿ ਸਾਜੀ ਹੈਂ। ਇਹ ਸਾਜਨਾ ਉਸੇ ਦੇ ਵਿੱਚ ਹੀ ਹੈ ਕਿਤੇ ਬਾਹਰ ਨਹੀਂ। ਇਸ ਪਰਪੰਚ ਵਿੱਚ ਉਸਨੇ ਆਪਣੇ ਆਪੇ ਸਤਿਗੁਰੂ ਨੂੰ ਸਰਗੁਣ ਸਰੂਪ ਵਿੱਚ ਭੇਜਿਆ ਹੈ :

ਸਤਿਗੁਰ ਵਿਚ ਆਪ ਰਖਿਓਣ ਕਰਿ ਪਰਗਟ ਆਖ ਸੁਣਾਇਆ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੬)

ਜੇਕਰ ਭਟ ਬਾਣੀ ਨੂੰ ਵਿਚਾਰੀਏ ਤਾਂ ਸਾਨੂੰ ਹੋਰ ਵੀ ਸਪਸ਼ਟ ਹੋ ਜਾਵੇਗਾ ਕਿ ਗੁਰੂ ਹੀ ਉਸ ਪੰਚ ਦਾ ਸਾਕਸ਼ਾਤ ਸਰੂਪ ਹੈ:

ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (ਉਹੀ,ਪੰਨਾ ੧੪੦੮) ਅਤੇ

ਮੂਰਤਿ ਪੰਚ ਪ੍ਰਮਾਣ ਪੁਰਖ ਗੁਰ ਅਰਜਨ ਪਿਖਯੌ ਨੈਣ॥(ਉਹੀ)

ਇਸ ਪੰਗਤੀ ਦੇ ਭਾਵ ਅਰਥ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਪੰਚ ਦੀ ਪ੍ਰਤਖ ਮੂਰਤਿ ਹਨ; ਅਕਾਲ ਪੁਰਖ ਪੰਚ ਨੇ ਸਤਿਗੁਰੂ ਰਾਹੀਂ ਇਸ ਪ੍ਰਪੰਚ ਵਿਚ ਇਹ ਪ੍ਰਗਟ ਕਰ ਦਿਤਾ ਹੈ ਕਿ ਇਥੇ ਕੇਵਲ ਸੱਚੇ ਨਾਮ ਦੀ ਹੀ ਵਡਿਆਈ ਹੈ:



ਇਸ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤਿ ਕੋ ਧਰਹੁ ਗੁਮਾਨਾ॥ (ਉਹੀ,ਪੰਨਾ ੭੯੭)

ਪੰਚ ਵਲੋਂ ਰਚੇ ਪਰਪੰਚ ਵਿੱਚ ਸਤਿਗੁਰੂ ਵਿੱਚ ਪੰਚ ਦਾ ਆਪਾ ਹੈ ਤਾਂ ਸਤਿਗੁਰੂ ਵੀ ਸਵੈਮ ਪੰਚ ਹੈ।ਦੋਹਾਂ ਵਿੱਚ ਕੋਈ ਭੇਦ ਨਹੀਂ ਹੈ।ਸਤਿਗੂਰੂ ਪੰਚ ਦੇ ਰੂਪ ਵਿਚ ਸਚੇ ਨਾਮ ਦੀ ਵਡਿਆਈ ਇਸ ਲੋਕਾਈ ਨੂੰ ਦ੍ਰਿੜ ਕਰਵਾ ਰਿਹਾ ਹੈ ਅਤੇ ਉਹ ਸਿੱਖ ਜੋ ਸਤਿਗੁਰੂ ਵਲੋਂ ਦਿਤੇ ਨਾਮ ਮੰਤਰ ਨੂੰ ਅਮਲ ਵਿੱਚ ਲਿਆ ਕੇ ਆਪਣੇ ਜੀਵਨ ਨੂੰ ਇਸ ਸੱਚੇ ਨਾਮ ਦੀ ਵਡਿਆਈ ਹਿਤ ਹੀ ਸਮਰਪਣ ਕਰ ਦੇਂਦੇ ਹਨ ਉਹ ਵੀ ਸਤਿਗੁਰੂ ਵਿੱਚ ਅਭੇਦ ਹੋ ਜਾਂਦੇ ਹਨ।ਉਨ੍ਹਾਂ ਦੀ ਇਹ ਅਭੇਦਤਾ ਉਹਨਾਂ ਨੂੰ ਪੰਚ ਬਣਾ ਦੇਂਦੀ ਹੈ:

ਬ੍ਰਹਮ ਮਹਿ ਜਨੁ ਜਨੂ ਮਹਿ ਪਾਰ ਬ੍ਰਹਮ॥
ਏਕਹ ਆਪ ਨਹੀਂ ਕਛ ਭਰਮ॥
(ਉਹੀ, ਪੰਨਾ ੨੮੬)

ਇਸ ਤਰ੍ਹਾਂ ਅਕਾਲ ਪੁਰਖ, ਸਤਿਗੁਰੂ ਤੇ ਸਿੱਖ ਇਕੋ ਹੋ ਜਾਂਦੇ ਹਨ। ਅਕਾਲ ਪੁਰਖ ਵੀ ਪੰਚ, ਸਤਿਗੁਰੂ ਵੀ ਪੰਚ ਤੇ ਗੁਰਸਿਖ ਵੀ ਪੰਚ। ਇਹ ਤਿੰਨ ਨਹੀਂ ਬਲਕਿ ਇਕ ਹੀ ਹਨ। ਐਸੇ ਪੰਚ ਗੁਰਸਿਖ ਦੀ ਜਦੋਂ ਉਸਤਤਿ ਕੀਤੀ ਜਾਂਦੀ ਹੈ ਤਾਂ ਇਹ ਅਕਾਲ ਪੁਰਖ ਅਤੇ ਸਤਿਗੁਰੂ ਦੀ ਉਸਤਤਿ ਹੁੰਦੀ ਹੈ :

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥ਹਰਿ ਆਪਣੀ ਵਡਿਆਈ ਭਾਵਦੀ ਜਨੁ ਕਾ ਜੈਕਾਰੁ ਕਰਾਈ॥ ਜੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨੁ॥ ਜਨ ਨਾਨਕ ਹਰਿ ਕਾ ਦਾਸ ਹੈ ਹਰਿ ਪੈਜ ਰਖਹੁ ਭਗਵਾਨੁ॥( ਉਹੀ,ਪੰਨਾ ੬੫੨)

ਇਨ੍ਹਾਂ ਪੰਚ ਜਨਾ ਕਰਕੇ ਹੀ ਸਿਖ ਧਰਮ ਵਿੱਚ ਪੰਚ ਪ੍ਰਧਾਨੀ ਪ੍ਰਣਾਲੀ ਅਰਥਾਤ ਵਿਵਸਥਾ ਹੈ। ਪੰਚ ਸ਼ਬਦ ਸੰਸਕ੍ਰਿਤ ਦੇ ਸ਼ਬਦ ਪੰਚਨ ਤੋਂ ਬਣਿਆ ਹੈ। ਇਹ ਸੰਖਿਆਵਾਚਕ ਵੀ ਹੈ। ਫ਼ਾਰਸੀ ਵਿੱਚ ਇਹ ਪੰਜ ਹੈ। ਪੰਜਾਬੀ ਵਿੱਚ ਪੰਚ ਤੇ ਪੰਜ ਦੋਵੇਂ ਹਨ। ਹਿੰਦੀ ਵਿੱਚ ਇਸ ਨੂੰ ਪੰਚ ਤੇ ਪਾਂਚ ਦੋਵੇਂ ਤਰ੍ਹਾਂ ਨਾਲ ਵਰਤਿਆ ਜਾਂਦਾ ਹੈ। ਇਸ ਦਾ ਭਾਵ ਸ੍ਰੇਸ਼ਟ,ਮੁਖੀ ਆਦਿ ਵੀ ਹੈ। ਪੰਚਾਇਤ ਵਿੱਚ ਇਹ ਪੰਚ ਤੇ ਸਰਪੰਚ ਰੂਪ ਵਿਚ ਵੀ ਵਰਤਿਆ ਜਾਂਦਾ ਹੈ। ਪੰਚ ਭਾਵੇਂ ਗਿਣਤੀ ਵਿੱਚ ਪੰਜ ਤੋਂ ਵਧ ਵੀ ਹੋਣ ਤਾਂ ਵੀ ਮੁਖੀ ਹੋਣ ਕਰਕੇ ਪੰਚ ਹੀ ਆਖੇ ਜਾਂਦੇ ਹਨ।ਪੰਚ ਲਈ ਪੈਚ ਸ਼ਬਦ ਵੀ ਵਰਤਿਆ ਜਾਂਦਾ ਹੈ। ਗੁਰਬਾਣੀ ਵਿੱਚ ਪੰਚ ਸ਼ਬਦ ਗੁਰਮੁਖ, ਸੰਤ, ਸਾਧ, ਜਨ,ਭਗਤ, ਬ੍ਰਹਮਗਿਆਨੀ, ਮਹਾਤਮਾ, ਮਹਾਂਪੁਰਖ ਆਦਿ ਦੇ ਅਰਥਾਂ ਵਿੱਚ ਵਰਤਿਆ ਗਿਆ ਹੈ। ਵੇਦਾਂਤ ਪੰਚ ਸ਼ਬਦ ਚੇਤਨ ਮਨੁਖ ਲਈ ਵਰਤਦਾ ਹੈ। ਗੁਰਮਤਿ ਵਿੱਚ ਪੰਚ ਆਦਰਸ਼ ਮਨੁਖ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਬਾਣੀ ਵਿੱਚ ਜੋ ਪੰਚ ਸ਼ਬਦ ਵਰਤਿਆ ਹੈ ਉਹ ਵੀ ਬ੍ਰਹਮ ਤੇ ਜਨ ਦੀ ਅਭੇਦਤਾ ਦਾ ਹੀ ਲਖਾਇਕ ਹੈ। ਪੰਚ ਹੀ ਪ੍ਰਵਾਨ ਤੇ ਪ੍ਰਧਾਨ ਹਨ ਕਿਉਂਕਿ ਉਨ੍ਹਾਂ ਦਾ ਧਿਆਨ ਇਕ ਅਕਾਲ ਪੁਰਖ ਵਿੱਚ ਟਿਕਿਆ ਹੋਇਆ ਹੈ।ਉਹ ਦਵੈਤ ਤੋਂ ਨਿਰਲੇਪ ਹਨ। ਉਹ ਹੀ ਮਾਣਯੋਗ ਹਨ। ਉਨ੍ਹਾਂ ਨੂੰ ਹੀ ਸੋਭਾ ਪ੍ਰਾਪਤ ਹੁੰਦੀ ਹੈ।ਪੰਚ ਨੂੰ ਹੀ ਪੰਜ ਸ਼ਬਦਾਂ ਦਾ ਨਾਦ ਸੁਣਾਈ ਦਿੰਦਾ ਹੈ। ਪੰਚ ਨੂੰ ਅਨਹਦ ਦਾ ਆਨੰਦ ਆਉਂਦਾ ਹੈ। ਪੰਚ ਨੂੰ ਹੀ ਦੈਵੀ ਸ਼ਬਦ ਦੀ ਝੁਣਕਾਰ ਸੁਣਨ ਦਾ ਸੁਭਾਗ ਮਿਲਦਾ ਹੈ। ਪੰਚ ਨੂੰ ਹੀ ਇਸ ਪ੍ਰਪੰਚ ਵਿੱਚ ਪ੍ਰਧਾਨਤਾ ਪ੍ਰਾਪਤ ਹੁੰਦੀ ਹੈ ਕਿਉਂਕਿ ਉਹ ਪਰਪੰਚ ਦੀ ਅਸਲੀਅਤ ਤੋਂ ਜਾਣੂ ਹੋ ਜਾਂਦਾ ਹੈ ਅਤੇ ਪੰਚ ਨਾਲ ਅਭੇਦ ਹੋ ਕੇ ਖੁਦ ਵੀ ਪੰਚ ਹੋ ਨਿਬੜਦਾ ਹੈ:ਪੰਚਮ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚ॥ (ਉਹੀ)

ਇਹੋ ਪੰਚ ਜਨ ਹੀ ਗੁਰੂ ਸਾਹਿਬਾਨ ਦੀ ਸੰਗਤ ਵਿੱਚ ਰਹਿੰਦੇ ਸਨ।ਇਨ੍ਹਾਂ ਪੰਚਾਂ ਨੂੰ ਹੀ ਜ਼ਿੰਮੇਵਾਰੀਆਂ ਸੌਂਪੀਆਂ ਜਾਂਦੀਆਂ ਸਨ; ਜਿਵੇਂ ਅਕਾਲਪੁਰਖ ਪੰਚ ਨੇ ਗੁਰੂ ਨਾਨਕ ਸਾਹਿਬ ਨੂੰ ਪੰਚ ਥਾਪ ਕੇ ਆਪਣੇ ਸਤਿਨਾਮ ਦਾ ਉਪਦੇਸ਼ ਸਮੁਚੀ ਲੋਕਾਈ ਨੂੰ ਦ੍ਰਿੜ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ।ਗੁਰੂ ਸਾਹਿਬ ਨੇ ਅਨੇਕਾਂ ਗੁਰਸਿਖਾਂ ਨੂੰ ਸਤਿਨਾਮ ਦ੍ਰਿੜ ਕਰਵਾਇਆ ਅਤੇ ਇਸ ਸਤਿਨਾਮ ਦੇ ਪ੍ਰਚਾਰ ਪ੍ਰਸਾਰ ਲਈ ਧਰਮਸਾਲ ਬਣਾਉਣ ਅਤੇ ਨਾਮ ਦ੍ਰਿੜ ਕਰਵਾਉਣ ਲਈ ਪੰਚਾਂ ਨੂੰ ਜ਼ਿੰਮੇਵਾਰ ਥਾਪਿਆ।ਇਨ੍ਹਾਂ ਪੰਚਾਂ ਦੇ ਆਦਰਸ਼ਕ ਜੀਵਨ ਨੇ ਹੋਰਾਂ ਭੁਲੇ ਭਟਕਿਆਂ ਨੂੰ ਸਿਖੀ ਨਾਲ ਜੋੜਿਆ। ਇਨ੍ਹਾਂ ਪੰਜਾਂ ਦੀ ਗਿਣਤੀ ਕਰਨੀ ਅਤੇ ਨਾਮ ਲਿਖਣੇ ਸੰਭਵ ਨਹੀਂ ਹਨ। ਇਹ ਸਿਲਸਿਲਾ ਗੁਰੂ ਕਾਲ ਤੋਂ ਅੱਜ ਤੱਕ ਨਿਰੰਤਰ ਚਲਿਆ ਆ ਰਿਹਾ ਹੈ ਅਤੇ ਨਿਰੰਤਰ ਚਲਦਾ ਰਹਿਣਾ ਹੈ।ਇਨ੍ਹਾਂ ਪੰਚਾਂ ਵਿਚੋਂ ਹੀ ਪੰਜ ਪਿਆਰੇ ਚੁਣ ਕੇ ਖ਼ਾਲਸਾ ਸਾਜਣਾ ਕੀਤੀ ਗਈ ਸੀ। ਇਹ ਚੁਣੇ ਹੋਏ ਪੰਜ ਪਿਆਰੇ ਪੰਚ ਵੀ ਸਨ ਤੇ ਪੰਜ ਵੀ ।ਅੱਜ ਗੁਰੂ ਕਾ ਖ਼ਾਲਸਾ ਜੋ ਖੰਡੇ ਬਾਟੇ ਦੀ ਪਾਹੁਲ ਤੇ ਨਾਮ ਅੰਮ੍ਰਿਤ ਦਾ ਧਾਰਨੀ ਹੈ ਉਹ ਪੰਚ ਹੈ ਤੇ ਪੰਜਾਂ ਵਿੱਚ ਸ਼ਾਮਲ ਹੋਣ ਦੇ ਯੋਗ ਵੀ। ਇਹ ਹੀ ਪੰਚ ਪ੍ਰਧਾਨੀ ਪ੍ਰਣਾਲੀ ਹੈ। ਇਸੇ ਕਰਕੇ ਸਿੱਖ ਪੰਥ ਵਿੱਚ ਪੰਚ ਤੇ ਪੰਜ ਜਿਵੇਂ ਪੰਜ ਪਿਆਰੇ, ਪੰਜ ਤਖ਼ਤ, ਪੰਜ ਸ਼ਬਦ, ਪੰਜ ਸ਼ਸਤਰ, ਪੰਜ ਕਕਾਰ, ਪੰਜ ਸਰੋਵਰ, ਪੰਜ ਬਾਣੀਆਂ, ਪੰਜ ਸੰਸਕਾਰ, ਪੰਜ ਨਿਸ਼ਾਨ, ਪੰਜ ਇਸ਼ਨਾਨ, ਪੰਜ ਤੀਰ, ਪੰਜ ਪੈਸੇ, ਪੰਜ ਜੈਕਾਰੇ, ਪੰਜ ਪਾਠ, ਪੰਜ ਚੁਲੇ ਆਦਿ ਦੀ ਪ੍ਰਧਾਨਤਾ ਹੈ। ਪੰਚ ਸ੍ਰੇਸ਼ਟਤਾ ਅਤੇ ਗਿਣਤੀ ਦਾ ਸੂਚਕ ਹੈ। ਇਸ ਲਈ ਗੁਰਬਾਣੀ ਵਿੱਚ ਪੰਚ ਬਿਕਾਰ,ਪੰਚ ਚੋਰ, ਪੰਚ ਤਤ, ਪੰਚ ਜਨਾ, ਪੰਚ ਚੰਡਾਲ, ਪੰਚ ਚੇਲੇ, ਪੰਚ ਦੋਖ, ਪੰਜ ਦੂਤ, ਪੰਚ ਧਾਤ, ਪੰਚ ਭੂਤ, ਪੰਚ ਵਿਕਾਰ,ਪੰਚ ਪਹਿਰੂਆਂ, ਪੰਚ ਬਿਖਾਧੀ, ਪੰਚ ਬਟਵਾਰੇ, ਪੰਚ ਬਜਿਤਰ, ਪੰਚ ਬਾਣ, ਪੰਚ ਬੈਲ, ਪੰਚ ਲੋਕ, ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਇਹ ਗਿਣਤੀ ਸੂਚਕ ਵੀ ਹਨ ਤੇ ਆਪਣੀ ਆਪਣੀ ਸ਼੍ਰੇਣੀ ਵਿਚੋਂ ਪ੍ਰਧਾਨ ਵੀ। ਸੋ ਸਿੱਖ ਧਰਮ ਅਤੇ ਗੁਰਬਾਣੀ ਵਿੱਚ ਪੰਚ ਦੀ ਬਹੁਤ ਵੱਡੀ ਵਿਵਸਥਾ ਹੈ। ਪੰਚ ਪ੍ਰਧਾਨੀ ਪ੍ਰਣਾਲੀ ਵਿੱਚ ਜੋ ਵੀ ਨਿਰਣਾ ਲਿਆ ਜਾਂਦਾ ਹੈ ਉਹ ਪੰਚਾਂ ਵੱਲੋਂ ਹੀ ਲਿਆ ਜਾਂਦਾ ਹੈ।

ਕਲਮਾਂ ਦੇ ਜਜ਼ਬਾਤ

ਪ੍ਰੇਮਦੀਪ ਸਰੀ, ਕਨੇਡਾ

# ਅੱਧੀ ਛੁੱਟੀ ਵਾਲੇ ਪਰੌਂਠੇ

ਪਿੰਡ ਦਾ ਸਕੂਲ ਸਿਰਫ਼ ਅੱਠਵੀਂ ਕਲਾਸ ਤੱਕ ਹੋਣ ਕਰਕੇ ਮੈਨੂੰ ਮੇਰੇ ਪਿੰਡ ਤੋਂ 6 ਕਿਲੋਮੀਟਰ ਦੂਰ ਮੇਨ ਰੋਡ ਤੋਂ ਅੱਧਾ ਕੁ ਕਿਲੋਮੀਟਰ ਹਟਵੇਂ ਸਕੂਲ ’ਚ ਨੌਵੀਂ ਜਮਾਤ ’ਚ ਦਾਖਲਾ ਲੈਣਾ ਪਿਆ। ਇਸ ਨੂੰ ਮੇਨ ਰੋਡ ਤੋਂ ਆਉਣ ਵਾਲਾ ਰਸਤਾ ਬਿਲਕੁਲ ਨਾਲ ਚੱਲਦੀ ਨਹਿਰ ਦੇ ਸੱਜੇ ਪਾਸੇ ਸੀ। ਸਕੂਲ ਤੇ ਨਹਿਰ ਵਿੱਚ ਇੱਕ ਉਹ ਰਸਤਾ ਹੀ ਸੀ ਤੇ ਇਸ ਕਰਕੇ ਸਾਰੇ ਇਸ ਨੂੰ ਨਹਿਰ ਵਾਲਾ ਸਕੂਲ ਹੀ ਕਹਿੰਦੇ।

ਰਿਸ਼ਤੇ ’ਚ ਚਾਚਾ, ਪਰ ਉਮਰ ’ਚ ਮੇਰੇ ਨਾਲੋਂ ਸਾਲ ਛੋਟਾ, ਪਹਿਲਾਂ ਹੀ ਉਸ ਸਕੂਲ ਵਿੱਚ ਮੇਰੇ ਤੋਂ ਇੱਕ ਜਮਾਤ ਹੇਠਾਂ ਅੱਠਵੀਂ ’ਚ ਪੜ੍ਹਦਾ ਸੀ ਅਤੇ ਮੇਰੇ ਉਥੇ ਲੱਗਣ ਦਾ ਕਾਰਨ ਵੀ ਆਉਣ ਜਾਣ ਸਮੇਂ ਅਤੇ ਸਕੂਲ ’ਚ ਉਸ ਦਾ ਸਾਥ ਹੋਣਾ ਹੀ ਸੀ। ਉਸ ਸਕੂਲ ਦੀ ਬੱਸ ਵੀ ਪਿੰਡ ਆਉਂਦੀ ਸੀ ਪਰ ਵਿੱਤੀ ਹਾਲਤਾਂ ਕਰਕੇ ਅਸੀਂ ਸਾਇਕਲ ਭਜਾਉਦੇਂ ਤੇ ਇੱਕ ਦੂਜੇ ਨਾਲ ਰੇਸਾਂ ਲਾਉਂਦੇ ਜਾਂਦੇ ਸੀ ਤੇ ਸਕੂਲ ਦੀ ਬੱਸ ਸਾਡੇ ਕੋਲੋਂ ਦੀ ਤੇਜ ਗਤੀ ਨਾਲ ਧੂੜ ਉਡਾ ਕੇ ਲੰਘ ਜਾਂਦੀ ਹੁੰਦੀ ਸੀ। ਮੇਰੇ ਪਿੰਡ ਦੇ ਬਾਕੀ ਪਾਸ ਹੋਏ ਮੇਰੇ ਸਾਥੀ ਲਾਗੇ ਪਿੰਡ ਵਿੱਚ ਸਕੂਲ ’ਚ ਜਾਣ ਲੱਗ ਪਏ ਸਨ।

ਸਕੂਲ ਦਾ ਏਡਿਡ ਹੋਣਾ, ਹਰ ਇੱਕ ਵਿਸ਼ੇ ਲਈ ਵੱਖਰਾ ਅਧਿਆਪਕ, ਇੱਕ ਕਲਾਸ ਦੇ ਦੋ ਸੈਕਸ਼ਨ ਤੇ ਸ਼ਰਾਰਤਾਂ ਕਰਨ ਵਾਲੇ ਦਾ ਮਨੀਟਰ ਵੱਲੋਂ ਬਲੈਕ ਬੋਰਡ ’ਤੇ ਨਾਮ ਲਿਖਣਾ ਮੇਰੇ ਲਈ ਕੁਝ ਨਵੀਆਂ ਤੇ ਵੱਖਰੀਆਂ ਗੱਲਾਂ ਸਨ। ਮੈਨੂੰ ‘ਏ’ ਸੈਕਸ਼ਨ ’ਚ ਦਾਖਲਾ ਮਿਲ ਗਿਆ।



ਪਹਿਲੇ ਪਹਿਲੇ ਦਿਨਾਂ ’ਚ ਓਪਰਾ ਜਿਹਾ ਮਹੌਲ ਹੋਣ ਕਰਕੇ ਜੇ ਕਿਧਰੇ ਕਲਾਸ ਇਨਚਾਰਜ ਮੈਨੂੰ ਮੇਰੇ ਕਹਿਣ ’ਤੇ ਮੇਰੀ ਦਾਖਲਾ ਫੀਸ ਮੋੜ ਦਿੰਦਾ ਤੇ ਬਹੁਤ ਹੀ ਉਤਸ਼ਾਹ ਭਰੇ ਬੋਲਾਂ ਨਾਲ ਮੇਰੇ ਵਿੱਚ ਹੌਸਲਾ ਨਾ ਭਰਦਾ ਤਾਂ ਮੈਂ ਸ਼ਾਇਦ ਉਥੇ ਜਾਂਦਾ ਹੀ ਨਾ। ਉਨ੍ਹਾਂ ਨੇ ਮੈਨੂੰ ਮੇਰੇ ਨਾਲ ਬੈਠੇ ਮੁੰਡੇ ਨੂੰ ਆੜੀ ਬਣਾਉਣ ਲਈ ਕਿਹਾ ਤੇ ਕੁਝ ਕੁ ਦਿਨਾਂ ’ਚ ਯਾਰੀ ਦੋਸਤੀ ਪੈ ਗਈ ਤੇ ਪਈ ਵੀ ਤੂਤ ਦੇ ਮੋਛੇ ਵਰਗੀ।

ਕੰਟੀਨ ’ਚ ਜਾਣ ਜੋਗੇ ਪੈਸੇ ਤਾਂ ਘਰੋਂ ਘੱਟ ਹੀ ਮਿਲਦੇ ਸਨ ਤੇ ਲੰਚ ਲਈ ਮਿਲਦੇ ਸਨ ਘਰ ਦੇ ਬਣੇ ਹੋਏ “ਆਚਾਰ ਤੇ ਪਰੌਂਠੇ”। ਮੈਨੂੰ ਲੰਚ ਬੌਕਸ ਲੈ ਕੇ ਜਾਣਾ ਚੰਗਾ ਨਹੀਂ ਸੀ ਲੱਗਦਾ ਤੇ ਕਿਸੇ ਪੌਣੇ ’ਚ ਲਪੇਟ ਕੇ ਹੀ ਮੰਮੀ ਨੇ ਬੈਗ ’ਚ ਪਾ ਦੇਣੇ। ਜਦੋਂ ਕੋਈ ਕਾਪੀ ਕਿਤਾਬ ਬੈਗ ’ਚੋਂ ਕੱਢਣੀ ਤਾਂ ਅੰਬ ਦੇ ਆਚਾਰ ਦੇ ਮਹਿਕ ਨਾਲ ਭੁੱਖ ਤੇ ਉਤਸੁਕਤਾ ਵੱਧਦੀ ਜਾਣੀ ਤੇ ਉਡੀਕ ਵੱਧ ਜਾਣੀ ਅੱਧੀ ਛੁੱਟੀ ਦੀ।

ਅੱਧੀ ਛੁੱਟੀ ਹੁੰਦੇ ਹੀ ਬੱਸ ਮੈਂ ਤੇ ਮੇਰਾ ਦੋਸਤ ਅੱਜ ਦੀ ਤਰਾਂ ਕਿਸੇ ਵੱਡੇ ਮੋਬਾਇਲ ਦੀ ਥਾਂ ਹੱਥ ’ਚ ਪਰੌਂਠੇ ਫੜ੍ਹ ਕੇ ਬਾਹਰ ਨਹਿਰ ਦੇ ਕਿਨਾਰੇ ਜਾ ਕੇ ਥੱਲੇ ਹੀ ਬੈਠ ਜਾਂਦੇ ਤੇ ਖੋਲ ਲੈਂਦੇ ਦੇਸੀ ਲੰਚ ਬੌਕਸ। ਸਰਦੀਆਂ ਦੇ ਦਿਨਾਂ ’ਚ ਨਹਿਰ ਦੇ ਕਿਨਾਰੇ ਧੁੱਪੇ ਬੈਠ ਕੇ ਨਿੱਘ ’ਚ ਸਵਾਦ ਲੈ ਲੈ ਕੇ ਖਾਧੇ ਠੰਡੇ ਪਰੌਂਠੇ ਦੁਖ ਤੇ ਭੁੱਖ ਦੋਵੇਂ ਤੋੜ ਦਿੰਦੇ ਸਨ। ਜਦੋਂ ਕਿਤੇ ਨਹਿਰ ’ਚ ਪਾਣੀ ਆਇਆ ਹੋਣਾ ਤਾਂ ਨਜ਼ਾਰਾ ਸੁਖਨਾ ਝੀਲ ਤੋਂ ਘੱਟ ਨਾ ਜਾਪਣਾ। ਕਦੇ ਪਾਣੀ ਵੱਲ ਦੇਖਣਾ ਤੇ ਕਦੇ ਸਾਹਮਣੇ ਖੇਡ ਰਹੇ ਬੱਚਿਆਂ ਵੱਲ ਦੇਖਣਾ। ਇੱਕ ਦੂਜੇ ਦੇ ਪਰੌਂਠਿਆਂ ’ਤੇ ਆਪਣਾ ਜਨਮਸਿੱਧ ਅਧਿਕਾਰ ਸਮਝਦੇ ਸੀ। ਮੇਰੇ ਚਾਚਾ ਵੀ ਆਪਣੇ ਗਰੁੱਪ ’ਚੋ ਖੇਲ੍ਹਦਾ ਖੇਲਦਾ ਭੱਜਿਆਂ ਆਉਂਦਾਂ ਤੇ ਮੇਰੇ ਤਿੰਨ ਪਰੌਂਠਿਆਂ ’ਚੋਂ ਆਚਾਰ ਨਾਲ ਗਹਿ ਗੱਚ ਹੋਇਆ ਪਰੌਂਠਾ ਧੂਹ ਕੇ ਲੈ ਜਾਂਦਾ। ਦਿਨ ਦਿਹਾੜੇ ਵੱਜੇ ਰਹੇ ਹਰ ਰੋਜ਼ ਡਾਕੇ ਲਈ ਇੱਕ ਪਰੌਂਠਾ ਵਾਧੂ ਲੈ ਕੇ ਆਉਣਾ ਪੈਂਦਾ। ਨਾਲ ਲਿਆਂਦਾ ਪੌਣਾ ਘਰੇ ਵਾਪਿਸ ਲੈ ਕੇ ਜਾਣਾ ਵੀ ਬਹੁਤ ਵੱਡੀ ਜਿੰਮੇਵਾਰੀ ਲੱਗਦੀ।

ਅੱਜ ਜਦੋਂ ਬਾਹਰਲੇ ਮੁਲਕ ’ਚ ਹੀਟ ਵਾਲੇ ਲੰਚ ਰੂਮ ਦੀ ਚਾਰ ਦਿਵਾਰੀ ’ਚ ਕੁਰਸੀ ’ਤੇ ਬੈਠ ਕੇ ਆਪਣੇ ਵੇਅਰਹਾਉਜ ’ਚ ਨਾਲ ਕੰਮ ਕਰਦੇ ਸਾਥੀਆਂ ਨਾਲ ਟੇਬਲ ’ਤੇ ਆਪਣੇ ਵੱਡੇ ਸਾਰੇ, ਗਰਮ ਰਹਿਣ ਵਾਲੇ ਲੰਚ ਬੌਕਸ ’ਚੋਂ ਆਪੇ ਬਣਾਈ ਰੋਟੀ ਤੇ ਦਾਲ ਸਬਜ਼ੀ, ਦਹੀਂ, ਸਲਾਦ ਦੀਆਂ ਡੱਬੀਆਂ ਕੱਢਦਾ ਤੇ ਇੱਕ ਹੱਥ ਨਾਲ ਖਾਂਦਾ ਤੇ ਇੱਕ ਹੱਥ ’ਚ ਮੋਬਾਇਲ ਫੜ ਕੇ ਚਲਾਉਂਦਾ ਚਲਾਉਂਦਾ ਬਾਹਰ ਦੇਖਦਾ ਤਾਂ ਸਾਈਕਲ ਦੀ ਤਰਾਂ ਸੋਚਾਂ ਦੇ ਘੋੜੇ ਭਜਾਉਂਦਾ ਇਹ ਸੋਚਦਾ ਕਿ ਮਾਂ ਦੇ ਹੱਥਾਂ ਦਾ ਸਵਾਦ ਕਿਉਂ ਨਹੀਂ ਆਉਂਦਾ ਮੇਰੀ ਰੋਟੀ ’ਚ। ਇੱਥੇ ਮੇਰੇ ਓਪਰੇਪਣ ’ਚ ਕੋਈ ਮਾਸਟਰ ਬਣ ਹੌਸਲੇ ਭਰੀ ਨਸੀਹਤ ਕਿਉਂ ਨਹੀਂ ਦਿੰਦਾ। ਚਾਹੁਣ ’ਤੇ ਵੀ ਉਹ ਜਜ਼ਬਾਤੀ ਰਿਸ਼ਤਾ ਇੱਥੇ ਕਿਉਂ ਨੀ ਬਣ ਰਿਹਾ। ਕਿਉਂ ਨਹੀਂ ਮੇਰੇ ਚਾਚੇ ਵਾਂਗ ਮੇਰੀ ਕੌਲੀ ਵਿੱਚ ਕੋਈ ਚਮਚਾ ਮਾਰਦਾ।

ਜ਼ਿੰਮੇਵਾਰੀਆਂ ਤਾਂ ਇੰਨੀਆਂ ਕੁ ਸਿਰ ਪੈ ਗਈਆਂ ਕਿ ਲੰਚ ਬੌਕਸ ਧੌਂਦੇਂ ਤੇ ਰੋਟੀ ਬਣਾਉਂਦੇ ਨੂੰ ਬਚਪਣ ’ਚ ਪਹਾੜ ਲੱਗਦੇ ਕੰਮਾਂ ਬਾਰੇ ਸੋਚ ਕੇ ਹਾਸਾ ਆਉਂਦਾ। ਉਸ ਸਮੇਂ ਵੱਡੇ ਹੋਣ ਦੀਆਂ ਕਾਹਲੀਆਂ ਹੀ ਵਾਹਲੀਆਂ ਸੀ ਤੇ ਹੁਣ ਮੁੜ ਬਚਪਨ ’ਚ ਜਾਣ ਦੀ ਬੱਚਿਆਂ ਵਾਲੀ ਅੜ੍ਹੀ।

ਵਾਪਸ ਆਉਂਦਾ ਕਿਸੇ ਬੱਸ ਨਾਲ ਰੇਸਾਂ ਨਹੀਂ ਲਾਉਂਦਾ, ਜੇ ਲਾਉਂਦਾ ਹਾਂ ਤਾਂ ਕਾਰ ’ਚ ਗਾਣੇ, ਕਦੇ ‘ਉਹ ਮੌਜਾ ਭੁੱਲਣੀਆਂ ਨੀ ਜੋ ..’ ਤੇ ਕਦੇ ‘ਕੁਝ ਠਹਿਰ ਜਿੰਦੜੀਏ, ਠਹਿਰ ਠਹਿਰ, ਮੈਂ ਹੋਰ ਬੜਾ ਕੁਝ ਕਰਨਾ’ ਸੁਣਦਾ-ਸੁਣਦਾ ਜਿਸਮਾਨੀ ਤੌਰ ’ਤੇ ਘਰ ਪਹੁੰਚ ਜਾਂਦਾ ਤੇ ਅਤੇ ਜਿਹਨੀ ਤੌਰ ’ਤੇ ਪੰਜਾਬ ਮੇਰੇ ਆਪਣਿਆਂ ’ਚ।




# ਪੇਪਰਾਂ ਦੀ ਤਿਆਰੀ ਕਿਵੇਂ ਕਰੀਏ ?



**➢ ਪੇਪਰਾਂ ਨੂੰ ਹਊਆਂ ਨਾ ਸਮਝਣ ਬੱਚੇ ➢ ਚੰਗੀ ਪੜ੍ਹਾਈ ਲਈ ਤਣਾਓ ਮੁਕਤ ਮਾਹੌਲ ਜ਼ਰੂਰੀ ➢ਬੱਚਿਆਂ ਨੂੰ ਦਿਓ ਤਣਾਅ ਮੁਕਤ ਮਾਹੌਲ**

**ਪਰਵੀਨ ਕੌਰ ਸਿੱਧੂ**

ਅੱਜ ਕੱਲ੍ਹ ਦੇ ਦਿਨਾਂ ਵਿੱਚ ਤਕਰੀਬਨ ਸਾਰੇ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਪੇਪਰ ਹੋ ਰਹੇ ਹਨ ਜਾਂ ਫਿਰ ਹੋਣ ਜਾ ਰਹੇ ਹਨ। ਇਹਨਾਂ ਦਿਨਾਂ ਵਿੱਚ ਮਾਪੇ-ਅਧਿਆਪਕਾਂ ਨੂੰ ਆਪਣੇ ਬੱਚਿਆਂ ਅਤੇ ਵਿਦਿਆਰਥੀਆਂ ਵੱਲ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੈ। ਉਂਝ ਤਾਂ ਮਾਪੇ-ਅਧਿਆਪਕ ਸਭ ਨੂੰ ਸਾਰਾ ਸਾਲ ਤਾਂ ਕੀ, ਸਗੋਂ ਹਰ ਵਕਤ ਆਪਣੇ ਬੱਚਿਆਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ। ਨਰਸਰੀ ਤੋਂ ਬਾਰ੍ਹਵੀਂ ਤੱਕ ਜਾਂਦਿਆਂ ਬੱਚੇ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਬਦਲਾਵ ਵਿੱਚੋਂ ਨਿਕਲਦੇ ਹਨ। ਉਹਨਾਂ ਨੂੰ ਆਪਣਿਆਂ ਦੇ ਪਿਆਰ ਅਤੇ ਸਹਿਯੋਗ ਦੀ ਬਹੁਤ ਜ਼ਰੂਰਤ ਹੁੰਦੀ ਹੈ। ਸ਼ੁਰੂ ਤੋਂ ਹੀ ਜਿਹੋ-ਜਿਹਾ ਮਾਹੌਲ ਮਾਪੇ ਅਤੇ ਅਧਿਆਪਕ ਦੇਣਗੇ, ਬੱਚੇ ਉਸੇ ਸਾਂਚੇ ਵਿੱਚ ਹੌਲੀ-ਹੌਲੀ ਢੱਲ ਜਾਂਦੇ ਹਨ। ਬੱਚੇ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਗਾਉਣ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅਧਿਆਪਕਾਂ ਦਾ ਸਾਥ ਦੇਣ ਅਤੇ ਅਧਿਆਪਕ ਆਪਣੇ ਵਿਦਿਆਰਥੀਆਂ ਪ੍ਰਤੀ ਆਪਸੀ ਪਿਆਰ ਅਤੇ ਫਰਜ਼ ਦੀ ਸਾਂਝ ਨਾਲ ਇਹਨਾਂ ਨੂੰ ਸੰਭਾਲਣ।

ਬੱਚਿਆਂ ਨੂੰ ਪੇਪਰਾਂ ਦੇ ਦਿਨਾਂ ਵਿੱਚ ਮਾਨਸਿਕ ਤੌਰ 'ਤੇ ਸ਼ਾਂਤ ਰੱਖਣ ਦੀ ਜ਼ਰੂਰਤ ਹੁੰਦੀ ਹੈ। ਉਹਨਾਂ ਦੇ ਖਾਣ-ਪੀਣ ਵੱਲ ਵੀ ਧਿਆਨ ਦੇਣ ਦੀ ਲੋੜ ਹੈ, ਤਾਂ ਕਿ ਉਹ ਆਪਣਾ ਮਨ ਪੜ੍ਹਾਈ ਵਿੱਚ ਲਗਾ ਸਕਣ। ਘਰ ਵਿਚਲੇ ਸਾਰੇ ਮੈਂਬਰਾਂ ਨੂੰ ਆਪਸ ਵਿੱਚ ਪਿਆਰ ਅਤੇ ਸ਼ਾਂਤੀ ਬਣਾਈ ਰੱਖਣ ਦੀ ਜ਼ਰੂਰਤ ਹੁੰਦੀ ਹੈ। ਘਰੇਲੂ ਕਲੇਸ਼ ਬੱਚਿਆਂ ਦੇ ਕੋਮਲ 'ਤੇ ਗਹਿਰਾ ਅਸਰ ਕਰਦਾ ਹੈ। ਇਸ ਕਰਕੇ ਆਪਸੀ ਮਸਲਿਆਂ ਨੂੰ ਬੱਚਿਆਂ ਦੇ ਕੰਨਾਂ ਤੱਕ ਨਾ ਪਹੁੰਚਾਇਆ ਜਾਵੇ ਤਾਂ ਬੇਹਤਰ ਹੋਵੇਗਾ। ਸਾਨੂੰ ਟੀ.ਵੀ. ਅਤੇ ਮੋਬਾਇਲ ਫ਼ੋਨ ਦਾ ਪ੍ਰਯੋਗ ਸਿਆਣਿਆਂ ਨੂੰ ਆਪ ਵੀ



ਘੱਟ ਕਰਨਾ ਚਾਹੀਦਾ ਹੈ। ਪੇਪਰਾਂ ਦੇ ਦਿਨਾਂ ਵਿੱਚ ਬੱਚਿਆਂ ਨਾਲ ਖੁੱਲ੍ਹ ਕੇ ਅਤੇ ਮੁਸਕਰਾ ਕੇ ਗੱਲ ਕਰਨੀ ਚਾਹੀਦੀ ਹੈ। ਉਹਨਾਂ ਦੇ ਮਨ ਵਿੱਚ ਪੜ੍ਹਨ ਲਈ ਉਤਸ਼ਾਹ ਭਰਨ ਦੀ ਲੋੜ ਹੈ।

ਜੇਕਰ ਘਰ ਵਿਚਲਾ ਮਾਹੌਲ ਤਣਾਅਪੂਰਵਕ ਹੋਏਗਾ ਤਾਂ ਇਸ ਦਾ ਅਸਰ ਬੱਚਿਆਂ ਦੀ ਪੜ੍ਹਾਈ ਉਬਤੇ ਜ਼ੂਰ ਪਵੇਗਾ। ਸਮੇਂ-ਸਮੇਂ 'ਤੇ ਬੱਚਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕਿਤਾਬਾਂ ਨਾਲ ਦੋਸਤੀ ਆਪ ਵੀ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਵੀ ਅਸੀਂ ਤਾਂ ਹੀ ਇਸ ਪਾਸੇ ਵੱਲ ਪ੍ਰੇਰਿਤ ਕਰ ਸਕਦੇ ਹਾਂ। ਕਦੀ ਵੀ ਬੱਚਿਆਂ ਦੇ ਸਾਹਮਣੇ ਪੇਪਰਾਂ ਨੂੰ ਹਊਆ ਬਣਾ ਕੇ ਪੇਸ਼ ਨਹੀਂ ਕਰਨਾ ਚਾਹੀਦਾ।ਉਹਨਾਂ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਹੈ ਅਤੇ ਪੜ੍ਹਾਈ ਪ੍ਰਤੀ ਪਿਆਰ, ਉਤਸ਼ਾਹ ਅਤੇ ਉਮੰਗ ਭਰਨੀ ਚਾਹੀਦੀ ਹੈ। ਨੰਬਰਾਂ ਦੀ ਦੌੜ ਦੀ ਥਾਂ 'ਤੇ ਸਮਝ ਅਤੇ ਗਿਆਨ ਦੇ ਵਾਧੇ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

ਮੈਂ ਅਕਸਰ ਦੇਖਦੀ ਹਾਂ ਕਿ ਕਈ ਵਾਰੀ ਮਾਪਿਆਂ ਅਤੇ ਘਰ ਦੇ ਹੋਰ ਮੈਂਬਰਾਂ ਨੇ ਸਾਰਾ ਸਾਲ ਬੱਚੇ ਵੱਲ ਧਿਆਨ ਨਹੀਂ ਦਿੱਤਾ ਹੁੰਦਾ, ਪਰ ਜਦੋਂ ਹੀ ਫਾਈਨਲ ਪੇਪਰ ਆਉਂਦੇ ਹਨ, ਤਾਂ ਘਰ ਵਿੱਚ ਲੜਾਈ ਝਗੜਾ ਅਤੇ ਕਲੇਸ਼ ਹੋਣਾ ਸ਼ੁਰੂ ਹੋ ਜਾਂਦਾ ਹੈ ਜਾਂ ਫਿਰ ਇਹ ਕਹਿ ਲਈਏ ਕਿ ਕਿਸ ਸਮੇਂ ਕਿਹੜੀ ਗੱਲ ਕਰਨੀ ਚਾਹੀਦੀ ਹੈ, ਇਸ ਦਾ ਪਤਾ ਹੀ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ ਘਰ ਦੇ ਮਾਹੌਲ ਨੂੰ ਸਹੀ ਤਰੀਕੇ ਨਾਲ ਸੰਭਾਲਣ ਦੀ ਜ਼ਰੂਰਤ ਹੁੰਦੀ ਹੈ। ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਸੁਧਾਰਨ ਦੀ ਜ਼ਰੂਰਤ ਹੈ। ਅਸੀਂ ਆਪ ਤਾਂ ਆਪਣਾ ਮੋਬਾਇਲ ਅਤੇ ਟੀ. ਵੀ. ਦੇਖਣਾ ਬੰਦ ਨਹੀਂ ਕਰਦੇ। ਆਪਣਾ ਸਾਰਾ ਗੁੱਸਾ ਬੱਚਿਆਂ 'ਤੇ ਅਤੇ ਉਹਨਾਂ ਦੀ ਪੜ੍ਹਾਈ ਨਾਲ ਗੱਲਾਂ ਕਰਕੇ ਮਿਹਣੇ ਭਾਵ ਨਾਲ ਵਿਅਕਤ ਵੀ ਕਰਦੇ ਹਾਂ। ਆਪਸੀ ਪਿਆਰ ਅਤੇ ਮਿਲਵਰਤਣ ਦੀ ਦੁਹਾਈ ਦਿੰਦੇ ਹਾਂ, ਪਰ ਅਸਰ ਨਹੀਂ ਕਰਦੇ ਅਤੇ ਵਾਧੂ ਉਪਦੇਸ਼ ਬੱਚਿਆਂ ਨੂੰ ਦਿੰਦੇ ਰਹਿੰਦੇ ਹਾਂ।

ਸਾਨੂੰ ਬੱਚਿਆਂ ਨੂੰ ਸ਼ੁਰੂ ਤੋਂ ਹੀ ਸਮਾਂ ਸਾਰਨੀ ਦੀ ਆਦਤ ਪਾਉਣੀ ਚਾਹੀਦੀ ਹੈ। ਜਦੋਂ ਇਕ ਵਾਰ ਬਚਪਨ ਵਿੱਚ ਚੰਗੀ ਆਦਤ ਪੈ ਜਾਵੇ ਅਗਲੇਰੀ ਜ਼ਿੰਦਗੀ ਵਿੱਚ ਵੀ ਇਹੀ ਆਦਤ ਬਣੀ ਰਹਿੰਦੀ ਹੈ। ਬੱਚਿਆਂ ਦਾ ਪੜ੍ਹਾਈ ਪ੍ਰਤੀ ਉਤਸ਼ਾਹ ਅਤੇ ਰੁਚੀ ਨੂੰ ਪੈਦਾ ਕਰਨ ਲਈ ਸਾਨੂੰ ਉਹਨਾਂ ਦੀ ਹਿੰਮਤ ਬਣਨ ਦੀ ਜ਼ਰੂਰਤ ਹੈ।

ਉਦਾਹਰਨ ਦੇ ਤੌਰ 'ਤੇ ਅਸੀਂ ਘਰ ਅਤੇ ਬਾਹਰ ਅਕਸਰ ਕਹਿੰਦੇ ਹਾਂ ਕਿ ਮੈਥ (ਹਿਸਾਬ) ਬਹੁਤ ਔਖਾ ਹੈ। ਅਸੀਂ ਸ਼ੁਰੂ ਤੋਂ ਹੀ ਉਹਨਾਂ ਦੇ ਮਨ ਵਿੱਚ ਮੈਥ ਪ੍ਰਤੀ ਔਖਾ ਸ਼ਬਦ ਫਿੱਟ ਕਰ ਦਿੰਦੇ ਹਾਂ ਅਤੇ ਇਹ ਸ਼ਬਦ ਉਨ੍ਹਾਂ ਦੇ ਮਨ ਵਿੱਚ ਘਰ ਕਰ ਜਾਂਦਾ ਹੈ। ਉਹ ਜਿੰਨੀ ਦੇਰ ਵੀ ਪੜ੍ਹਦੇ ਹਨ ਇਹੋ ਸੋਚਦੇ ਹਨ ਕਿ ਮੈਥ ਬਹੁਤ ਔਖਾ ਹੈ, ਕਿਉਂਕਿ ਅਸੀਂ ਉਹਨਾਂ ਨੂੰ ਇਹ ਸਮਝਾਉਣ ਵਿੱਚ ਨਾਕਾਮ ਰਹੇ ਹਾਂ ਕਿ ਅਸਲ ਵਿੱਚ ਅਸੀਂ ਹਿਸਾਬ ਕਿਉਂ ਪੜ੍ਹਦੇ ਹਾਂ। ਜਦ ਕਿ ਸਾਡਾ ਫ਼ਰਜ਼ ਬਣਦਾ ਹੈ ਕਿ ਆਪਣੇ ਲਫ਼ਜ਼ਾਂ ਨੂੰ ਸਮਝਾਉਣ ਵਿੱਚ ਥੋੜ੍ਹਾ ਜਿਹਾ ਫ਼ਰਕ ਲਿਆਈਏ ਅਤੇ ਇਹ ਕਹੀਏ ਕਿ ਹਿਸਾਬ ਸਾਨੂੰ ਜ਼ਿੰਦਗੀ ਵਿੱਚ ਮੁਸ਼ਕਲਾਂ ਨਾਲ ਲੜਨਾ ਸਿਖਾਉਂਦਾ ਹੈ। ਇਹ ਸਿਖਾਉਂਦਾ ਹੈ ਕਿ ਹਰ ਮੁਸ਼ਕਲ ਦਾ ਹੱਲ ਹੁੰਦਾ ਹੈ। ਸਿਰਫ਼ ਸਾਨੂੰ ਕੋਸ਼ਿਸ਼ ਕਰਨ ਦੀ ਜ਼ਰੂਰਤ ਹੁੰਦੀ ਹੈ। ਅਜਿਹੀਆਂ ਗੱਲਾਂ ਕਰਨ ਨਾਲ ਉਹਨਾਂ ਅੰਦਰ ਹਿੰਮਤ ਵਧੇਗੀ ਅਤੇ ਉਹ ਸੋਚਣਗੇ ਕਿ ਅਸੀਂ ਮੁਸ਼ਕਿਲਾਂ ਦਾ ਹੱਲ ਕਰਨ ਦੇ ਕਾਬਲ ਬਣ ਰਹੇ ਹਾਂ। ਅਸੀਂ ਉਹਨਾਂ ਦੀ ਸੋਚ ਵਿੱਚ ਬਦਲਾਅ ਲਿਆਉਣਾ ਹੈ। ਇਹ ਕੰਮ ਸਾਨੂੰ ਸ਼ੁਰੂ ਤੋਂ ਹੀ ਕਰਨ ਦੀ ਲੋੜ ਹੈ ਕਿਉਂਕਿ ਜੇਕਰ ਇਕ ਵਾਰ ਮਨ ਵਿੱਚ ਕਿਸੇ ਚੀਜ਼ ਪ੍ਰਤੀ ਡਰ ਬੈਠ ਜਾਵੇ ਤਾਂ ਉਸ ਨੂੰ ਕੱਢਣ ਲਈ ਕਈ ਸਾਲਾਂ ਦਾ ਸਮਾਂ ਵੀ ਲੱਗ ਜਾਂਦਾ ਹੈ।

ਇਵੇਂ ਹੀ ਅਸੀਂ ਸਾਇੰਸ ਬਾਰੇ ਵੀ ਸਮਝਾ ਸਕਦੇ ਹਾਂ ਕੇ ਇਸ ਨੂੰ ਪੜ੍ਹ ਕੇ ਅਸੀਂ ਆਪਣੇ ਸਰੀਰ ਬਾਰੇ, ਜਾਨਵਰਾਂ, ਕੁਦਰਤ, ਜੀਵ-ਜੰਤੂਆਂ ਬਾਰੇ ਜਾਣ ਸਕਦੇ ਹਾਂ ਅਤੇ ਉਨ੍ਹਾਂ ਨੂੰ ਸਮਝਣ ਵਿੱਚ (**ਬਾਕੀ ਸਫ਼ਾ 31 'ਤੇ**)

## ਆਓ ਗਿਆਨ ਵਧਾਈਏ



1. ਮੈਟਰੋ - ਮੈਨ ਦੇ ਨਾਂ ਨਾਲ ਕਿਸ ਨੂੰ ਜਾਣਿਆ ਜਾਂਦਾ ਹੈ ?
2. ਦੁਨੀਆ ਦੇ ਕਿਹੜੇ ਸ਼ਹਿਰਾਂ ਨੂੰ 'ਵਾਈਟ ਸਿਟੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ?
3. 'ਗਰੀਬ ਦੀ ਗਾਂ' ਕਿਸ ਜਾਨਵਰ ਨੂੰ ਕਿਹਾ ਜਾਂਦਾ ਹੈ ?
4. 'ਹਿੰਦੁਸਤਾਨੀ ਚੈਰੀ' ਦੇ ਨਾਂ ਨਾਲ ਕਿਸ ਨੂੰ ਜਾਣਦੇ ਹਾਂ ?
5. 'ਆਕਸੀਜਨ ਫੈਕਟਰੀ' ਦੇ ਨਾਂ ਨਾਲ ਕਿਸ ਰੁੱਖ ਨੂੰ ਜਾਣਿਆ ਜਾਂਦਾ ਹੈ ?
6. ਪ੍ਰਸਿੱਧ ਤਿਉਹਾਰ 'ਹੋਲਾ-ਮਹੱਲਾ' ਕਦੋਂ ਤੋਂ ਮਨਾਉਣਾ ਆਰੰਭ ਹੋਇਆ ?
7. 'ਗੀਤਾਂ ਦੀ ਰੁੱਤ' ਇਸ ਰੁੱਤ ਨੂੰ ਕਿਹਾ ਜਾਂਦਾ ਹੈ ?
8. 'ਸੰਤਰੇ ਦੀ ਰਾਜਧਾਨੀ' ਕਿਸ ਸਥਾਨ ਨੂੰ ਕਿਹਾ ਜਾਂਦਾ ਹੈ ?
9. ਬੜੋਦਰਾ ਭਾਰਤ ਦੇ ਕਿਸ ਰਾਜ ਵਿੱਚ ਸਥਿਤ ਹੈ ?
10. 'ਤਿੰਨ ਦਰਵਾਜਾ' ਕਿੱਥੇ ਹੈ ?
11. ਸਾਈਕਲ ਦਿਵਸ ਕਦੋਂ ਮਨਾਇਆ ਜਾਂਦਾ ਹੈ ?
12. ਫਾਹੀਯਾਨ ਕਿਸ ਦੇਸ਼ ਦਾ ਯਾਤਰੀ ਸੀ ?
13. ਭਾਰਤ ਦਾ ਸੰਵਿਧਾਨ ਕਦੋਂ ਅਤੇ ਕਿੰਨੇ ਵਜੇ ਲਾਗੂ ਹੋਇਆ ?
14. ਆਲੂ ਦੇ ਚਿਪਸ ਕਦੋਂ ਤੇ ਕਿੱਥੋਂ ਹੋਂਦ ਵਿੱਚ ਆਏ ?
15. 'ਮਿੰਨੀ ਮੁੰਬਈ' ਦੇ ਨਾਂ ਨਾਲ ਕਿਸ ਸ਼ਹਿਰ ਨੂੰ ਜਾਣਿਆ ਜਾਂਦਾ ਹੈ ?
16. ਪ੍ਰਸਿੱਧ ਧਾਰਮਿਕ ਸ਼ਹਿਰ ਸ਼੍ਰੀ ਨੈਣਾ ਦੇਵੀ ਹਿਮਾਚਲ ਪ੍ਰਦੇਸ਼ ਦੇ ਕਿਸ ਜ਼ਿਲ੍ਹੇ ਵਿੱਚ ਸਥਿਤ ਹੈ ?
17. ਕਲਪਨਾ ਚਾਵਲਾ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
18. ਖ਼ੂਬਸੂਰਤ ਪਹਾੜੀ ਸ਼ਹਿਰ ਮਾਥੇਰਨ ਦਾ ਸਥਾਨ ਭਾਰਤ ਦੇ ਕਿਸ ਰਾਜ ਵਿੱਚ ਹੈ ?
19. ਭਾਰਤ ਦਾ ਅਜਿਹਾ ਕਿਹੜਾ ਰਾਜ ਹੈ ਜਿੱਥੇ ਘੁੰਮਣ ਲਈ ਪਰਮਿਟ ਦੀ ਜ਼ਰੂਰਤ ਪੈਂਦੀ ਹੈ ?



**ਮਾਸਟਰ ਸੰਜੀਵ ਧਰਮਾਣੀ**
**ਮੋ. 9478561356**

20. ਅੰਬ ਤੋਂ ਪਹਿਲਾਂ ਫ਼ਲਾਂ ਦਾ ਰਾਜਾ ਕੌਣ ਸੀ ?
21. ਅੰਗਰੇਜ਼ਾਂ ਨੇ ਪਹਿਲਾ ਕਾਰਖਾਨਾ ਭਾਰਤ ਵਿੱਚ ਕਿੱਥੇ ਲਗਾਇਆ ਸੀ ?
22. ਕਾਲਾਹਾਰੀ ਮਾਰੂਥਲ ਕਿੱਥੇ ਹੈ ?
23. 1961 ਤੱਕ ਗੋਆ 'ਤੇ ਕਿਸ ਦਾ ਸਾਸ਼ਨ ਸੀ ?
24. ਲਕਸ਼ਦੀਪ ਕਿੱਥੇ ਹੈ ?
25. ਦੁਨੀਆ ਦਾ ਸਭ ਤੋਂ ਲੰਬਾ ਦਰੱਖ਼ਤ ਕਿਹੜਾ ਹੈ ?

ਉੱਤਰ : 1. ਈ. ਸ਼੍ਰੀ ਧਰਨ, 2. ਸਰਬੀਆ ਦੀ ਰਾਜਧਾਨੀ ਬੈਲਗ੍ਰੇਡ ਅਤੇ ਸ੍ਰੀ ਅਨੰਦਪੁਰ ਸਾਹਿਬ, 3. ਬੱਕਰੀ , 4. ਲਸੂੜਾ, 5. ਬਾਂਸ (ਬਾਂਸ ਘਾਹ ਦੀ ਇੱਕ ਕਿਸਮ ਹੈ), 6. 1700 ਈਸਵੀ, 7. ਬਸੰਤ, 8. ਨਾਗਪੁਰ, 9. ਗੁਜਰਾਤ, 10. ਅਹਿਮਦਾਬਾਦ, 11. 31 ਮਈ, 12. ਚੀਨ, 13. 26 ਜਨਵਰੀ 1950 ਨੂੰ, 10:18 ਵਜੇ ਸਵੇਰੇ 14. 1853 ਈਸਵੀ , ਨਿਊਯਾਰਕ 15. ਇੰਦੌਰ (ਮੱਧ ਪ੍ਰਦੇਸ਼), 16. ਬਿਲਾਸਪੁਰ 17. 1962 ਵਿੱਚ, ਕਰਨਾਲ (ਹਰਿਆਣਾ) 18. ਮਹਾਰਾਸ਼ਟਰ, 19. ਨਾਗਲੈਂਡ, 20. ਅਨਾਨਾਸ, 21. ਮਸੂਲੀਪੱਟਨਮ, 22. ਅਫ਼ਰੀਕਾ 23. ਪੁਰਤਗਾਲ, 24. ਅਰਬ ਸਾਗਰ ਵਿੱਚ, 25. ਰੈਡਵੁੱਡ

**ਬਾਲ ਕਵਿਤਾ**

## ਸਾਡਾ ਤੋਤਾ

ਸਾਡਾ ਤੋਤਾ ਹਰ ਵੇਲੇ ਹੀ, ਪਿਆਰ ਟੋਲਦਾ ਹੈ।
ਰਾਮ ਵਾਹਿਗੁਰੂ ਬੋਲੋ ਜੇ, ਤਾਂ ਨਾਲ ਬੋਲਦਾ ਹੈ।
ਰਲ ਕੇ ਸਾਰੇ ਅਸੀਂ ਓਸ ਨਾਲ ਗੱਲਾਂ ਕਰਦੇ ਹਾਂ।
ਰੱਖ ਤਲੀ ਤੇ ਸ਼ੈਅ ਕੋਈ ਉਸਦੇ ਅੱਗੇ ਧਰਦੇ ਹਾਂ।
ਦੰਦੀ ਨਾ ਉਹ ਵੱਢਦਾ ਪਰ ਚੁੱਕ ਕੇ ਖਾ ਜਾਂਦਾ ਏ।
ਫੇਰ ਖੁਸ਼ੀ ਵਿੱਚ ਆ ਕੇ ਸੋਹਣੇ ਖੰਭ ਹਿਲਾਂਦਾ ਏ।
ਬੇਬੇ ਜੀ ਨੇ ਨਾਮ ਹੈ ਰੱਖਿਆ ਚੀਟੂ ਨਿਆਰਾ ਜੀ।
ਸਾਡੇ ਵਾਂਗੂੰ ਸਭ ਨੂੰ ਲਗਦਾ ਬਹੁਤ ਪਿਆਰਾ ਜੀ।
ਅੰਮ੍ਰਿਤ ਵੇਲੇ ਰਾਮ ਵਾਹਿਗੁਰੂ ਬੋਲ ਉਠਾ ਦਿੰਦਾ।
ਜੇ ਕੋਈ ਨਹੀਂ ਉੱਠਦਾ ਪਾ ਪਾ ਸ਼ੋਰ ਜਗਾ ਦਿੰਦਾ।
ਪਿੰਜਰੇ ਵਿੱਚੋਂ ਬਾਹਰ ਉਸਨੂੰ ਕੱਢਦੇ ਹਾਂ ਜਦ ਵੀ।
ਘੁੰਮ ਘੁੰਮਾਕੇ ਮਾਰ ਉਡਾਰੀ ਮੁੜ ਆਵੇ ਤਦ ਵੀ।
ਜਦ ਮੈਂ ਚੂਰੀ ਕੁੱਟ ਖਆਵਾਂ, ਸੌਂ ਜਾਂਦਾ ਰੱਜ ਕੇ।
ਬੰਦਿਆਂ ਵਾਂਗੂੰ ਖ਼ੂਬ ਘਰਾੜ੍ਹੇ ਮਾਰੇ ਜੀ ਦੱਬ ਕੇ।
ਵੱਡਾ ਵੀਰਾ ਜਦ ਵੀ ਨਲ੍ਹਕੇ ਕੋਲ ਬਿਠਾਵੇਗਾ।
ਬੱਠਲ ਦੇ ਪਾਣੀ ਵਿੱਚ ਵੜ੍ਹਕੇ ਖ਼ੂਬ ਨਹਾਵੇਗਾ।
ਜਾਨ ਸਾਡੇ ਪ੍ਰੀਵਾਰ ਦੀ ਲੱਗੇ ਸੋਹਣਾ ਤੋਤਾ ਜੀ।
ਸਭਨਾ ਦਾ ਹੀ ਮਨ ਮੋਹ ਲੈਂਦਾ ਹੈ ਮਨਮੋਤਾ ਜੀ।
'ਲੱਖੇ' ਸਲੇਮਪੁਰੇ ਵਾਲੇ ਦਾ, ਸਾਥੀ ਬਣਿਆਂ ਏ।
ਉਸ ਨੂੰ ਲੱਖ ਵਧਾਈ ਹੋਵੇ ਜਿਸ ਮਾਂ ਜਣਿਆਂ ਏ।





ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
ਸੰਪਰਕ: +447438398345

ਨਾਵਲ

ਕਿਸ਼ਤ-21

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਫ਼ਲੈਟ ਦੀ ਸੁਧਰੀ ਹੋਈ ਹਾਲਤ ਦੇਖ ਕੇ ਉਸਦੇ ਮਨ ਨੂੰ ਤਸੱਲੀ ਜਿਹੀ ਹੋਈ। ਜ਼ਰੂਰ ਉਸਦੇ ਦਫ਼ਤਰ ਜਾਣ ਬਾਅਦ ਚੌਹਾਨ ਸਾਹਬ ਨੇ ਉਸਦੀ ਬੇਨਤੀ ਉੱਤੇ ਫੁੱਲ ਚੜ੍ਹਾਏ ਸਨ।

ਮੋਬਾਈਲ ਫ਼ੋਨ ਉਸਨੇ ਫ਼ਿਰੋਜ਼ ਗਾਂਧੀ ਮਾਰਕਿਟ ਤੋਂ ਹੀ ਖ਼ਰੀਦ ਲਿਆ ਸੀ ਤੇ ਉਸਦੇ ਟੁੱਟੇ ਹੋਏ ਫ਼ੋਨ ਵਿੱਚੋਂ ਸਿਮ ਕਾਰਡ ਸਹੀ ਸਲਾਮਤ ਹੀ ਮਿਲ ਗਿਆ ਸੀ।

ਰੁਪਏ-ਪੈਸੇ ਵੱਲੋਂ ਤੇਜਵੀਰ ਨੂੰ ਕੋਈ ਕਮੀ ਨਹੀਂ ਸੀ। ਉਸਦੇ ਪਿਤਾ ਵੱਲੋਂ ਵਿਰਾਸਤ 'ਚ ਛੱਡੀ ਬਿਆਲ਼ੀ ਕਿੱਲੇ ਜ਼ਮੀਨ ਦਾ ਠੇਕਾ, ਉਸ ਇਕੱਲੀ ਜਾਨ ਤੋਂ ਖ਼ਰਚਿਆਂ ਨਹੀਂ ਖ਼ਰਚ ਹੁੰਦਾ ਸੀ। ਉਹਨਾਂ ਨੂੰ ਸੋਫ਼ੇ 'ਤੇ ਬੈਠਣ ਦਾ ਇਸ਼ਾਰਾ ਕਰ ਕੇ ਤੇਜਵੀਰ ਕਿਚਨ ਵਿਚ ਜਾ ਵੜਿਆ ਅਤੇ ਚਾਰ ਗਿਲਾਸ ਕੋਲਡ ਡਰਿੰਕਸ ਦੇ ਭਰ ਕੇ ਟ੍ਰੇਅ 'ਚ ਟਿਕਾਏ, ਤੇ ਸੋਫ਼ੇ ਅੱਗੇ ਜਾ ਕੇ ਟ੍ਰੇਅ ਉਨ੍ਹਾਂ ਦੇ ਸਾਹਮਣੇ ਕਰ ਦਿੱਤੀ।

ਤਿੰਨਾਂ ਨੇ ਚੁੱਪਚਾਪ ਗਿਲਾਸ ਚੁੱਕ ਲਏ ਤੇ ਆਖ਼ਰੀ ਗਿਲਾਸ ਹੱਥ 'ਚ ਫੜ ਤੇਜਵੀਰ ਉਨ੍ਹਾਂ ਦੇ ਸਾਹਮਣੇ ਜਾ ਬੈਠਿਆ।

'ਹਾਂ ਜੀ ਮਿੱਤਰ ਜੀ, ਹੁਣ ਦੱਸੋ ਕੀ ਗੱਲ ਕਰਨ ਆਏ ਸੀ ਤੁਸੀਂ ?'

ਕੁੰਡੀਆਂ ਮੁੱਛਾਂ ਵਾਲ਼ੇ ਨੇ ਆਪਣੇ ਸਾਥੀਆਂ ਵੱਲ ਇੱਕ ਨਜ਼ਰ ਮਾਰੀ ਅਤੇ ਕਹਿਣਾ ਸ਼ੁਰੂ ਕੀਤਾ, 'ਗੱਲ ਇਉਂ ਆ ਬਾਈ, ਬਈ ਅਸੀਂ ਸੰਨੀ ਦੇ ਦੋਸਤ ਆਂ।'

'ਮੇਰੇ ਤੋਂ ਕੀ ਚਾਹੁੰਦੇ ਹੋ ?' ਬਿਨਾਂ ਕਿਸੇ ਲਾਗ-ਲਪੇਟ ਦੇ ਤੇਜਵੀਰ ਨੇ ਸਿੱਧਾ ਸਵਾਲ ਦਾਗਿਆ।

ਤੇਜਵੀਰ ਦਾ ਇਉਂ ਸਿੱਧਾ ਸਵਾਲ ਸੁਣ ਉਸ ਦੇ ਚਿਹਰੇ 'ਤੇ ਇੱਕ ਮੁਸਕੁਰਾਹਟ ਜਿਹੀ ਦੌੜ ਗਈ।

'ਬਾਈ, ਤੂੰ ਰਤਾ ਠੰਡਾ ਹੋ। ਮੰਨਿਆ ਮੁਲਾਕਾਤ ਦਾ ਤਰੀਕਾ ਰਤਾ ਭਾਰਾ ਜਿਹਾ ਹੋ ਗਿਆ। ਅਸੀਂ ਕਿਹਾ ਪਤਾ ਨੀ ਬੰਦਾ ਕਿਹੋ ਜਿਹਾ ਹੋਵੇ, ਪਰ ਬੰਦਾ ਤਾਂ ਤੂੰ ਵਧੀਆ ਈ ਨਿਕਲਿਆਂ ਯਾਰ।'

'ਨਾਲ਼ੇ ਜਿਗਰੇ ਆਲ਼ਾ ਸੱਤੀ ਬਾਈ, ਪੰਦਰਾਂ ਬੰਦੇ ਸਾਹਮਣੇ ਖੜ੍ਹੇ ਦੇਖ ਕੇ ਵੀ ਰਤਾ ਨੀ ਜਰਕਿਆ। ਨਰ ਬੰਦਾ, ਬਾਈ ਜੀ, ਨਰ।'

ਕੁੰਡੀਆਂ ਮੁੱਛਾਂ ਵਾਲ਼ੇ, ਜਾਣੀਂ ਕਿ ਸੱਤੀ ਦੇ ਸੱਜੇ ਪਾਸੇ ਬੈਠੇ ਨੱਤੀਆਂ ਵਾਲ਼ੇ ਨੌਜਵਾਨ ਨੇ ਆਪਣੇ ਹੀ ਅੰਦਾਜ਼ 'ਚ ਤੇਜਵੀਰ ਦੀ ਤਾਰੀਫ਼ ਕੀਤੀ।

'ਤੁਸੀਂ ਤਸੱਲੀ ਨਾਲ਼ ਗੱਲ ਕਰੋ, ਮੈਂ ਸੁਣ ਰਿਹਾਂ।'

'ਦੇਖਿਆ ਬਾਈ ਜੀ ? ਮੈਂ ਕਿਹਾ ਸੀ ਨਾ ਬਈ ਨਰ ਬੰਦਾ, ਨਰ,' ਨੱਤੀਆਂ ਵਾਲ਼ਾ ਫਿਰ ਬੋਲਿਆ।

'ਤੂੰ ਇੱਕ ਮਿੰਟ ਚੁੱਪ ਕਰ ਯਾਰ,' ਸੱਤੀ ਨੇ ਨੱਤੀਆਂ ਵਾਲ਼ੇ ਨੂੰ ਇੱਕ ਘੁਰਕੀ ਜਿਹੀ ਮਾਰੀ ਅਤੇ ਫਿਰ ਤੇਜਵੀਰ ਨੂੰ ਸੰਬੋਧਿਤ ਹੋਇਆ, 'ਗੱਲ ਇਉਂ ਆ ਬਾਈ, ਵੈਸੇ ਤੂੰ ਸਮਝ ਹੀ ਗਿਆ ਹੋਵੇਂਗਾ ਕਿ ਸਾਡੀ ਗੱਲ ਦਾ ਅਸਲ ਮੁੱਦਾ ਕੀ ਆ।ਬਾਕੀ ਬਾਈ ਆਪਾਂ ਨੂੰ ਘੀਚੀਆਂ-ਮੀਚੀਆਂ ਜਿਹੀਆਂ ਤਾਂ ਆਉਂਦੀਆਂ ਨੀ, ਸਿੱਧੀ ਜੱਟਾਂ ਆਲ਼ੀ ਗੱਲ ਆ, ਬਈ ਸੰਨੀ ਨੇ ਇਹ ਕਤਲ ਨੀਂ ਕੀਤਾ।'

'ਪਰ ਮਿੱਤਰ ਜੀ, ਇਹ ਗੱਲ ਕਰਨ ਲਈ ਤੁਸੀਂ ਮੇਰੇ ਕੋਲ਼ ਕਿਉਂ ਆਏ ਓਂ ? ਤੁਹਾਨੂੰ ਤਾਂ ਪੁਲਿਸ ਕੋਲ਼ ਜਾਣਾ ਚਾਹੀਦਾ ਸੀ।'

'ਦੇਖ ਬਾਈ, ਪੁਲਿਸ ਨੂੰ ਸਾਂਭਣ ਆਲ਼ਿਆਂ ਨੇ ਆਪੇ ਈ ਸਾਂਭ ਲੈਣਾ। ਜਦੋਂ ਸਾਡੀ ਲੋੜ ਪਈ, ਤਾਂ ਅਸੀਂ ਕਿਹੜਾ ਕਦੇ ਠਾਣਾ ਨੀਂ ਦੇਖਿਆ ? ਅਸੀਂ ਵੀ ਚਲੇ ਜਾਵਾਂਗੇ। ਪਰ ਸੰਨੀ ਦੇ ਘਰ ਦਾ ਰਾਹ ਤਾਂ ਪੁਲਿਸ ਨੂੰ ਤੂੰ ਹੀ ਦਿਖਾਇਆ ਬਾਈ, ਦੇਖ, ਤੂੰ ਗ਼ਲਤ ਨਾ ਸਮਝੀਂ, ਮੈਂ ਪਹਿਲਾਂ ਈ ਕਿਹਾ ਬਈ ਧਮਕੀ ਜਾਂ ਲੜਾਈ, ਦੋਹਾਂ ਚੀਜ਼ਾਂ 'ਚੋਂ ਅਸੀਂ ਕੁਸ਼ ਨੀਂ ਕਰਨ ਆਏ। ਬੱਸ ਤੂੰ ਇਹ ਸਮਝ ਕਿ ਭਾਈਚਾਰੇ 'ਚ ਹੀ ਗੱਲ ਕਰਨ ਆਏ ਆਂ।'

ਨਰਮ ਸ਼ਬਦਾਂ ਦਾ ਪ੍ਰਯੋਗ ਕਰਨ ਦਾ ਆਦੀ ਨਹੀਂ ਸੀ ਸੱਤੀ। ਸੋ ਉਸ ਨੂੰ ਗੱਲ ਕਰਨੀ ਥੋੜ੍ਹੀ ਔਖੀ ਜਿਹੀ ਹੋ ਰਹੀ ਸੀ, ਪਰ ਤੇਜਵੀਰ ਨੇ ਉਸਦੀ ਗੱਲ ਦਾ ਕੋਈ ਹੋਰ ਹੀ ਅਰਥ ਕੱਢ ਲਿਆ।

'ਮਿੱਤਰ ਜੀ, ਜੇ ਤੁਹਾਡੀ ਮਨਸ਼ਾ ਮੈਨੂੰ ਖ਼ਰੀਦਣ ਦੀ ਏ ਜਾਂ ਕੋਈ ਲਾਲਚ ਦੇਣ ਦੀ ਏ, ਤਾਂ ਮੇਰਾ ਜਵਾਬ ਇਹ ਹੈ ਕਿ ਆਈ ਐਮ ਨੱਟ ਫ਼ਾਰ ਸੇਲ, ਥੈਂਕ ਯੂ ਵੈਰੀ ਮੱਚ, ਮੀਟਿੰਗ ਬਰਖ਼ਾਸਤ।'

'ਦੇਖਿਆ ਬਾਈ ਜੀ ? ਮੈਂ ਕਿਹਾ ਸੀ ਨਾ ਬਈ ਨਰ ਬੰਦਾ, ਨਰ,' ਨੱਤੀਆਂ ਵਾਲ਼ੇ ਨੇ ਫੇਰ ਆਪਣਾ 'ਲੂਪ' ਚਲਾ ਦਿੱਤਾ।

ਸੱਤੀ ਨੇ ਉਸ ਵੱਲ ਅੱਖਾਂ ਤਰੇਰ ਕੇ ਦੇਖਿਆ। ਉਸਨੇ ਝੱਟ ਆਪਣੇ ਬੁੱਲ੍ਹਾਂ 'ਤੇ ਉਂਗਲ਼ੀ ਰੱਖ ਲਈ।

'ਤੂੰ ਫੇਰ ਹੱਥਿਓਂ ਉਖੜੀ ਜਾਨਾਂ ਬਾਈ ? ਤੂੰ ਪੂਰੀ ਗੱਲ ਤਾਂ ਸੁਣ ਲੈ ? ਐਹੋ ਜਿਹਾ ਸਾਡਾ ਕੋਈ ਇਰਾਦਾ ਨੀਂ, ਤੂੰ ਹੌਸਲਾ ਰੱਖ।'

'ਠੀਕ ਏ, ਤੁਸੀਂ ਕਹੋ ਜੋ ਕਹਿਣਾ ਏ।' ਇਸ ਵਾਰ ਤੇਜਵੀਰ ਰਤਾ ਢਿੱਲੀ ਸੁਰ 'ਚ ਬੋਲਿਆ।

'ਦੇਖ ਬਾਈ, ਕਤਲ ਕਰਨਾ ਕੋਈ ਖੇਡ ਤਾਂ ਪਈ ਨੀਂ, ਬਈ ਸ਼ੌਕੀਆ ਕਰ 'ਤਾ ਚਲੋ, ਹੁਣ ਐਡਾ ਵੱਡਾ ਕੰਮ ਕਰਨ ਪਿੱਛੇ ਕੋਈ ਵਜ੍ਹਾ ਵੀ ਤਾਂ ਹੋਵੇ ? ਤੂੰ ਇਉਂ ਦੱਸ ਬਈ ਸੰਨੀ ਨੇ ਭਲਾਂ ਕਿਉਂ ਮਾਰਨਾ ਸੀ ਰੂਪੀ ਨੂੰ ?'

ਮ੍ਰਿਤਕਾ ਦਾ ਨਾਂ ਸੱਤੀ ਨੇ ਅਜਿਹੇ ਸਹਿਜੇ ਜਿਹੇ ਢੰਗ ਨਾਲ਼ ਲਿਆ ਕਿ ਤੇਜਵੀਰ ਨੂੰ ਪੱਕਾ ਯਕੀਨ ਹੋ ਗਿਆ, ਕਿ ਉਹ ਜ਼ਰੂਰ ਮ੍ਰਿਤਕਾ ਨੂੰ ਨਿੱਜੀ ਤੌਰ ਤੇ ਜਾਣਦਾ ਸੀ।

'ਜੇ ਵਜ੍ਹਾ ਹੀ ਪੁੱਛਦੇ ਹੋ ਤਾਂ ਵਜ੍ਹਾ ਵੀ ਸੁਣ ਲਓ ।'

ਤੇਜਵੀਰ ਨੇ ਵਿਸਥਾਰ ਸਹਿਤ 'ਵਜ੍ਹਾ' ਬਿਆਨ ਕੀਤੀ।

'ਬਾਈ, ਕਿਹੜੀਆਂ ਗੱਲਾਂ ਕਰਦਾਂ ? ਪਬਲਿਕ ਪ੍ਰਾਪਰਟੀ ਦਾ ਤਾਂ ਕੋਈ ਬਿਆਨਾ ਨੀਂ ਕਰਦਾ, ਤੇ ਤੂੰ ਰਜਿਸਟਰੀ ਕਰਾਉਣ ਦੀ ਗੱਲ ਕਰੀ ਜਾਨਾਂ।'

'ਮਤਲਬ ?'

'ਮਤਲਬ ਇਹ ਬਾਈ, ਬਈ ਰੂਪੀ ਸੀ ਚੱਲਦਾ ਪੁਰਜ਼ਾ, ਸਮਝਿਆ ਕਿ ਨਹੀਂ ? ਤੇ ਚੱਲਦੇ ਪੁਰਜ਼ੇ ਨਾਲ਼ ਬਾਈ ਵਿਆਹ ਦੀ ਗੱਲ ਨੀਂ, ਸ੍ਰਾਬ-ਕਤਾਬ ਦਾ ਸੌਦਾ ਕੀਤਾ ਜਾਂਦਾ। ਕੀ ਸਮਝਿਆ ?'

'ਮਤਲਬ ਕਿ ਜੇ ਕੁੜੀ ਨੇ ਸਰੀਰਕ ਸੰਬੰਧ ਕਾਇਮ ਕਰ ਲਏ ਤਾਂ ਉਹ ਚੱਲਦਾ ਪੁਰਜ਼ਾ ਹੋ ਗਈ ? ਵਿਆਹ ਦੇ ਕਾਬਿਲ ਨਾ ਰਹੀ ? ਇਹੀ ਸੋਚ ਤਾਂ ਬੁਨਿਆਦ ਬਣੀ ਏ ਕਤਲ ਦੀ, ਕੁੜੀ ਨੇ ਆਪਣਾ ਸਭ ਕੁਝ ਉਸ ਅਮੀਰਜ਼ਾਦੇ ਦੇ ਹਵਾਲੇ ਕਰ ਦਿੱਤਾ, ਤਾਂ ਵਿਆਹ ਦੀ ਜ਼ਿੱਦ ਤਾਂ ਕਰਨੀ ਹੀ ਸੀ ਅਗਲੀ ਨੇ। ਪਰ ਸਾਡੇ ਕੈਬਨਿਟ ਮਿਨਿਸਟਰ ਸਾਹਬ ਦੇ ਹੋਣਹਾਰ ਸਪੂਤ ਨੂੰ ਇੱਕ 'ਚੱਲਦਾ ਪੁਰਜ਼ਾ' ਆਪਣੀ ਧਰਮ ਪਤਨੀ ਦੇ ਰੂਪ 'ਚ ਮਨਜ਼ੂਰ ਨਹੀਂ ਸੀ, ਸੋ ਉਸ 'ਚੱਲਦੇ ਪੁਰਜ਼ੇ' ਨੂੰ ਇਸ ਜਹਾਨ ਤੋਂ ਹੀ ਚੱਲਦਾ ਕਰ ਦਿੱਤਾ ਸਾਹਬਜ਼ਾਦੇ ਨੇ ?'

'ਦੇਖਿਆ ਬਾਈ ਜੀ ? ਮੈਂ ਕਿਹਾ ਸੀ ਨਾ ਬਈ ਨਰ ਬੰਦਾ, ਨਰ।' ਨੱਤੀਆਂ ਵਾਲ਼ੇ ਦਾ 'ਲੂਪ' ਫਿਰ ਤੋਂ 'ਰੀਪਲੇ' ਹੋ ਗਿਆ।

'ਉਏ ਏਹਦੇ ਮੂੰਹ ਨੂੰ ਛਿੱਕੂ ਲਾ ਯਾਰ, ਸਾਲ਼ਾ ਖਾ ਕੇ 'ਫ਼ੀਮ ਦਾ ਗੋਲ਼ਾ, ਸਾਰਾ ਦਿਨ ਇੱਕੋ ਗੱਲ 'ਤੇ ਗਰਾਰੀ ਫਸਾਈ ਰੱਖਦਾ।'

ਸੱਤੀ ਐਤਕੀਂ ਤੀਜੇ ਨੂੰ ਸੰਬੋਧਿਤ ਸੀ, ਪਰ ਉਸਨੇ ਜਵਾਬ ਵਿੱਚ ਮੂੰਹ ਨਾ ਖੋਲ੍ਹਿਆ। ਜ਼ਾਹਿਰ ਜੋ ਸੀ ਕਿ ਕੁੱਤੇਖਾਣੀ ਤਾਂ ਨੱਤੀਆਂ ਵਾਲ਼ੇ ਦੀ ਹੀ ਹੋ ਰਹੀ ਸੀ।

ਉਂਗਲ਼ੀ ਫੇਰ ਆਪਣੀ ਜਗ੍ਹਾ 'ਤੇ ਆ ਗਈ।

'ਓ ਹੋ, ਬਾਈ, ਤੂੰ ਗੱਲ ਸਮਝਿਆ ਨੀਂ ਯਾਰ, ਉਨ੍ਹਾਂ ਦਾ ਐਹੋ-ਜਿਹਾ ਤਾਂ ਚੱਕਰ ਈ ਕੋਈ ਨੀਂ ਸੀ, ਹੁਣ ਸਿੱਧੀ ਗੱਲ ਸੁਣ ਬਈ ਉਹ ਤਾਂ ਸ਼ਾਮਲਾਟ ਸੀ, ਓਸ ਖੇਤ 'ਚ ਕੱਲੇ ਸੰਨੀ ਦਾ ਈ ਨੀਂ, ਬਲਕਿ ਸਾਡਾ ਤਿੰਨਾਂ ਦਾ ਵੀ ਹਲ਼ ਚੱਲਦਾ ਸੀ। ਆਈ ਗੱਲ ਸਮਝ 'ਚ ਕਿ ਨਹੀਂ ? ਸਾਡੇ ਤੋਂ ਬਿਨਾਂ ਹੋਰ ਵੀ ਕੋਈ ਪਾਰਟੀ ਆਉਂਦੀ ਹੋਵੇ, ਕਹਿ ਨੀਂ ਸਕਦੇ।'



'ਪੰਜ ਪਾਂਡਵਾਂ' ਵਿੱਚੋਂ ਸੰਨੀ ਸਣੇ ਚਾਰ ਦੀ ਸ਼ਨਾਖ਼ਤ ਹੋ ਗਈ ਸੀ।

ਬਚਿਆ ਸੀ ਤਾਂ ਇਕੱਲਾ 'ਭੀਮ'।

'ਨਵੇਂ ਸਾਥੀ ਨੂੰ ਤਾਂ ਭੁੱਲ ਹੀ ਗਏ ਮਿੱਤਰ ਜੀ।'

'ਨਾ ਬਾਈ, ਅਸੀਂ ਤਾਂ ਚਾਰੇ ਈ ਜਾਂਦੇ ਸੀ। ਜੇ ਹੋਰ ਕੋਈ ਜਾਂਦਾ ਹੋਵੇ, ਤਾਂ ਨਾ ਤਾਂ ਸਾਨੂੰ ਏਹਦੀ ਖ਼ਬਰ ਹੀ ਸੀ ਤੇ ਨਾ ਹੀ ਖ਼ਬਰ ਰੱਖਣ ਦੀ ਕੋਈ ਲੋੜ। ਤੈਨੂੰ ਦੱਸਿਆ ਤਾਂ ਹੈ, ਬਈ ਉਹਦਾ ਕਿਹੜਾ ਸਾਡੇ ਨਾਓਂ ਇੰਤਕਾਲ ਚੜ੍ਹਿਆ ਹੋਇਆ ਸੀ ? ਉਹ ਤਾਂ ਸ਼ਾਮਲਾਟ ਸੀ, ਜਿਹੜਾ ਮਰਜ਼ੀ ਪੈਸੇ ਸੁੱਟੇ ਤੇ ਵਾਹ ਲਏ।'

'ਮਤਲਬ ?'

'ਮਤਲਬ ਇਹ ਬਾਈ, ਬਈ ਉਹਨੂੰ ਚਾਹੀਦਾ ਸੀ ਪੈਸਾ, ਆਵਦੀ ਲਤ ਪੂਰੀ ਕਰਨ ਲਈ। ਤੇ ਸਾਡੇ ਕੋਲ਼ ਸੀ ਦੇਣ ਲਈ ਪੈਸਾ, ਆਵਦਾ ਭੁਸ ਪੂਰਾ ਕਰਨ ਲਈ।'

'ਪੰਜ ਲਾਲ ਗਾਂਧੀ ਪੂਜੀਦੇ ਸੀ ਬਾਈ ਜੀ, ਪੰਜ। ਪਰ ਧੰਨ-ਧੰਨ ਵੀ ਹੋ ਜਾਂਦੀ ਸੀ। ਪੂਰਾ ਪੈਸਾ ਵਸੂਲ,' ਨੱਤੀਆਂ ਵਾਲ਼ਾ ਫਿਰ ਬੋਲਿਆ।

ਐਤਕੀਂ ਉਸਦੀ ਗੱਲ ਨੂੰ ਅਣਸੁਣਿਆ ਕਰਦਿਆਂ, ਸੱਤੀ ਨੇ ਬੋਲਣਾ ਜਾਰੀ ਰੱਖਿਆ।

'ਹੁਣ ਤੂੰ ਹੀ ਸੋਚ ਬਾਈ, ਬਾਈ ਐਹੋ-ਜਿਹੇ ਚੱਲਦੇ ਪੁਰਜ਼ੇ ਨੂੰ ਮਾਰ ਕੇ, ਭਲਾਂ ਸੰਨੀ ਨੂੰ ਕੀ ਹਾਸਿਲ ਹੋਣਾ ਸੀ ? ਉਹ ਤਾਂ ਉਹਦੀ ਕਿਸਮਤ ਮਾੜੀ, ਬਈ ਓਦਣ ਉਹ ਚਲੇ ਗਿਆ। ਜੇ ਸਾਡੇ 'ਚੋਂ ਕੋਈ ਗਿਆ ਹੁੰਦਾ ਤਾਂ, ਅੱਜ ਹਵਾਲਾਤ 'ਚ ਉਹਦੀ ਜਗ੍ਹਾ, ਸਾਡੇ 'ਚੋਂ ਕੋਈ ਬੰਦ ਹੁੰਦਾ। ਕੀ ਸਮਝਿਆ ?'

ਤੇਜਵੀਰ ਨੂੰ ਹੁਣ ਬਹੁਤ ਕੁਝ ਸਮਝ ਵਿੱਚ ਆਉਣਾ ਸ਼ੁਰੂ ਹੋ ਗਿਆ ਸੀ।

'ਲੈ ਹੁਣ ਆਪਣੀ ਗੱਲ ਤਾਂ ਹੋ ਗੀ, ਆਹ ਸਬੂਤ ਵੀ ਦੇਖ ਲਾ,'

ਆਖ ਕੇ ਸੱਤੀ ਨੇ ਆਪਣੇ ਮੋਬਾਈਲ ਫ਼ੋਨ ਵਿੱਚ ਉਸਦੀ ਅਤੇ ਰੁਪਿੰਦਰ ਦੀ ਗਲਵਕੜੀ ਪਾਇਆਂ ਦੀ ਤਸਵੀਰ ਦਿਖਾਈ।

ਬਾਕੀਆਂ ਨੇ ਵੀ ਇਸੇ ਪ੍ਰਕਿਰਿਆ ਨੂੰ ਦੁਹਰਾਇਆ।

ਮੁੰਡੇ ਸੱਚ ਆਖ ਰਹੇ ਸਨ।

'ਪਰ ਸੰਨੀ ਨੇ ਇਹ ਸਭ ਪੁਲਿਸ ਨੂੰ ਕਿਉਂ ਨਹੀਂ ਦੱਸਿਆ ?'

'ਇਹਦਾ ਬਾਪੂ ਟਰੱਸਟੀ ਆ ਕਾਲਜ ਦਾ।' ਚੁੱਪ-ਚਾਪ ਬੈਠੇ ਤੀਜੇ ਸਾਥੀ ਵੱਲ ਇਸ਼ਾਰਾ ਕਰਦਿਆਂ ਸੱਤੀ ਨੇ ਆਖਿਆ।

'ਤਾਂ ਸੰਨੀ ਨੇ ਲੁਕੋ ਕੇ ਯਾਰੀ ਨਿਭਾਈ, ਤੇ ਇਹ ਦੱਸ ਕੇ ਯਾਰੀ ਨਿਭਾ ਰਹੇ ਨੇ।'

'ਪਰ ਤੁਸੀਂ ਮੈਨੂੰ ਇਹ ਸਭ ਕਿਉਂ ਦੱਸ ਰਹੇ ਓਂ ?'

'ਦੇਖ ਬਾਈ, ਸੰਨੀ ਨੇ ਸਾਨੂੰ ਸਹੁੰ ਪੁਆਈ ਆ ਬਈ ਅਸੀਂ ਪੁਲਿਸ ਕੋਲ਼ ਨੀ ਜਾਣਾ। ਜਦੋਂ ਪਾਣੀ ਸਿਰੋਂ ਲੰਘਿਆ ਤਾਂ ਉਹ ਆਪੇ ਹੀ ਦੱਸ ਦੂ। ਪਰ ਅਸੀਂ ਹੁਣ ਆਏਂ ਹੱਥ 'ਤੇ ਹੱਥ ਧਰ ਕੇ ਕਿਵੇਂ ਬੈਠੇ ਰਹੀਏ ? ਸਾਨੂੰ ਪਤਾ ਬਈ ਤੇਰੇ ਕਰਕੇ ਹੀ ਇਹ ਕਤਲ ਦਾ ਕੇਸ ਬਣਿਆ, ਨਹੀਂ ਤਾਂ ਖ਼ੁਦਕੁਸ਼ੀ ਜਾਣ ਕੇ ਪੁਲਿਸ ਨੇ ਤਾਂ ਭੋਗ ਪਾ ਹੀ ਦੇਣਾ ਸੀ। ਤੇਰੇ ਪੈਰੋਂ ਹੀ ਸੰਨੀ ਦੀ ਸ਼ਨਾਖ਼ਤ ਹੋਈ ਆ। ਤੂੰ ਦਿਮਾਗ਼ੀ ਬੰਦਾਂ, ਇਹ ਸੋਚ ਬਈ ਕਿਤੇ ਸੱਚੀਂ ਤਾਂ ਨੀ ਰੂਪੀ ਨੇ ਖ਼ੁਦਕੁਸ਼ੀ ਕਰ ਲੀ, ਸੰਨੀ ਦੇ ਉਥੋਂ ਆਉਣ ਤੋਂ ਬਾਅਦ ? ਕੁੜੀ ਸੀ ਤਾਂ ਚੱਲਦਾ ਪੁਰਜ਼ਾ, ਪਰ ਸੁਭਾਅ ਤੋਂ ਐਹੋ-ਜਿਹੀ ਨਹੀਂ ਸੀ, ਉਹ ਤਾਂ ਨਸ਼ੇ ਹੱਥੋਂ ਬਰਬਾਦ ਹੋਗੀ।'

ਤੇਜਵੀਰ ਨੇ ਸਮਝਾਇਆ ਕਿ ਕਿਵੇਂ ਇਹ ਖ਼ੁਦਕੁਸ਼ੀ ਨਹੀਂ ਬਲਕਿ ਕਤਲ ਹੀ ਹੈ।

'ਤਾਂ ਫਿਰ ਬਾਈ ਕਾਤਿਲ ਕੋਈ ਹੋਰ ਆ, ਇਹ ਕੰਮ ਸੰਨੀ ਦਾ ਨੀ, ਹੋ ਈ ਨੀ ਸਕਦਾ, ਦੇਖ ਬਾਈ, ਸਾਨੂੰ ਪਤਾ ਬਈ ਸੰਨੀ ਨਾਲ ਤੇਰੀ ਕੋਈ ਦੁਸ਼ਮਣੀ ਤਾਂ ਹੈ ਨੀ, ਪਰ ਉਹਨੇ ਗਰਮੀ 'ਚ ਆ ਕੇ ਜਿਹੜਾ ਗਲ਼ਾਵਾਂ ਫੜ ਲਿਆ ਸੀ ਤੇਰਾ ਦੇਖ ਬਾਈ, ਤੂੰ ਸਮਝ ਬਈ ਬੇਨਤੀ ਉਈ ਆ ਤੇਰੇ ਅੱਗੇ, ਬਈ ਆਹ ਕਿੜ ਨਾ ਮਨ 'ਚ ਰੱਖੀਂ। ਮੈਂ ਇਹ ਨੀ ਕਹਿੰਦਾ ਬਈ ਤੂੰ ਸੰਨੀ ਦੇ ਹੱਕ ਵਿਚ ਸੋਚ ਪਰ ਮੇਰਾ ਮਤਲਬ ਸਮਝ ਹੀ ਗਿਆ ਹੋਏਂਗਾ ਬਾਈ, ਤੈਨੂੰ ਦੱਸਿਆ ਤਾਂ ਸੀ, ਬਈ ਆਹ ਸਾਲ਼ੀਆਂ ਘੀਚੀਆਂ-ਮੀਚੀਆਂ ਜਿਹੀਆਂ, ਆਉਂਦੀਆਂ ਈ ਨੀ ਮੈਨੂੰ।'

'ਮਿੱਤਰ ਜੀ, ਮੈਂ ਕਿਸੇ ਨਾਲ਼ ਕੋਈ ਕਿੜ ਕੱਢਣ ਲਈ ਝੂਠ ਦੇ ਹੱਕ 'ਚ ਖੜ੍ਹੇ ਹੋਣ ਵਾਲ਼ਿਆਂ ਵਿਚੋਂ ਨਹੀਂ। ਮੈਂ ਇੱਕ ਪੱਤਰਕਾਰ ਹਾਂ ਅਤੇ ਮੈਂ ਜੋ ਕਰ ਰਿਹਾਂ, ਉਹ ਮੇਰੀ ਡਿਊਟੀ ਏ, ਮੈਂ ਸੱਚ ਦੀ ਤਹਿ ਤੱਕ ਪਹੁੰਚ ਕੇ ਹੀ ਰਹਾਂਗਾ। ਜੇ ਸੰਨੀ ਨੇ ਵਾਕਈ ਕਤਲ ਨਹੀਂ ਕੀਤਾ ਤਾਂ ਮੈਨੂੰ ਉਸਦੇ ਹੱਕ 'ਚ ਆਵਾਜ਼ ਉਠਾਉਣ ਤੋਂ ਕੋਈ ਗੁਰੇਜ਼ ਨਹੀਂ। ਚਾਹੇ ਉਸਨੇ ਮੇਰੇ ਨਾਲ਼ ਕੋਈ ਬਦਸਲੂਕੀ ਹੀ ਕਿਉਂ ਨਾ ਕੀਤੀ ਹੋਵੇ। ਪਰ ਜੇ ਉਸਨੇ ਇਹ ਕਤਲ ਕੀਤਾ, ਤਾਂ ਕਿਸੇ ਦਬਾਅ, ਕਿਸੇ ਧਮਕੀ ਜਾਂ ਕਿਸੇ ਲਾਲਚ ਹੇਠ ਆ ਕੇ ਮੇਰੀ ਆਵਾਜ਼ ਦਬਣ ਵਾਲ਼ੀ ਨਹੀਂ। ਮੇਰੀ ਤੁਹਾਨੂੰ ਇਹੀ ਸਲਾਹ ਏ ਕਿ ਸੰਨੀ ਨੂੰ ਸਮਝਾਓ, ਕਿ ਜੇ ਉਹ ਬੇਗ਼ੁਨਾਹ ਏ ਤਾਂ ਪੁਲਿਸ ਤੋਂ ਕੋਈ ਨਿੱਕੀ ਤੋਂ ਨਿੱਕੀ ਜਿਹੀ ਗੱਲ ਵੀ ਨਾ ਛੁਪਾਏ। ਏਸੇ ਵਿੱਚ ਉਸਦਾ ਭਲਾ ਏ। ਬਾਕੀ ਤੁਹਾਨੂੰ ਮੇਰੇ ਕੋਲ਼ ਕੋਈ ਬੇਨਤੀ ਕਰਨ ਦੀ ਕੋਈ ਲੋੜ ਨਹੀਂ, ਪਰ ਆਪਣੇ ਦੋਸਤ ਲਈ ਤੁਹਾਡੀ ਇਸ ਕੋਸ਼ਿਸ਼ ਦੀ, ਮੈਂ ਦਿਲੋਂ ਕਦਰ ਕਰਦਾਂ।'

'ਦੇਖਿਆ ਬਾਈ ਜੀ ? ਮੈਂ ਕਿਹਾ ਸੀ ਨਾ ਬਈ ਨਰ ਬੰਦਾ, ਨਰ।'

'ਮੈਨੂੰ ਹੁਣ ਤਸੱਲੀ ਆ ਬਾਈ, ਬੰਦਾ ਤੂੰ ਲਿਫ਼ਣ ਆਲ਼ਾ ਨੀ।' ਆਖ ਉਹ ਉਥੋਂ ਵਿਦਾ ਹੋ ਗਏ।

ਪਿੱਛੇ ਤੇਜਵੀਰ ਸੋਫ਼ੇ ਦੀ ਪੁਸ਼ਤ 'ਤੇ ਸਿਰ ਟਿਕਾ, ਡੂੰਘੀ ਸੋਚ ਵਿੱਚ ਡੁੱਬ ਗਿਆ।

ਉਹ ਡਿਲੂਜ਼ਨਜ਼ ਅਤੇ ਹੱਲੂਸਿਨੇਸ਼ਨਜ਼ 'ਚ ਫਸਿਆ, ਸਕੀਜ਼ੋਫ਼ਰੇਨੀਆ ਦਾ ਸ਼ਿਕਾਰ ਹੋ ਚੁੱਕਾ ਸੀ। ਜਾਂ ਇਉਂ ਕਹਿ ਲਓ ਕਿ ਪਾਪੀ ਦੇ ਪਾਪਾਂ ਦਾ ਘੜਾ ਭਰ ਚੁੱਕਾ ਸੀ, ਤੇ ਉਸਦੇ ਸਾਰੇ ਪਾਪ ਘੜੇ 'ਚੋਂ ਬਾਹਰ ਨਿਕਲ਼ ਕੇ ਉਸ ਨੂੰ ਘੇਰ ਚੁੱਕੇ ਸਨ।

ਰਹਿ-ਰਹਿ ਕੇ ਉਸਨੂੰ ਇਉਂ ਮਹਿਸੂਸ ਹੁੰਦਾ, ਜਿਵੇਂ ਦੋ ਅਦਿੱਖ ਹੱਥ ਉਸਦੀ ਗਰਦਨ ਨੂੰ ਘੁੱਟ ਰਹੇ ਹੋਣ, ਤੇ ਉਹ ਰਹਿ-ਰਹਿ ਕੇ ਉਹਨਾਂ ਅਦਿੱਖ ਹੱਥਾਂ ਤੋਂ ਆਪਣੀ ਗਰਦਨ ਛੁਡਾਉਣ ਦੀ ਕੋਸ਼ਿਸ਼ 'ਚ ਜੁਟ ਜਾਂਦਾ।

ਕੱਲ੍ਹ ਸਵੇਰ ਸਾਰ ਹੀ ਉਸਨੇ ਆਪਣੀ ਇਸ ਹਾਲਤ ਨਾਲ਼ ਦੋ-ਚਾਰ ਹੁੰਦਿਆਂ-ਹੁੰਦਿਆਂ, ਬੜੀ ਮੁਸ਼ਕਿਲ ਨਾਲ਼, ਆਪਣੇ ਵਕੀਲ ਨੂੰ ਜ਼ਮਾਨਤ ਦਾ ਇੰਤਜ਼ਾਮ ਕਰਨ ਲਈ ਫ਼ੋਨ ਕੀਤਾ ਸੀ।

ਸਾਰਾ ਦਿਨ ਬੀਤਣ 'ਤੇ ਵੀ ਵਕੀਲ ਦੀ ਕੋਈ ਖ਼ਬਰ ਨਹੀਂ ਸੀ। ਤੇ ਹੁਣ ਰਾਤ ਵੀ ਬੀਤ ਚੁੱਕੀ ਸੀ।

ਉਸਨੇ ਘਰ ਵੀ ਫ਼ੋਨ ਮਿਲਾਇਆ ਸੀ, ਪਰ ਕਿਸੇ ਨੇ ਉਠਾਇਆ ਨਾ।

ਨਰਸ ਦਾ ਮੋਬਾਈਲ ਮਿਲਾਇਆ, ਸਵਿੱਚ ਆੱਫ਼ ਆਇਆ।

ਗਹਿਰੇ ਮਾਨਸਿਕ ਆਘਾਤ ਅਤੇ ਅਸੰਤੁਲਨ ਨਾਲ਼ ਜੂਝਦਾ ਸਰਦੂਲ ਸਿੰਘ, ਛੱਤੀ ਘੰਟਿਆਂ ਵਿੱਚ ਹੀ ਜਿਵੇਂ ਅੱਧਾ ਰਹਿ ਗਿਆ ਸੀ।

ਸਾਢੇ ਗਿਆਰਾਂ ਵੱਜਦੇ ਨੂੰ ਜਾ ਕੇ ਕਿਤੇ ਉਸਦੇ ਵਕੀਲ ਨੇ ਦਰਸ਼ਨ ਦਿੱਤੇ।

ਉਸਦੀ ਜ਼ਮਾਨਤ ਹੋ ਚੁੱਕੀ ਸੀ। ਬੜੀ ਮੁਸ਼ਕਿਲ ਨਾਲ਼ ਆਈ ਨੀਂਦ ਤੋਂ ਸਰਦੂਲ ਸਿੰਘ ਉੱਭੜਵਾਹੇ ਉੱਠਿਆ। ਹਮੇਸ਼ਾ ਦੀ ਤਰ੍ਹਾਂ ਪਸੀਨੇ ਨਾਲ਼ ਗੜੁੱਚ।

ਸੁਪਨਾ ਹੋਰ ਭਿਆਨਕ ਰੰਗ ਲੈ ਚੁੱਕਿਆ ਸੀ।

ਅਗਲੇ ਕਈ ਮਿੰਟ ਉਹ ਆਪਣੇ ਉੱਖੜੇ ਸਾਹਾਂ 'ਤੇ ਕਾਬੂ ਪਾਉਣ ਦੀ ਨਾਕਾਮ ਕੋਸ਼ਿਸ਼ ਕਰਦਾ ਰਿਹਾ।

ਮਾਨਸਿਕ ਤੌਰ 'ਤੇ ਅਸੰਤੁਲਿਤ ਹੋ ਰਹੇ ਸਰਦੂਲ ਸਿੰਘ ਉੱਪਰ ਹਵਾਲਾਤ 'ਚ ਬੀਤੇ ਇੱਕ ਦਿਨ ਅਤੇ ਦੋ ਰਾਤਾਂ ਬੜੀਆਂ ਭਾਰੀ ਗੁਜ਼ਰੀਆਂ ਸਨ।

ਜਦੋਂ ਉਸਦੇ ਅਹੁਦੇ ਨਾਲ ਤਾਅਲੁੱਕ ਰੱਖਦਾ ਸਾਰਾ ਸਾਮਾਨ ਉਸਦੀ ਵਰਦੀ ਤੋਂ ਨੋਚ ਕੇ, ਉਸਦੇ ਹੀ ਮਾਤਹਤ ਰਹੇ ਸਿਪਾਹੀ ਨੇ ਉਸਨੂੰ ਹਵਾਲਾਤ ਵਿੱਚ ਧੱਕਾ ਦਿੱਤਾ ਤਾਂ ਸਰਦੂਲ ਸਿੰਘ ਦੇ ਸਰੀਰ ਚ ਜਿਵੇਂ ਜਾਨ ਹੀ ਬਾਕੀ ਨਾ ਰਹੀ। ਉਸਦੀਆਂ ਪੁੜਪੁੜੀਆਂ ਟੱਸ-ਟੱਸ ਕਰਨ ਲੱਗ ਪਈਆਂ। ਦਿਮਾਗ਼ ਦੀਆਂ ਨਸਾਂ ਜਿਵੇਂ ਫਟਣ ਆ ਗਈਆਂ। ਉਸਨੇ ਆਪਣੇ ਦੋਹਾਂ ਹੱਥਾਂ ਨਾਲ਼ ਆਪਣੇ ਸਿਰ ਨੂੰ ਇਉਂ ਘੁੱਟ ਕੇ ਫੜ ਲਿਆ, ਜਿਵੇਂ ਕਿ ਉਸ ਨੂੰ ਡਰ ਹੋਵੇ, ਕਿ ਜੇ ਪਕੜ ਜ਼ਰਾ ਜਿੰਨੀ ਵੀ ਢਿੱਲੀ ਪਈ ਤਾਂ ਉਸਦਾ ਸਿਰ ਫਟ ਕੇ ਚਿਥੜੇ-ਚਿਥੜੇ ਹੋ ਜਾਏਗਾ।

ਅੱਖਾਂ ਬੰਦ ਹੋਣ ਦੇ ਬਾਵਜੂਦ ਵੀ ਉਸਨੂੰ ਨਾਲ਼ ਖੜ੍ਹੇ ਗੁਰਦੇਵ ਰਾਮ ਸਹਿਤ, ਚੌਂਕੀ 'ਚ ਮੌਜੂਦ ਹਰ ਸ਼ਖ਼ਸ, ਉਸ ਉੱਪਰ ਠਹਾਕੇ ਮਾਰ ਕੇ ਹੱਸਦਾ ਹੋਇਆ ਪ੍ਰਤੀਤ ਹੋ ਰਿਹਾ ਸੀ। ਤੇ ਜਿਨ੍ਹਾਂ ਠਹਾਕਿਆਂ ਦੀ ਆਵਾਜ਼ ਸਭ ਤੋਂ ਉੱਚੀ ਸੀ, ਉਹ ਤੇਜਵੀਰ ਦੇ ਸਨ।

ਛੇਤੀ ਹੀ ਉਸਦਾ ਦਿਮਾਗ਼ ਇਸ ਭਿਅੰਕਰ ਤਨਾਵ ਦੀ ਸਥਿਤੀ ਨਾਲ਼ ਦੋ-ਚਾਰ ਹੋਣ ਤੋਂ ਇਨਕਾਰੀ ਹੋ ਗਿਆ, ਤੇ ਉਹ ਧੜੰਮ ਕਰਕੇ ਹਵਾਲਾਤ ਦੇ ਫ਼ਰਸ਼ 'ਤੇ ਡਿੱਗ ਪਿਆ। ਉਹ ਬੇਹੋਸ਼ ਹੋ ਚੁੱਕਾ ਸੀ।

(ਚਲਦਾ)

ਕਹਾਣੀ

# ਕਰਤਾਰਪੁਰ ਕੌਰੀਡੋਰ



ਡਾ. ਮੁਦੱਸਰ ਰਸ਼ੀਦ
ਐਨ. ਆਰ. ਐਲ. ਸੀ, ਪੰਜਾਬੀ ਯੂਨੀਵਰਸਿਟੀ ਪਟਿਆਲਾ
mferozDA@gmail.com
ਮੋ-9796715300



ਅੱਜ ਤਕਰੀਬਨ 72 ਸਾਲ ਹੋ ਗਏ ਪਰ ਮੈਨੂੰ ਅੱਜ ਵੀ ਉਹ ਬਚਪਨ ਦੇ ਦਿਨ ਯਾਦ ਹਨ, ਜਦੋਂ ਸਕੀਨਾ ਅਤੇ ਮੈਂ ਮੁਹੱਲੇ ਦੇ ਦੂਜੇ ਬੱਚਿਆਂ ਦੇ ਨਾਲ ਘਰ ਦੇ ਨੇੜੇ ਵਾਲੇ ਮੈਦਾਨ ਵਿੱਚ 'ਪਿੱਠੂ ਗਰਮ' ਖੇਡਿਆ ਕਰਦੇ ਸੀ। ਸਕੀਨਾ ਯਾਦ ਆਉਂਦੇ ਹੀ ਜਿਸਮ ਵਿੱਚ ਅਜੀਬ ਜਿਹੀ ਤਰੰਗ ਪੈਦਾ ਹੁੰਦੀ ਹੈ। ਬਚਪਨ ਵਿੱਚ ਉਸਦੇ ਨਾਲ ਖੇਡਣ ਵਿੱਚ, ਸ਼ਰਾਰਤਾਂ ਕਰਨ ਵਿੱਚ ਅਤੇ ਸਾਡੇ ਪਿੰਡ ਕਰਤਾਰਪੁਰ ਦੇ ਨੇੜੇ ਦੇ ਬਾਗਾਂ ਵਿੱਚੋਂ ਚੋਰੀ ਕਰਨ ਵਿੱਚ ਬਹੁਤ ਮਜ਼ਾ ਆਉਂਦਾ ਸੀ। ਇਹਨਾਂ ਸ਼ਰਾਰਤਾਂ ਵਿੱਚ ਸਕੀਨਾ ਦਾ ਕਈ ਵਾਰ ਡਿੱਗਣਾ, ਡਿੱਗਣ ਤੋਂ ਬਾਅਦ ਸੱਟ ਲੱਗਣਾ, ਸੱਟ ਲੱਗਣ 'ਤੇ ਰੋਣਾ, ਰੋ ਕੇ ਮੇਰੇ ਉੱਤੇ ਚਿਲਾਉਣਾ ਅਤੇ ਮੇਰਾ ਉਸਨੂੰ ਮਨਾਉਣਾ ਇਹ ਸਭ ਕੁਝ ਜਿਵੇਂ ਕੱਲ੍ਹ ਦੀਆਂ ਹੀ ਗੱਲਾਂ ਹੋਣ। ਸਾਡੇ ਨਾਲ ਕਾਸਿਮ, ਬਲਵਿੰਦਰ, ਗੌਰੀ, ਜ਼ੇਬਾ, ਰਹਿਮਾਨ ਆਦਿ ਵੀ ਖੇਡਿਆ ਕਰਦੇ ਸੀ ਪਰ ਸਭ ਤੋਂ ਜ਼ਿਆਦਾ ਸਕੀਨਾ ਤੇ ਮੇਰੀ ਬਣਦੀ ਸੀ। ਅਸੀਂ ਸਵੇਰੇ ਸਕੂਲ ਇਕੱਠੇ ਜਾਂਦੇ ਸੀ ਅਤੇ ਚਾਰ ਵਜੇ ਵਾਪਸ ਵੀ ਇਕੱਠੇ ਆਉਂਦੇ ਸੀ। ਸਕੂਲ ਵਿੱਚ ਗੁਲ਼ਫਾਮ ਅਕਸਰ ਮੇਰੇ ਨਾਲ ਲੜਿਆ ਕਰਦਾ ਸੀ ਤੇ ਮੈਨੂੰ ਛੇੜਿਆ ਕਰਦਾ ਸੀ। 'ਓਏ ਕਰਤਾਰਪੁਰ ਦੇ ਕਰਤਾਰੇ, ਮੈਂ ਤੇਰੀ ਤਰਕਾਰੀ ਬਣਾ ਦਿਆਂਗਾ। ਮੈਂ ਉਸ ਤੋਂ ਡਰਦਾ ਸੀ। ਪਰ ਸਕੀਨਾ ਹਮੇਸ਼ਾ ਮੇਰੇ ਬਦਲੇ ਉਸ ਨਾਲ ਲੜਨ ਬੈਠਦੀ ਸੀ। ਚਾਰ ਵਜੇ ਸਕੂਲ ਤੋਂ ਆਉਣ ਮਗਰੋਂ ਅਕਸਰ ਪੰਜ ਵਜੇ ਤੋਂ ਮੁਹੱਲੇ ਦੇ ਸਾਰੇ ਬੱਚੇ ਰੋਜ਼ ਮੈਦਾਨ ਵਿੱਚ ਖੇਡਿਆ ਕਰਦੇ ਸੀ। ਜਿਨ੍ਹਾਂ ਵਿੱਚ ਮੈਂ ਤੇ ਸਕੀਨਾ ਹਮੇਸ਼ਾ ਇੱਕੋ ਟੀਮ ਵਿੱਚ ਹੁੰਦੇ ਸੀ। ਪਰ ਪਿੱਠੂ ਗਰਮ ਇੱਕ ਅਜਿਹੀ ਖੇਡ ਸੀ ਜਿਸਨੂੰ ਖੇਡਦੇ ਸਮੇਂ ਅਸੀਂ ਅਲੱਗ-ਅਲੱਗ ਟੀਮਾਂ ਵਿੱਚ ਹੁੰਦੇ ਸੀ।

ਮੈਂ ਪਿੱਠੂ ਦੀਆਂ ਗੀਟੀਆਂ ਗੇਂਦ ਮਾਰ ਕੇ ਸੁੱਟਦਾ ਸੀ ਤੇ ਉਹ ਗੇਂਦ ਮੇਰੇ ਮਾਰ ਕੇ ਮੈਨੂੰ ਆਊਟ ਕਰਦੀ ਸੀ। ਫੇਰ ਉਹ ਗੇਂਦ ਨਾਲ ਗੀਟੀਆਂ ਸੁੱਟ ਕੇ ਭੱਜਦੀ ਸੀ ਅਤੇ ਮੈਂ ਉਸਨੂੰ ਗੇਂਦ ਮਾਰ ਕੇ ਆਊਟ ਕਰਦਾ ਸੀ। ਬਚਪਨ ਵਿੱਚ ਸਾਡੇ ਮੁਹੱਲੇ ਦੀ ਖੁਸ਼ਹਾਲ ਜ਼ਿੰਦਗੀ ਇੰਝ ਗੁਜ਼ਰ ਰਹੀ ਸੀ ਕਿ ਅਚਾਨਕ ਕੁਝ ਅਜੀਬ ਜਿਹੇ ਹਾਲਾਤ ਸਾਡੇ ਪਿੰਡ ਵਿੱਚ ਸ਼ੁਰੂ ਹੋਣ ਲੱਗ ਪਏ। ਅਸੀਂ ਬੱਚੇ ਸੀ, ਸਿਆਣੇ ਤੇ ਸਿਆਸੀ ਲੋਕਾਂ ਦੀ ਦੁਨੀਆਂ ਤੋਂ ਅਣਜਾਣ। ਬਸ ਇੰਝ ਲੱਗ ਰਿਹਾ ਸੀ ਕਿ ਪਿੰਡ ਵਿੱਚ ਸਾਰੇ ਲੋਕ ਪਰੇਸ਼ਾਨ ਸਨ।

ਇੱਕ ਦਿਨ ਮੈਂ ਘਰ ਪਿਤਾ ਜੀ ਤੋਂ ਸੁਣਿਆਂ ਸੀ ਕਿ ਆਜ਼ਾਦੀ ਆਵੇਗੀ। ਜਦੋਂ ਮਾਂ ਨੇ ਪੁੱਛਿਆ ਕਦੋਂ ਆਵੇਗੀ ਤਾਂ ਪਿਤਾ ਜੀ ਉੱਤਰ ਦਿੱਤਾ ਬਹੁਤ ਜਲਦੀ। ਉਸ ਦਿਨ ਮੈਂ ਖੁਸ਼ ਸੀ ਸਾਡੇ ਘਰ ਆਜ਼ਾਦੀ ਆਵੇਗੀ ਤੇ ਘਰ ਵਿੱਚ ਮਿਠਾਈਆਂ ਤੇ ਵਧੀਆ ਵਧੀਆ ਪਕਵਾਨ ਬਨਣਗੇ। ਫੇਰ ਮੈਂ ਵੀ ਸਾਰੀਆਂ ਮਿਠਾਈਆਂ ਖਾਵਾਂਗਾ ਤੇ ਸਕੀਨਾ ਨੂੰ ਵੀ ਖਵਾਵਾਂਗਾ। ਅਗਲੇ ਦਿਨ ਮੈਂ ਸਕੀਨਾ ਨੂੰ ਵੀ ਕਿਹਾ ਕਿ ਤੈਨੂੰ ਵਧੀਆ-ਵਧੀਆਂ ਚੀਜ਼ਾਂ ਖਵਾਵਾਂਗਾ ਕਿਉਂਕਿ ਸਾਡੇ ਘਰ ਆਜ਼ਾਦੀ ਆਵੇਗੀ। ਉਹ ਉੱਚੀ-ਉੱਚੀ ਹੱਸਣ ਲੱਗੀ ਤੇ ਬੋਲੀ 'ਪਾਗਲ ਉਹ ਤੇਰੇ ਘਰ ਨਹੀਂ ਮੇਰੇ ਘਰ ਆਵੇਗੀ। ਮੇਰੇ ਅੱਬਾ ਜਾਨ ਨੇ ਮੈਨੂੰ ਅੱਜ ਹੀ ਕਿਹਾ ਹੈ। ਇਸੀ ਗੱਲ 'ਤੇ ਮੈਂ ਉਸ ਨਾਲ ਬਹਿਸ ਕਰਨ ਲੱਗ ਪਿਆ ਕਿ ਤੇਰੇ ਅੱਬਾ ਝੂਠ ਬੋਲ ਰਹੇ ਹੋਣਗੇ। ਮੇਰੀ ਇਸ ਗੱਲ ਤੋਂ ਉਹ ਨਰਾਜ਼ ਹੋ ਕੇ ਬੈਠ ਗਈ। ਮੈਂ ਉਸਨੂੰ ਫੇਰ ਉਸ ਦਿਨ ਮਨਾਉਣ ਲੱਗ ਪਿਆ। ਫੇਰ ਅਸੀਂ ਇਹ ਫੈਸਲਾ ਕੀਤਾ ਕਿ ਆਜ਼ਾਦੀ ਜਿਸਦੇ ਘਰ ਵੀ ਆਏਗੀ ਵਧੀਆ-ਵਧੀਆ ਚੀਜ਼ਾਂ ਮਿਲ ਕੇ ਖਾਵਾਂਗੇ।

ਅਸੀਂ ਦੋਵੇਂ ਆਪਣੇ-ਆਪਣੇ ਘਰਾਂ ਵਿੱਚ ਅਜ਼ਾਦੀ ਦੇ ਆਉਣ ਦਾ ਇੰਤਜ਼ਾਰ ਕਰਦੇ ਰਹੇ ਪਰ ਉਹ ਨਾ ਤਾਂ ਉਸਦੇ ਘਰ ਆ ਰਹੀ ਸੀ ਤੇ ਨਾ ਹੀ ਮੇਰੇ। ਪਰ ਹਾਂ! ਕੁਝ ਤਾਂ ਪਿੰਡ ਵਿੱਚ ਜ਼ਰੂਰ ਆ ਰਿਹਾ ਸੀ। ਜਿਸ ਨਾਲ ਪਿੰਡ ਦੇ ਸਾਰੇ ਲੋਕ ਪਰੇਸ਼ਾਨ ਲੱਗ ਰਹੇ ਸੀ ਪਰ ਅਸੀਂ ਫੇਰ ਵੀ ਹਰ ਰੋਜ਼ ਸ਼ਾਮ ਨੂੰ ਮੈਦਾਨ ਵਿੱਚ ਆਪਣੀ ਖੇਡ ਖੇਡਦੇ ਰਹੇ। ਇੱਕ ਦਿਨ ਸਵੇਰੇ ਉੱਠ ਕੇ ਜਦੋਂ ਅਸੀਂ ਸਕੂਲ ਜਾਣ ਦੀ ਤਿਆਰੀ ਕਰਨ ਲੱਗੇ ਤਾਂ ਪਿਤਾ ਜੀ ਨੇ ਮੈਨੂੰ ਸਕੂਲ ਜਾਣ ਤੋਂ ਮਨਾ ਕਰ ਦਿੱਤਾ ਅਤੇ ਕਿਹਾ, ਅੱਜ ਸਕੂਲ ਨਾ ਜਾ, ਬਾਹਰ ਹਾਲਾਤ ਖਰਾਬ ਹਨ। ਉਸ ਦਿਨ ਮੈਂ ਖੁਸ਼ ਵੀ ਹੋਇਆ ਤੇ ਹੈਰਾਨ ਵੀ! ਖੁਸ਼ ਇਸ ਕਰਕੇ ਕਿ ਮੈਨੂੰ ਛੁੱਟੀ ਮਿਲ ਗਈ ਅਤੇ ਹੈਰਾਨ ਇਸ ਕਰਕੇ ਕਿ ਜਦੋਂ ਵੀ ਮੈਂ ਸਕੂਲ ਨਾ ਜਾਣ ਦੀ ਜਿੱਦ ਕਰਦਾ ਸੀ ਤਾਂ ਪਿਤਾ ਜੀ ਝਿੜਕ ਕੇ ਸਕੂਲ ਭੇਜਦੇ ਸੀ। ਅੱਜ ਉਹ ਖੁਦ ਮੈਨੂੰ ਸਕੂਲ ਨਾ ਜਾਣ ਲਈ ਕਹਿ ਰਹੇ ਹਨ! ਖ਼ੈਰ ਜੋ ਵੀ ਸੀ ਮੈਨੂੰ ਤਾਂ ਛੁੱਟੀ ਦੀ ਖੁਸ਼ੀ ਸੀ। ਸ਼ਾਮ ਨੂੰ ਜਦੋਂ ਮੈਂ ਖੇਡਣ ਲਈ ਘਰ ਤੋਂ ਬਾਹਰ ਨਿਕਲਿਆਂ ਤਾਂ ਪਿਤਾ ਜੀ ਨੇ ਫੇਰ ਮੈਨੂੰ ਬਾਹਰ ਜਾਣ ਤੋਂ ਰੋਕਿਆ। ਇਸ ਵਾਰ ਮੈਂ ਖੁਸ਼ ਨਹੀਂ ਬਹੁਤ ਦੁਖੀ ਹੋਇਆ। ਆਖਰ ਅਜਿਹਾ ਕੀ ਹੋਇਆ ਜੋ ਮੈਨੂੰ ਘਰੋਂ ਬਾਹਰ ਨਹੀਂ ਨਿਕਲਣ ਦਿੰਦੇ।

ਪਿਤਾ ਜੀ ਵੀ ਮੇਰਾ ਉਦਾਸ ਚਿਹਰਾ ਦੇਖ ਕੇ ਬਹੁਤ ਦੁਖੀ ਹੋਏ ਅਤੇ ਕਹਿਣ ਲੱਗੇ; ਬਾਹਰ ਹਾਲਾਤ ਬਹੁਤ ਖ਼ਰਾਬ ਹਨ ਸ਼ਾਇਦ ਸਾਨੂੰ ਇੱਥੋਂ ਜਾਣਾ ਪਵੇਗਾ।

ਮੈਂ ਪੁੱਛਿਆ ਕਿੱਥੇ?

ਪਿਤਾ ਜੀ ਕਹਿੰਦੇ, ਇਹ ਤਾਂ ਮੈਨੂੰ ਵੀ ਨਹੀਂ ਪਤਾ! ਬਸ ਜਾਣਾ ਪਵੇਗਾ। ਮੈਨੂੰ ਉਨ੍ਹਾਂ ਦੀ ਕੋਈ ਵੀ ਗੱਲ ਸਮਝ ਨਹੀਂ ਆ ਰਹੀ ਸੀ। ਮੈਂ ਬਸ ਸਕੀਨਾ ਨਾਲ ਬਾਹਰ ਖੇਡਣ ਜਾਣਾ ਚਾਹੁੰਦਾ ਸੀ। ਇਸ ਲਈ ਮੈਂ ਬਹੁਤ ਉਦਾਸ ਹੋਇਆ। ਸਕੀਨਾ ਵੀ ਸ਼ਾਇਦ ਉਦਾਸ ਹੋਵੇਗੀ। ਉਹ ਵੀ ਘਰੋਂ ਸ਼ਾਇਦ ਬਾਹਰ ਨਹੀਂ ਨਿਕਲੀ ਹਵੇਗੀ। ਉਨ੍ਹਾਂ ਦੇ ਘਰਦਿਆਂ ਨੇ ਵੀ ਸ਼ਾਇਦ ਕਿਤੇ ਜਾਣਾ ਹੋਵੇਗਾ।

ਅਗਲੇ ਦਿਨ ਜਿਵੇਂ ਹੀ ਮੈਂ ਨੀਂਦ ਤੋਂ ਉੱਠਿਆ ਤਾਂ ਵੇਖਿਆ ਚਾਰੇ ਪਾਸੇ ਸ਼ੋਰ ਸ਼ਰਾਬਾ ਸੀ। ਅਜਿਹਾ ਲੱਗ ਰਿਹਾ ਸੀ ਕਿ ਸਾਡਾ ਪੂਰਾ ਪਿੰਡ ਪਿੱਠੂ ਗਰਮ ਖੇਡ ਰਿਹਾ ਹੈ। ਮੈਂ ਬਹੁਤ ਖੁਸ਼ ਹੋਇਆ। ਜਲਦੀ ਹੀ ਮਾਂ ਕੋਲ ਦੌੜ ਕੇ ਗਿਆ ਤੇ ਪੁੱਛਿਆ, ਬਾਹਰ ਇਨ੍ਹਾਂ ਸ਼ੋਰ ਕਿਉਂ ਹੈ

ਮਾਂ ਨੇ ਕਿਹਾ, ਆਜ਼ਾਦੀ ਆ ਗਈ, ਇਸ ਲਈ ਜ਼ਸ਼ਨ ਹੋ ਰਹੇ ਹਨ।

ਆਜ਼ਾਦੀ!! ਇਹ ਸੁਣ ਕੇ ਮੈਂ ਬਹੁਤ ਖੁਸ਼ ਹੋਇਆ। ਮੈਂ ਮਾਂ ਤੋਂ ਪੁੱਛਿਆ ਆਪਣੇ ਘਰ ਆ ਰਹੀ ਹੈ ਨਾ ਜਾਂ ਸਕੀਨਾ ਦੇ ਘਰ?

ਮਾਂ ਹੱਸ ਕੇ ਬੋਲੀ

ਸਭ ਦੇ ਘਰ ਆਏਗੀ

ਮੈਂ ਸੋਚਣ ਲੱਗਿਆ ਕਿ ਇਹ ਆਜ਼ਾਦੀ ਕੌਣ ਹੈ, ਜੋ ਸਭ ਦੇ ਘਰ ਜਾਵੇਗੀ ਅਤੇ ਚੰਗੇ ਚੰਗੇ ਪਕਵਾਨ ਖਾਵੇਗੀ? ਖ਼ੈਰ ਚਲੋ! ਜਿਥੇ ਵੀ ਜਾਵੇਗੀ ਮੈਨੂੰ ਤੇ ਸਕੀਨਾ ਨੂੰ ਵੀ ਵਧੀਆ ਚੀਜ਼ਾਂ ਖਾਣ ਨੂੰ ਮਿਲਣਗੀਆਂ।

ਉਸ ਦਿਨ ਵੀ ਅਸੀਂ ਸਕੂਲ ਨਹੀਂ ਗਏ। ਕਿਹਾ ਗਿਆ ਕਿ ਪੂਰੇ ਪਿੰਡ ਵਿੱਚ ਛੁੱਟੀ ਕਰ ਦਿੱਤੀ ਗਈ ਹੈ। ਮੈਂ ਬਹੁਤ ਦੇਰ ਤੱਕ ਦਰਵਾਜ਼ੇ 'ਤੇ ਖੜ੍ਹਾ ਰਿਹਾ। ਸੋਚਿਆ ਅਜ਼ਾਦੀ ਆਵੇਗੀ ਤਾਂ ਮੈਂ ਖੁਦ ਉਸਨੂੰ ਅੰਦਰ ਲੈ ਕੇ ਆਵਾਂਗਾ। ਪਰ ਜਦੋਂ ਮੈਂ ਉਡੀਕ ਕਰਦਾ-ਕਰਦਾ ਥੱਕ ਗਿਆ ਤੇ ਅਜ਼ਾਦੀ ਨਹੀਂ ਆਈ, ਤਾਂ ਮੈਂ ਸੋਚਿਆ ਜ਼ਰੂਰ ਸਕੀਨਾ ਦੇ ਘਰ ਗਈ ਹੋਵੇਗੀ। ਮੈਂ ਭੱਜਦਾ-ਭੱਜਦਾ ਸ਼ਕੀਨਾ ਦੇ ਘਰ ਵੱਲ ਨੂੰ ਗਿਆ ਤੇ ਸੋਚਿਆ ਉੱਥੇ ਆਜ਼ਾਦੀ ਨੂੰ ਵੇਖ ਲਵਾਂਗਾ ਅਤੇ ਹੱਥ ਫੜ ਕੇ ਉਸਨੂੰ ਆਪਣੇ ਨਾਲ ਲੈ ਆਵਾਂਗਾ। ਪਰ ਵੇਖਿਆ ਸਕੀਨਾ ਵੀ ਘਰ ਦੀ ਦਹਿਲੀਜ਼ 'ਤੇ ਖੜ੍ਹੀ ਸੀ! ਅਜ਼ਾਦੀ ਹਾਲੇ ਉਨ੍ਹਾਂ ਦੇ ਘਰ ਵੀ ਨਹੀਂ ਆਈ ਸੀ। ਅਸੀਂ ਦੋਵੇਂ ਉਦਾਸ ਹੋ ਕੇ ਬੈਠ ਗਏ।

ਮੈ ਸਕੀਨਾ ਨੂੰ ਆਖਿਆ, ਸ਼ਾਇਦ ਪਹਿਲਾਂ ਰਹਿਮਾਨ ਦੇ ਘਰ ਗਈ ਹੋਵੇਗੀ। ਉਸਦਾ ਪਿਉ ਬਹੁਤ ਅਮੀਰ ਹੈ।

ਫਿਰ ਸਕੀਨਾ ਕਹਿੰਦੀ ਨਹੀਂ ਗੌਰੀ ਦਾ ਪਿਉ ਸਪੀਕਰ 'ਤੇ ਬੋਲਦਾ ਰਹਿੰਦਾ ਹੈ ਨਾ ਇਸ ਕਰਕੇ ਉਹ ਉਨ੍ਹਾਂ ਦੇ ਘਰ ਗਈ ਹੋਵੇਗੀ। ਫੇਰ ਅਸੀਂ ਸੋਚਿਆ ਜਿੱਥੇ ਵੀ ਗਈ ਹੋਣੀ ਅਸੀਂ ਹੁਣ ਆਪਣਾ ਖੇਡ ਖੇਡਣ ਜਾਵਾਂਗੇ। ਕਈ ਦਿਨਾਂ ਤੱਕ ਅਸੀਂ ਸਵੇਰੇ ਉਡੀਕ ਕਰਦੇ ਰਹੇ ਪਰ ਅਜ਼ਾਦੀ ਨਾ ਸਕੀਨਾ ਤੇ ਘਰ ਆਈ ਨਾ ਸਾਡੇ ਘਰ, ਫੇਰ ਥੱਕ ਕੇ ਸ਼ਾਮ ਨੂੰ ਅਸੀਂ ਆਪਣੀ ਖੇਡ ਖੇਡਣ ਜਾਂਦੇ ਸੀ।

ਇੱਕ ਦਿਨ ਸ਼ਾਮ ਨੂੰ ਰਹਿਮਾਨ, ਸਕੀਨਾ, ਗੋਰੀ, ਕਾਸਿਮ, ਬਲਵਿੰਦਰ ਅਤੇ ਮੈਂ ਪਿੱਠੂ ਗਰਮ ਖੇਡ ਰਹੇ ਸੀ। ਪਹਿਲਾਂ ਸਾਡੀ ਟੀਮ ਦੀ ਵਾਰੀ ਸੀ। ਮੈਂ ਗੀਟੀਆਂ 'ਤੇ ਗੇਂਦ ਮਾਰ ਕੇ ਸਾਰੀਆਂ ਗੀਟੀਆਂ ਸੁੱਟ ਦਿੱਤੀਆਂ, ਸਕੀਨਾ ਗੇਂਦ ਲੈ ਕੇ ਮੇਰੇ ਪਿੱਛੇ ਭੱਜੀ। ਮੈਂ ਪਿੱਠੂ ਦੀ ਗੀਟੀਆਂ ਬਟੋਰਨ ਲਗਿਆ ਕਿ ਸਕੀਨਾ ਦੀ ਗੇਂਦ ਮੇਰੇ ਮੋਡੇ 'ਤੇ ਲੱਗੀ ਤੇ ਮੈਂ ਆਉਂਟ ਹੋ ਗਿਆ। ਉਸ ਤੋਂ ਬਾਅਦ ਸਕੀਨਾ ਦੀ ਵਾਰੀ ਸੀ। ਸਕੀਨਾ ਜਦੋਂ ਗੀਟੀਆਂ ਸੁੱਟ ਕੇ ਪਿੱਠੂ ਬਟੋਰਨ ਲੱਗੀ, ਮੈਂ ਗੇਂਦ ਦੇ ਪਿੱਛੇ ਭੱਜਿਆ। ਗੇਂਦ ਹੱਥ ਵਿੱਚ ਚੱਕ ਕੇ ਸਕੀਨਾ ਦੇ ਪਿੱਛੇ ਭੱਜਿਆ ਤਾਂ ਕਿ ਗੇਂਦ ਮਾਰ ਕਿ ਉਸਨੂੰ ਆਊਟ ਕਰ ਸਕਾਂ। ਇਸੇ ਦੌਰਾਨ ਕਈ ਬੰਦੇ ਝਗੜਦੇ ਹੋਏ ਮੈਦਾਨ ਵਿੱਚ ਪਹੁੰਚ ਗਏ ਉਨ੍ਹਾਂ ਦੇ ਹੱਥਾਂ ਵਿੱਚ ਸੋਟੀਆਂ ਅਤੇ ਤਲਵਾਰਾਂ ਸਨ। ਅਸੀਂ ਸਾਰੇ ਡਰ ਗਏ, ਕਿੱਤੋਂ ਮੇਰੇ ਪਿਤਾ ਜੀ ਆ ਗਏ ਤੇ ਚੁੱਕ ਕੇ ਮੈਨੂੰ ਘਰ ਦੇ ਅੰਦਰ ਪਹੁੰਚਾ ਦਿੱਤਾ। ਪਿੱਠੂ ਗਰਮ ਦੀ ਗੇਂਦ ਮੇਰੇ ਹੱਥ ਵਿੱਚ ਹੀ ਰਹਿ ਗਈ। ਮਾਂ ਰਸੋਈ ਵਿਚੋਂ ਬਾਹਰ ਆਈ ਤੇ ਪਿਤਾ ਜੀ ਉਸਨੂੰ ਕਹਿਣ ਲੱਗੇ। ਸਾਰਾ ਜ਼ਰੂਰੀ ਸਮਾਨ ਬੰਨ੍ਹ ਲਉ, ਸਾਨੂੰ ਇੱਥੋਂ ਜਾਣਾ ਹੋਵੇਗਾ। ਮਾਂ ਬਹੁਤ ਪਰੇਸ਼ਾਨ ਹੋਈ ਤੇ ਰੋਣ ਲੱਗ ਪਈ।

ਪਿਤਾ ਜੀ ਨੇ ਕਿਹਾ, ਪਿੰਡ ਦੇ ਚੌਰਾਹੇ 'ਤੇ ਅੱਠ ਲੋਕਾਂ ਨੂੰ ਮਾਰਿਆ ਗਿਆ। ਇਸ ਕਰਕੇ ਸਾਨੂੰ ਇੱਥੋਂ ਜਲਦੀ ਨਿਕਲਣਾ ਪਵੇਗਾ।

ਮਾਂ ਜ਼ਰੂਰੀ ਸਮਾਨ ਬੰਨਣ ਲੱਗ ਪਈ ਤੇ ਮੈਂ ਗੇਂਦ ਨੂੰ ਹੱਥ ਵਿੱਚ ਲੈ ਕੇ ਇਹ ਸੋਚਣ ਲੱਗਾ ਕਿਤੇ ਉਨ੍ਹਾਂ ਅੱਠ ਲੋਕਾਂ ਵਿੱਚ ਅਜ਼ਾਦੀ ਨੂੰ ਵੀ ਚੌਰਾਹੇ 'ਤੇ ਨਾ ਮਾਰਿਆ ਗਿਆ ਹੋਵੇ, ਇਸ ਲਈ ਹਲੇ ਤੱਕ ਨਾ ਮੇਰੇ ਘਰ ਆਈ ਤੇ ਨਾ ਹੀ ਸਕੀਨਾ ਦੇ ਘਰ। ਪਿਤਾ ਜੀ ਉਦੋ ਤੱਕ ਕਿੱਤੋਂ ਬੈਲ ਗੱਡੀ ਲੈ ਲਾਏ ਤੇ ਉਸੀ ਰਾਤ ਨੂੰ ਮੈਂ, ਮਾਂ ਅਤੇ ਪਿਤਾ ਜੀ ਬੈਠ ਗੱਡੀ 'ਤੇ ਸਵਾਰ ਹੋ ਕੇ ਪਿੰਡ ਕਰਤਾਰਪੁਰ ਤੋਂ ਨਿਕਲ ਗਏ। ਪਿੱਠੂ ਗਰਮ ਦੀ ਗੇਂਦ ਮੇਰੇ ਹੱਥ ਵਿੱਚ ਹੀ ਰਹਿ ਗਈ।

ਮੈਂ ਪਿਤਾ ਜੀ ਤੋਂ ਪੁਛਿਆ, ਪਿਤਾ ਜੀ ਅਸੀਂ ਕਿੱਥੇ ਜਾਣਾ ਹੈ।

ਪਿਤਾ ਜੀ ਬੋਲੇ, ਬੇਟਾ ਜਿੱਥੇ ਕਿਸਮਤ ਲੈ ਜਾਵੇ। ਅੱਧੀ ਰਾਤ ਤੱਕ ਅਸੀਂ ਚਲਦੇ ਰਹੇ, ਫੇਰ ਮੈਨੂੰ ਨੀਂਦ ਆ ਗਈ। ਅਗਲੇ ਦਿਨ ਖੁਦ ਨੂੰ ਕਿਸੇ ਨਵੀਂ ਦੁਨੀਆਂ, ਨਵੇਂ ਲੋਕਾਂ ਵਿਚਕਾਰ ਪਾਇਆ, ਜਿੱਥੇ ਲੋਕ ਘਰਾਂ ਵਿੱਚ ਨਹੀਂ ਖੇਮਿਆ ਵਿੱਚ ਰਿਹਾ ਕਰਦੇ ਸੀ ਨਾ ਉੱਥੇ ਸਕੀਨਾ ਸੀ, ਨਾ ਰਹਿਮਾਨ, ਨਾ ਬਲਵਿੰਦਰ, ਨਾ ਗੋਰੀ।

(ਬਾਕੀ ਸਫ਼ਾ 31 'ਤੇ)

---

ਕਹਾਣੀ

# ਲੰਮੀਆਂ ਵਾਟਾਂ

ਪਰਵੀਨ ਮਲਿਕ

ਅੰਤਿਮ ਕਿਸ਼ਤ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਉਨ੍ਹਾਂ ਦੀ ਧਮਾਈ ਹੋਈ ਧੂੜ ਘਰਾਂ ਵਿਚੋਂ ਨਿਕਲਦੇ ਧੂੰਏਂ ਨਾਲ ਰਲ ਕੇ ਪਿੰਡ ਤੇ ਕੁਹੀੜਆਰ ਖਿਲਾਰਦੀ ਜਾ ਰਹੀ ਸੀ। ਇਸ ਕੁਹੀੜ ਵਿਚੋਂ ਨਿਕਲ ਕੇ ਇਕ ਬੰਦਾ ਉਨ੍ਹਾਂ ਵੱਲ ਆਇਆ ਤੇ ਸਮਾਨ ਚੁੱਕਣ ਲੱਗ ਪਿਆ। ਇਕ ਬਕਸਾ ਅਤੇ ਬਿਸਤਰਾ ਚੁੱਕ ਕੇ ਉਹ ਕਹਿਣ ਲੱਗਾ, 'ਤੁਸੀਂ ਚਲੋ ਜੀ ਹੋਰ ਸਮਾਨ ਮੈਂ ਦੂਜੇ ਫੇਰੇ ਪਹੁੰਚਾ ਦਿਆਂਗਾ।'

ਪਰ ਮਾਈ ਨੂਰਾਂ ਵਿਸਾਹ ਖਾਣ ਨੂੰ ਤਿਆਰ ਨਹੀਂ ਸੀ। ਝਟਪਟ ਬੋਲੀ, 'ਨਹੀਂ ਜਿਵੇ, ਇਕ ਬਕਸਾ ਮੈਂ ਚੱਕ ਲੈਨੀ ਆਂ ਤੂੰ ਕਿਸੇ ਤਰ੍ਹਾਂ ਐਹ ਦੂਜਾ ਬਿਸਤਰਾ ਵੀ ਸਿਰ ਤੇ ਧਰ ਲੈ।' 'ਯਾ ਮੌਲਾ, ਤੇਰਾ ਈ ਆਸਰਾ' ਉਹਨੇ ਜ਼ੋਰ ਲਾ ਕੇ ਬਿਸਤਰਾ ਚੁੱਕ ਲਿਆ ਤੇ ਪਿੰਡ ਵੱਲ ਟੁਰ ਪਿਆ।

ਉਚੇ ਨੀਵੇਂ ਤਿਲਕਣਿਆਂ ਰੋੜਾਂ ਨਾਲ ਭਰੀ ਹੋਈ ਗਲੀ ਵਿੱਚ ਕਈ ਵਾਰੀ ਸ਼ਮਸ਼ਾਦ ਦਾ ਪੈਰ ਪੁੱਠਾ ਹੁੰਦਾ ਬਚਿਆ। ਤਿੰਨ ਚਾਰ ਘਰਾਂ ਅੱਗੋਂ ਲੰਘ ਕੇ ਨਿੱਕਾ ਜਿਹਾ ਮੋੜ ਮੁੜਦਿਆਂ ਹੀ ਗਲੀ ਬੰਦ ਹੋ ਗਈ। ਸਾਹਮਣੇ ਇਕ ਬੰਦ ਬੂਹਾ ਨਜ਼ਰ ਆ ਰਿਹਾ ਸੀ। ਉਸ ਬੰਦੇ ਨੇ ਬੂਹਾ ਖੋਲ੍ਹਿਆ ਤੇ ਸਮਾਨ ਲੈ ਜਾ ਕੇ ਵਿਹੜੇ ਵਿਚ ਰੱਖ ਦਿੱਤਾ। ਇਕ ਪਾਸੇ ਨਵੀਆਂ ਜਿਹੀਆਂ ਛੱਤਾਂ ਵਾਲੇ ਦੋ ਕਮਰੇ ਬਣੇ ਹੋਏ ਸਨ ਤੇ ਦੂਜੀ ਗੁੱਠ ਵਿਚ ਇਕ ਦਰੱਖਤ ਨਿੰਮੋਝੂਣ ਜਿਹਾ ਖੜ੍ਹਾ ਸੀ।

'ਕੋਈ ਬੱਤੀ ਦੀਵਾ?' ਮਾਈ ਨੂਰਾਂ ਵਧਦੇ ਹਨੇਰੇ ਤੋਂ ਡਰਦੀ ਬੋਲੀ। 'ਬੱਤੀ ਤੇ ਮੰਜੀਆਂ ਅੰਦਰ ਪਈਆਂ ਹੋਈਆਂ ਨੇ। ਰੋਟੀ ਮੈਂ ਤੁਹਾਡੇ ਲਈ ਹੁਣੇ ਲੈ ਕੇ ਆਇਆ। ਐਹ ਲਵੋ ਕੋਠੀਆਂ ਦੀਆਂ ਕੁੰਜੀਆਂ।' ਉਹ ਦੋ ਕੁੰਜੀਆਂ ਸ਼ਮਸ਼ਾਦ ਦੇ ਹੱਥ ਤੇ ਧਰ ਕੇ ਬਾਹਰ ਨਿਕਲ ਗਿਆ।ਅੱਧੀ ਰਾਤ ਵੇਲੇ ਖੌਰੇ ਕਿਹੜੀ ਵਾਜ ਤੋਂ ਸ਼ਮਸ਼ਾਦ ਦੀ ਅੱਖ ਖੁਲ੍ਹ ਗਈ। ਬਾਹਰ ਕੋਈ ਰੌਲ਼ਾ ਜਿਹਾ ਮਚਿਆ ਹੋਇਆ ਸੀ। ਸ਼ਮਸ਼ਾਦ ਨੇ ਕੰਨ ਲਾ ਕੇ ਸੁਣਿਆ ਤੇ ਫੇਰ ਉਹਨੂੰ ਹਾਸਾ ਆ ਗਿਆ ਕਿਉਂ ਜੇ ਬਾਹਰ ਗਿੱਦੜ ਤੇ ਕੁੱਤੇ ਰੌਲਾ ਪਾਉਣ ਦਾ ਮੁਕਾਬਲਾ ਕਰਦੇ ਜਾ ਰਹੇ ਸਨ ਤੇ ਅੰਦਰ ਮਾਈ ਨੂਰਾਂ ਦੇ ਘੁਰਾੜੇ ਛੱਤ ਤੀਕਰ ਅੱਪੜੇ ਹੋਏ ਸਨ।

'ਚਲ ਪਈ- ਸੌਂ ਜਾ ਸ਼ਮਸ਼ਾਦ ਬੀਬੀ, ਵੇਖੋ ਸਵੇਰ ਕੇਹ ਕਹਿੰਦੀ ਏ।' ਉਸ ਨੇ ਆਪਣੇ ਆਪ ਨੂੰ ਕਿਹਾ ਤੇ ਸੌਣ ਦੀ ਕੋਸ਼ਿਸ਼ ਕਰਨ ਲੱਗ ਪਈ। ਸਵੇਰੇ ਸਵੇਰੇ ਕਿਸੇ ਨੇ ਆਣ ਬੂਹਾ ਖੜਕਾਇਆ।

'ਕੌਣ ਐਂ' ਮਾਈ ਨੂਰਾਂ ਬੂਹੇ ਵੱਲ ਗਈ।

'ਮੈਂ ਆਂ ਟਾਂਗੇ ਵਾਲਾ, ਤੁਸੀਂ ਵਾਪਸ ਜਾਣਾ ਏ'

ਤੈਨੂੰ ਕਿਹਨੇ ਕਿਹਾ ਸੀ ਅਸੀਂ ਵਾਪਸ ਜਾਣਾ ਐ' ਸਮਸ਼ਾਦ ਹੁਣ ਬੂਹੇ ਕੋਲ ਆਣ ਖਲੋਤੀ ਸੀ।

'ਜੀ ਲੰਬੜਦਾਰ ਹੋਰਾਂ ਨੇ ਕਿਹਾ ਸੀ।'

'ਹੱਛਾ, ਜਾ ਕੇ ਉਨ੍ਹਾਂ ਨੂੰ ਦੱਸ ਕੇ ਪਈ ਅਸੀਂ ਵਾਪਸ ਨਹੀਂ ਜਾ ਰਹੇ। ਸ਼ਮਸ਼ਾਦ ਦੀ ਅਵਾਜ਼ ਵਿੱਚ ਪੂਰਾ ਹੌਂਸਲਾ ਤੇ ਹਿੰਮਤ ਸੀ। ਉਸ ਸਿਪਾਹੀ ਦੀ ਹਿੰਮਤ ਜਿਹੜਾ ਕਿਲ੍ਹਾ ਫਤਿਹ ਕੀਤੇ ਬਿਨਾਂ ਮੁੜਨਾ ਨਾ ਚਾਹੁੰਦਾ ਹੋਵੇ। ਚਾਹ ਪਾਣੀ ਤੋਂ ਵਿਹਲਿਆਂ ਹੋ ਕੇ ਉਹਨੇ ਮਾਈ ਨੂਰਾਂ ਨੂੰ ਘਲਿਆ 'ਜਾਹ ਤੇ ਸਾਰੀਆਂ ਕੁੜੀਆਂ ਨੂੰ ਬੁਲਾ ਕੇ ਲਿਆ।'

'ਹੱਛਾ ਜੀ' ਮਾਈ ਨੂਰਾਂ ਚਲੀ ਗਈ ਤਾਂ ਸ਼ਮਸ਼ਾਦ ਵਿਹੜੇ ਵਿੱਚ ਆ ਬੈਠੀ। ਇਕ ਕਾਂ ਕੰਧਾਂ ਤੇ ਬੈਠਾ ਇੱਧਰ ਉਧਰ ਤਾੜ ਰਿਹਾ ਸੀ। ਸ਼ਮਸ਼ਾਦ ਨੂੰ ਹਾਸਾ ਆ ਗਿਆ। 'ਕਾਵਾਂ ਤੂੰ ਬਹੁਤ ਗਲਤ ਜਗ੍ਹਾ ਚੁਣੀ ਏ, ਇੱਥੇ ਤੈਨੂੰ ਕੁਝ ਨਹੀਂ ਲੱਭਣਾ।' ਉਹਨੇ ਹੱਥ ਉੱਚਾ ਕਰ ਕੇ ਧੂ ਧੂ ਕੀਤੀ ਤਾਂ ਕਾਂ ਉਡ ਗਿਆ। ਸ਼ਮਸ਼ਾਦ ਵਿਹੜੇ ਵਿੱਚ ਫਿਰਨ ਲੱਗ ਪਈ, ਫੇਰ ਦੂਜੇ ਕਮਰੇ ਦਾ ਬੂਹਾ ਖੋਲਿਆ ਉਥੇ ਦੋ ਟਾਟ ਤੇ ਇਕ ਬਲੈਕ ਬੋਰਡ ਕੰਧ ਨਾਲ ਲੱਗਿਆ ਹੋਇਆ ਸੀ। ਬਸ ਹੋਰ ਅੱਲਾ ਦਾ ਨਾਂ ਤੇ ਨਬੀ ਦਾ ਕਲਮਾਂ 'ਨਾ ਕੋਈ ਕੁਰਸੀ ਤੇ ਨਾ ਮੇਜ਼' ਚਲੋ ਜੀ ਮੰਜੀ 'ਤੇ ਬਹਿ ਕੇ ਪੜ੍ਹਾਵਾਂਗੀ ਪਰ ਕੋਈ ਆਵੇ ਤਾਂ ਸਹੀ। ਦਿਹੁੰ ਉੱਚਾ ਹੋ ਗਿਆ ਸੀ ਤੇ ਧੁੱਪ ਵਿਹੜੇ ਵਿੱਚ ਖਿਲਰਦੀ ਜਾ ਰਹੀ ਸੀ ਪਰ ਹਾਲੀ ਮਾਈ ਨੂਰਾਂ ਨਹੀਂ ਸੀ ਮੁੜੀ। ਕਿੰਨੇ ਈ ਚਿਰ ਤੋਂ ਬਾਅਦ ਉਹ ਥੱਕੀ ਥੱਕੀ ਵਿਹੜੀ ਵੜੀ ਤੇ ਆ ਕੇ ਮੰਜੀ ਦਾ ਪਾਵਾ ਫੜ ਕੇ ਬਹਿ ਗਈ।

'ਸੁਣਾ ਬਈ!' ਸ਼ਮਸ਼ਾਦ ਨੇ ਸਵਾਲ ਕੀਤਾ।

'ਕੇਹ ਸੁਣਾਵਾਂ ਮਿਸ ਸਾਹਿਬਾ, ਇਨ੍ਹਾਂ ਤਿਲਾਂ ਵਿੱਚ ਤੇਲ ਨਹੀਂ ਜੋ ਮੈਂ ਤੁਹਾਨੂੰ ਦਸਨੀ ਆਂ ਪਈ।'

'ਨਹੀਂ ਮਾਈ-ਐਨੀ ਛੇਤੀ ਹੌਂਸਲਾ ਨਹੀਂ ਹਾਰੀਦਾ ਹੁਣ ਮੈਂ ਆਪ ਜਾਵਾਂਗੀ। ਜਵਾਬ ਵਿੱਚ ਮਾਈ ਨੂਰਾਂ ਨੇ ਐਹੋ ਜਿਹੀਆਂ ਨਜ਼ਰਾਂ ਨਾਲ ਵੇਖਿਆ ਜਿਵੇਂ ਕਹਿੰਦੀ ਹੋਵੇ ਆਪ ਜਾ ਕੇ ਕੇਹ ਕਰ ਲਵੋਗੇ ਪਰ ਉਹ ਬੋਲੀ ਨਹੀਂ ਉਠ ਕੇ ਕੰਧ ਨਾਲ ਬਣੇ ਵਟਿਆਂ ਦੇ ਚੁੱਲੇ ਵਿੱਚ ਅੱਗ ਬਾਲਣ ਲੱਗ ਪਈ।

ਕੰਧਾਂ ਤੋਂ ਕਾਂ ਉਡਾਦਿਆਂ ਸ਼ਮਸ਼ਾਦ ਨੂੰ ਸੱਤ ਦਿਹਾੜੇ ਹੋ ਗਏ ਸਨ ਪਰ ਹਾਲੀ ਤੀਕ ਕਿਤੇ ਵੀ ਪੱਥਰਾਂ ਵਿਚੋਂ ਕੋਈ ਪਮੰਡਲੀ ਫੁਟਦੀ ਨਜ਼ਰ ਨਹੀਂ ਸੀ ਆ ਰਹੀ। ਕਈਆਂ ਘਰਾਂ ਵਿਚੋਂ ਤਾਂ ਉਸ ਨੂੰ ਸਾਫ ਜਵਾਬ ਮਿਲ ਗਿਆ।

'ਬੀਬੀ! ਅਸੀਂ ਕੇਹ ਕਰਨਾ ਏ ਕੁੜੀਆਂ ਨੂੰ ਪੜ੍ਹਾ ਕੇ ਪਾਥੀਆਂ ਥੱਪਣ ਤੇ ਦਾਤਰੀ ਫੜਨ ਲਈ ਅਸੀਂ ਤਾਂ ਨਹੀਂ ਸਮਝਦੇ ਕਿਤਾਬਾਂ ਪੜ੍ਹਨ ਦੀ ਲੋੜ ਪੈਂਦੀ ਹੈ।' ਫੇਰ ਸ਼ਮਸ਼ਾਦ ਪਈ ਤਕਰੀਰਾਂ ਕਰੇ ਪਰ ਉਹ ਆਪਣਾ ਸਬਕ ਨਾ ਭੁੱਲੇ।

'ਮਿਸ ਸਾਹਿਬਾ ਜੀ, ਕਿਉਂ ਵੱਟਿਆਂ ਨਾਲ ਪਏ ਟੱਕਰਾਂ ਮਾਰਦੇ ਓ ਇਥੇ ਦੀ ਤਾਂ ਜ਼ਮੀਨ ਵੀ ਇੰਨੀ ਪੀਢ ਪੱਥਰ ਏ ਜੇ ਬੂਟੇ ਨੂੰ ਵੀ ਔਖਾ ਹੀ ਰਾਹ ਦਿੰਦੀ ਏ।' ਅਠਵੇਂ ਦਿਨ ਮਾਈ ਨੂਰਾਂ ਨੇ ਕਿਹਾ ਤਾਂ ਗੱਲ ਸ਼ਮਸ਼ਾਦ ਦੇ ਦਿਲ ਨੂੰ ਲੱਗੀ। ਉਹਨੇ ਮਾਈ ਨੂੰ ਬਿਸਤਰੇ ਬੰਨਣ ਦਾ ਕਿਹਾ ਤੇ ਆਪੂ ਬੂਹੇ ਕੋਲ ਜਾ ਖਲੋਤੀ। ਇਕ ਦਮ ਉਹਦੀ ਨਜ਼ਰ ਮੁਹਾਠ ਵੱਲ ਪਈ। ਕੰਧ ਦੇ ਐਰੇ ਵਿਚੋਂ ਇਕ ਨਿੱਕਾ ਜਿਹਾ ਬੂਟਾ ਖੌਰੇ ਕਿਧਰੋਂ ਫੁੱਟ ਆਇਆ ਸੀ ਤੇ ਉਹਦੇ ਉਤੇ ਇਕ ਪੋਟੇ ਜਿੱਡਾ ਫੁੱਲ ਪਿਆ ਹੱਸਦਾ ਸੀ ਜਿਵੇਂ ਕੋਈ ਬਾਲ ਇਆਣਾ ਮੇਲੇ ਵਿੱਚ ਫਿਰਦਾ ਏ। ਸ਼ਮਸ਼ਾਦ ਨੇ ਇਕਦਮ ਖੁਸ਼ੀ ਨਾਲ ਚੀਕ ਮਾਰੀ 'ਮਾਈ-ਮਾਈ ਨੂਰਾਂ ਐਧਰ ਆਈਂ ਜ਼ਰਾ' ਮਾਈ ਨਸਦੀ ਨੱਸਦੀ ਆਈ, 'ਜੀ ਮਿਸ ਸਾਹਿਬਾ, ਜੀ ਕੀ ਹੋਇਆ' 'ਐਹ ਵੇਖੀਂ ਨਾ ਕੇਹ ਐ'। ਸ਼ਮਸ਼ਾਦ ਨੇ ਹੱਥ ਨਾਲ ਮੁਹਾਠ ਵੱਲ ਇਸ਼ਾਰਾ ਕੀਤਾ 'ਫੁੱਲ ਐ ਜੀ, ਸ਼ੁਕਰ ਐ ਇੱਥੇ ਵੀ ਕੋਈ ਤਾਂ ਨਜ਼ਰੀਂ ਆਇਆ।'

'ਬਸ ਫੇਰ ਜਾ ਕੇ ਸਮਾਨ ਖੋਹਲ ਦੇ' ਸ਼ਮਸ਼ਾਦ ਨੇ ਹੁਕਮ ਦਿੱਤਾ।

# ਮੇਰੀ ਕਲਮ

## ਕਾਫ਼ੀ

### ਸ਼ਾਹ ਹੁਸੈਨ

ਆਉ ਕੁੜੇ ਰਲਿ ਝੂੰਮਰ ਪਾਉ ਨੀਂ
ਆਉ ਕੁੜੇ ਰਲਿ ਝੂੰਮਰ ਪਾਉ ਨੀਂ,
ਆਉ ਕੁੜੇ ਰਲਿ ਰਾਮੁ ਧਿਆਉ ਨੀਂ ।
ਮਾਣ ਲੈ ਗਲੀਆਂ ਬਾਬਲੁ ਵਾਲੀਆਂ,
ਵਤਿ ਨ ਖੇਡਨਿ ਦੇਸੀਆ ਮਾਉ ਨੀਂ ।ਰਹਾਉ।

ਸਾਡਾ ਜੀਉ ਮਿਲਣੁ ਨੂੰ ਕਰਦਾ,
ਸੁੰਞਾ ਲੋਕ ਬਖ਼ੀਲੀ ਕਰਦਾ ।
ਸਾਨੂੰ ਮਿਲਣ ਦਾ ਪਹਿਲੜਾ ਚਾਉ ਨੀਂ ।1।

ਸਈਆਂ ਵਸਨਿ ਰੰਗਿ ਮਹਲੀਂ,
ਚਾਉ ਜਿਨਾਂ ਦੇ ਖੇਡਨਿ ਚੱਲੀ ।
ਹਥਿ ਅਟੇਰਨ ਰਹਿ ਗਈ ਛੱਲੀ,
ਦਰਿ ਮੁਕਲਾਊ ਬੈਠੇ ਆਉ ਨੀਂ ।2।

ਉਬਚੇ ਪਿੱਪਲ ਪੀਂਘਾਂ ਪਈਆਂ,
ਸਭ ਸਈਆਂ ਮਿਲ ਝੂਟਨਿ ਗਈਆਂ ।
ਆਪੋ ਆਪਣੀ ਗਈ ਲੰਘਾਉ ਨੀਂ ।3।

ਕਹੈ ਹੁਸੈਨ ਫ਼ਕੀਰ ਨਿਮਾਣਾ,
ਦੁਨੀਆਂ ਛੋਡਿ ਆਖ਼ਰ ਮਰਿ ਜਾਣਾ ।
ਕਦੀ ਤਾਂ ਅੰਦਰਿ ਝਾਤੀ ਪਾਉ ਨੀਂ ।4।

## ਕਾਫ਼ੀ

### (ਸ਼ਾਹ ਹੁਸੈਨ)

ਆਖਰ ਦਾ ਦਮ ਬੁਝਿ, ਵੇ ਅੜਿਆ,
ਆਖਰ ਦਾ ਦਮ ਬੁਝਿ, ਵੇ ਅੜਿਆ। ਰਹਾਉ।
ਸਾਰੀ ਉਮਰ ਵੰਞਾਇਆ ਏਵੇਂ,
ਬਾਕੀ ਰਹੀਆ ਨਾ ਕੁਝ ਵੇ ਅੜਿਆ।
ਦਰਿ ਤੇ ਆਇ ਲੱਥੇ ਵਾਪਾਰੀ,
ਜੈਥੋਂ ਲੀਤੀਆ ਵਸਤ ਉਧਾਰੀ,
ਜਾਂ ਤਰਿ ਥੀਂਦਾ ਹੀ ਗੁਝਿ ਵੇ ਅੜਿਆ।
ਕਹੈ ਹੁਸੈਨ ਫ਼ਕੀਰ ਸਾਈਂ ਦਾ,
ਲੁਝ ਕੁਲੁਝਿ ਨ ਲੁਝਿ ਵੇ ਅੜਿਆ।

## ਨਿਰੰਕਾਰ

### ਹਨੀ ਬਡਾਲੀ

ਕਾਮ ਕਰੋਧ ਲੋਭ ਮੋਹ ਹੰਕਾਰ ਬੰਦਿਆਂ
ਤੈਨੂੰ ਖਾ ਰਹੇ ਸਭ ਵਾਰੋ ਵਾਰ ਐ,
ਆਪਣੀ ਅੰਤਰ ਆਤਮਾ ਨੂੰ ਪਹਿਚਾਣ
ਦੇਖੀਂ ਕਿੰਨਾ ਸੋਹਣਾ ਸੰਸਾਰ ਐ।
ਆਪਣੇ ਅੰਦਰੋਂ ਨਫ਼ਰਤ ਤੇ ਖਾਰ ਕੱਢਕੇ
ਹਰ ਇੱਕ ਨਾਲ ਤੂੰ ਪਿਆਰ ਕਰ,
ਕਿਉਂਕਿ ਇਨ੍ਹਾਂ ਪੇੜ ਪੌਦੇ ਪਸ਼ੂ ਪੰਛੀਆਂ
ਤੇ ਹਰ ਸ਼ੈਅ ਵਿੱਚ ਵੱਸੇ ਨਿਰੰਕਾਰ ਐ।
ਲੋਕੀ, ਕੱਟੜਪੰਥੀ ਦੇ ਜਾਲ 'ਚ ਫੱਸ ਕੇ
ਇਨਸਾਨੀ ਧਰਮ ਨੇ ਭੁੱਲ ਬੈਠੇ,
ਚਰਾਸੀ ਲੱਖ ਜੂਨ ਭੁਗਤਣ ਮਗਰੋਂ ਵੀ
ਤੂੰ ਕਿਉਂ ਬਣ ਬੈਠਾ ਲਾਚਾਰ ਐ।
ਆਪਣੇ ਧਰਮ ਵਿੱਚ ਨੇ ਆਪ ਅਧੂਰੇ
ਦੂਜਿਆਂ ਤੋਂ ਖਾਂਦੇ ਨੇ ਖਾਰ ਕਿਉਂ ?
ਜਦੋਂ ਆਪਣੇ ਧਰਮ ਵਿੱਚ ਪੂਰਨ ਹੋਏ
ਤਾਂ ਪਤਾ ਲੱਗੂ ਕਿ ਕੌਣ ਅੰਕਾਰ ਐ।
ਊਚ ਨੀਚ ਦਾ 'ਹਨੀ' ਫ਼ਰਕ ਵੱਧ ਰਿਹਾ
ਗਰੰਥਾਂ ਤੋਂ ਲੈਂਦਾ ਕੋਈ ਸੇਧ ਨਹੀਂ,
ਕਿ ਇੱਕ ਹੀ ਰਾਮ, ਈਸ਼ਵਰ, ਵਾਹਿਗੁਰੂ
ਤੇ ਇੱਕ ਹੀ ਪਰਵਰਦਿਗਾਰ ਐ।

## ਗ਼ਜ਼ਲ

### ਸ਼ੁਐਬ ਮਲਿਕ



ਸੁੱਖਾਂ ਸੁੱਖਦੀਆਂ ਤੇ ਮੰਗਣ ਦੁਆਵਾਂ
ਸ਼ੇਰਾਂ ਵਰਗੇ ਪੁੱਤ ਜੰਮਣ ਪੰਜਾਬੀ ਮਾਵਾਂ
ਪਾਣੀ ਵਾਰਦੀਆਂ ਸਿਹਰੇ ਬੰਨ ਕੇ ਤੋਰਨ
ਪੁੱਤਰ ਮੈਦਾਨਾਂ ਵੱਲ ਘੱਲਤ ਪੰਜਾਬੀ ਮਾਵਾਂ
ਪੰਜਾਬ ਲੀ ਪੁੱਤਰ ਵਾਰ ਕੇ ਵੀ ਨਾਂ ਘਬਰਾਉਣ
ਜਿਗਰੇ ਵੱਲੋਂ ਕਦੇ ਵੀ ਨਾ ਡੋਲਣ ਪੰਜਾਬੀ ਮਾਵਾਂ
ਜਾਮ ਸ਼ਹਾਦਤ ਦੇ ਪੀ ਕੇ ਜਦੋਂ ਘਰ ਆਵੇ ਪੁੱਤਰ
ਪੁੱਤਰ ਨੂੰ ਵੇਖ ਕੇ ਵੀ ਨਾ ਰੋਵਣ ਪੰਜਾਬੀ ਮਾਵਾਂ
ਗਾਥਾ ਵੀਰ ਪੁੱਤਰਾਂ ਦੀ ਸਦਾ ਗਾਉਂਦੀਆਂ ਨੇ
ਯੋਧਿਆਂ ਨੂੰ ਕਦੇ ਰੋਲਣ ਨਾ ਇਹ ਪੰਜਾਬੀ ਮਾਵਾਂ

## ਵਿਕਾਊ

ਜਸਵੀਰ ਮਾਨ,
ਮੋ. 8437775940

ਜਦੋਂ ਮਾਨ ਸਨਮਾਨ ਲਈ ਵਿਕਦੀਆਂ ਕਲਮਾਂ,
ਫਿਰ ਸੱਚ ਕਦੋਂ ਨੇ ਲਿਖਦੀਆਂ ਕਲਮਾਂ,
ਜੋ ਸਰਕਾਰ ਤੋਂ ਸਿਆਹੀ ਲੈਣ ਉਧਾਰੀ,
ਓਹੀ ਇਨਾਮ ਨੇ ਜਿੱਤਦੀਆਂ ਕਲਮਾਂ,
ਨਵਿਆਂ ਤੇ ਮਾੜਾ ਪ੍ਰਭਾਵ ਪਾਉਦੀਆਂ,
ਉਨ੍ਹਾਂ ਤੋਂ ਹੀ ਸਿੱਖਦੀਆਂ ਕਲਮਾਂ
ਸਦਾ ਓਹੀ ਸਰਕਾਰਾਂ ਦਾ ਪਾਣੀ ਭਰਦੀਆਂ,
ਜੋ ਇਨਾਮ ਦਾ ਟੀਚਾ ਮਿੱਥਦੀਆਂ ਕਲਮਾਂ,
ਕਿਉਂ ਕਾਗਜਾਂ ਦੇ ਮੂੰਹ ਨੇ ਕਾਲੇ ਕੀਤੇ,
ਸਿਸਟਮ ਮੂਹਰੇ ਤਾਂ ਲਿਟਦੀਆਂ ਕਲਮਾਂ,
ਨਾਲ ਹਕੂਮਤਾਂ ਕੋਈ ਕੋਈ ਮੱਥਾ ਲਾਉਂਦਾ,
ਮੈਂ ਪੜ੍ਹ ਲਈਆਂ ਹਰ ਇੱਕ ਦੀਆਂ ਕਲਮਾਂ,
ਜਿਸ ਦੇ ਅੰਦਰ ਸੱਚ ਦੀ ਧੂਣੀ ਧੁਖਦੀ,
ਮਾਨਾ ਉਹ ਕਿਥੋਂ ਨੇ ਟਿਕਦੀਆਂ ਕਲਮਾਂ।

## ਸਮਰਪਣ

### ਖੁਸ਼ਦੀਪ ਬਰਾੜ



ਸੱਚ ਦੱਸੀਂ ,
ਤੈਨੂੰ ਕਦੇ,
ਅਹਿਸਾਸ ਨਹੀਂ ਹੋਇਆ,
ਮੇਰੇ ਅਦਬ ਅਤੇ ਇਬਾਦਤ ਦਾ ,
ਪਰ, ਤੂੰ ਤਾਂ ਡਾਹਢਾ ਏਂ,
ਤੇ ਡਾਹਢੇ ਅੱਗੇ ਕੀਹਦਾ ਜੋਰ,
ਜਾਂ ਤੂੰ ਪੱਕਾ ਪਰਖਦਾ ਹੋਣੈ,
ਮੇਰੇ ਸਿਦਕ ਨੂੰ,
ਮੇਰੀ ਵਫ਼ਾ ਨੂੰ,
ਹਾਂ, ਤੂੰ ਡਾਹਢਾ ਵੀ ਏਂ,
ਤੇ ਪਰਖ ਵੀ ਸਕਦੈਂ,
ਚੱਲ ਦੱਸ,
ਕੀ ਕਸਵੱਟੀ ਹੈ,
ਤੇਰੀ ਪਰਖ ਦੀ,
ਜਾਨ, ਜਹਾਨ,
ਸ਼ਾਨ, ਈਮਾਨ,
ਸਭ ਪੇਸ਼ ਏ
ਤੇਰੀ ਖ਼ਿਦਮਤ 'ਚ,
ਸਵੀਕਾਰ ਜਾਂ ਅਸਵੀਕਾਰ ,
ਕਿਉਂਕਿ ਭਾਈ,
ਤੂੰ ਤਾਂ ਡਾਹਢਾ ਏ ।

## ਇਨਸਾਫ਼

### ਗੁਰਮੀਤ ਸਿੰਘ ਪਲਾਹੀ



ਉਹ ਇਨਸਾਫ਼ ਮੰਗਣ ਤੁਰਿਆ,
ਉਨ੍ਹਾਂ ਤੋਂ, ਜਿਨ੍ਹਾਂ ਉਸਨੂੰ ਬਿਨ੍ਹਾਂ ਦੋਸ਼ਾਂ ਤੋਂ,
ਕਟਿਹਰੇ 'ਚ ਕੀਤਾ ਸੀ ਖੜਾ।
ਉਹ ਫ਼ਸਲ ਵਾਹੁੰਦਾ ਰਿਹਾ,
ਫ਼ਸਲ ਉਗਾਉਂਦਾ ਰਿਹਾ,
ਕੋਈ ਉਹਦੀ ਫ਼ਸਲ ਨਾਲ,
ਆਪਣੇ ਭੜੋਲੇ ਭਰਦਾ ਰਿਹਾ।
ਉਹ ਚੀਕਦਾ ਰਿਹਾ,
ਚੁੱਪ ਹੁੰਦਾ ਰਿਹਾ,
ਇੱਕ ਦਿਨ ਫਿਰ,
ਉਹ ਇਨਸਾਫ਼ ਮੰਗਣ ਤੁਰਿਆ,
ਉਹਨਾ ਤੋਂ ਜਿਹਨਾ ਉਸਨੂੰ,
ਬਿਨ੍ਹਾਂ ਦੋਸ਼ਾਂ ਤੋਂ
ਕਟਿਹਰੇ 'ਚ ਕੀਤਾ ਸੀ ਖੜਾ।
ਕਾਨੂੰਨ ਕੀ ਹੁੰਦਾ ਉਹ ਨਾ ਜਾਣਦਾ,
ਆਜ਼ਾਦੀ ਦੇ ਅਰਥ ਉਹ ਨਾ ਪਹਿਚਾਣਦਾ,
ਅਤੀਤ ਦੇ ਪ੍ਰਛਾਵਿਆਂ ਸੰਗ ਕਰਕੇ ਜੰਗ,
'ਜੋ ਆਪਣੀ ਅੱਗ ਜਲਾਉਂਦੇ ਨੇ,
ਧੌਣਾਂ ਦੇ ਫੰਧ ਗਲਾਉਂਦੇ ਨੇ'
ਜ਼ਿੱਲਤ, ਪਛੜੇਂਵੇ, ਖੁਦਕੁਸ਼ੀ ਦਾ,
ਹਿਸਾਬ ਮੰਗਣ ਲਈ,
ਪੁਰਾਣੇ ਕਲੰਡਰ ਦੇ ਪਾੜੇ ਕਾਗਜ਼ ਦੀ ਜਗਹ,
ਨਵੀਆਂ ਤਾਰੀਖ਼ਾਂ ਲਿਖਣ ਲਈ,
ਉਹ ਇਨਸਾਫ਼ ਮੰਗਣ ਤੁਰਿਆ,
ਉਨ੍ਹਾਂ ਤੋਂ ਜਿਨ੍ਹਾਂ ਉਸਨੂੰ ਬਿਨ੍ਹਾਂ ਦੋਸ਼ਾਂ ਤੋਂ,
ਕਟਹਿਰੇ 'ਚ ਕੀਤਾ ਸੀ ਖੜਾ।
ਨਾ ਵਕੀਲ, ਨਾ ਦਲੀਲ,
ਨਾ ਕੋਈ ਬਚਾਉਣ ਵਾਲਾ,
ਨਾ ਕੋਈ ਮੁਕੱਦਮੇ ਲੜਨ ਵਾਲਾ।
ਸੱਚੀਆਂ ਜਾਂ ਝੂਠੀਆਂ ਤੁਹਮਤਾਂ ਨੇ ਚਾਰੇ ਪਾਸੇ,
ਵਿਚਾਰਾਂ 'ਚ ਹੁੰਮਸ, ਸਲਾਭ ਉਹਨਾ ਦੇ,
ਜਿਹੜੇ ਓਹਦੇ ਪਿੰਡੇ ਤੇ ਪਾਉਂਦੇ ਰਹੇ ਚਟਾਕ,
ਜ਼ਖ਼ਮ ਕਰਦੇ ਰਹੇ ਬੇਹਿਸਾਬ,
ਉਹ ਹਿਸਾਬ ਮੰਗਣ ਤੁਰਿਆ,
ਉਨ੍ਹਾਂ ਤੋਂ ਜਿਨ੍ਹਾਂ ਉਸਨੂੰ ਬਿਨ੍ਹਾਂ ਦੋਸ਼ਾਂ ਤੋਂ,
ਕਟਹਿਰੇ 'ਚ ਕੀਤਾ ਸੀ ਖੜਾ।
ਹਾਕਮ, ਸਾਜ਼ਸ਼ੀ, ਖਰੂਦੀ, ਚਾਲਬਾਜ਼,
ਮਾਰੇ ਝੂਠ ਦੀਆਂ ਛਮਕਾਂ,
ਭਾਸ਼ਾ ਓਸਦੀ ਤਿੱਖੜੀ,
ਸੀਨੇ ਖੋਭ ਦੀ ਖੰਜ਼ਰ,
ਮੇਲਦਾ ਨਾਗ ਹੈ ਉਹ,
ਡੰਗ ਉਸਦਾ ਤਿੱਖਾ,
ਧਰਮੀ ਰੰਗਾਂ 'ਚ ਘੁੰਮਦਾ ਉਹੋ,
ਇਨਸਾਫ਼ ਮਿੱਧਦਾ ਪੈਰਾਂ ਥੱਲੇ,
ਫਿਰ ਵੀ
ਉਹ ਇਨਸਾਫ਼ ਮੰਗਣ ਤੁਰਿਆ,
ਉਨ੍ਹਾਂ ਤੋਂ ਜਿਨ੍ਹਾਂ ਉਸਨੂੰ ਬਿਨ੍ਹਾਂ ਦੋਸ਼ਾਂ ਤੋਂ,
ਕਟਹਿਰੇ 'ਚ ਕੀਤਾ ਸੀ ਖੜਾ।
ਉਹ ਨਿਹੱਥਾ, ਉਹ ਲਿਤਾੜਿਆ,
ਭੁੱਖ-ਦੁੱਖ ਦਾ ਮਾਰਿਆ।
ਪਾਲੇ 'ਚ ਠਰਿਆ,
ਧੁਰ ਅੰਦਰੋਂ ਕੰਬਿਆ।
ਟੁੱਕੜੇ-ਟੁੱਕੜੇ ਹੋ,
ਥੱਕਾ-ਟੁੱਟਾ, ਪੱਟੜੀ 'ਤੇ ਸੁੱਤਾ।
ਅੰਬਰ ਨੇਰ੍ਹੇ 'ਚ ਲੁਕਿਆ,
ਰੌਸ਼ਨੀ ਤੋਂ ਡਰਦਾ,
ਫਿਰ ਵੀ
ਉਹ ਇਨਸਾਫ਼ ਮੰਗਣ ਤੁਰਿਆ
ਉਨ੍ਹਾਂ ਤੋਂ ਜਿਨ੍ਹਾਂ ਉਸਨੂੰ ਬਿਨ੍ਹਾਂ ਦੋਸ਼ਾਂ ਤੋਂ,
ਕਟਹਿਰੇ 'ਚ ਕੀਤਾ ਸੀ ਖੜਾ।
ਨੰਨ੍ਹੇ ਮੁੰਨੇ ਚੁੱਪ ਨੇ,
ਕੰਧਾਂ, ਕੌਲਿਆਂ 'ਚ ਗੁਆਚੇ,
ਸਦੀਆਂ ਤੋਂ ਸੰਤਾਪੇ।
ਔਰਤਾਂ ਚੁੱਪ ਨੇ,
ਸੁੱਕੇ ਪੱਤਿਆਂ ਦੀ ਤਰ੍ਹਾਂ,
ਟੱਪੇ ਤੇ ਢੋਲੇ,
ਸਭ ਗਾਇਬ ਨੇ।
ਅਲਫ਼ ਨੰਗੇ ਸ਼ਬਦ,
ਗੁਸੈਲੇ ਬੋਲ, ਝਿੜਕਾਂ-ਝੰਬਾਂ,
ਜਿਧਰ ਵੀ ਲੰਘਣ,
ਵਕਤ ਦੇ ਨਿਸ਼ਾਨ ਨੇ।
ਵਿਹੜੇ ਤੇ ਬਸਤੀਆਂ,
ਖੌਫ਼, ਰੋਸ, ਪ੍ਰਤੀਰੋਧ ਨਾਲ ਰੰਗੀਆਂ,
ਬਣੀਆਂ ਲਹੂ ਰੰਗੀਆਂ।
ਤਦੇ ਤਾਂ,
ਉਹ ਇਨਸਾਫ਼ ਮੰਗਣ ਤੁਰਿਆ,
ਉਨ੍ਹਾਂ ਤੋਂ ਜਿਨ੍ਹਾਂ ਉਸਨੂੰ ਬਿਨ੍ਹਾਂ ਦੋਸ਼ਾਂ ਤੋਂ,
ਕਟਹਿਰੇ 'ਚ ਕੀਤਾ ਸੀ ਖੜਾ।
ਸੀ ਝੂਠ ਦੀ ਫ਼ਾਂਸੀ ਤੇ ਟੰਗਿਆ।

# ਗੁਨੀਤ ਮੋਂਗਾ ਦੀ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰੂਜ਼' ਨੂੰ ਮਿਲਿਆ ਆਸਕਰ

ਆਸਕਰ ਐਵਾਰਡ ਦੇ ਐਲਾਨ ਨਾਲ ਇਸ ਐਵਾਰਡ ਨੂੰ ਜਿੱਤਣ ਵਾਲਿਆਂ ਦੀ ਸੂਚੀ ਵੀ ਜਾਰੀ ਹੋ ਗਈ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਗੁਨੀਤ ਮੋਂਗਾ ਦੀ ਨਿਰਦੇਸ਼ਤ ਲਘੂ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਨੇ 95ਵੇਂ ਕੌਮਾਂਤਰੀ ਆਸਕਰ ਐਵਾਰਡ ਨੂੰ ਜਿੱਤ ਕੇ ਇਤਿਹਾਸ ਸਿਰਜ ਦਿਤਾ ਹੈ।ਗੁਨੀਤ ਨੇ 'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਫ਼ਿਲਮ ਨੂੰ ਸਾਂਝੇ ਤੌਰ 'ਤੇ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠਾਂ ਅਚਿਨ ਜੈਨ ਨਾਲ ਮਿਲ ਕੇ ਪ੍ਰੋਡਿਊਸ ਕੀਤਾ ਸੀ।ਇਸ ਫਿਲਮ ਦੀ ਨਿਰਦੇਸ਼ਕ ਕਾਰਤਿਕੀ ਗੌਨਸਾਲਵਿਸ ਹਨ।'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਫ਼ਿਲਮ 8 ਦਸੰਬਰ 2022 ਨੂੰ ਨੈਬਟਫਲਿਕਸ ਉਬਤੇ ਰਿਲੀਜ਼ ਹੋਈ ਸੀ।ਆਸਕਰ 2023 ਲਈ 'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਦੇ 'ਡਾਕੂਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ' ਵਿੱਚ ਨਾਮਜ਼ਦਗੀ ਤੋਂ ਬਾਅਦ ਗੁਨੀਤ ਅਤੇ ਉਨ੍ਹਾਂ ਦੀ ਟੀਮ ਨੂੰ ਵੱਡੀਆਂ-ਵੱਡੀਆਂ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਮਿਲਣ ਦਾ ਸਿਲਸਿਲਾ ਜਾਰੀ ਹੈ।



ਆਸਕਰ ਵਿੱਚ ਲਘੂ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਦੀ ਐਂਟਰੀ ਤੋਂ ਬਾਅਦ ਗੁਨੀਤ ਨੇ ਆਪਣੇ ਇੰਸਟਾਗ੍ਰਾਮ ਹੈਂਡਲ ਉਬਤੇ ਇੱਕ ਨੋਟ ਲਿਖਿਆ ਸੀ, "ਦਿ ਐਲੀਫ਼ੈਂਟ ਵ੍ਹਿਸਪਰ੍ਜ਼ ਭਗਤੀ ਅਤੇ ਪਿਆਰ ਲਈ ਕਵਿਤਾ ਹੈ। ਸੋਹਣੇ ਏਲੀ ਰਘੂ ਲਈ ਬਿਨਾਂ ਸ਼ਰਤ ਬਿਨਾਂ ਕਿਸੇ ਸਵਾਰਥ ਦੇ ਪਿਆਰ ਲਈ ਇੱਕ ਕਵਿਤਾ, ਜਿਸ ਨੇ ਸਾਡੇ ਇਨਸਾਨਾਂ ਵਾਂਗ ਸਾਰੀਆਂ ਭਾਵਨਾਵਾਂ ਨੂੰ ਮਹਿਸੂਸ ਕੀਤਾ ਪਰ ਦੋ ਹੀ ਲੋਕ ਉਸ ਨੂੰ ਸੁਣ ਸੁਕੇ.... ਬੋਮਨ ਅਤੇ ਬੈਲੀ।"

ਉਹਨਾਂ ਕਿਹਾ ਕਿ ਮੈਂ ਕਾਰਤਿਕੀ (ਨਿਰਦੇਸ਼ਕ) ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪਵਿੱਤਰ ਰਿਸ਼ਤੇ ਦੀ ਭਾਲ ਕੀਤੀ ਅਤੇ ਸਾਡੇ 'ਤੇ ਐਨੀਂ ਸ਼ੁੱਧ ਅਤੇ ਅਸਲੀ ਕਹਾਣੀ ਦੇ ਨਾਲ ਭਰੋਸਾ ਕੀਤਾ।ਇਹ ਨਾਮਜ਼ਦਗੀ ਮੇਰੇ ਕਹਾਣੀਆਂ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੀ ਹੈ ।

'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਦਾ ਮੁਕਾਬਲਾ ਚਾਰ ਹੋਰ ਫ਼ਿਲਮਾਂ ਨਾਲ

ਦੱਸ ਦਈਏ ਕਿ ਆਸਕਰ 2023 ਦੀ 'ਡਾਕੂਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ' ਵਿੱਚ 'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਦਾ ਮੁਕਾਬਲਾ ਚਾਰ ਹੋਰ ਫ਼ਿਲਮਾਂ ਨਾਲ ਹੋਵੇਗਾ।ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਦੀ ਕਹਾਣੀ ਇੱਕ ਪਰਿਵਾਰ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਤਾਮਿਲਨਾਡੂ ਦੇ ਟਾਈਗਰ ਰਿਜ਼ਰਵ ਵਿੱਚ ਦੋ ਅਨਾਥ ਹਾਥੀ ਦੇ ਬੱਚਿਆਂ ਨੂੰ ਗੋਦ ਲੈਂਦਾ ਹੈ।ਭਾਰਤ ਵੱਲੋਂ 'ਦਿ ਐਲੀਫ਼ੈਂਟ ਵ੍ਹਿਸਪਰ੍ਜ਼' ਤੋਂ ਇਲਾਵਾ ਹੋਰ ਮੁਲਕਾਂ ਤੋਂ ਨਾਮਜ਼ਦ ਲਘੂ ਫ਼ਿਲਮਾਂ ਵਿੱਚ 'ਹਾਲ ਆਊਟ', 'ਹਾਓ ਡੂ ਯੂ ਮਈਅਰ ਅਈਅਰ', 'ਦਿ ਮਾਰਥਾ ਮਿਸ਼ੇਲ ਇਫੈਕਟ' ਅਤੇ 'ਸਟ੍ਰੇਂਜਰ ਐਟ ਦਿ ਗੇਟ' ਸ਼ਾਮਲ ਹਨ।

ਕੌਣ ਹਨ ਗੁਨੀਤ ਮੋਂਗਾ ?

ਗੁਨੀਤ ਦਾ ਸਬੰਧ ਦਿੱਲੀ ਦੇ ਇੱਕ ਪੰਜਾਬੀ ਪਰਿਵਾਰ ਨਾਲ ਹੈ।

ਉਨ੍ਹਾਂ ਦੀ ਲਿੰਕਡਿਨ ਪ੍ਰੋਫ਼ਾਈਲ ਮੁਤਾਬਕ ਉਨ੍ਹਾਂ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਤੋਂ 2001 ਤੋਂ 2004 ਦਰਮਿਆਨ ਪੱਤਰਕਾਰੀ ਵਿੱਚ ਗ੍ਰੈਜੁਏਸ਼ਨ ਕੀਤੀ ਹੈ।ਇਸ ਤੋਂ ਇਲਾਵਾ ਉਨ੍ਹਾਂ ਫ਼ਿਲਮ ਅਤੇ ਮਨੋਰੰਜਨ ਖੇਤਰ ਨਾਲ ਜੁੜੀਆਂ ਕਈ ਕੰਪਨੀਆਂ ਵਿੱਚ ਕੰਮ ਕੀਤਾ ਹੈ।ਇਨ੍ਹਾਂ ਕੰਪਨੀਆਂ ਵਿੱਚ ਏਕਤਾ ਕਪੂਰ ਦੀ ਕੰਪਨੀ ਬਾਲਾਜੀ ਮੋਸ਼ਨ ਪਿਕਚਰਜ਼, ਨਿਰਦੇਸ਼ਕ ਅਨੁਰਾਗ ਕਸ਼ਿਅਪ ਦੀ ਕੰਪਨੀ ਅਨੁਰਾਗ ਕਸ਼ਿਅਪ ਫ਼ਿਲਮਜ਼ ਪ੍ਰੋਡਕਸ਼ਨ ਵੀ ਸ਼ਾਮਲ ਹਨ।ਲਿੰਕਡਿਨ ਪ੍ਰੋਫ਼ਾਈਲ ਮੁਤਾਬਕ ਉਹ ਅਪ੍ਰੈਲ 2008 ਤੋਂ ਸਿੱਖਿਆ ਐਂਟਰਟੇਨਮੈਂਟ ਦੀ ਸੀਈਓ ਅਤੇ ਸੰਸਥਾਪਕ ਹਨ।ਗੁਨੀਤ ਮੋਂਗਾ ਦਾ ਆਪਣਾ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਹੈ। ਅਚਿਨ ਜੈਨ ਇਸ ਦੇ ਸਹਿ ਸੰਸਥਾਪਕ ਹਨ।ਦਸੰਬਰ 2022 ਵਿੱਚ ਗੁਨੀਤ ਮੋਂਗਾ ਨੇ ਸੰਨੀ ਕਪੂਰ ਨਾਲ ਵਿਆਹ ਕਰਵਾਇਆ।ਸੰਨੀ ਕਪੂਰ ਇੱਕ ਕਾਰੋਬਾਰੀ ਹਨ ਅਤੇ ਦੋਵਾਂ ਦਾ ਆਨੰਦ ਕਾਰਜ ਮੁੰਬਈ ਦੇ ਇੱਕ ਗੁਰਦੁਆਰੇ ਵਿੱਚ ਹੋਇਆ ਸੀ।ਗੁਨੀਤ ਮੋਂਗਾ ਅਤੇ ਅਚਿਨ ਜੈਨ ਦੇ ਸਾਂਝੇ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਅਧੀਨ ਕਈ ਫ਼ਿਲਮਾਂ ਚਰਚਾ ਦਾ ਵਿਸ਼ਾ ਰਹੀਆਂ ਹਨ।ਗੁਨੀਤ ਮੋਂਗਾ ਇਸ ਕੰਪਨੀ ਦੀ ਸੰਸਥਾਪਕ ਹਨ ਅਤੇ ਅਚਿਨ ਜੈਨ ਸਹਿ-ਸੰਸਥਾਪਕ ਹਨ।ਵੱਖਰੇ ਵਿਸ਼ੇ ਅਤੇ ਕਿਸਮ ਦੀਆਂ ਫ਼ਿਲਮਾਂ ਨੂੰ ਬਤੌਰ ਨਿਰਮਾਤਾ ਬਣਾਉਣ ਲਈ ਜਾਣੇ ਜਾਂਦੇ ਸਿੱਖਿਆ ਐਂਟਰਟੇਨਮੈਂਟ ਦੀ ਝੋਲੀ ਕਈ ਕੌਮੀ ਐਵਾਰਡ ਆ ਚੁੱਕੇ ਹਨ।ਗੁਨੀਤ ਤੇ ਅਚਿਨ ਦੀ ਟੀਮ ਨੇ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠਾਂ ਕਈ ਫ਼ਿਲਮਾਂ ਬਣਾਈਆਂ ਹਨ।ਇਨ੍ਹਾਂ ਫ਼ਿਲਮਾਂ ਵਿੱਚ ਕਈ ਵੱਡੇ ਨਾਮ ਨਜ਼ਰ ਆ ਚੁੱਕੇ ਹਨ, ਜਿਨ੍ਹਾਂ ਵਿੱਚ ਇਰਫ਼ਾਨ ਖ਼ਾਨ, ਦਿਵਿਆ ਦੱਤਾ, ਵਿੱਕੀ ਕੌਸ਼ਲ, ਸਾਨੀਆ ਮਲਹੋਤਰਾ ਆਦਿ ਸ਼ਾਮਲ ਹਨ।

## 'ਨਾਟੂ ਨਾਟੂ' ਨੇ ਆਸਕਰ ਜਿੱਤ ਕੇ ਰਚਿਆ ਇਤਿਹਾਸ

ਫਿਲਮ 'ਆਰਆਰਆਰ' ਦੇ ਗੀਤ 'ਨਾਟੂ ਨਾਟੂ' ਲਈ 'ਓਰਿਜਨਲ ਗੀਤ' ਸ਼੍ਰੇਣੀ ਆਸਕਰ ਜਿੱਤ ਕੇ 95ਵੇਂ ਅਕੈਡਮੀ ਐਵਾਰਡਜ਼ ਵਿੱਚ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਲਾਸ ਏਂਜਲਸ ਦੇ ਡੋਲਬੀ ਥੀਏਟਰ ਵਿੱਚ ਅਕੈਡਮੀ ਐਵਾਰਡਜ਼ ਲਈ ਕਰਵਾਏ ਸਮਾਗਮ ਦੌਰਾਨ ਚਾਰ ਮਿੰਟਾਂ ਦੇ ਇਸ ਤੇਲਗੂ ਟਰੈਕ ਨੇ ਮੁੱਖ ਮੰਚ 'ਤੇ ਇਕ ਵੱਖਰਾ ਹੀ ਮਾਹੌਲ ਸਿਰਜ ਦਿੱਤਾ। ਅਦਾਕਾਰ ਦੀਪਿਕਾ ਪਾਦੂਕੋਨ ਨੇ ਥੀਏਟਰ ਵਿੱਚ ਮੌਜੂਦ ਦਰਸ਼ਕਾਂ ਨੂੰ ਇਸ ਗੀਤ ਦੇ ਰੂਬਰੂ ਕਰਵਾਇਆ।



ਨਿਰਦੇਸ਼ਕ ਐੱਸ.ਐੱਸ. ਰਾਜਾਮੌਲੀ ਦੀ ਬਲਾਕਬਸਟਰ ਫਿਲਮ 'ਆਰਆਰਆਰ' ਦਾ ਗੀਤ ਨਾਟੂ ਨਾਟੂ (ਹਿੰਦੀ ਵਿੱਚ ਨਾਚੋ ਨਾਚੋ) ਨੂੰ ਐੱਮ.ਐੱਮ.ਕਿਰਵਾਨੀ ਨੇ ਕੰਪੋਜ਼ ਕੀਤਾ ਹੈ ਜਦੋਂਕਿ ਇਸ ਨੂੰ ਚੰਦਰਬੋਸ ਨੇ ਲਿਖਿਆ ਹੈ। 'ਨਾਟੂ ਨਾਟੂ' ਚੌਥਾ ਗੈਰ-ਅੰਗਰੇਜ਼ੀ ਗੀਤ ਹੈ, ਜਿਸ ਨੇ ਓਰਿਜਨਲ ਗੀਤ ਵਰਗ ਵਿੱਚ ਆਸਕਰ ਜਿੱਤਿਆ ਹੈ ਅਤੇ ਸਾਲ 2009 ਵਿਚ 'ਜੈ ਹੋ' ਮਗਰੋਂ ਪਹਿਲਾ ਵਿਦੇਸ਼ੀ ਭਾਸ਼ਾ ਵਿਚਲਾ ਗੀਤ ਹੈ। 'ਨਾਟੂ ਨਾਟੂ' ਵਾਂਗ 'ਜੈ ਹੋ' ਵੀ ਓਨਾ ਮਕਬੂਲ ਹੋਇਆ ਸੀ ਤੇ ਹਰ ਕਿਸੇ ਦੇ ਪੈਰ ਥਿਰਕਣ ਲਾ ਦਿੰਦਾ ਸੀ। ਬਰਤਾਨਵੀ ਫਿਲਮ 'ਸਲੱਮਡੌਗ ਮਿਲੀਅਨੇਅਰ' ਦੇ ਗੀਤ 'ਜੈ ਹੋ' ਨੂੰ ਗੁਲਜ਼ਾਰ ਨੇ ਲਿਖਿਆ ਸੀ ਤੇ ਕੰਪੋਜ਼ ਏ.ਆਰ.ਰਹਿਮਾਨ ਨੇ ਕੀਤਾ ਸੀ। 'ਨਾਟੂ ਨਾਟੂ' ਨੇ ਆਪਣੇ ਵਰਗ ਵਿੱਚ ਫ਼ਿਲਮ 'ਟੈੱਲ ਇਟ ਲਾਈਕ ਏ ਵੋਮੈਨ' ਤੋਂ 'ਐਪਲੌਜ਼'(ਸੋਫੀਆ ਕਾਰਸਨ), 'ਟੌਪ ਗੰਨ: ਮੈਵਰਿਕ' ਤੋਂ 'ਹੋਲਡ ਮਾਈ ਹੈਂਡ' (ਲੇਡੀ ਗਾਗਾ), ਬਲੈਕ ਪੈਂਥਰ: ਵਾਕਾਂਡਾ ਫੋਰਐਵਰ ਤੋਂ 'ਲਿਫਟ ਮੀ ਅੱਪ' (ਰਿਹਾਨਾ) ਤੇ 'ਐਵਰੀਥਿੰਗ ਐਵਰੀਵੇਅਰ ਆਲ ਐਟ ਵੰਸ' ਤੋਂ 'ਦਿਸ ਇਸ ਏ ਲਾਈਫ' (ਸੋਨ ਲਕਸ, ਮਿਸਕੀ ਤੇ ਡੇਵਿਡ ਬਾਇਰਨ) ਨੂੰ ਮਾਤ ਦਿੱਤਾ।

# ਪ੍ਰਸਿੱਧ ਕਲਾਕਾਰ ਸਤੀਸ਼ ਕੌਸ਼ਿਕ ਦਾ ਵਿਛੋੜਾ

ਬਾਲੀਵੁੱਡ ਦੇ ਪ੍ਰਸਿੱਧ ਕਲਾਕਾਰ ਸਤੀਸ਼ ਕੌਸ਼ਿਕ ਦਾ ਪਿਛਲੇ ਦਿਨੀਂ 66 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ।ਸਤੀਸ਼ ਕੌਸ਼ਿਕ ਨੇ ਮਿਸਟਰ ਇੰਡੀਆ, ਹਮ ਆਪਕੇ ਦਿਲ ਮੇ ਰਹਿਤੇ ਹੈ ਅਤੇ ਜਾਨੇ ਭੀ ਦੋ ਯਾਰੋ ਅਤੇ ਹੋਰ ਬਹੁਤ ਸਾਰੀਆਂ ਹਿੱਟ ਫਿਲਮਾਂ ਵਿੱਚ ਕਿਰਦਾਰ ਨਿਭਾਉਂਦੇ ਹੋਏ ਬਾਲੀਵੁੱਡ ਦੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਅਫ਼ਸੋਸ ਦੀ ਗੱਲ ਹੈ ਕਿ ਕੌਸ਼ਿਕ ਦੀ ਬੀਤੀ 8 ਮਾਰਚ ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।



100 ਤੋਂ ਵੱਧ ਫਿਲਮਾਂ ਵਿੱਚ ਨਜ਼ਰ ਆਉਣ ਵਾਲਾ ਅਤੇ ਮਨੋਰੰਜਨ ਕਰਨ ਵਾਲਾ ਕੌਸ਼ਿਕ ਦਿਲ ਦਾ ਦੌਰਾ ਪੈਣ ਤੋਂ ਪਹਿਲਾਂ ਦੇ ਪਲਾਂ ਵਿੱਚ ਵੀ ਹਮੇਸ਼ਾ ਵਾਂਗ ਮੁਸਕਰਾ ਰਿਹਾ ਸੀ। 8 ਮਾਰਚ ਦੀ ਸਵੇਰ ਤੱਕ, ਕੌਸ਼ਿਕ ਨੂੰ ਜਾਵੇਦ ਅਖਤਰ ਅਤੇ ਸ਼ਬਾਨਾ ਆਜ਼ਮੀ ਦੇ ਘਰ ਹੋਲੀ ਪਾਰਟੀ ਦਾ ਆਨੰਦ ਲੈਂਦੇ ਦੇਖਿਆ ਜਾ ਸਕਦਾ ਹੈ।

ਸ਼ਾਨਦਾਰ ਮਜ਼ਾਕੀਆ ਆਦਮੀ

ਕੌਸ਼ਿਕ ਬੀ-ਟਾਊਨ ਦੇ ਮਸ਼ਹੂਰ ਮਜ਼ਾਕੀਆ ਕਲਾਕਾਰਾਂ ਜੌਨੀ ਲੀਵਰ, ਮਰਹੂਮ ਕਾਦਰ ਖਾਨ ਅਤੇ ਰਾਜਪਾਲ ਯਾਦਵ ਦੀ ਟੀਮ ਵਿੱਚ ਸੀ। 1999 ਦੌਰਾਨ ' ਹਮ ਆਪਕੇ ਦਿਲ ਮੇ ਰਹਿਤੇ ਹੈ' ਨੂੰ ਕੌਸ਼ਿਕ ਨੇ ਲਿਖਿਆ ਅਤੇ ਨਿਰਦੇਸ਼ਿਤ ਵੀ ਕੀਤਾ। ਅਨਿਲ ਕਪੂਰ-ਸਟਾਰਰ 'ਨਾਇਕ' 90 ਦੇ ਦਹਾਕੇ ਦਾ ਇੱਕ ਹੋਰ ਰਵਾਇਤੀ ਤੌਰ 'ਤੇ ਪੁਰਾਣਾ ਫਿਲਮੀ ਡਰਾਮਾ ਹੈ ਪਰ ਕੌਸ਼ਿਕ ਦੇ ਜਰਮਨ ( ਇਹ ਉਸਦੇ ਕਿਰਦਾਰ ਦਾ ਨਾਮ ਹੈ) ਅਤੇ ਜੌਨੀ ਲੀਵਰ ਦੇ ਸਨੀ ਨੂੰ ਸ਼ਾਮਲ ਕਰਨ ਵਾਲੇ ਦ੍ਰਿਸ਼ ਕਾਮੇਡੀ ਦੇ ਹਨ।

ਕੌਸ਼ਿਕ ਅਨਿਲ ਕਪੂਰ ਦੇ 'ਨਾਇਕ' ਦੇ ਸਕੱਤਰ ਦੀ ਭੂਮਿਕਾ ਨਿਭਾਉਂਦਾ ਹੈ ਅਤੇ ਲੀਵਰ ਇੱਕ ਸ਼ਾਹੂਕਾਰ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਜਿਵੇਂ ਕਿ ਸਨੀ ਵੱਲ ਜਰਮਨ ਦਾ ਪੈਸਾ ਬਕਾਇਆ ਹੈ, ਉਹ ਉਸਨੂੰ ਪੁੱਛਦਾ ਹੈ ਕਿ ਕੀ ਉਸਨੂੰ ਵੀ ਵਿਆਜ ਦੀ ਲੋੜ ਹੈ। ਸਤੀਸ਼ ਕੌਸ਼ਿਕ ਦੇ ਖਾਸ ਮੁਸਕਰਾਉਣ ਵਾਲੇ ਰਵੱਈਏ ਵਿੱਚ, ਜਰਮਨ ਖੁਸ਼ੀ ਨਾਲ ਦਿਲਚਸਪੀ ਲਈ ਬੇਨਤੀ ਕਰਦਾ ਹੈ। ਸਨੀ ਫਿਰ ਉਸਨੂੰ ਇੱਕ ਦੁਕਾਨ ਵਿੱਚ ਫਸਾ ਲੈਂਦਾ ਹੈ। ਇਹ ਆਧੁਨਿਕ ਦਰਸ਼ਕਾਂ ਲਈ ਬਹੁਤ ਸਰਲ ਲੱਗ ਸਕਦਾ ਹੈ ਪਰ 90 ਦੇ ਦਹਾਕੇ ਵਿੱਚ, ਕੌਸ਼ਿਕ ਕੋਲ ਅਜਿਹੇ ਦ੍ਰਿਸ਼ਾਂ ਨਾਲ ਚਮਕਣ ਦਾ ਸਹੀ ਮੌਕਾ ਸੀ।

ਕੌਸ਼ਿਕ ਵੀ ਪ੍ਰਸਿੱਧ ਵਿਅੰਗ ਫਿਲਮ 'ਜਾਨੇ ਭੀ ਦੋ ਯਾਰੋ' ਦੇ ਪ੍ਰਤਿਭਾਸ਼ਾਲੀ ਸਮੂਹ ਦੇ ਸਭ ਤੋਂ ਅਭੁੱਲ ਚਿਹਰਿਆਂ ਵਿੱਚੋਂ ਇੱਕ ਸੀ। ਮੀਡੀਆ ਅਤੇ ਨੌਕਰਸ਼ਾਹੀ ਦੇ ਭ੍ਰਿਸ਼ਟਾਚਾਰ ਦੇ ਰਾਜ 'ਤੇ ਗੋਲੀਬਾਰੀ ਕਰਦੇ ਹੋਏ, ਕਲਟ ਕਾਮੇਡੀ ਨੇ ਨਸੀਰੂਦੀਨ ਸ਼ਾਹ ਅਤੇ ਰਵੀ ਬਾਸਵਾਨੀ ਦੇ ਨਾਲ-ਨਾਲ ਓਮ ਪੁਰੀ, ਪੰਕਜ ਕਪੂਰ ਅਤੇ ਸਤੀਸ਼ ਸ਼ਾਹ ਦੇ ਨਾਲ ਅਭਿਨੈ ਕੀਤਾ।

1983 ਦੀ ਫਿਲਮ ਦੇ ਸਭ ਤੋਂ ਮਸ਼ਹੂਰ ਦ੍ਰਿਸ਼ਾਂ ਵਿੱਚੋਂ ਇੱਕ ਵਿੱਚ ਕੌਸ਼ਿਕ ਅਤੇ ਨਸੀਰੂਦੀਨ ਸ਼ਾਹ ਦੇ ਪਾਤਰ ਇੱਕ ਦੂਜੇ ਦੇ ਪਿੱਛੇ ਖੜ੍ਹੇ ਹੁੰਦੇ ਹੋਏ ਆਪੋ-ਆਪਣੇ ਫ਼ੋਨ 'ਤੇ ਇੱਕ ਦੂਜੇ ਨਾਲ ਗੱਲ ਕਰਦੇ ਹੋਏ ਦੇਖਦੇ ਹਨ। ਦੋਵੇਂ ਕਮਰੇ ਵਿੱਚ ਆਪਣੀ ਮੌਜੂਦਗੀ ਤੋਂ ਅਣਜਾਣ ਹਨ ਅਤੇ ਉਹਨਾਂ ਦੁਆਰਾ ਦਰਸਾਏ ਗਏ ਸਾਧਾਰਨ ਸ਼ਬਦਾਂ ਵਾਂਗ ਗੱਲਾਂ ਕਰਦੇ ਰਹਿੰਦੇ ਹਨ। ਇਹ ਇੱਕ ਚੈਪਲਿਨ-ਏਸਕ ਸੀਨ ਹੈ ਜੋ ਕੌਸ਼ਿਕ ਦੇ ਭੋਲੇਪਣ ਨਾਲ ਕੀਤਾ ਗਿਆ ਹੈ।

ਅਨਿਲ ਕਪੂਰ ਕੌਸ਼ਿਕ ਦੇ ਕੁਝ ਇਸੇ ਤਰ੍ਹਾਂ ਦੇ ਪ੍ਰਤੀਕ ਅਤੇ ਮਜਾਹੀਆ ਰੋਲ ਵਿੱਚ ਅਕਸਰ ਸਾਥੀ ਸੀ ਜਿਸ ਵਿੱਚ ਮਿਸਟਰ ਇੰਡੀਆ ਵਿੱਚ ਕੈਲੰਡਰ ਅਤੇ ਰਾਮ-ਲਖਨ ਵਿੱਚ ਕਾਸ਼ੀਰਾਮ ਸ਼ਾਮਲ ਹਨ। ਪਰ ਉਸਦੇ ਕਾਮੇਡੀ ਬ੍ਰਾਂਡ ਨੂੰ ਛੱਡ ਕੇ, ਕੌਸ਼ਿਕ ਦਾ ਇੱਕ ਨਾਟਕੀ ਪੱਖ ਵੀ ਸੀ ਜੋ ਉਸਨੇ ਜਾਂ ਤਾਂ ਆਪਣੀਆਂ ਕੁਝ ਬਾਅਦ ਦੀਆਂ ਭੂਮਿਕਾਵਾਂ ਅਤੇ ਆਪਣੇ ਗੜਬੜ ਵਾਲੇ ਨਿਰਦੇਸ਼ਕ ਕੈਰੀਅਰ ਦੁਆਰਾ ਸਾਹਮਣੇ ਲਿਆਂਦਾ।

ਕਾਦਰ ਖਾਨ ਦੀ ਤਰ੍ਹਾਂ, ਜਿਸਨੇ ਇੱਕ ਪਟਕਥਾ ਲੇਖਕ ਅਤੇ ਇੱਕ ਆਨ-ਸਕ੍ਰੀਨ ਕਾਮੇਡੀਅਨ ਹੋਣ ਦਾ ਜੁਗਾੜ ਕੀਤਾ, ਕੌਸ਼ਿਕ ਨੇ 1990 ਅਤੇ 2000 ਦੇ ਦਹਾਕੇ ਵਿੱਚ ਲਿਖਣ ਅਤੇ ਨਿਰਦੇਸ਼ਨ ਦੀ ਸ਼ੁਰੂਆਤ ਕੀਤੀ। ਉਸਦੀਆਂ ਜ਼ਿਆਦਾਤਰ ਫਿਲਮਾਂ ਦੱਖਣ ਭਾਰਤੀ ਨਾਟਕਾਂ ਦੀਆਂ ਰੀਮੇਕ ਸਨ ਅਤੇ ਇੱਥੋਂ ਤੱਕ ਕਿ ਜਦੋਂ ਉਨ੍ਹਾਂ ਦੀ ਆਪਣੀ ਯੋਗਤਾ 'ਤੇ ਨਿਰਣਾ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦੇ ਪਿਆਰ ਅਤੇ ਉਸ ਸਮੇਂ ਦੇ ਲਿੰਗ ਸਬੰਧਾਂ ਦੇ ਵਿਸ਼ੇ ਆਧੁਨਿਕ ਦਰਸ਼ਕਾਂ ਲਈ ਨਿਸ਼ਚਤ ਤੌਰ 'ਤੇ ਠੀਕ ਨਹੀਂ ਹੋ ਸਕਦੇ ਹਨ।

(ਬਾਕੀ ਸਫ਼ਾ 31 'ਤੇ)

## 200 ਕਰੋੜ ਰੁਪਏ ਦੀ ਠੱਗੀ ਮਾਰਨ ਦੇ ਦੋਸ਼ੀ ਸੁਕੇਸ਼ ਚੰਦਰਸ਼ੇਖ਼ਰ 'ਤੇ ਬਣੇਗੀ ਬਾਲੀਵੁੱਡ ਫ਼ਿਲਮ



ਭਾਰਤ ਵਿੱਚ ਲੋਕ ਨਾਇਕਾਂ ਅਤੇ ਡਾਕੂਆਂ 'ਤੇ ਫਿਲਮਾਂ ਬਣਾਉਣਾ ਪੁਰਾਣੇ ਸਮੇਂ ਤੋਂ ਚਲਦਾ ਆ ਰਿਹਾ ਹੈ। ਹੁਣ ਭਾਰਤ ਵਿੱਚ 200 ਕਰੋੜ ਰੁਪਏ ਦੀ ਠੱਗੀ ਮਾਰਨ ਦੇ ਦੋਸ਼ੀ ਸੁਕੇਸ਼ ਚੰਦਰਸ਼ੇਖਰ 'ਤੇ ਫਿਲਮ ਬਣਨ ਜਾ ਰਹੀ ਹੈ। ਆਨੰਦ ਕੁਮਾਰ ਇਸ ਫਿਲਮ ਨੂੰ ਪ੍ਰੋਡਿਊਸ ਕਰਨ ਜਾ ਰਹੇ ਹਨ। ਫ਼ਿਲਮ ਦੀ ਸਕ੍ਰਿਪਟ ਲਈ ਆਨੰਦ ਕੁਮਾਰ ਮੰਡੋਲੀ ਜੇਲ੍ਹ ਪੁੱਜੇ ਅਤੇ ਜੇਲ੍ਹ ਅਧਿਕਾਰੀਆਂ ਤੋਂ ਉਸ ਦੀ ਪੂਰੀ ਕਹਾਣੀ ਜਾਣੀ।ਸੁਕੇਸ਼ ਚੰਦਰਸ਼ੇਖਰ 200 ਕਰੋੜ ਰੁਪਏ ਦੀ ਧੋਖਾਧੜੀ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੰਦ ਹਨ। ਉਸ 'ਤੇ ਕਈ ਦੋਸ਼ ਹਨ। ਅਜਿਹੇ ਵਿੱਚ ਹੁਣ ਉਨ੍ਹਾਂ 'ਤੇ ਫਿਲਮ ਬਣਾਉਣ ਦੀ ਖਬਰ ਸਾਹਮਣੇ ਆਈ ਹੈ। ਫਿਲਮ ਨਿਰਮਾਤਾ ਆਨੰਦ ਕੁਮਾਰ ਨੇ ਇਸ ਫਿਲਮ ਦੀ ਸਕ੍ਰਿਪਟ ਲਈ ਜੇਲ੍ਹ ਪ੍ਰਸ਼ਾਸਨ ਤੱਕ ਪਹੁੰਚ ਕੀਤੀ ਹੈ ਅਤੇ ਉਨ੍ਹਾਂ ਤੋਂ ਸੁਕੇਸ਼ ਦੀ ਪੂਰੀ ਕਹਾਣੀ ਜਾਣਨਾ ਚਾਹੁੰਦੇ ਹਨ। ਇਸ ਦੇ ਨਾਲ ਹੀ ਇਸ ਫਿਲਮ ਵਿੱਚ ਸੁਕੇਸ਼ ਦੀ ਨਿੱਜੀ ਜ਼ਿੰਦਗੀ ਅਤੇ ਧੋਖਾਧੜੀ ਨਾਲ ਜੁੜੀ ਪੂਰੀ ਕਹਾਣੀ ਦੱਸੀ ਜਾਵੇਗੀ। ਜਿਸ ਵਿੱਚ ਉਸ ਦੇ ਕਿਹੜੇ-ਕਿਹੜੇ ਅਭਿਨੇਤਰੀਆਂ ਨਾਲ ਸਬੰਧ ਰਹੇ ਹਨ, ਇਹ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

ਸੁਕੇਸ਼ ਚੰਦਰਸ਼ੇਖਰ 'ਤੇ ਇਹ ਹਨ ਦੋਸ਼

ਦੱਸ ਦੇਈਏ ਕਿ ਸੁਕੇਸ਼ ਚੰਦਰਸ਼ੇਖਰ 200 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ ਦਾ ਮੁੱਖ ਦੋਸ਼ੀ ਹੈ। ਚੰਦਰਸ਼ੇਖਰ 'ਤੇ ਰਾਜਨੇਤਾਵਾਂ, ਮਸ਼ਹੂਰ ਹਸਤੀਆਂ ਅਤੇ ਕਾਰੋਬਾਰੀਆਂ ਤੋਂ ਪੈਸਾ ਵਸੂਲਣ ਅਤੇ ਫਾਰਮਾ ਕੰਪਨੀ ਰੈਨਬੈਕਸੀ ਦੇ ਸਾਬਕਾ ਮਾਲਕ ਸ਼ਿਵਇੰਦਰ ਮੋਹਨ ਸਿੰਘ ਦੀ ਪਤਨੀ ਅਦਿਤੀ ਸਿੰਘ ਨਾਲ ਕਥਿਤ ਤੌਰ 'ਤੇ 200 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਹੈ।ਇਸ ਤੋਂ ਇਲਾਵਾ ਚੰਦਰਸ਼ੇਖਰ ਨੇ ਬਾਲੀਵੁੱਡ ਅਭਿਨੇਤਰੀ ਜੈਕਲੀਨ ਫਰਨਾਂਡੀਜ਼ ਨੂੰ ਕਥਿਤ ਤੌਰ 'ਤੇ ਮਹਿੰਗੇ ਤੋਹਫੇ ਭੇਜੇ ਹਨ। ਈਡੀ ਦੇ ਅਨੁਸਾਰ, ਉਸਨੇ ਆਪਣੀ ਜ਼ਮਾਨਤ ਦੇ ਸਮੇਂ ਦੌਰਾਨ ਮੁੰਬਈ ਤੋਂ ਚੇਨਈ ਲਈ ਇੱਕ ਚਾਰਟਰਡ ਫਲਾਈਟ ਵੀ ਬੁੱਕ ਕੀਤੀ ਸੀ। ਸੁਕੇਸ਼ ਇਨ੍ਹਾਂ ਸਾਰੇ ਦੋਸ਼ਾਂ ਵਿੱਚ ਜੇਲ੍ਹ ਵਿੱਚ ਬੰਦ ਹੈ।

# ਭਾਰਤ ਨੇ ਜਿੱਤੀ ਬਾਰਡਰ-ਗਾਵਸਕਰ ਟ੍ਰਾਫੀ

## ਆਸਟ੍ਰੇਲੀਆਂ ਤੋਂ ਲਗਾਤਾਰ ਚੌਥੀ ਵਾਰ ਜਿੱਤੀ ਟੈਸਟ ਸੀਰੀਜ਼

ਭਾਰਤ ਨੇ ਆਸਟ੍ਰੇਲੀਆ ਤੋਂ ਲਗਾਤਾਰ ਚੌਥੀ ਵਾਰ ਟੈਸਟ ਸੀਰੀਜ ਜਿੱਤ ਲਈ ਹੈ। 4 ਮੁਕਾਬਲਿਆਂ ਦੀ ਸੀਰੀਜ਼ ਦਾ ਆਖਰੀ ਮੁਕਾਬਲਾ ਡਰਾਅ ਰਿਹਾ। ਸੀਰੀਜ਼ 2-1 ਨਾਲ ਭਾਰਤ ਦੇ ਨਾਂਅ ਹੋਈ। ਰੋਹਿਤ ਸ਼ਰਮਾ ਦੀ ਕਪਤਾਨੀ ਵਾਲੀ ਟੀਮ ਇੰਡੀਆ ਕੰਗਾਰੂਆਂ ਤੋਂ ਲਗਾਤਾਰ ਚਾਰ ਟੈਸਟ ਸੀਰੀਜ਼ ਜਿੱਤਣ ਵਾਲੀ ਏਸ਼ੀਆ ਦੀ ਪਹਿਲੀ ਟੀਮ ਬਣੀ ਹੈ। ਅਜਿਹਾ ਨਹੀਂ ਨਹੀਂ, ਭਾਰਤ ਨੇ ਲਗਾਤਾਰ ਛੇਵੀਂ ਵਾਰ ਘਰ 'ਚ ਬਾਰਡਰ-ਗਾਵਸਕਰ ਟ੍ਰਾਫੀ ਆਪਣੇ ਨਾਂਅ ਕੀਤੀ ਹੈ। ਇਸ ਤੋਂ ਪਹਿਲਾਂ ਟੀਮ ਇੰਡੀਆ ਨੂੰ 2004 'ਚ ਆਪਣੇ ਹੀ ਘਰ 'ਚ ਹਾਰ ਝੱਲਣੀ ਪਈ ਸੀ। ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ 'ਚ ਆਸਟ੍ਰੇਲੀਆ ਨੇ ਆਪਣੀ ਦੂਜੀ ਪਾਰੀ 175 ਦੌੜਾਂ 2 ਵਿਕਟਾਂ 'ਤੇ ਐਲਾਨ ਦਿੱਤੀ। ਇਸ ਮਗਰੋਂ ਨਤੀਜਾ ਨਾ ਨਿਕਲਦਿਆਂ ਦੇਖ ਕੇ ਦੋਵੇਂ ਕਪਤਾਨਾਂ ਨੇ ਇੱਕ ਘੰਟਾ ਪਹਿਲਾਂ ਹੀ ਆਪਸੀ ਸਹਿਮਤੀ ਨਾਲ ਮੈਚ ਸਮਾਪਤੀ ਦਾ ਐਲਾਨ ਕਰ ਦਿੱਤਾ।




### ਇਸ ਤਰ੍ਹਾਂ ਰਿਹਾ ਚਾਰ ਮੈਚਾਂ ਦੀ ਲੜੀ ਦਾ ਸਫ਼ਰ

ਪਹਿਲਾ ਮੈਚ ਜੋ 9 ਤੋਂ 11 ਫਰਵਰੀ ਤੱਕ ਹੋਇਆ ਭਾਰਤ ਨੇ ਪਾਰੀ ਅਤੇ 132 ਦੌੜਾਂ ਨਾਲ ਜਿੱਤਿਆ। ਦੂਜਾ ਮੈਚ 17 ਤੋਂ 19 ਫਰਵਰੀ ਤੱਕ ਹੋਇਆ ਜੋ ਭਾਰਤ ਨੇ 6 ਵਿਕਟਾਂ ਨਾਲ ਜਿੱਤਿਆ ਸੀ। ਤੀਜਾ ਮੈਚ 1 ਤੋਂ 3 ਮਾਰਚ ਤੱਕ ਆਸਟ੍ਰੇਲੀਆ ਨੇ 9 ਵਿਕਟਾਂ ਨਾਲ ਜਿੱਤਿਆ ਅਤੇ ਚੌਥਾ ਮੈਚ ਜੋ 9 ਤੋਂ 13 ਮਾਰਚ ਤੱਕ ਖੇਡਿਆ ਗਿਆ ਡਰਾਅ ਰਿਹਾ ਜਿਸਦੇ ਸਿੱਟੇ ਵਜੋਂ ਭਾਰਤ ਨੇ 2-1 ਨਾਲ ਲੜੀ ਜਿੱਤ ਲਈ।

### ਸੈਂਕੜੇ ਦੀ ਖ਼ੁਸ਼ੀ 'ਚ ਕੋਹਲੀ ਨੇ ਚੁੰਮੀ ਸ਼ਗਨ ਵਾਲੀ ਚੈਨੀ

ਲੰਬੇ ਸਮੇਂ ਤੋਂ ਟੈਸਟ ਮੈਚਾਂ 'ਚ ਸੈਂਕੜਾ ਦਾ ਸੋਕਾ ਝੱਲ ਰਹੇ ਵਿਰਾਟ ਕੋਹਲੀ ਨੇ ਸੀਰੀਜ ਦੇ ਆਖਰੀ ਮੈਚ 'ਚ ਇਹ ਸੋਕਾ ਵੀ ਖਤਮ ਕਰ ਦਿੱਤਾ। ਕੋਹਲੀ ਨੇ 1205 ਦਿਨਾਂ ਬਾਅਦ ਟੈਸਟ ਮੈਚਾਂ 'ਚ ਸੈਂਕੜਾ ਬਣਾਇਆ। ਸੈਂਕੜਾ ਪੂਰਾ ਹੁੰਦਿਆਂ ਹੀ ਕੋਹਲੀ ਨੇ ਆਪਣੇ ਸ਼ਗਨ (ਇੰਗੇਜਮੈਂਟ) ਵਾਲੀ ਚੈਨੀ ਨੂੰ ਚੁੰਮਿਆ। ਇਸ ਮੈਚ 'ਚ ਬਿਮਾਰ ਹੋਣ ਦੇ ਬਾਵਜੂਦ ਕੋਹਲੀ ਨੇ 520 ਮਿੰਟ ਮੈਦਾਨ 'ਚ ਖੇਡਦਿਆਂ 186 ਦੌੜਾਂ ਬਣਾਈਆਂ।

## ਸਪਿੰਨਰ 'ਫਰੈਂਡਲੀ' ਪਿੱਚਾਂ ਨਿਭਾਉਂਦੀਆਂ ਨੇ ਭਾਰਤੀ ਖਿਡਾਰੀਆਂ ਨਾਲ 'ਯਾਰੀ'

ਇੰਦੌਰ 'ਚ ਪਿਛਲੇ ਦਿਨੀਂ ਹੋਏ ਭਾਰਤ ਤੇ ਆਸਟ੍ਰੇਲੀਆ ਦੇ ਟੈਸਟ ਮੈਚ 'ਚ ਭਾਰਤੀ ਟੀਮ ਸਵਾ ਦੋ ਦਿਨਾਂ 'ਚ ਹੀ ਮੈਚ ਹਾਰ ਗਈ। ਟੈਸਟ ਮੈਚ ਸਵਾ ਦੋ ਦਿਨ 'ਚ ਹੀ ਖਤਮ ਹੋਣ ਤੋਂ ਬਾਅਦ ਆਈਸੀਸੀ ਨੇ ਇੰਦੌਰ ਸਟੇਡੀਅਮ ਦੀ ਪਿੱਚ ਨੂੰ 'ਖਰਾਬ ਰੇਟਿੰਗ' ਦੇ ਦਿੱਤੀ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਸੀ ਸਗੋਂ ਪਿਛਲੇ ਸਾਲਾਂ 'ਚ ਜਿੰਨੇ ਵੀ ਟੈਸਟ ਮੈਚ ਹੋਏ, ਉਨ੍ਹਾਂ 'ਚੋਂ ਜ਼ਿਆਦਾਤਰ ਮੈਚ ਇਹੋ ਜਿਹੀਆਂ ਖਰਾਬ ਪਿੱਚਾਂ 'ਤੇ ਹੋਏ। ਮਸਲਾ ਇਹ ਹੈ ਕਿ ਜਦੋਂ ਅਜਿਹੀਆਂ ਪਿੱਚਾਂ ਖਿਡਾਰੀਆਂ ਨੂੰ ਸਹਾਈ ਨਹੀਂ ਹੁੰਦੀਆਂ ਫਿਰ ਬਣਵਾਈਆਂ ਹੀ ਕਿਉਂ ਜਾਂਦੀਆਂ ਹਨ। ਅਜਿਹੀਆਂ ਪਿੱਚਾਂ 'ਤੇ ਭਾਰਤੀ ਟੀਮ ਦੇ ਹਾਰਨ ਦੇ ਦੋ ਮੁੱਖ ਕਾਰਨਾਂ 'ਤੇ ਗੌਰ ਕਰਦੇ ਹਾਂ :

1. ਟਾਸ ਦੀ ਅਹਿਮੀਅਤ ਖਤਮ ਕਰਨਾ : ਭਾਰਤ ਦੀਆਂ ਪੁਰਾਣੀਆਂ ਪਿੱਚਾਂ ਪਹਿਲੇ ਦੋ ਦਿਨ ਬੱਲੇਬਾਜ਼ੀ ਲਈ ਸਵਰਗ ਹੁੰਦੀਆਂ ਹਨ। ਤੀਜੇ ਦਿਨ ਤੋਂ ਗੇਂਦ ਟਰਨ ਲੈਣਾ ਸ਼ੁਰੂ ਕਰਦੀ ਹੈ ਅਤੇ ਚੌਥੇ ਤੇ ਪੰਜਵੇਂ ਦਿਨ ਤੋਂ ਉਹ ਸਪਿੰਨਰਾਂ ਲਈ ਸਵਰਗ ਹੁੰਦੀਆਂ ਹਨ। ਤਕੜੀਆਂ ਟੀਮਾਂ ਦੇ ਖਿਲਾਫ ਅਜਿਹੀਆਂ ਪਿੱਚਾਂ 'ਤੇ ਵੱਡਾ ਖਤਰਾ ਭਾਰਤੀ ਟੀਮ ਜੋ ਝੱਲ ਰਹੀ ਸੀ, ਉਹ ਸੀ ਟਾਸ ਹਾਰਨ ਦਾ। ਟਾਸ ਹਾਰਨ ਦੀ ਸਥਿਤੀ 'ਚ ਸਾਹਮਣੇ ਵਾਲੀ ਟੀਮ ਪਹਿਲਾਂ ਬੱਲੇਬਾਜ਼ੀ ਕਰਦਿਆਂ 500-600 ਦੌੜਾਂ ਦਾ ਸਕੋਰ ਬਣਾ ਦਿੰਦੀ ਸੀ ਤਾਂ ਫਿਰ ਬਾਅਦ 'ਚ ਭਾਰਤ ਦੀ ਵਾਪਸੀ ਮੁਸ਼ਕਿਲ ਹੋ ਜਾਂਦੀ ਸੀ। ਅਜਿਹੇ ਖਤਰੇ ਝੱਲਣ ਤੋਂ ਬਾਅਦ ਭਾਰਤ ਨੇ ਅਜਿਹੀਆਂ ਪਿੱਚਾਂ ਬਣਵਾਈਆਂ, ਜਿਨ੍ਹਾਂ 'ਤੇ ਪਹਿਲੇ ਦਿਨ ਤੋਂ ਹੀ ਟਰਨ ਮਿਲਦਾ ਹੈ। ਇਸਦਾ ਨਤੀਜ਼ਾ ਇਹ ਨਿੱਕਲਿਆ ਕਿ ਭਾਰਤ ਦੀ ਜਿੱਤ ਦਾ ਰਾਹ ਖੁੱਲ ਗਿਆ।

2. ਡਬਲਿਊਟੀਸੀ ਪੁਆਇੰਟ ਹਾਸਿਲ ਕਰਨ ਦਾ ਦਬਾਅ : ਜਦੋਂ ਤੋਂ ਵਰਲਡ ਟੈਸਟ ਚੈਂਪੀਅਨਸ਼ਿਪ (ਡਬਲਿਊਟੀਸੀ) ਦੀ ਸ਼ੁਰੂਆਤ ਹੋਈ ਹੈ, ਉਦੋਂ ਤੋਂ ਹਰ ਟੀਮ ਨੂੰ ਦੋ ਸਾਲ ਦੇ ਟਾਈਮ 'ਚ ਤਿੰਨ ਟੈਸਟ ਸੀਰੀਜ਼ ਆਪਣੇ ਘਰ 'ਚ ਅਤੇ ਤਿੰਨ ਬਾਹਰ ਖੇਡਣੀਆਂ ਹੁੰਦੀਆਂ ਹਨ। ਪਹਿਲੀ ਵਰਲਡ ਟੈਸਟ ਚੈਂਪੀਅਨਸ਼ਿਪ (2019-21)'ਚ ਭਾਰਤ ਨੇ ਆਪਣੀ ਆਖਰੀ ਸੀਰੀਜ਼ ਇੰਗਲੈਂਡ ਦੇ ਖਿਲਾਫ ਆਪਣੇ ਹੀ ਘਰ 'ਚ ਖੇਡਣੀ ਸੀ।

ਫਾਈਨਲ 'ਚ ਪੁੱਜਣ ਲਈ ਭਾਰਤ ਨੂੰ 4 'ਚੋਂ ਤਿੰਨ ਟੈਸਟ ਮੈਚ ਜਿੱਤਣੇ ਲਾਜ਼ਮੀ ਸੀ। ਪਹਿਲੇ ਮੁਕਾਬਲੇ 'ਚ ਹਾਰ ਤੋਂ ਬਾਅਦ ਭਾਰਤ ਦੇ ਉੱਪਰ ਸਾਰੇ ਮੈਚ ਜਿੱਤਣ ਦਾ ਦਬਾਅ ਸੀ। ਫਿਰ ਅਜਿਹੀਆਂ ਪਿੱਚਾਂ ਬਣਾਈਆਂ ਗਈਆਂ ਜਿਨ੍ਹਾਂ 'ਤੇ ਭਾਰਤ ਦੀ ਜਿੱਤ ਦੀ ਸੰਭਾਵਨਾ ਜ਼ਿਆਦਾ ਰਹੇ।



### ਪਿੱਚ ਬਾਰੇ ਕੀ ਹਨ ਆਈਸੀਸੀ ਨਿਯਮ

ਆਈਸੀਸੀ ਕਿਸੇ ਵੀ ਦੋ ਟੀਮਾਂ ਦੀ ਸੀਰੀਜ਼ 'ਚ ਮੇਜ਼ਬਾਨ ਟੀਮ ਨੂੰ ਆਪਣੇ ਮੁਤਾਬਿਕ ਪਿੱਚਾਂ ਤਿਆਰ ਕਰਨ ਦੀ ਛੋਟ ਦਿੰਦੀ ਹੈ। ਦੁਨੀਆਂ ਭਰ ਦੀਆਂ ਸਾਰੀਆਂ ਟੀਮਾਂ 146 ਸਾਲ ਤੋਂ ਅਜਿਹਾ ਹੀ ਕਰ ਰਹੀਆਂ ਹਨ। ਇਸ ਲਈ ਭਾਰਤੀ ਟੀਮ ਮੈਨੇਜਮੈਂਟ ਦਾ ਸਪਿੰਨ ਟ੍ਰੈਕ ਬਣਵਾਉਣਾ ਨਿਯਮਾਂ ਦੀ ਉਲੰਘਣਾ ਨਹੀਂ।

### ਗੇਂਦਬਾਜ਼ਾਂ ਲਈ ਸਹਾਈ ਪਿੱਚਾਂ 'ਤੇ ਬੱਲੇਬਾਜ਼ ਦੌੜਾਂ ਬਣਾਉਣਾ ਭੁੱਲੇ

ਸਪਿੰਨਰਾਂ ਨੂੰ ਮੱਦਦ ਵਾਲੀਆਂ ਪਿੱਚਾਂ 'ਤੇ ਬੱਲੇਬਾਜ਼ਾਂ ਨੂੰ ਦੌੜਾਂ ਬਣਾਉਣ ਲਈ ਜੂਝਣਾ ਪੈਂਦਾ ਹੈ। 1 ਜਨਵਰੀ 2021 ਤੋਂ ਹੁਣ ਤੱਕ ਰਿਸ਼ਭ ਪੰਤ ਤੋਂ ਇਲਾਵਾ ਕੋਈ ਵੀ ਭਾਰਤੀ ਬੱਲੇਬਾਜ਼ ਟੈਸਟ ਕ੍ਰਿਕਟ 'ਚ ਭਾਰਤੀ ਪਿੱਚਾਂ 'ਤੇ 50 ਤੋਂ ਉੱਪਰ ਦੀ ਔਸਤ ਨਾਲ ਦੌੜਾਂ ਨਹੀਂ ਬਣਾ ਸਕਿਆ।

### ਵਿਦੇਸ਼ਾਂ 'ਚ ਝੱਲਣੀ ਪੈਂਦੀ ਹੈ ਮੁਸ਼ਕਿਲ

ਜੇਕਰ ਭਾਰਤ 'ਚ ਵਿਦੇਸ਼ੀ ਬੱਲੇਬਾਜ਼ਾਂ ਨੂੰ ਫੇਲ੍ਹ ਕਰਨ ਲਈ ਫਰੈਂਡਲੀ ਟ੍ਰੈਕ ਬਣਵਾਉਂਦੇ ਹਨ ਤਾਂ ਵਿਦੇਸ਼ਾਂ 'ਚ ਫਰੈਂਡਲੀ ਟ੍ਰੈਕ ਮਿਲਦੇ ਹਨ। ਵਿਦੇਸ਼ੀ ਟੀਮਾਂ ਭਾਰਤ ਨਾਲ ਹਿਸਾਬ ਬਰਾਬਰ ਕਰਨ ਲਈ ਅਜਿਹਾ ਕਰਦੀਆਂ ਹਨ, ਇਸ ਨਾਲ ਜ਼ਿਆਦਾਤਰ ਭਾਰਤੀ ਬੱਲੇਬਾਜ਼ ਵਿਦੇਸ਼ 'ਚ ਵੀ ਸੰਘਰਸ਼ ਕਰਦੇ ਹਨ। ਭਾਰਤ ਦਾ ਬਚਾਅ ਇਸ ਕਰਕੇ ਹੋ ਜਾਂਦਾ ਹੈ ਕਿ ਭਾਰਤ ਕੋਲ ਪੇਸ ਅਤੇ ਸਪਿੰਨਰ ਦੋਵੇਂ ਤਰ੍ਹਾਂ ਦੇ ਗੇਂਦਬਾਜ਼ ਹਨ।

### ਕਿਵੇਂ ਬਣਦੀਆਂ ਹਨ ਸਪਿੰਨ ਫਰੈਂਡਲੀ ਪਿੱਚਾਂ

ਭਾਰਤ 'ਚ ਪਿੱਚ ਆਮ ਹੋਵੇਗੀ ਜਾਂ ਸਪਿੰਨ ਫਰੈਂਡਲੀ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਪਿੱਚ 'ਤੇ ਪਾਣੀ ਕਿੰਨਾ ਪਾਇਆ ਜਾਂਦਾ ਹੈ। ਸਪਿੰਨਰ ਫਰੈਂਡਲੀ ਪਿੱਚ ਬਣਾਉਣ ਲਈ ਆਮ ਤੌਰ 'ਤੇ 48 ਤੋਂ 72 ਘੰਟੇ ਪਹਿਲਾਂ (ਤਾਪਮਾਨ ਅਨੁਸਾਰ) ਪਾਣੀ ਪਾਉਣਾ ਬੰਦ ਕਰ ਦਿੱਤਾ ਜਾਂਦਾ ਹੈ। ਅਜਿਹਾ ਕਰਨ ਨਾਲ ਪਿੱਚ ਦੀ ਉੱਪਰਲੀ ਸਤ੍ਹਾ ਸੁੱਕ ਜਾਂਦੀ ਹੈ ਅਤੇ ਖੇਡ ਦੀ ਸ਼ੁਰੂਆਤ 'ਚ ਹੀ ਪਿੱਚ ਬਿਖਰਨ ਲੱਗਦੀ ਹੈ, ਜਿਸ ਨਾਲ ਸਪਿੰਨਰ ਹਾਵੀ ਹੋਣ ਲੱਗਦੇ ਹਨ।

## ਕ੍ਰਿਕੇਟ ਸੰਸਾਰ 'ਚ ਕਿਵੇਂ ਛਾਈ ਹਰਮਨਪ੍ਰੀਤ ਕੌਰ

### ਕੋਚ ਕਮਲਧੀਸ਼ ਸੋਢੀ ਨੇ ਪਛਾਣੀ ਸੀ ਸਮਰੱਥਾ

ਗੱਲ ਸਾਲ 2005 ਦੀ ਹੈ, ਮੋਗਾ ਵਿੱਚ ਫਿਰੋਜ਼ਪੁਰ ਰੋਡ 'ਤੇ ਗਿਆਨ ਜੋਤੀ ਸਕੂਲ ਦੇ ਸੰਸਥਾਪਕ ਕਮਲਧੀਸ਼ ਸੋਢੀ ਰੋਜ਼ ਵਾਂਗ ਸ਼ਹਿਰ ਦੇ ਗੁਰੂ ਨਾਨਕ ਕਾਲਜ ਵਿੱਚ ਸਵੇਰ ਦੀ ਸੈਰ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਕੁਝ ਸਾਥੀਆਂ ਦੇ ਨਾਲ ਗੱਲ ਕਰਦੇ ਹੋਏ ਦੇਰ ਹੋ ਗਈ। ਜਦ ਉਹ ਉਥੋਂ ਤੁਰਨ ਲੱਗੇ ਤਾਂ ਉਨ੍ਹਾਂ ਨੇ ਦੇਖਿਆ ਕਿ ਕਾਲਜ ਦੇ ਮੈਦਾਨ ਵਿੱਚ ਇਕ ਕੁੜੀ ਮੁੰਡਿਆਂ ਦੇ ਨਾਲ ਕ੍ਰਿਕਟ ਖੇਡ ਰਹੀ ਹੈ ਤੇ ਲੰਬੇ-ਲੰਬੇ ਛੱਕੇ ਮਾਰ ਰਹੀ ਹੈ। ਇਕ ਕੁੜੀ ਨੂੰ ਅਜਿਹੇ ਸ਼ਾਟ ਖੇਡਦੇ ਦੇਖ ਕੇ ਉਨ੍ਹਾਂ ਨੇ ਉਸ ਦਾ ਨਾਂ ਪੁੱਛਿਆ ਤਾਂ ਬੱਚੀ ਨੇ ਨਾਂ ਹਰਮਨਪ੍ਰੀਤ ਕੌਰ ਦੱਸਿਆ। ਕਮਲਧੀਸ਼ ਨੇ ਹਰਮਨ ਤੋਂ ਉਨ੍ਹਾਂ ਨੂੰ ਆਪਣੇ ਪਿਤਾ ਨੂੰ ਮਿਲਾਉਣ ਲਈ ਕਿਹਾ। ਉਹ ਹਰਮਨ ਦੇ ਨਾਲ ਪਿਤਾ ਸਰਦਾਰ ਹਰਮੰਦਰ ਸਿੰਘ ਭੁੱਲਰ ਦੇ ਕੋਲ ਪੁੱਜੇ ਤੇ ਬੇਨਤੀ ਕੀਤੀ ਕਿ ਉਹ ਹਰਮਨ ਨੂੰ ਕ੍ਰਿਕੇਟ ਖਿਡਾਰੀ ਬਣਾਉਣਾ ਚਾਹੁੰਦੇ ਹਨ। ਉਹ ਉਸ ਨੂੰ ਆਪਣੇ ਸਕੂਲ ਵਿੱਚ ਬਿਨਾਂ ਫੀਸ ਦੇ ਪੜ੍ਹਾਈ ਦੇ ਨਾਲ ਕ੍ਰਿਕਟ ਦੀ ਕੋਚਿੰਗ ਵੀ ਦੇਣਗੇ। ਪਿਤਾ ਦੀ ਸਹਿਮਤੀ ਤੋਂ ਬਾਅਦ ਕਮਲਧੀਸ਼ ਨੇ ਹਰਮਨਪ੍ਰੀਤ ਨੂੰ ਆਪਣੇ ਸਕੂਲ ਵਿੱਚ ਦਾਖਲਾ ਦੇ ਦਿੱਤਾ। ਬਸ ਇੱਥੋਂ ਹਰਮਨਪ੍ਰੀਤ ਨੇ ਆਪਣੇ ਭਵਿੱਖ ਨੂੰ ਨਵਾਂ ਰਾਹ ਦੇਣਾ ਸ਼ੁਰੂ ਕਰ ਦਿੱਤਾ। ਗਿਆਨ ਜੋਤੀ ਸਕੂਲ ਦੀ ਕ੍ਰਿਕਟ ਅਕੈਡਮੀ ਵਿੱਚ ਹਰਮਨ ਨੇ ਕ੍ਰਿਕਟ ਦੀਆਂ ਬਰੀਕੀਆਂ ਸਿੱਖੀਆਂ। ਇੱਤਫ਼ਾਕ ਨਾਲ ਉਸ ਸਮੇਂ ਤਕ ਗਿਆਨ ਜੋਤੀ ਸਕੂਲ ਦੀ ਕ੍ਰਿਕਟ ਅਕੈਡਮੀ ਨੂੰ ਪੰਜਾਬ ਕ੍ਰਿਕਟ ਸੰਘ ਦੀ ਮਾਨਤਾ ਨਾ ਹੋਣ ਕਾਰਨ ਹਰਮਨ ਨੂੰ ਮੋਗਾ ਤੋਂ ਜਲੰਧਰ ਦੇ ਹੰਸਰਾਜ ਮਹਾ ਵਿਦਿਆਲਿਆ ਵਿੱਚ ਸ਼ਿਫਟ ਹੋਣਾ ਪਿਆ। ਉਥੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਅਧਿਕਾਰਕ ਅਕੈਡਮੀ ਚੱਲਦੀ ਸੀ। ਇੱਥੋਂ ਹਰਮਨ ਦੀ ਰਾਸ਼ਟਰੀ ਕ੍ਰਿਕਟ ਵਿੱਚ ਸ਼ੁਰੂਆਤ ਹੋਈ।




ਡਬਲਯੂਪੀਐੱਲ ਵਿੱਚ ਮੁੰਬਈ ਇੰਡੀਅਨਜ਼ ਦੀ ਕਪਤਾਨ ਹਰਮਨਪ੍ਰੀਤ ਦੇ ਪਹਿਲੇ ਕੋਚ ਕਮਲਧੀਸ਼ ਦਾ ਕਹਿਣਾ ਹੈ ਕਿ ਸਕੂਲ ਵਿੱਚ ਕੋਚਿੰਗ ਦੌਰਾਨ ਜਿਸ ਜਜ਼ਬੇ ਨਾਲ ਹਰਮਨ ਨੇ ਕ੍ਰਿਕਟ ਦੀਆਂ ਬਰੀਕੀਆਂ ਸਿੱਖੀਆਂ ਤਦ ਹੀ ਤੈਅ ਹੋ ਗਿਆ ਸੀ ਕਿ ਉਹ ਇਕ ਦਿਨ ਭਾਰਤੀ ਕ੍ਰਿਕਟ ਟੀਮ ਦਾ ਹਿੱਸਾ ਹੋਵੇਗੀ। ਹਰਮਨ ਦੇ ਅੰਦਰ ਕਮਾਲ ਦਾ ਜਜ਼ਬਾ ਹੈ। ਉਸ ਨੇ ਕਦੀ ਹਾਰਨਾ ਨਹੀਂ ਸਿੱਖਿਆ, ਉਸ ਨੂੰ ਬਹੁਤ ਜ਼ਿਆਦਾ ਦੱਸਣ ਦੀ ਵੀ ਲੋੜ ਨਹੀਂ ਪਈ। ਇਹੀ ਕਾਰਨ ਹੈ ਕਿ ਭਾਰਤੀ ਟੀਮ ਤੇ ਮਹਿਲਾ ਪ੍ਰੀਮੀਅਰ ਲੀਗ ਵਿੱਚ ਉਸ ਦੀ ਖੇਡ ਯੋਗਤਾ ਦਾ ਸਨਮਾਨ ਹੋਇਆ ਹੈ।

ਪਿਤਾ ਹਰਮੰਦਿਰ ਸਿੰਘ ਦੱਸਦੇ ਹਨ ਕਿ ਹਰਮਨ ਨੂੰ ਬਚਪਨ ਤੋਂ ਹੀ ਕ੍ਰਿਕਟ ਦਾ ਸ਼ੌਕ ਸੀ। ਮੁਸ਼ਕਲ ਇਹ ਸੀ ਕਿ ਉਸ ਸਮੇਂ ਮੋਗਾ ਵਿੱਚ ਕੁੜੀਆਂ ਕ੍ਰਿਕਟ ਨਹੀਂ ਖੇਡਦੀਆਂ ਸਨ, ਇਸ ਲਈ ਹਰਮਨ ਮੁੰਡਿਆਂ ਦੇ ਨਾਲ ਹੀ ਕ੍ਰਿਕਟ ਖੇਡਦੀ ਸੀ। ਉਹ ਖ਼ੁਦ ਵੀ ਕ੍ਰਿਕਟਰ ਰਹਿ ਚੁੱਕੇ ਹਨ ਇਸ ਲਈ ਧੀ ਦੀ ਯੋਗਤਾ ਨੂੰ ਦੇਖ ਕੇ ਉਨ੍ਹਾਂ ਨੇ ਕਦੀ ਉਸ ਨੂੰ ਰੋਕਿਆ ਨਹੀਂ।

ਹਰਮਨਪ੍ਰੀਤ ਕੌਰ ਦੀਆਂ ਪ੍ਰਾਪਤੀਆਂ

-2016 ਵਿੱਚ ਬਿਗ ਬੈਸ਼ ਲੀਗ ਵਿੱਚ ਖੇਡਣ ਵਾਲੀ ਪਹਿਲੀ ਕ੍ਰਿਕਟਰ ਬਣੀ

-2017 ਵਿੱਚ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ।

2018 ਵਿੱਚ ਔਰਤਾਂ ਟੀ-20 ਵਿੱਚ ਸੈਂਕੜਾ ਲਾਉਣ ਵਾਲੀ ਪਹਿਲੀ ਖਿਡਾਰੀ ਬਣੀ।

-2020 ਵਿੱਚ 'ਫੈਮੀਨਾ' ਮੈਗਜ਼ੀਨ ਦੇ ਕਵਰ ਪੇਜ 'ਤੇ ਥਾਂ ਦਿੱਤੀ ਗਈ



## ਪੰਜਾਬ ਦੀ ਬੇਰੁਜ਼ਗਾਰ ਜਵਾਨੀ ਦਾ

ਹੁਣ ਗੱਲ ਕਰੀਏ ਉਨ੍ਹਾਂ ਵਿਭਾਗਾਂ ਦੀ ਜਿੱਥੇ ਸਭ ਤੋਂ ਵੱਧ ਭਰਤੀ ਹੁੰਦੀ ਹੈ ਜਿਵੇਂ ਕਿ ਸਿੱਖਿਆ ਵਿਭਾਗ, ਸਕੂਲ ਆਫ ਐਮੀਨੈਂਸ ਅਤੇ ਪ੍ਰਿੰਸੀਪਲਾਂ ਦਾ ਮਿਸ਼ਨ ਸਿੰਗਾਪੁਰ, ਸਕੂਲਾਂ ਨੂੰ ਬਿਹਤਰੀਨ ਬਣਾਉਣ ਦਾ ਇਕ ਵਧੀਆ ਉਪਰਾਲਾ ਹੈ। ਪਰ ਜ਼ਮੀਨੀ ਪੱਧਰ ’ਤੇ ਹਕੀਕਤਾਂ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਵੇ। ਪ੍ਰਾਇਮਰੀ ਪੱਧਰ ’ਤੇ ਪੇਂਡੂ ਖੇਤਰਾਂ ਵਿੱਚ ਅਧਿਆਪਕਾਂ ਦੀ ਘਾਟ ਨਵੀਂ ਭਰਤੀ ਕਰਕੇ ਪੂਰੀ ਕੀਤੀ ਜਾਵੇ। ਇਸ ਤੋਂ ਬਿਨਾਂ ਉਚੇਰੀ ਸਿੱਖਿਆ ਦਾ ਹਾਲ ਕਿਸੇ ਤੋਂ ਲੁਕਿਆ ਹੋਇਆ ਨਹੀਂ। ਕੰਟਰੈਕਟ ਜਾਂ ਗੈਸਟ ਫੈਕਲਟੀ ਅਧਿਆਪਕਾਂ ਦੇ ਸਿਰ ’ਤੇ ਚੱਲ ਰਹੀ ਉਚੇਰੀ ਸਿੱਖਿਆ ਤਰਸਯੋਗ ਹਾਲਤ ਵਿੱਚ ਹੈ। ਤਕਰੀਬਨ ਦੋ ਦਹਾਕਿਆਂ ਤੋਂ ਇਸ ਵਿਭਾਗ ਵਿੱਚ ਕੋਈ ਨਵੀਂ ਭਰਤੀ ਹੋਈ ਹੀ ਨਹੀਂ। ਇਸ ਤੋਂ ਬਿਨਾਂ ਪੰਜਾਬੀ ਯੂਨੀਵਰਸਿਟੀ ਦੀ ਮਾਲੀ ਹਾਲਤ ਇੰਨੀ ਤਰਸਯੋਗ ਹੋ ਚੁੱਕੀ ਹੈ ਕਿ ਉਹ ਬੰਦ ਹੋਣ ਕੰਢੇ ਹੈ। ਗੈਸਟ ਫੈਕਲਟੀ ਅਧਿਆਪਕਾਂ ਦੇ ਸਿਰਾਂ ’ਤੇ ਚੱਲ ਰਹੇ ਕਾਲਜ ਅਤੇ ਯੂਨੀਵਰਸਿਟੀਆਂ ਉਚੇਰੀ ਸਿੱਖਿਆ ਦੀ ਕੀ ਉਦਾਹਰਨ ਪੇਸ਼ ਕਰਨਗੀਆਂ ?

ਬਾਕੀ ਸਾਰੀ ਕਸਰ ਨੌਕਰੀਆਂ ਨਾਲ ਸੰਬੰਧਿਤ ਪ੍ਰੀਖਿਆਵਾਂ ਦੀ ਦੇਰੀ ਕੱਢ ਦਿੰਦੀ ਹੈ। ਅਜਿਹੇ ਅਮਲ ਪੂਰੇ ਹੋਣ ਲਈ 2 ਤੋਂ 3 ਸਾਲ ਦਾ ਸਮਾਂ ਲੈ ਲੈਂਦੇ ਹਨ। ਪਿਛਲੇ ਸਾਲਾਂ ਵਿੱਚ ਲਟਕੀ ਪਟਵਾਰੀਆਂ ਦੀ ਪ੍ਰੀਖਿਆ, ਸਬ-ਇੰਸਪੈਕਟਰਾਂ ਦੀ ਪ੍ਰੀਖਿਆ, ਸਕੂਲ ਪ੍ਰਿੰਸੀਪਲਾਂ ਦੀ 2020 ਦਸੰਬਰ ਤੋਂ ਦੋ ਵਾਰ ਹੋਈ ਪ੍ਰੀਖਿਆ ਆਦਿ ਹਾਲੇ ਤੱਕ ਸਿਰੇ ਨਹੀਂ ਚੜ੍ਹੀਆਂ, ਇਹ ਸਭ ਚਰਚਾ ਦਾ ਵਿਸ਼ਾ ਹਨ। 6635 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਤਾਂ ਹਾਈ ਕੋਰਟ ਕੇਸਾਂ ਕਾਰਨ 3 ਸਾਲ ਬਾਅਦ ਪੂਰੀ ਹੋਈ। ਹੁਣੇ ਜਿਹੇ 4161 ਅਧਿਆਪਕਾਂ ਵਲੋਂ ਵੀ ਮੁੱਖ ਮੰਤਰੀ ਦੀ ਕੋਠੀ ਅੱਗੇ ਸਟੇਸ਼ਨ ਅਲਾਟ ਕਰਨ ਵਿੱਚ ਦੇਰੀ ਹੋਣ ’ਤੇ ਧਰਨਾ ਦਿੱਤਾ ਗਿਆ। ਇਹ ਦੇਰੀ ਪ੍ਰੀਖਿਆਰਥੀਆਂ ਦਾ ਮਨੋਬਲ ਡੇਗਣ ਦਾ ਕੰਮ ਕਰਦੀ ਹੈ। ਕਈ ਘਰਾਂ ਤੇ ਮਾਪਿਆਂ ਦੀਆਂ ਆਸਾਂ ਸਾਲਾਂ-ਬੱਧੀ ਰੁਲਦੀਆਂ ਰਹਿੰਦੀਆਂ ਹਨ। ਇਸ ਸੰਬੰਧੀ ਨਾ ਹੀ ਮੌਜੂਦਾ ਸਰਕਾਰਾਂ ਜਾਂ ਪ੍ਰੀਖਿਆਵਾਂ ਲੈਣ ਵਾਲੀਆਂ ਸੰਸਥਾਵਾਂ ਦੀ ਕੋਈ ਜਵਾਬਦੇਹੀ ਜਾਂ ਵਚਨਬੱਧਤਾ ਹੁੰਦੀ ਹੈ। ਇਵੇਂ ਹੀ ਰਾਜ ਵਿੱਚ ਲਈ ਜਾਣ ਵਾਲੀ ਪੰਜਾਬ ਸਿਵਲ ਸਰਵਿਸਿਜ਼ ਪ੍ਰੀਖਿਆ ਵੀ ਕਿਸੇ ਸਮੇਂ ਦੇ ਸ਼ਡਿਊਲ ਮੁਤਾਬਕ ਕਦੇ ਨਹੀਂ ਹੋਈ। ਕਦੇ ਦੋ ਸਾਲ ਬਾਅਦ ਜਾਂ ਤਿੰਨ ਸਾਲ ਬਾਅਦ ਸਰਕਾਰਾਂ ਦੀ ਮਰਜ਼ੀ ਮੁਤਾਬਕ ਹੁੰਦੀ ਹੈ। ਇਨ੍ਹਾਂ ਪ੍ਰੀਖਿਆਵਾਂ ਦੀਆਂ ਤਿਆਰੀਆਂ ਪ੍ਰੀਖਿਆਰਥੀ ਦਾ ਕਾਫ਼ੀ ਜ਼ਿਆਦਾ ਸਮਾਂ ਲੈ ਲੈਂਦੀਆਂ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਸਾਲਾਨਾ ਭਰਤੀ ਦੀ ਲੋੜ ਹਰ ਸਾਲ ਦੇ ਸ਼ੁਰੂ ਹੋਣ ’ਤੇ ਹੀ ਭਰਤੀ ਏਜੰਸੀਆਂ ਨੂੰ ਸੌਂਪ ਦੇਣ। ਇਸ ਸੰਬੰਧੀ ਸਰਕਾਰਾਂ ਅਤੇ ਪੰਜਾਬ ਪਬਲਿਕ ਸਰਵਿਸਿਜ਼ ਕਮਿਸ਼ਨ ਨੂੰ ਇਕ ਸਾਲਾਨਾ ਪ੍ਰੀਖਿਆਵਾਂ ਦਾ ਕੈਲੰਡਰ ਜਾਰੀ ਕਰਨਾ ਚਾਹੀਦਾ ਹੈ ਤਾਂ ਜੋ ਪ੍ਰੀਖਿਆਰਥੀ ਹਰ ਤਰ੍ਹਾਂ ਦੀ ਖੱਜਲ-ਖੁਆਰੀ ਤੋਂ ਬਚ ਸਕਣ। ਪੀ.ਐਸ.ਐਸ.ਐਸ.ਬੀ. ਦੁਆਰਾ ਅਤੇ ਕਿਸੇ ਵੀ ਏਜੰਸੀ ਦੁਆਰਾ ਲਏ ਜਾਂਦੇ ਪੇਪਰਾਂ ਵਾਸਤੇ ਉਨ੍ਹਾਂ ਦੀ ਜਵਾਬਦੇਹੀ ਯਕੀਨੀ ਬਣਾਈ ਜਾਵੇ। ਜਿਨ੍ਹਾਂ ਪ੍ਰੀਖਿਆਵਾਂ ਵਾਸਤੇ ਇੰਟਰਵਿਊ ਲਈ ਜਾਂਦੀ ਹੈ, ਉਨ੍ਹਾਂ ਦੀ ਪਾਰਦਰਸ਼ਤਾ ਵੀ ਯਕੀਨੀ ਬਣਾਈ ਜਾਵੇ ਕਿ ਕਿਤੇ ਕੋਈ ਪੈਸੇ ਵਾਲਾ ਜੁਗਾੜ ਤਾਂ ਨਹੀਂ ਲੱਗ ਰਿਹਾ। ਇਸ ਤੋਂ ਬਿਨਾਂ ਕੋਈ ਵੀ ਭਰਤੀ ਕੋਰਟ ਨਾ ਪਹੁੰਚੇ, ਇਸ ਲਈ ਵੀ ਸੰਬੰਧਿਤ ਏਜੰਸੀਆਂ ਸਰਕਾਰਾਂ ਤੋਂ ਸਭ ਕੁਝ ਪਹਿਲਾਂ ਹੀ ਸਪੱਸ਼ਟ ਕਰਵਾ ਲੈਣ।

ਇਸ ਤੋਂ ਬਿਨਾਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਸਰਕਾਰੀ ਵਿਭਾਗਾਂ ਦੀ ਤਰ੍ਹਾਂ ਹੀ ਪ੍ਰਾਈਵੇਟ ਸੈਕਟਰ ਵਿੱਚ ਬੇਰੁਜ਼ਗਾਰਾਂ ਦੀ ਯੋਗਤਾ ਦੀ ਹੁੰਦੀ ਲੁੱਟ-ਖਸੁੱਟ ਨੂੰ ਨੱਥ ਪਾਵੇ। ਕਈ ਵਾਰ ਬੀ.ਟੈੱਕ, ਐਮ.ਬੀ.ਏ., ਲਾਅ, ਪੀ.ਐਚ.ਡੀ. ਹੋਲਡਰ ਡਿਗਰੀਆਂ ਵਾਲੇ ਨੌਜਵਾਨ 5000 ਤੋਂ 8000 ਰੁਪਏ ’ਤੇ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਪ੍ਰਾਈਵੇਟ ਸੈਕਟਰ ਨੂੰ ਸਰਕਾਰਾਂ ਨੂੰ ਰੈਗੂਰੇਲਾਈਜ਼ ਕਰਨਾ ਚਾਹੀਦਾ ਹੈ। ਚੰਗੀਆਂ ਤਨਖਾਹਾਂ ਤੇ ਮਾਣ-ਭੱਤਿਆਂ ਨਾਲ ਹਰ ਪ੍ਰੀਖਿਆਰਥੀ ਨੂੰ ਯੋਗਤਾ ਅਧੀਨ ਨੌਕਰੀ ਮਿਲੇ ਕਿਉਂਕਿ ਆਪਣੀ ਯੋਗਤਾ ਅਨੁਸਾਰ ਰੁਜ਼ਗਾਰ ਨਾ ਮਿਲਣ ’ਤੇ ਉਹ ਕੰਮ ਵਿੱਚ ਇਕ ਤਰ੍ਹਾਂ ਨਾਲ ਅਯੋਗ ਹੀ ਸਾਬਿਤ ਹੁੰਦੇ ਹਨ। ਇਸ ਤੋਂ ਬਿਨਾਂ ਸਰਕਾਰ ਨੂੰ ਖੇਤੀ ਆਧਾਰਿਤ ਉਦਯੋਗਾਂ ਨੂੰ ਵੀ ਉਤਸ਼ਾਹ ਦੇਣਾ ਚਾਹੀਦਾ ਹੈ। ਸਕੂਲੀ ਸਿੱਖਿਆ ਵਿੱਚ ਵੋਕੇਸ਼ਨਲ ਵਰਗੇ ਵਿਸ਼ੇ ਸ਼ਾਮਿਲ ਕਰਕੇ ਸਕੂਲ ਪੱਧਰ ’ਤੇ ਹੀ ਨੌਜਵਾਨਾਂ ਨੂੰ ਆਜੀਵਿਕਾ ਕਮਾ ਸਕਣ ਦੀ ਟ੍ਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ। ਸੋ, ਸਮੇਂ ਸਿਰ, ਉਮਰ ਸਿਰ ਯੋਗਤਾ ਦੇ ਆਧਾਰ ’ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਸਮੇਂ ਦੀਆਂ ਸਰਕਾਰਾਂ ਦੀ ਪਹਿਲ ਹੋਣੀ ਚਾਹੀਦੀ ਹੈ।

***

## ਅਮਰੀਕਾ ਦਾ ਵੱਡਾ ਬੈਂਕ ‘ਸਿਲੀਕਾਨ ਵੈਲੀ ਬੈਂਕ’

ਅਤੇ ਟੈਕ ਕੰਪਨੀਆਂ ਦੇ ਮੁਲਾਜ਼ਮ ਪ੍ਰਭਾਵਿਤ ਹੋਣਗੇ।

ਅਮਰੀਕਾ ਵਿਚ ਸਿਲੀਕਾਨ ਵੈਲੀ ਬੈਂਕ ਦਾ ਬੰਦ ਹੋਣਾ ਸਾਲ 2008 ਦੀ ਆਰਥਿਕ ਮੰਦੀ ਦੇ ਦੌਰ ਤੋਂ ਬਾਅਦ ਦਾ ਸਭ ਤੋਂ ਵੱਡਾ ਬੈਂਕ ਫੇਲੀਅਰ ਹੈ। ਬੈਂਕਿੰਗ ਫਰਮ ਲੇਹਮਨ ਬ੍ਰਦਰਜ਼ ਕਾਰਣ ਸਾਲ 2008 ਵਿਚ ਅਮਰੀਕਾ ਨੂੰ ਸਭ ਤੋਂ ਵੱਡੇ ਬੈਂਕਿੰਗ ਕ੍ਰਾਈਸਿਸ ਵਿਚੋਂ ਲੰਘਣਾ ਪਿਆ ਸੀ। ਅਮਰੀਕਾ ਦੇ ਰੈਗੂਲੇਟਰਸ ਨੇ ਬੈਂਕ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ ਹੈ। ਬੈਂਕਿੰਗ ਰੈਗੂਲੇਟਰਸ ਦਾ ਕਹਿਣਾ ਹੈ ਕਿ ਸਿਲੀਕਾਨ ਵੈਲੀ ਬੈਂਕ ਕੋਲ ਲੋੜੀਂਦੀ ਮਾਤਰਾ

ਵਿਚ ਨਕਦੀ ਦਾ ਸੰਕਟ ਹੈ। ਨਾਲ ਹੀ ਅਮਰੀਕਾ ਵਿਚ ਉਬਚੇ ਵਿਆਜ ਕਾਰਣ ਉਸ ਨੂੰ ਫੰਡ ਜੁਟਾਉਣ ਵਿਚ ਵੀ ਦਿੱਕਤ ਆ ਰਹੀ ਹੈ। ਐੱਫ. ਡੀ. ਆਈ. ਸੀ. ਵਲੋਂ ਬੈਂਕ ਦੇ ਜਮ੍ਹਾਕਰਤਾਵਾਂ ਨੂੰ 2,50,000 ਡਾਲਰ ਤੱਕ ਦੀ ਰਾਸ਼ੀ ’ਤੇ ਬੀਮਾ ਸੁਰੱਖਿਆ ਮਿਲੇਗੀ।

****

## ਨਵਜੋਤ ਕੌਰ ਵਿਰਕ ਨੈਸ਼ਨਲ ਨਰਸਿੰਗ ਕੌਂਸਲ

ਅਤੇ ਐਡਮਿਸ਼ਨ ਲੀਡ ਅਤੇ ਸੀਨੀਅਰ ਲੈਕਚਰਾਰ ਸਮੇਤ ਕਈ ਅਕਾਦਮਿਕ ਨਰਸਿੰਗ ਭੂਮਿਕਾਵਾਂ ਨਿਭਾਈਆਂ ਹਨ।ਨਵਜੋਤ ਦਾ ਭਾਰਤ ਅਤੇ ਇੰਗਲੈਂਡ ਵਿੱਚ ਰਾਸ਼ਟਰੀ ਸਿਹਤ ਸੇਵਾ ਅਤੇ ਉੱਚ ਸਿੱਖਿਆ ਖੇਤਰ ਵਿੱਚ ਮਜ਼ਬੂਤ ਪੇਸ਼ੇਵਰ ਇਤਿਹਾਸ ਹੈ। ਉਹ ਵੱਖ-ਵੱਖ ਸਥਾਨਕ, ਖੇਤਰੀ ਅਤੇ ਰਾਸ਼ਟਰੀ ਪੇਸ਼ੇਵਰ ਸਮੂਹਾਂ ਦੀ ਮੈਂਬਰ ਹੈ ਅਤੇ ਸਿਹਤ ਪ੍ਰੋਤਸਾਹਨ, ਸੁਰੱਖਿਆ, ਬਾਲ ਮਾਨਸਿਕ ਸਿਹਤ ਅਤੇ ਭਾਸ਼ਣ ਅਤੇ ਭਾਸ਼ਾ ਵਿਕਾਸ ਦੇ ਖੇਤਰਾਂ ਵਿੱਚ ਰਾਸ਼ਟਰੀ ਭਰੋਸੇਯੋਗਤਾ ਰੱਖਦੀ ਹੈ। ਨਵਜੋਤ ਲੀਡਰਸ਼ਿਪ ਦੇ ਆਪਣੇ ਜਨੂੰਨ ਲਈ ਜਾਣੀ ਜਾਂਦੀ ਹੈ ਅਤੇ ਇੰਗਲੈਂਡ ਭਰ ਵਿੱਚ ਵੱਖ-ਵੱਖ ਸਿਹਤ ਪੇਸ਼ੇਵਰਾਂ ਨਾਲ ਕੰਮ ਅਤੇ ਕੋਚਿੰਗ ਕੀਤੀ ਹੈ। ਉਹ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਉਤਸ਼ਾਹਿਤ ਹੈ।ਆਪਣੇ ਪੂਰੇ ਸਮੇਂ ਦੇ ਕੰਮ ਦੇ ਨਾਲ-ਨਾਲ, ਨਵਜੋਤ ਆਪਣੇ ਸਥਾਨਕ ਸਿੱਖ ਗੁਰਦੁਆਰੇ ਡਰਬੀ ਵਿੱਚ ਵਲੰਟੀਅਰ, ਇੱਕ ਸੁਤੰਤਰ ਸਕੂਲ ਦੀ ਗਵਰਨਰ ਅਤੇ ਸਿੱਖ ਧਰਮ ਮੁਕਤ ਸਕੂਲ ਲਈ ਫਾਊਂਡੇਸ਼ਨ ਮੈਂਬਰ ਅਤੇ ਡਰਬੀ ਸਿੰਘ ਸਭਾ ਗੁਰਦੁਆਰੇ ਲਈ ਨਿਯੁਕਤ ਮੈਰਿਜ ਰਜਿਸਟਰਾਰ ਵਜੋਂ ਸੇਵਾ ਨਿਵਾ ਰਹੀ ਹੈ।ਨਵਜੋਤ ਕੌਰ ਵਿਰਕ, ਕੌਂਸਲ ਐਸੋਸੀਏਟ ਨੇ ਕਿਹਾ ਕਿ ਮੈਂ ਇੱਕ ਰੈਗੂਲੇਟਰ ਦੇ ਤੌਰ ’ਤੇ ਇਸ ਦੇ ਪੂਰੇ ਦਾਇਰੇ ਨੂੰ ਸਮਝਣ ਲਈ ਕੌਂਸਲ ਨਾਲ ਜੁੜਨ ਦੇ ਇਸ ਦਿਲਚਸਪ ਮੌਕੇ ਲਈ ਸਨਮਾਨਿਤ ਹਾਂ। ਮੇਰੀਆਂ ਨਿੱਜੀ ਕਦਰਾਂ-ਕੀਮਤਾਂ ਨੈਸ਼ਨਲ ਕੌਂਸਲ ਆਫ ਨਰਸਿੰਗ ਦੇ ਅਗਾਂਹਵਧੂ ਸੋਚ ਵਾਲੇ ਰਵੱਈਏ ਨੂੰ ਚੰਗੀ ਤਰ੍ਹਾਂ ਸਮਝਦੀਆ ਹਨ ਜਦੋਂ ਕਿ ਜਨਤਾ ਦੀ ਸੇਵਾ ਕਰਨ ਅਤੇ ਇਸ ਦੇ ਰਜਿਸਟਰ ’ਤੇ ਪੇਸ਼ੇਵਰਾਂ ਦਾ ਸਮਰਥਨ ਕਰਨ ਲਈ ਨਿਰਪੱਖ, ਦਿਆਲੂ ਅਤੇ ਸਹਿਯੋਗੀ ਹੋਣਾ ਹੀ ਗੁਰੂ ਸਾਹਿਬਾਨਾਂ ਦਾ ਹੁਕਮ ਹੈ।

ਇਸ ਮੌਕੇ ਸਰ ਡੇਵਿਡ ਵਾਰਨ ਨੇ ਕਿਹਾ ਕਿ ਮੈਂ ਨਵਜੋਤ ਦਾ ਸਾਡੇ ਨਵੇਂ ਕੌਂਸਲ ਐਸੋਸੀਏਟਸ ਵਜੋਂ ਸਵਾਗਤ ਕਰਦਿਆਂ ਬਹੁਤ ਖੁਸ਼ ਹਾਂ। ਉਹਨਾਂ ਦਾ ਗਿਆਨ, ਅਨੁਭਵ ਅਤੇ ਦ੍ਰਿਸ਼ਟੀਕੋਣ ਸਾਡੀਆਂ ਚਰਚਾਵਾਂ ਅਤੇ ਫੈਸਲਿਆਂ ਦਾ ਸਮਰਥਨ ਕਰਨਗੇ, ਕਿਉਂਕਿ ਅਸੀਂ ਸੁਰੱਖਿਅਤ, ਪ੍ਰਭਾਵੀ ਅਤੇ ਦਿਆਲੂ ਦੇਖਭਾਲ ਨੂੰ ਬਰਕਰਾਰ ਰੱਖਣ ਲਈ ਕੰਮ ਕਰਦੇ ਹਾਂ ਜਿਸਦੀ ਲੋਕਾਂ ਨੂੰ ਉਮੀਦ ਕਰਨ ਦਾ ਅਧਿਕਾਰ ਹੈ।

****

## ਕਈ ਪੱਖਾਂ ਤੋਂ ਮਹੱਤਵਪੂਰਨ ਹੈ ‘ਆਪ’

ਅਸਲੀਅਤ ਵੱਖ- ਵੱਖ ਬੁੱਧੀਜੀਵੀ ਦਸਦੇ ਹਨ ਤਾਂ ਸਾਰੀ ਅਸਲੀਅਤ ਸਾਹਮਣੇ ਆ ਜਾਂਦੀ ਹੈ।

ਆਪ ਸਰਕਾਰ ਵੱਲੋਂ ਜੋ ਬਜਟ ਪੇਸ਼ ਕੀਤਾ ਗਿਆ, ਉਸ ਬਾਰੇ ਲੱਖਾਂ ਰੁਪਏ ਦੇ ਇਸ਼ਤਿਹਾਰ ਜਾਰੀ ਕਰਕੇ ਦਸਿਆ ਗਿਆ ਕਿ ਇਸ ਬਜਟ ਵਿੱਚ ਕੀ ਹੈ। ਇਸ਼ਤਿਹਾਰਾਂ ਦੀ ਅਤੇ ਅਖਬਾਰਾਂ ਦੀਆਂ ਸੁਰਖੀਆਂ ਦੀ ਜੁਗਲਬੰਦੀ ਵੇਖ ਕੇ ਬਹੁਤ ਹੈਰਾਨੀ ਹੁੰਦੀ ਹੈ। ਇਹੀ ਤਾਂ ਇਕ ਸੁਰਤਾ ਹੁੰਦੀ ਹੈ। ਇਥੋਂ ਤਕ ਕਿ ਅੰਗਰੇਜ਼ੀ ਅਖਬਾਰਾਂ ਵਿੱਚ ਕਿਹਾ ਗਿਆ ਕਿ ਇਸ ਬਜਟ ਵਿੱਚ ਖੇਤੀ ਨੂੰ ਹੁਲਾਰਾ ਦਿਤਾ ਗਿਆ ਹੈ ਅਤੇ ਖੇਤੀਬਾੜੀ ਦੇ ਬਜਟ ਵਿੱਚ 20 ਫੀਸਦੀ ਵਾਧਾ ਕੀਤਾ ਗਿਆ ਹੈ। ਇਸਦੇ ਨਾਲ ਹੀ ਇਸ ਬਜਟ ਵਿੱਚ ਪਿਛਲੇ ਸਾਲ ਨਾਲੋਂ ਸਿੱਖਿਆ ਖੇਤਰ ਵਿੱਚ 12 ਫੀਸਦੀ ਅਤੇ ਸਿਹਤ ਖੇਤਰ ਵਿੱਚ 11 ਫੀਸਦੀ ਦਾ ਵਾਧਾ ਕੀਤਾ ਗਿਆ ਹੈ।

ਇਸ ਬਜਟ ਵਿੱਚ ਪੰਜਾਬ ਦੀ ਆਪ ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਵਿਚੋਂ ਹਰ ਤਰਾਂ ਦੇ ਮਾਫੀਏ ਦਾ ਸਫਾਇਆ ਕੀਤਾ ਜਾਵੇਗਾ। ਕਿਸਾਨਾਂ ਦੇ ਮਿੱਤਰ ਭਰਤੀ ਕੀਤੇ ਜਾਣਗੇ, ਰੇਤਾ ਬਜਰੀ ਫੋਨ ’ਤੇ ਆਵੇਗਾ, ਇਹਨਾਂ ਇਕਸੁਰਤਾ ਨੂੰ ਵੇਖ ਕੇ ਘੋਖਣ ਪਰਖਣ ਵਾਲੇ ਬੁੱਧੀਜੀਵੀ ਹੈਰਾਨ ਹਨ। ਬੁੱਧੀਜੀਵੀਆਂ ਅਨੁਸਾਰ ਇਕ ਲੱਖ 96 ਕਰੋੜ ਦੇ ਬਜਟ ਵਿਚੋਂ 36 ਹਜ਼ਾਰ ਕਰੋੜ ਖੇਤੀ ਲਈ ਰੱਖੇ ਗਏ ਹਨ, ਜਿਸ ਵਿੱਚ ਬਾਗਵਾਨੀ, ਸਹਿਕਾਰਤਾ, ਮੱਛੀ ਪਾਲਣ ਕੋਆਪਰੇਟਿਵ ਆ ਜਾਂਦੇ ਹਨ।

ਬੁੱਧੀਜੀਵੀ ਕਹਿ ਰਹੇ ਹਨ ਕਿ ਖੇਤੀਬਾੜੀ ਲਈ 13 ਹਜਾਰ 888 ਕਰੋੜ ਦਾ ਬਜਟ ਰਖਿਆ ਗਿਆ ਹੈ, ਜਿਸ ਵਿਚੋਂ 9331 ਕਰੋੜ ਦੀ ਬਿਜਲੀ ਦੀ ਸਬਸਿਡੀ ਹੈ, ਜੋ ਪਹਿਲਾਂ ਹੀ ਦਿਤੀ ਜਾ ਰਹੀ ਹੈ। ਇਸ ਤਰਾਂ ਇਸ ਬਜਟ ਵਿਚੋਂ ਖੇਤੀਬਾੜੀ ਦੇ ਪੱਲੇ ਸਿਰਫ 4500 ਕਰੋੜ ਰੁਪਇਆ ਪਿਆ, ਜਿਸ ਬਾਰੇ ਇਹ ਵਿੱਤ ਮੰਤਰੀ ਨੇ ਕਿਹਾ ਹੈ ਕਿ 1000 ਕਰੋੜ ਰੁਪਏ ਨਾਲ ਤਜ਼ਰਬੇ ਅਤੇ ਖੋਜ ਕੰਮ ਕੀਤੇ ਜਾਣਗੇ। ਇਕ ਹਜ਼ਾਰ ਕਿਸਾਨ ਮਿੱਤਰ ਭਰਤੀ ਕਰਨ ਦੀ ਵੀ ਗਲ ਕੀਤੀ ਗਈ ਹੈ, ਇਹ ਕਿਸਾਨ ਮਿੱਤਰ ਕਿਸਾਨਾਂ ਨੂੰ ਸਲਾਹ ਦੇਣਗੇ। ਇਸ ਬਜਟ ਵਿਚੋਂ ਹੀ ਤਨਖਾਹਾਂ ਦਿਤੀਆਂ ਜਾਣਗੀਆਂ ਅਤੇ ਹਰ ਖਰਚੇ ਹੋਣਗੇ। ਇਸ 4500 ਕਰੋੜ ਵਿਚੋਂ 250 ਕਰੋੜ ਬਾਗਵਾਨੀ ਲਈ ਰਖਿਆ ਗਿਆ ਹੈ, ਇਸੇ ਤਰਾਂ ਇਸੇ ਵਿਚੋਂ 250 ਕਰੋੜ ਖੰਡ ਮਿਲਾਂ ਲਈ ਰਖਿਆ ਗਿਆ ਹੈ, ਭਾਵੇਂ ਕਿ ਧੂਰੀ ਦੀ ਖੰਡ ਮਿਲ ਬੰਦ ਹੋਣ ਆਸਾਰ ਬਣ ਗਏ ਹਨ। ਦੂਜੇ ਪਾਸੇ ਇਸ ਬਜਟ ਦੀ ਇਕ ਚੰਗੀ ਗੱਲ ਇਹ ਵੀ ਹੈ ਕਿ ਪੰਜਾਬ ਵਿੱਚ ਗੁਆਂਢੀ ਸੂਬਿਆਂ ਨਾਲੋਂ ਗੰਨੇ ਦਾ ਭਾਅ ਕਿਸਾਨਾਂ ਨੂੰ ਜਿਆਦਾ ਦਿਤਾ ਜਾ ਰਿਹਾ ਹੈ, ਜਿਸਦਾ ਫਾਇਦਾ ਕਿਸਾਨਾਂ ਨੂੰ ਹੋ ਰਿਹਾ ਹੈ। ਹਾਲ ਤਾਂ ਇਹ ਹੈ ਕਿ ਝੋਨੇ ਦੀ ਸਿੱਧੀ ਬਿਜਾਈ, ਪਰਾਲੀ, ਗੰਨੇ ਦੇ ਭਾਅ, ਮੂੰਗੀ ਦੀ ਐਮ ਐਸ ਪੀ ਵਾਸਤੇ ਸਾਰਾ ਕੁਝ ਇਸ ਖੇਤੀ ਬਜਟ ਵਿੱਚ ਹੀ ਹੈ। ਹੁਣ ਜੇ ਪੰਜਾਬ ਦੀ ਗਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਸਾਢੇ ਦਸ ਲੱਖ ਕਿਸਾਨ ਜ਼ਮੀਨ ’ਤੇ ਕੰਮ ਕਰ ਰਹੇ ਹਨ, 19 ਲੱਖ ਉਸ ’ਤੇ ਕਿਸਾਨੀ ਕੰਮ ਕਰ ਰਹੀ ਹੈ, ਸਾਢੇ ਸੋਲਾ ਲੱਖ ਖੇਤ ਮਜਦੂਰ ਕੰਮ ਕਰਦੇ ਹਨ, ਕੁਲ ਮਿਲਾ ਕੇ ਖੇਤੀ ਵਿੱਚ 36 ਫੀਸਦੀ ਵਰਕਫੋਰਸ ਹੈ। ਮੰਡੀਆਂ ਦੇ ਆੜ੍ਹਤੀਏ, ਮੁਨੀਮ, ਸਮਾਨ ਢੋਣ ਵਾਲੇ, ਝਾੜ ਲਗਾਉਣ ਵਾਲੇ , ਸਫਾਈ ਕਰਨ ਵਾਲੇ, ਮੰਡੀਆਂ ਦੇ ਹੋਰ ਖਰਚੇ ਇਸ ਤੋਂ ਬਾਹਰ ਹਨ।

ਹੁਣ ਹੈਰਾਨੀ ਇਸ ਗਲ ਦੀ ਹੋ ਰਹੀ ਹੈ ਕਿ 36 ਫੀਸਦੀ ਤੋਂ ਵੱਧ ਆਬਾਦੀ ਨੂੰ 2500 ਕਰੋੜ ਰੁਪਏ ਦਾ ਬਜਟ ਰਖਣਾ ਊਠ ਦੇ ਮੂੰਹ ਜੀਰੇ ਵਾਲੀ ਗਲ ਹੈ। ਇਹ ਉਹ ਕਿਸਾਨ ਮਜਦੂਰਾਂ ਲਈ ਬਜਟ ਹੈ, ਜਿਹਨਾਂ ਨੇ ਇਕ ਸਾਲ ਆਪਣੀ ਸੋਚ ਤੇ ਸੂਝ ਦਾ ਸਬੂਤ ਦਿੱਲੀ ਦੇ ਸਿੰਘੂ ਬਾਰਡਰ ’ਤੇ ਬੈਠ ਕੇ ਦਿਤਾ ਸੀ ਕਿ ਮੈਲੇ ਕੱਪੜਿਆਂ ਵਾਲੇ ਵੀ ਅੰਕੜਿਆਂ ਦੀ ਸੂਝ ਰਖਦੇ ਹਨ।

ਇਸ ਬਜਟ ਦੌਰਾਨ ਇਕ ਗਲ ਇਹ ਵੀ ਰਹੀ ਕਿ ਖੇਤੀ ਵਾਲਾ ਬਜਟ ਰੱਖਣ ਲਈ ਕੋਈ ਸਿਆਸੀ ਦਬਾਓ ਨਹੀਂ ਮੰਨਿਆ ਗਿਆ। ਇਸ ਬਜਟ ਵਿੱਚ 850 ਕਰੋੜ ਰੁਪਏ ਕੋਆਪਰੇਟਿਵ ਸੁਸਾਇਟੀਆਂ ਵਿੱਚ ਕਰਜੇ ਦੀ ਰਾਹਤ ਲਈ ਰਖਿਆ। ਇਸੇ ਤਰਾਂ ਮਾਰਕਫੈਡ ਨੂੰ ਮਜਬੂਤ ਕਰਨ ਬਾਰੇ ਉਪਰਾਲੇ ਕਰਨੇ ਚੰਗੀ ਗਲ ਮੰਨੀ ਜਾਂਦੀ ਹੈ।

ਬਜਟ ਵਿੱਚ ਪਾਮ ਆਇਲ ਅਤੇ ਸਰੋਂ ਦੇ ਤੇਲ ਲਈ ਮਾਰਕਫੈਡ ਨੂੰ ਉੱਚਾ ਚੁੱਕਣ ਦਾ ਯਤਨ ਕਰਨ ਬਾਰੇ ਕਿਹਾ ਗਿਆ ਹੈ। ਪੰਜਾਬ ਵਿੱਚ ਵਿਕ ਰਹੇ ਘਟੀਆ ਸਰੋਂ ਦੇ ਤੇਲ ਦਾ ਮਾਮਲਾ ਹਾਈਕੋਰਟ ਵਿੱਚ ਪਹੁੰਚ ਚੁਕਿਆ ਹੈ। ਕੁਝ ਸਮਾਂ ਪਹਿਲਾਂ ਸਰੋਂ ਦੇ ਘਟੀਆ ਤੇਲ ਦੀ ਵਿਕਰੀ ਬਾਰੇ ਪੰਜਾਬ ਦੇ ਇਕ ਫੂਡ ਕਮਿਸ਼ਨਰ ਨੇ ਕਿਹਾ ਸੀ ਕਿ ਜਿੰਨੇ ਮਰਜੀ ਕੇਸ ਕਰ ਲਓ ਮੇਰੇ ਤਾਂ ਪੈਸੇ ਬਣਦੇ ਹਨ। ਦੂਸਰੇ ਪਾਸੇ ਮਿਲਕਫੈਡ ਨੂੰ ਵੀ ਹੁਲਾਰਾ ਦੇਣ ਦਾ ਯਤਨ ਇਸ ਬਜਟ ਵਿੱਚ ਕੀਤਾ ਗਿਆ ਹੈ। ਜਦੋਂਕਿ ਪਿਛਲੀਆਂ ਸਰਕਾਰਾਂ ਮਿਲਕਫੈਡ ਨੂੰ ਬੰਦ ਕਰਨਾ ਚਾਹੁੰਦੀਆਂ ਸਨ।

ਜੇ ਹੁਣ ਸਿਹਤ ਮੰਤਰੀ ਦੀ ਗਲ ਕਰੀਏ ਤਾਂ ਉਸਨੇ ਬਜਟ ਸ਼ੈਸ਼ਨ ਵਿੱਚ ਬਹੁਤੇ ਦਮਗਜੇ ਨਹੀਂ ਮਾਰੇ, ਜ਼ਮੀਨੀ ਪੱਧਰ ਦੀ ਹਕੀਕਤ ਦਸੀ। ਇਸ ਮੌਕੇ ਪੰਜਾਬ ਵਿੱਚ ਸਿਹਤ ਸੇਵਾਵਾਂ ਦੇ ਬੁਰੇ ਹਾਲ ਨੂੰ ਮੰਤਰੀ ਨੇ ਮੰਨਿਆ। ਬਜਟ ਵਿੱਚ ਸਿਹਤ ਲਈ 47 ਸੋ 81 ਕਰੋੜ ਰੁਪਏ ਰੱਖੇ ਗਏ ਹਨ, ਜਿਸ ਨੂੰ ਪਿਛਲੇ ਸਾਲ ਨਾਲੋਂ 11 ਫੀਸਦੀ ਵੱਧ ਕਿਹਾ ਜਾ ਰਿਹਾ ਹੈ। ਇਸ ਵਿੱਚ ਇਕ ਹਜਾਰ 57 ਕਰੋੜ ਰੁਪਏ ਮੈਡੀਕਲ ਸਿਖਿਆ ਵਾਲੇ ਜੋੜ ਕੇ ਸਿਹਤ ਲਈ ਕੁਲ 58 ਸੌ ਕਰੋੜ ਸਿਹਤ ਲਈ ਬਣ ਜਾਂਦਾ ਹੈ। ਪਰ ਕਿੰਨਾ ਵਧੀਆ ਹੁੰਦਾ ਕਿ ਜੇ ਬਜਟ ਵਿੱਚ ਇਸ ਗਲ ਦਾ ਜ਼ਿਕਰ ਹੁੰਦਾ, ਕਿ ਸਾਡੇ ਪੰਜਾਬ ਵਿੱਚ 70 ਫੀਸਦੀ ਨੌਜਵਾਨ ਕੁੜੀਆਂ ਖੂਨ ਦੀ ਘਾਟ ਦਾ ਸ਼ਿਕਾਰ ਹਨ ਤੇ 58 ਫੀਸਦੀ ਮਾਵਾਂ ਅਜਿਹੀਆਂ ਹਨ ਜੋ ਖੂਨ ਦੀ ਘਾਟ ਦਾ ਸ਼ਿਕਾਰ ਹਨ। ਪੰਜਾਬ ਵਿੱਚ ਅਸੀਂ ਵੱਡੇ ਵੱਡੇ ਹਸਪਤਾਲ ਖੋਲ ਰਹੇ ਹਾਂ, ਕੈਂਸਰ ਦੇ ਹਸਪਤਾਲ ਖੋਲ ਰਹੇ ਹਾਂ, ਪਰ ਕੈਂਸਰ ਕਿਹੜੇ ਕਾਰਨਾਂ ਕਾਰਨ ਹੋ ਰਿਹਾ ਹੈ, ਉਹਨਾਂ ਕਾਰਨਾਂ ਨੂੰ ਨਹੀਂ ਲੱਭ ਰਹੇ। ਪੰਜਾਬ ਵਿੱਚ ਜਿਗਰ ਤੇ ਪਿੱਤੇ ਦੇ ਰੋਗ ਵੱਧ ਰਹੇ ਹਨ ਪਰ ਬਿਮਾਰੀ ਦੀ ਜੜ੍ਹ ਨੂੰ ਨਹੀਂ ਫੜਿਆ ਜਾ ਰਿਹਾ।

ਹੈਰਾਨੀ ਦੀ ਗਲ ਇਹ ਹੈ ਕਿ ਦਸ ਹਜਾਰ ਪੰਜ ਸੌ ਤੇਈ ਕਰੋੜ ਰੁਪਏ ਲਾਅ ਐਂਡ ਆਰਡਰ ਲਈ ਰਖੇ ਗਏ ਹਨ। ਬੁੱਧੀਜੀਵੀਆਂ ਅਨੁਸਾਰ 70ਵਿਆਂ ਦੇ ਸਮੇਂ ਲਾਅ ਐਂਡ ਆਰਡਰ ਦਾ ਬਜਟ ਘੱਟ ਸੀ ਤੇ ਸਿਹਤ ਤੇ ਸਿਖਿਆ ਦਾ ਜਿਆਦਾ ਸੀ ਪਰ ਹੁਣ ਲਾਅ ਐਂਡ ਆਰਡਰ ਦਾ ਬਜਟ ਦਸ ਹਜਾਰ ਪੰਜ ਸੌ ਤੇਈ ਕਰੋੜ ਰੁਪਏ ਰਖਿਆ ਗਿਆ ਹੈ।

ਜੇ ਹੁਣ ਸਿਖਿਆ ਖੇਤਰ ਦੀ ਗਲ ਕੀਤੀ ਜਾਵੇ ਤਾਂ ਸਿਖਿਆ ਖੇਤਰ ਲਈ ਇਸ ਬਜਟ ਵਿੱਚ 17 ਹਜਾਰ 72 ਕਰੋੜ ਰਖੇ ਗਏ ਹਨ, ਜਿਸ ਵਿਚੋਂ 900 ਕਰੋੜ ਤੋਂ ਕੁਝ ਵੱਧ ਪੰਜਾਬੀ ਯੂਨੀਵਰਸਿਟੀ ਨੂੰ ਮਿਲਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਵੀ ਸੀ ਪ੍ਰੋ. ਅਰਵਿੰਦ ਨੇ ਇਸ ’ਤੇ ਗੁੱਸਾ ਜਾਹਿਰ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਵਾਰ ਪੰਜਾਬੀ ਯੂਨੀਵਰਸਿਟੀ ਆ ਕੇ ਕਿਹਾ ਸੀ ਕਿ ਵਿਦਿਆ ਕਰਜ਼ੇ ਹੇਠ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤੇ ਜਾਂਦੇ ਖਰਚਿਆਂ ਨੂੰ ਘਟਾਉਣ ਬਾਰੇ ਕੋਈ ਗਲ ਨਹੀਂ ਕੀਤੀ ਗਈ।

ਸਿੱਖਿਆ ਬਜਟ ਵਿੱਚ 16 ਹਜਾਰ ਕਰੋੜ ਸਕੂਲੀ ਸਿਖਿਆ ਲਈ ਰਖੇ ਗਏ ਹਨ। ਪੰਜਾਬ ਵਿੱਚ ਸਾਢੇ 19 ਹਜ਼ਾਰ ਸਕੂਲ ਸਰਕਾਰੀ ਹਨ, ਜਿਹਨਾਂ ਵਿੱਚ 29 ਲੱਖ ਬੱਚੇ ਪੜ੍ਹਦੇ ਹਨ। ਇਸ ਤੋਂ ਇਲਾਵਾ 20 ਕਰੋੜ ਰੁਪਏ ਦੀ ਗ੍ਰਾਂਟ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸਿੰਘਾਪੁਰ ਭੇਜਣ ਬਾਰੇ ਰਖੀ ਗਈ ਹੈ। ਇਹ ਚੰਗੀ ਗਲ ਹੈ ਕਿ ਬਜਟ ਵਿੱਚ ਸਿਖਿਆ ’ਚ ਕੁਆਲਿਟੀ ਲਿਆਉਣ ਦੀ ਗਲ ਹੋਈ ਅਤੇ 100 ਫੀਸਦੀ ਨਤੀਜੇ ਲਿਆਉਣ ਦੀ ਗਲ ਹੋਈ। ਇਹ ਵੀ ਜ਼ਿਕਰਯੋਗ ਹੈ ਕਿ ਸਿਖਿਆ ਪਾਲਿਸੀ ਲਾਗੂ ਕਰਨ ਵਾਲਿਆਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਨਹੀਂ ਪੜਦੇ, ਨਾ ਹੀ ਸਿਖਿਆ ਪਾਲਿਸੀ ਘੜਨ ਵਾਲਿਆਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਅਜਿਹੇ ਹਾਲਾਤਾਂ ਵਿੱਚ ਫਿਰ 100 ਫੀਸਦੀ ਨਤੀਜਾ ਕਿਵੇਂ ਆਵੇਗਾ। ਪੰਜਾਬ ਸਰਕਾਰ ਨੂੰ ਦਿੱਲੀ ਦੇ ਸਕੂਲਾਂ ਨਾਲ ਮੁਕਾਬਲਾ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ।

ਕਿੰਨੀ ਹੈਰਾਨੀ ਦੀ ਗਲ ਹੈ ਕਿ ਅਸੀਂ ਇਕ ਪਾਸੇ ਖੁਸ਼ਹਾਲ ਤੇ ਤੰਦਰੁਸਤ ਹਾਂ, ਦੂਜੇ ਪਾਸੇ ਅਸੀਂ ਕਰਜ਼ੇ ਹੇਠਾਂ ਦਬੇ ਹਾਂ। ਹਾਲਾਤ ਇਹ ਹਨ ਕਿ ਤਿੰਨ ਲੱਖ ਸੰਤਾਲੀ ਹਜ਼ਾਰ ਕਰੋੜ ਕਰਜ਼ੇ ਨੂੰ ਇਸ ਸਾਲ ਦੇ ਅੰਤ ਤਕ ਛੂਹ ਜਾਣਾ ਹੈ, ਫਿਰ ਵੀ ਅਸੀਂ ਖੁਸ਼ਹਾਲ ਹਾਂ।

ਬਜਟ ਵਿੱਚ ਵੱਡੀ ਗੱਲ ਇਹ ਵੀ ਹੋਈ ਕਿ ਵਿੱਤ ਮੰਤਰੀ ਪੰਜਾਬ ਦੀਆਂ ਧੀਆਂ ਨੂੰ ਭੁੱਲ ਗਏ, ਜਿਹਨਾਂ ਬਾਰੇ ਕਿਹਾ ਸੀ ਕਿ 21 ਹਜ਼ਾਰ ਸ਼ਗਨ ਘੱਟ ਹੈ। ਇਹ ਸ਼ਗਨ 51 ਹਜ਼ਾਰ ਹੋਣਾ ਚਾਹੀਦਾ ਹੈ। ਪਿਛਲੇ 10 ਮਹੀਨੇ ਦਾ ਕੋਈ ਵੇਰਵਾ ਨਹੀਂ ਕਿ ਐਸ ਸੀ/ ਬੀ ਸੀ ਵਰਗ ਦੀਆਂ ਧੀਆਂ ਨੂੰ 51 ਹਜ਼ਾਰ ਰੁਪਏ ਸ਼ਗਨ ਦਿਤੇ ਗਏ ਹੋਣ।

ਪੰਜਾਬ ਸਰਕਾਰ ਇਸ਼ਤਿਹਾਰਾਂ ਦਾ ਚੰਗਾ ਤੇ ਸੋਹਣਾ ਕੰਮ ਕਰ ਰਹੀ ਹੈ। ਪਿਛਲੇ ਸਾਲ ਇਸ਼ਤਿਹਾਰਾਂ ਲਈ 750 ਕਰੋੜ ਰੁਪਇਆ ਰਖਿਆ ਸੀ ਪਰ ਇਸ ਵਾਰ ਬਜਟ ਵਿੱਚ ਇਸ਼ਤਿਹਾਰਾਂ ਲਈ ਰੁਪਇਆ ਨਹੀਂ ਰਖਿਆ। ਇਸ਼ਤਿਹਾਰ ਤਾਂ ਆਉਣਗੇ ਫਿਰ ਹੋਰਨਾਂ ਚੀਜ਼ਾਂ ਦੇ ਬਜਟ ਵਿੱਚ ਕਟੌਤੀ ਹੋਵੇਗੀ। ਹੁਣ ਇਸ਼ਤਿਹਾਰਾਂ ਦੀ ਰਕਮ ਵੀ ਕੀ ਕਰੇ ,30 ਕਰੋੜ ਦੇ ਕਲੀਨਿਕ ਨੇ ਤੇ 10 ਕਰੋੜ ਦੇ ਇਸ਼ਤਿਹਾਰ ਹਨ। ਪੂਰੇ ਪੇਜ਼ ਦੇ ਇਸ਼ਤਿਹਾਰ ਸਾਡਾ ਮੂੰਹ ਚਿੜਾਉਂਦੇ ਰਹਿੰਦੇ ਹਨ।

××*

## ਮੈਕਸੀਕੋ ਸਰਹੱਦ ’ਤੇ ਅਮਰੀਕਾ ’ਚ

ਭਾਵੇਂ ਉਹ ਦੇਸ਼ ਵਿੱਚ ਪੂਰੀ ਤਰ੍ਹਾਂ ਗੈਰ-ਕਾਨੂੰਨੀ ਢੰਗ ਨਾਲ ਆਇਆ ਹੋਵੇ। ਇਸ ਦੌਰਾਨ ਉਸ ’ਤੇ ਕੇਸ ਜਾਰੀ ਰਹੇਗਾ। ਜਦੋਂ ਤੱਕ ਕੇਸ ਚੱਲਦਾ ਹੈ, ਉਦੋਂ ਤੱਕ ਉਹ ਅਸਥਾਈ ਤੌਰ ’ਤੇ ਕੰਮ ਕਰਦਾ ਰਹੇਗਾ। ਹਾਲਾਂਕਿ, ਇਸਦੇ ਕਾਰਨ, ਬੈਕਲਾਗ ਕਾਫ਼ੀ ਵੱਧ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਵੱਡੀ ਗਿਣਤੀ ਵਿੱਚ ਭਾਰਤੀ ਖ਼ਾਸ ਕਰ ਕੇ ਪੰਜਾਬੀ ਨੌਜਵਾਨ ਵੀ ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ ਕਰਦੇ ਰਹੇ ਹਨ। ਉਹਨਾਂ ਨਾਲ ਵੀ ਅਜਿਹਾ ਵਿਵਹਾਰ ਕੀਤੇ ਜਾਣ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਕਈ ਵਾਰ ਨੌਜਵਾਨ ਹਾਦਸੇ ਦੇ ਸ਼ਿਕਾਰ ਵੀ ਹੋ ਜਾਂਦੇ ਹਨ।

***

## .ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਦੇ ਚੱਕਰ

ਪੁਲਿਸ ਮੁਤਾਬਕ ਪਿਛਲੇ ਦੋ ਸਾਲਾਂ ਤੋਂ ਗਿਰੋਹ ਸਰਗਰਮ ਸੀ।ਇਹ ਗਿਰੋਹ ਮੁਫ਼ਤ ਹਵਾਈ ਟਿਕਟ ਦਾ ਝਾਂਸਾ ਦੇ ਕੇ ਬੁਲਾਉਂਦੇ ਸਨ ਅਤੇ ਉੱਥੇ ਅਗਵਾ ਕਰ ਕੇ ਉਨ੍ਹਾਂ ਤੋਂ ਲੱਖ ਰੁਪਏ ਵਸੂਲਦੇ ਸਨ। ।ਇੰਡੋਨੇਸ਼ੀਆ ਵਿੱਚ ਸਰਗਰਮ ਗਿਰੋਹ ਦੇ ਮੁਖੀ ਪੰਜਾਬ ਦੇ ਦੁਆਬਾ ਖ਼ਿੱਤੇ ਨਾਲ ਸਬੰਧਿਤ ਹਨ।

‘ਅਸਲ ਵਿੱਚ ਇਹਨਾਂ ਦੋਹਾਂ ਦੇਸ਼ਾਂ ਵਿੱਚ ਵੀਜ਼ਾ ਆਨ ਅਰਾਇਵਲ ਦੀ ਸੁਵਿਧਾ ਹੈ ਅਤੇ ਦੂਜਾ ਇਹਨਾਂ ਦੇਸ਼ਾਂ ਦੀ ਸਸਤੀ ਏਅਰ ਟਿਕਟ ਹੈ। ਮੁਹਾਲੀ ਪੁਲਿਸ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਗਿਰੋਹ ਦੇ ਮੈਂਬਰਾਂ ਤੋਂ ਪਤਾ ਲੱਗਾ ਹੈ ਇਹ ਪਿਛਲੇ ਦੋ ਸਾਲਾਂ ਤੋਂ ਇਹ ਧੰਦਾ ਕਰ ਰਹੇ ਸਨ।ਮੁਹਾਲੀ ਪੁਲਿਸ ਮੁਤਾਬਕ ਇਸ ਗਿਰੋਹ ਨੇ ਪੇਂਡੂ ਇਲਾਕਿਆਂ ਦੇ ਨੌਜਵਾਨਾਂ ਨੂੰ ਜ਼ਿਆਦਾ ਝਾਂਸੇ ਵਿੱਚ ਲਿਆ ਹੈ। ਘੱਟ ਪੜ੍ਹੇ ਲਿਖੇ ਅਤੇ ਖੇਤੀਬਾੜੀ ਪਰਿਵਾਰਾਂ ਨਾਲ ਸਬੰਧਿਤ ਨੌਜਵਾਨ ਇਹਨਾਂ ਦੀ ਠੱਗੀ ਦਾ ਜ਼ਿਆਦਾ ਸ਼ਿਕਾਰ ਹੋਏ ਹਨ।

ਇਸ ਕੇਸ ਦੀ ਜਾਂਚ ਕਰ ਰਹੇ ਮੁਹਾਲੀ ਦੇ ਸੀਆਈਏ ਸਟਾਫ ਦੇ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਦੱਸਦੇ ਹਨ ਕਿ ਅਮਰੀਕਾ ਦੇ ਨਾਮ ਉਤੇ ਠੱਗੀ ਮਾਰਨ ਵਾਲੇ ਇਸ ਠੱਗੀ ਦੇ ਮਾਸਟਰ ਮਾਇੰਡ ਭਾਰਤੀ ਨਾਗਰਿਕ ਹਨ।ਗੁਰਸ਼ੇਰ ਸਿੰਘ ਸੰਧੂ ਮੁਤਾਬਕ ਇੰਡੋਨੇਸ਼ੀਆ ਵਿੱਚ ਮੌਜੂਦਾ ਸੰਨੀ ਕੁਮਾਰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸਲੇਰੀਆ ਖ਼ੁਰਦ ਦਾ ਰਹਿਣ ਵਾਲਾ ਹੈ ਅਤੇ ਦੂਜਾ ਸਿੰਘਾਪੁਰ ਵਿੱਚ ਮੌਜੂਦ ਜਸਵੀਰ ਸਿੰਘ ਸੰਜੇ ਹੈ ਜੋ ਕਿ ਜਲੰਧਰ ਜ਼ਿਲ੍ਹੇ ਨਾਲ ਸਬੰਧ ਰੱਖਦਾ ਹੈ।ਪੁਲਿਸ ਮੁਤਾਬਕ ਗਿਰੋਹ ਦੇ ਕੁਝ ਮੈਂਬਰ ਪੰਜਾਬ ਵਿੱਚ ਵੀ ਸਰਗਰਮ ਸਨ। ਮੁਹਾਲੀ ਪੁਲਿਸ ਨੇ ਗਿਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਇਹਨਾਂ ਵਿੱਚ ਸੰਨੀ ਕੁਮਾਰ ਦੀ ਪਤਨੀ ਅਤੇ ਪਿਤਾ ਵੀ ਸ਼ਾਮਲ ਹਨ। ਗਿਰੋਹ ਦੇ ਸਰਗਨਾ ਸਿੰਘਾਪੁਰ ਅਤੇ ਇੰਡੋਨੇਸ਼ੀਆ ਵਿੱਚ ਹਨ।

## ਚੋਣ ਸੁਧਾਰਾਂ ਲਈ ਇਕਮੱਤ ਹੋਣ ਸੁਪਰੀਮ ਕੋਰਟ

ਪਛਾਣ ਅਤੇ ਧਨ ਦੇ ਸਰੋਤ ਨੂੰ ਗੁਪਤ ਰੱਖਿਆ ਜਾਂਦਾ ਹੈ, ਇਸ ਲਈ ਪੂੰਜੀਪਤੀ ਆਰਾਮ ਨਾਲ ਆਪਣਾ ਕਾਲਾ ਧਨ ਇਸ ’ਚ ਲਗਾ ਕੇ ਇਛੁੱਕ ਰਾਜਨੀਤਕ ਦਲ ਨੂੰ ਖ਼ੁਸ਼ ਕਰਦੇ ਰਹਿ ਸਕਦੇ ਹਨ। ਭਾਵ ਚੋਣ ਬਾਂਡ ਨਾਲ ਚੋਣਾਂਵੀ ਫੰਡਿੰਗ ਦੇ ਵਿਗਾੜ ’ਚ ਵਾਧਾ ਹੀ ਹੋਇਆ ਹੈ।

ਚੋਣ ਸੁਧਾਰਾਂ ਲਈ ਯਤਨਸ਼ੀਲ ਸੰਗਠਨਾਂ ਅਤੇ ਪ੍ਰੋਫ਼ੈਸਰ ਜਗਦੀਪ ਛੋਕੜ ਜਿਹੇ ਮਾਹਰਾਂ ਦਾ ਇਹ ਵਿਚਾਰ ਰਿਹਾ ਹੈ ਕਿ ਜੇਕਰ ਵੋਟਰਾਂ ਲਈ ਉਮੀਦਵਾਰਾਂ ਦੇ ਪਿਛੋਕੜ ਅਤੇ ਵਰਤਮਾਨ ਬਾਰੇ ਵੀ ਸਾਰੀਆਂ ਸੂਚਨਾਵਾਂ ਉਪਲਬਧ ਹੋਣ ਤਾਂ ਉਹ ਆਪਣੀ ਪਸੰਦ ਦੇ ਉਮੀਦਵਾਰ ਦੀ ਚੰਗੀ ਤਰ੍ਹਾਂ ਸੋਚ ਪਰਖ ਕਰ ਕੇ ਉਸ ਨੂੰ ਚੋਣ ਜਿੱਤਾ ਸਕਦੇ ਹਨ। ਇਸੇ ਰਾਏ ਦੇ ਆਧਾਰ ’ਤੇ ਇਹ ਉਮੀਦ ਕੀਤੀ ਗਈ ਸੀ ਕਿ ਚੋਣ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਗਏ ਉਮੀਦਵਾਰਾਂ ਦੇ ਹਲਫ਼ਨਾਮਿਆਂ ਨਾਲ ਵੋਟਰਾਂ ਨੂੰ ਉਮੀਦਵਾਰਾਂ ਦੇ ਅਪਰਾਧਿਕ ਵਿਗਾੜ ਦੀ ਜਾਣਕਾਰੀ ਮਿਲ ਜਾਵੇਗੀ ਅਤੇ ਉਹ ਅਜਿਹੇ ਤੱਤਾਂ ਨੂੰ ਜਨ-ਪ੍ਰਤੀਨਿਧੀਤਵ ਦਾ ਸਹਾਰਾ ਲੈਣ ਤੋਂ ਰੋਕ ਸਕਣਗੇ। ਇਹ ਵੀ ਉਮੀਦ ਕੀਤੀ ਗਈ ਸੀ ਕਿ ਜਿਨ੍ਹਾਂ ਉਮੀਦਵਾਰਾਂ ਦੀ ਆਮਦਨ ਅਸੁਭਾਵਿਕ ਤੌਰ ’ਤੇ ਵਧ ਰਹੀ ਹੈ, ਉਹ ਵੀ ਜਨ-ਨਿਗਰਾਨੀ ਦੇ ਚਲਦਿਆਂ ਵੋਟਰਾਂ ਵੱਲੋਂ ਅਣਗੌਲੇ ਜਾਣਗੇ ਪਰ ਅਜੇ ਤੱਕ ਅਜਿਹੀ ਕੋਈ ਉਮੀਦ ਪੂਰੀ ਨਹੀਂ ਹੋ ਸਕੀ। ਕੋਈ ਵੀ ਉਮੀਦਵਾਰ ਇਸ ਲਈ ਚੋਣ ਹਾਰਦਾ ਨਹੀਂ ਦੇਖਿਆ ਗਿਆ ਕਿ ਉਸ ਦਾ ਅਪਰਾਧਿਕ ਪਿਛੋਕੜ ਰਿਹਾ ਹੈ ਜਾਂ ਉਸ ਦੇ ਉੱਪਰ ਸਰੋਤਾਂ ਤੋਂ ਵੱਧ ਆਮਦਨ ਦਾ ਸ਼ੱਕ ਹੈ। ਸੁਪਰੀਮ ਕੋਰਟ ਨੇ ਜਦੋਂ ਵੀ ਇਸ ਦਿਸ਼ਾ ’ਚ ਕੋਈ ਫ਼ੈਸਲਾ ਦੇ ਕੇ ਚੋਣ ਸੁਧਾਰਾਂ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਰਾਜਨੇਤਾਵਾਂ ਅਤੇ ਰਾਜਨੀਤਕ ਪਾਰਟੀਆਂ ਵਲੋਂ ਹਾਏ-ਤੋਬਾ ਮਚਾ ਕੇ ਉਨ੍ਹਾਂ ਕੋਸ਼ਿਸ਼ਾਂ ਨੂੰ ਉੱਥੇ ਹੀ ਰੋਕ ਦਿੱਤਾ ਗਿਆ ਹੈ।

ਵੋਟਰਾਂ ’ਤੇ ਜਾਤੀਗਤ ਅਤੇ ਭਾਈਚਾਰਕ ਪ੍ਰਭਾਵਾਂ ਦਾ ਮੁਕਾਬਲਾ ਕਰਨ ਲਈ ਸਾਬਕਾ ਉਪ ਰਾਸ਼ਟਰਪਤੀ ਕ੍ਰਿਸ਼ਨਕਾਂਤ ਨੇ ਵੀ ਇਕ ਸੁਝਾਅ ਦਿੱਤਾ ਸੀ। ਇਸ ਦੇ ਅਨੁਸਾਰ ਕਾਨੂੰਨ ’ਚ ਪਰਿਵਰਤਨ ਕਰ ਕੇ ਸਿਰਫ਼ ਉਸੇ ਉਮੀਦਵਾਰ ਨੂੰ ਜੇਤੂ ਐਲਾਨਣ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ, ਜਿਸ ਨੂੰ ਪੰਜਾਹ ਫ਼ੀਸਦੀ ਤੋਂ ਵੱਧ ਵੋਟਾਂ ਮਿਲੀਆਂ ਹੋਣ। ਜੇਕਰ ਕਿਸੇ ਵੀ ਉਮੀਦਵਾਰ ਨੂੰ ਐਨੀਆਂ ਵੋਟਾਂ ਨਹੀਂ ਮਿਲਦੀਆਂ ਹਨ ਤਾਂ ਚੋਣ ਰੱਦ ਕਰ ਕੇ ਸਭ ਤੋਂ ਜ਼ਿਆਦਾ ਵੋਟਾਂ ਹਾਸਲ ਕਰਨ ਵਾਲੇ ਦੋ ਉਮੀਦਵਾਰਾਂ ਵਿਚਾਲੇ ਦੂਜੀ ਚੋਣ ਕਰਵਾਈ ਜਾਣੀ ਚਾਹੀਦੀ ਹੈ। ਕ੍ਰਿਸ਼ਨਕਾਂਤ ਦੀ ਰਾਏ ਸੀ ਕਿ ਇਸ ਪ੍ਰਕਿਰਿਆ ਨਾਲ ਪੰਜਾਹ ਫ਼ੀਸਦੀ ਵੋਟਾਂ ਪ੍ਰਾਪਤ ਕਰਨ ਲਈ ਉਮੀਦਵਾਰਾਂ ਨੂੰ ਆਪਣੇ ਜਾਤੀਗਤ ਭਾਈਚਾਰੇ ਤੋਂ ਉੱਪਰ ਉੱਠਣ ਦੀ ਕੋਸ਼ਿਸ਼ ਕਰਨੀ ਹੀ ਪਵੇਗੀ। ਉਨ੍ਹਾਂ ਦਾ ਇਕ ਹੋਰ ਸੁਝਾਅ ਸੀ ਕਿ ਵੋਟਾਂ ’ਚ ਨੋਟਾ ਭਾਵ ਕੋਈ ਵੀ ਯੋਗ ਨਹੀਂ ਦਾ ਖਾਨਾ ਜੋੜਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਸਾਰੇ ਉਮੀਦਵਾਰਾਂ ਨੂੰ ਖ਼ਾਰਜ ਕਰਨ ਲਈ ਜ਼ਿਆਦਾ ਵੋਟਾਂ ਪੈਣ ਤਾਂ ਫਿਰ ਨਵੇਂ ਉਮੀਦਵਾਰਾਂ ਦੇ ਨਾਲ ਫਿਰ ਤੋਂ ਚੋਣਾਂ ਹੋਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਜਸਟਿਸ ਵੀ.ਆਰ. ਕ੍ਰਿਸ਼ਨਾ ਅਈਅਰ ਨੇ ਸੁਝਾਅ ਦਿੱਤਾ ਸੀ ਕਿ ਜੇਕਰ ਕਿਸੇ ਚੋਣ ਖੇਤਰ ਦੇ ਕੁੱਲ ਵੋਟਰਾਂ ’ਚੋਂ 35 ਫ਼ੀਸਦੀ ਵੋਟਾਂ ਹੀ ਪੈਣ ਤਾਂ ਫਿਰ ਉੱਥੇ ਚੋਣਾਂ ਦੁਬਾਰਾ ਹੋਣੀਆਂ ਚਾਹੀਦੀਆਂ ਹਨ। ਅੱਜ ਸਥਿਤੀ ਇਹ ਹੈ ਕਿ ਕ੍ਰਿਸ਼ਨਕਾਂਤ ਦਾ ਸੁਝਾਅ ‘ਨੋਟਾ’ ਦੀ ਸ਼ਕਲ ’ਚ ਲਾਗੂ ਹੋ ਚੁੱਕਾ ਹੈ ਪਰ ਉਹ ਇਕ ਦੰਦ ਰਹਿਤ ਨੋਟਾ ਹੈ। ‘ਨੋਟਾ’ ਦਾ ਬਦਲ ਚੁਣਨ ਵਾਲੇ ਜੇਕਰ ਬਹੁਮਤ ’ਚ ਹਨ ਤਾਂ ਵੀ ਇਸ ’ਚ ਚੋਣ ਖ਼ਾਰਜ ਕਰਨ ਦੀ ਵਿਵਸਥਾ ਨਹੀਂ ਕੀਤੀ ਗਈ ਹੈ।

ਸਪੱਸ਼ਟ ਹੈ ਕਿ ਚੋਣ ਸੁਧਾਰਾਂ ਦਾ ਰਸਤਾ ਬਹੁਤ ਲੰਬਾ ਹੈ ਅਤੇ ਉਸ ’ਤੇ ਸਿਰਫ਼ ਉਹੀ ਚੱਲ ਸਕਦਾ ਹੈ, ਜਿਸ ’ਚ ਦ੍ਰਿੜ ਰਾਜਨੀਤਕ ਇੱਛਾ ਸ਼ਕਤੀ ਹੋਵੇ। ਅਜੇ ਤੱਕ ਭਾਰਤ ਦੀ ਕਿਸੇ ਵੀ ਸਰਕਾਰ ਨੇ ਅਤੇ ਕਿਸੇ ਵੀ ਨੇਤਾ ਨੇ ਇਹ ਹੌਂਸਲਾ ਨਹੀਂ ਕੀਤਾ। ਇਹੀ ਕਾਰਨ ਹੈ ਕਿ ਭਾਰਤੀ ਚੋਣ ਪ੍ਰਣਾਲੀ ਆਪਣੇ ਲੋਕਤੰਤਰੀ ਆਦਰਸ਼ ਤੋਂ ਬਹੁਤ ਪਿੱਛੇ ਹੈ।

-ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ ਵਿੱਚ ਪ੍ਰੋਫ਼ੈਸਰ ਹੈ

***

## ਕੇਂਦਰੀ ਸਕੀਮਾਂ ਤੋਂ ਲਾਭ ਉਠਾਉਣ

ਇਕ ਪਾਸੇ ਸੂਬੇ ਨੂੰ ਇਕ ਵਿੱਤੀ ਸਾਲ ਵਿੱਚ ਮਿਲਣ ਵਾਲੇ ਫੰਡ ਮਾਰੇ ਜਾਂਦੇ ਹਨ, ਉੱਥੇ ਹੀ ਕੇਂਦਰ ਸਰਕਾਰ ਨੂੰ ਇਕ ਵੱਡੀ ਬੱਚਤ ਹੋ ਜਾਂਦੀ ਹੈ ਜੋ ਕਿ ਉਸ ਦੀ ਆਮਦਨ ਦਾ ਹਿੱਸਾ ਬਣ ਜਾਂਦੀ ਹੈ ਜਿਸ ਨੂੰ ਫਿਰ ਕੇਂਦਰ ਸਰਕਾਰ ਆਪਣੀ ਮਰਜ਼ੀ ਨਾਲ ਹੋਰ ਕਿਧਰੇ ਖਰਚ ਕਰ ਸਕਦੀ ਹੈ।

**ਕੇਂਦਰ ਦੀ ਬੱਚਤ**

ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਸੂਬਿਆਂ ਦੁਆਰਾ ਆਪਣਾ ਹਿੱਸਾ ਨਾ ਪਾਏ ਜਾਣ ਕਾਰਨ ਕੇਂਦਰ ਸਰਕਾਰ ਦੀ ਬੱਚਤ ਹੋ ਰਹੀ ਹੈ ਜਿਸ ਨੂੰ ਕਿ ਉਹ ਆਪਣੇ ਮਾਲੀ ਅਤੇ ਵਿੱਤੀ ਘਾਟੇ ਨੂੰ ਘੱਟ ਕਰਕੇ ਵਿਖਾਉਣ ਲਈ ਵਰਤ ਰਹੀ ਹੈ। ਵਿੱਤੀ ਸਾਲ 2022-23 ਲਈ ਸੋਧੇ ਬਜਟ ਅਨੁਮਾਨਾਂ ਅਨੁਸਾਰ ਕੇਂਦਰ ਸਰਕਾਰ ਵਲੋਂ ਦੇਸ਼ ਦੇ ਸਮੂਹ ਸੂਬਿਆਂ ਨੂੰ ਇਨ੍ਹਾਂ ਸਕੀਮਾਂ ਅਧੀਨ 4.51 ਲੱਖ ਕਰੋੜ ਰੁਪਏ ਦਿੱਤੇ ਜਾਣੇ ਸਨ। ਪਰ ਵਿੱਤੀ ਵਰ੍ਹੇ ਦੇ ਆਖਰੀ ਮਹੀਨੇ ਮਾਰਚ ਦੇ ਪਹਿਲੇ ਹਫਤੇ ਤੀਕਰ 3.1 ਲੱਖ ਕਰੋੜ ਰੁਪਏ ਹੀ ਜਾਰੀ ਕੀਤੇ ਗਏ ਹਨ, ਜੋ ਕਿ ਤੈਅ ਰਾਸ਼ੀ ਦਾ 70 ਫ਼ੀਸਦੀ ਹੀ ਬਣਦੇ ਹਨ। ਇਸ ਤੋਂ ਬਿਨਾਂ ਜਾਰੀ ਹੋਈ ਰਕਮ ਵਿਚੋਂ ਵੀ ਸੂਬਿਆਂ ਅਤੇ ਇਸ ਦੀਆਂ ਪ੍ਰੋਗਰਾਮ ਲਾਗੂ ਕਰਨ ਵਾਲੀਆਂ ਸਿੰਗਲ ਨੋਡਲ ਏਜੰਸੀਆਂ ਕੋਲ 1.75 ਲੱਖ ਕਰੋੜ ਰੁਪਏ ਅਣਖਰਚੇ ਪਏ ਹਨ ਜੋ ਕਿ ਜਾਰੀ ਹੋਈ ਰਕਮ ਦਾ 56 ਫ਼ੀਸਦੀ ਬਣਦੇ ਹਨ। ਇੰਜ ਇਹ ਬਿਲਕੁਲ ਸਪੱਸ਼ਟ ਹੈ ਕਿ ਪਹਿਲੋਂ ਜਾਰੀ ਰਕਮ ਦੀ ਵਰਤੋਂ ਨਾ ਹੋਣ ਕਾਰਨ ਕੇਂਦਰ ਸਰਕਾਰ 1.41 ਲੱਖ ਕਰੋੜ ਰੁਪਏ ਸੂਬਿਆਂ ਨੂੰ ਜਾਰੀ ਹੀ ਨਹੀਂ ਕਰੇਗੀ। ਇਹ ਸਿੱਧੇ ਰੂਪ ਵਿਚ ਕੇਂਦਰ ਦਾ ਫਾਇਦਾ ਅਤੇ ਸੂਬਿਆਂ ਦਾ ਨੁਕਸਾਨ ਹੋਵੇਗਾ ਅਤੇ ਵਿਕਾਸ ਕੰਮਾਂ ਲਈ ਜਾਰੀ ਹੋਣ ਵਾਲੀ ਇਹ ਰਕਮ ਸੂਬਿਆਂ ਦੀ ਅਣਗਹਿਲੀ ਜਾਂ ਅਣਦੇਖੀ ਕਾਰਨ ਅਣਵਰਤੀ ਰਹਿ ਜਾਣ ਕਾਰਨ ਕੇਂਦਰ ਸਰਕਾਰ ਨੂੰ ਹੀ ਮੁੜ ਜਾਵੇਗੀ। ਇਹ ਇਕ ਤਰ੍ਹਾਂ ਨਾਲ ਸੂਬੇ ਵਿਚ ਰਹਿਣ ਵਾਲੇ ਲੋਕਾਂ ਦਾ ਸਮੁੱਚਾ ਨੁਕਸਾਨ ਹੈ ਜੋ ਕਿ ਸਰਕਾਰ ਦੀ ਢਿੱਲ ਕਾਰਨ ਹੁੰਦਾ ਹੈ।

**ਕੀ ਕੀਤਾ ਜਾਵੇ ?**

ਕੇਂਦਰ ਸਰਕਾਰ ਦੁਆਰਾ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਜਾਰੀ ਕੀਤੀ ਜਾਣ ਵਾਲੀ ਰਕਮ ਸੰਵਿਧਾਨ ਦੇ ਆਰਟੀਕਲ 282 ਤਹਿਤ ਜਾਰੀ ਕੀਤੀ ਜਾਂਦੀ ਹੈ, ਜੋ ਕਿ ਕਾਨੂੰਨੀ ਤੌਰ ’ਤੇ ਪੂਰੀ ਤਰ੍ਹਾਂ ਨਾਲ ਜਾਇਜ਼ ਹੈ। ਇਸ ਦੀ ਮੁਕੰਮਲ ਵਰਤੋਂ ਲਈ ਸੂਬਿਆਂ ਨੂੰ ਸਾਲ ਦੇ ਸ਼ੁਰੂ ਵਿੱਚ ਹੀ ਆਪਣੇ ਵੱਖ-ਵੱਖ ਵਿਭਾਗਾਂ ਨੂੰ ਇਸ ਸੰਬੰਧੀ ਮਹੀਨਾਵਾਰ ਟੀਚੇ ਦਿੱਤੇ ਜਾਣੇ ਚਾਹੀਦੇ ਹਨ ਅਤੇ ਇਸ ਦੀ ਸਮੇਂ ਸਿਰ ਵਰਤੋਂ ਲਈ ਸਖਤ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ। ਆਮ ਤੌਰ ’ਤੇ ਇਹ ਵਰਤਾਰਾ ਅਕਸਰ ਵੇਖਿਆ ਜਾਂਦਾ ਹੈ ਕਿ ਵਿੱਤੀ ਸਾਲ ਦੇ ਆਖਰੀ ਮਹੀਨੇ ਵਿੱਚ ਹੇਠਲਿਆਂ ਵਿਭਾਗਾਂ ਉਪਰ ਜਾਰੀ ਗ੍ਰਾਂਟ ਦਾ ਵਰਤੋਂ ਸਰਟੀਫਿਕੇਟ ਦੇਣ ਲਈ ਦਬਾਅ ਪਾਇਆ ਜਾਂਦਾ ਹੈ ਤਾਂ ਜੋ ਉਸ ਨੂੰ ਪੇਸ਼ ਕਰਕੇ ਕੇਂਦਰ ਕੋਲੋਂ ਬਚਦੀ ਗ੍ਰਾਂਟ ਲਈ ਜਾ ਸਕੇ। ਇੰਜ ਆਖਰੀ ਮਹੀਨਿਆਂ ਵਿੱਚ ਜਾਂ ਤਾਂ ਇਹ ਗ੍ਰਾਂਟ ਖਰਚ ਕਰਨੀ ਬਹੁਤ ਮੁਸ਼ਕਿਲ ਹੋ ਜਾਂਦੀ ਹੈ ਅਤੇ ਜਾਂ ਫਿਰ ਇਹ ਮਹਿਜ਼ ਕਾਗਜ਼ਾਂ ਵਿੱਚ ਹੀ ਖਰਚ ਹੁੰਦੀ ਹੈ। ਇਸ ਸਕੀਮ ਅਧੀਨ ਮਿਲਣ ਵਾਲੀ ਗ੍ਰਾਂਟ ਦੀ ਪੂਰੀ ਵਰਤੋਂ ਯਕੀਨੀ ਬਣਾਉਣ ਵਾਸਤੇ ਸੂਬਾ ਸਰਕਾਰਾਂ ਇਕ ਵੱਖਰਾ ਵਿਭਾਗ ਵੀ ਕਾਇਮ ਕਰ ਸਕਦੀਆਂ ਹਨ, ਜਿਸ ਦਾ ਕੰਮ ਮਹਿਜ਼ ਸਿਰਫ਼ ਕੇਂਦਰ ਕੋਲੋਂ ਹਾਸਿਲ ਹੋਣ ਵਾਲੀਆਂ ਸੈਂਟਰਲੀ ਸਪਾਂਸਰਡ ਸਕੀਮਾਂ ਨੂੰ ਵਾਚਣ ਦਾ ਹੋਵੇ ਅਤੇ ਉਹ ਸੂਬਾਈ ਸਰਕਾਰ ਅਤੇ ਵਿੱਤ ਵਿਭਾਗ ਕੋਲੋਂ ਆਪਣੇ ਹਿੱਸੇ ਦਾ ਪ੍ਰਬੰਧ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਰਹੇ। ਇਸ ਵਿਭਾਗ ਦੀ ਇਹ ਜ਼ਿੰਮੇਵਾਰੀ ਤੈਅ ਕੀਤੀ ਜਾਵੇ ਕਿ ਉਹ ਸੈਂਟਰਲੀ ਸਪਾਂਸਰਡ ਸਕੀਮਾਂ ਦੇ ਖਰਚ ਦੀ ਕਾਰਵਾਈ ਰਿਪੋਰਟ ਹਰ ਮਹੀਨੇ ਸੂਬੇ ਦੇ ਮੁੱਖ ਮੰਤਰੀ ਨੂੰ ਦੇਵੇ। ਸੂਬਿਆਂ ਦੇ ਸਮੁੱਚੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਤੋਂ ਮਿਲਣ ਵਾਲੀ ਇਸ ਗ੍ਰਾਂਟ ਦਾ ਇਕ ਪੈਸਾ ਵੀ ਅਣਵਰਤਿਆ ਵਾਪਸ ਨਹੀਂ ਜਾਣਾ ਚਾਹੀਦਾ।

***

## ਭਾਰਤ ਵਿੱਚ ਵਿਸ਼ਵ ਪੱਧਰ ਉਪਰ ਸਭ

ਇੰਟਰਨੈਟ ਬੰਦ ਸੀ। ਕੁਝ ਦਿਨ ਪਹਿਲਾਂ, ਹਰਿਆਣਾ ਦੇ ਮੇਵਾਤ ਵਿੱਚ ਦੋ ਮੁਸਲਿਮ ਨੌਜਵਾਨਾਂ ਦੀ ਹੱਤਿਆ ਦੇ ਵਿਰੋਧ ਵਿੱਚ ਹਰਿਆਣਾ ਸਰਕਾਰ ਨੇ ਤਿੰਨ ਦਿਨਾਂ ਲਈ ਇੰਟਰਨੈਟ ਸੇਵਾਵਾਂ ਨੂੰ ਬੰਦ ਕਰ ਦਿੱਤਾ ਸੀ।

ਪਿਛਲੇ ਸਾਲ ਅਗਸਤ ਵਿੱਚ ਮਣੀਪੁਰ ਵਿੱਚ ਹੋਈ ਹਿੰਸਾ ਤੋਂ ਬਾਅਦ ਪੰਜ ਦਿਨਾਂ ਲਈ ਇੰਟਰਨੈਬਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਪਿਛਲੇ ਸਾਲ ਮਈ ਦੌਰਾਨ ਜੋਧਪੁਰ ਵਿੱਚ ਫਿਰਕੂ ਤਣਾਅ ਤੋਂ ਬਾਅਦ ਇੰਟਰਨੈਟ ਨੂੰ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ ਗਿਆ ਸੀ।ਇਸ ਕਾਰਣ ਭਾਰਤ ਇੱਕ ਵਾਰ ਫਿਰ ਇੰਟਰਨੈਟ ਬੰਦ ਕਰਨ ਵਿੱਚ ਦੁਨੀਆ ਪੱਧਰ ਉਪਰ ਸਭ ਤੋਂ ਉਬਪਰ ਹੈ, ਪਰ 2017 ਤੋਂ ਬਾਅਦ ਪਹਿਲੀ ਵਾਰ, ਭਾਰਤ ਵਿੱਚ 2022 ਦੌਰਾਨ 100 ਤੋਂ ਘੱਟ ਵਾਰ ਇੰਟਰਨੈਬਟ ਬੰਦ ਹੋਇਆ।

ਰਿਪੋਰਟ ਦੇ ਅਨੁਸਾਰ, ਯੂਕਰੇਨ ਸੂਚੀ ਵਿੱਚ ਦੂਜੇ ਸਥਾਨ ’ਤੇ ਹੈ, ਪਿਛਲੇ ਸਾਲ 24 ਫਰਵਰੀ ਨੂੰ ਰੂਸ ਦੁਆਰਾ ਯੂਕਰੇਨ ’ਤੇ ਹਮਲਾ ਕਰਨ ਤੋਂ ਬਾਅਦ ਰੂਸੀ ਫੌਜ ਨੇ ਘੱਟੋ-ਘੱਟ 22 ਵਾਰ ਇੰਟਰਨੈਟ ਦੀ ਪਹੁੰਚ ਨੂੰ ਬੰਦ ਕਰ ਦਿੱਤਾ ਸੀ। ਯੂਕਰੇਨ ਸੂਚੀ ਵਿੱਚ ਈਰਾਨ ਦੇ ਬਾਅਦ ਆਉਂਦਾ ਹੈ ਜਿੱਥੇ ਅਧਿਕਾਰੀਆਂ ਨੇ ਸਰਕਾਰ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਦੇ ਕਾਰਣ 2022 ਵਿੱਚ 18 ਵਾਰ ਇੰਟਰਨੈਟ ਬੰਦ ਕੀਤਾ ਸੀ।

***

## ਮਾਮਲਾ ਤਾਮਿਲਨਾਡੂ ਵਿੱਚ

ਮਜ਼ਦੂਰਾਂ ਵਿਰੁੱਧ ਕੋਈ ਹਿੰਸਾ ਨਹੀਂ ਹੋਈ।ਬਿਹਾਰ ਨਾਲ ਸੰਬੰਧ ਰੱਖਣ ਵਾਲੇ ਤਾਮਿਲਨਾਡੂ ਦੇ ਗਵਰਨਰ ਆਰ ਐੱਨ ਰਵੀ ਨੇ ਵੀ ਕਿਹਾ ਕਿ ਬਿਹਾਰੀਆਂ ਖ਼ਿਲਾਫ਼ ਹਿੰਸਾ ਦੀਆਂ ਖ਼ਬਰਾਂ ਕੋਰਾ ਝੂਠ ਹਨ, ਪਰ ਦੂਜੇ ਪਾਸੇ ਭਾਜਪਾ ਦੇ ਬੁਲਾਰੇ ਪ੍ਰਸ਼ਾਂਤ ਪਟੇਲ ਵਿਰੁੱਧ ਇਹ ਅਫ਼ਵਾਹ ਫੈਲਾਉਣ ਦਾ ਕੇਸ ਦਰਜ ਕੀਤਾ ਗਿਆ ਹੈ ।

ਸਿਆਸੀ ਵਿਸ਼ਲੇਸ਼ਕਾਂ ਦੀ ਸਮਝ ਹੈ ਕਿ ਭਾਜਪਾ ਨੇ ਇਹ ਕੋਸ਼ਿਸ਼ ਕੀਤੀ ਸੀ ਕਿ ਤਾਮਿਲਨਾਡੂ ਦੇ ਮਾਮਲੇ ਨੂੰ ਹਵਾ ਦੇ ਕੇ ਬਿਹਾਰ ਤੇ ਤਾਮਿਲਨਾਡੂ ਦੋਹਾਂ ਥਾਵਾਂ ਉਬਤੇ ਵਿਰੋਧੀ ਧਿਰਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ ਤੇ ਨਾਲ ਹੀ ਹਿੰਦੀ ਭਾਸ਼ੀਆਂ ਤੇ ਤਾਮਿਲ ਭਾਸ਼ੀਆਂ ਵਿੱਚ ਦੋਫਾੜ ਪਾ ਕੇ ਇੱਕ ਨਵੀਂ ਫਿਰਕੂ ਕਤਾਰਬੰਦੀ ਦੀ ਨੀਂਹ ਰੱਖੀ ਜਾਵੇ ਤੇ ਸੱਤਾ ਉਪਰ ਕਬਜ਼ਾ ਕੀਤਾ ਜਾਵੇ।

***

## ਪੰਜਾਬ ’ਚ ਫੈਲੇ ਗੈਂਗਸਟਰਵਾਦ

ਗੈਗਸਟਰਾਂ ਦੇ ਵਿਦੇਸ਼ਾਂ ਵਿੱਚ ਬੈਠੇ ਆਗੂਆਂ ਨਾਲ ਸੰਪਰਕ ਦੀ ਗਲ ਸਾਹਮਣੇ ਆ ਚੁੱਕੀ ਹੈ। ਪੁਲਿਸ ਸੂਤਰਾਂ ਅਨੁਸਾਰ ਗੈਂਗਸਟਰ ਫਿਲਮ ਇੰਡਸਟਰੀ, ਸੰਗੀਤ ਜਗਤ ਜਾਂ ਹੋਰ ਅਮੀਰਾਂ ਤੋਂ ਫਿਰੌਤੀਆਂ ਮੰਗ ਰਹੇ ਹਨ ਅਤੇ ਇਨਕਾਰ ਕਰਨ ਤੇ ਅਗਵਾ ਜਾਂ ਹਮਲਾ ਵੀ ਕਰ ਦਿੰਦੇ ਹਨ। ਇਸ ਤਰਾਂ ਪੰਜਾਬ ਵਿੱਚ ਗੈਂਗਸਟਰਾਂ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਿੱਚ ਦਿਨੋਂ ਦਿਨ ਹਿੰਸਕ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ, ਜਿਸਦਾ ਸਬੂਤ ਪ੍ਰਾਪਤ ਅੰਕੜਿਆਂ ਤੋਂ ਮਿਲ ਜਾਂਦਾ ਹੈ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਦੇ ਦਫ਼ਤਰ ਤੋਂ ਉਪਲਬਧ ਅਪਰਾਧ ਅੰਕੜਿਆਂ ਅਨੁਸਾਰ ਪਿਛਲੇ ਸਾਲ ਅਪ੍ਰੈਲ ਦੇ ਮੱਧ ਤੱਕ ਸੂਬੇ ਵਿੱਚ 158 ਕਤਲ ਹੋ ਚੁੱਕੇ ਹਨ, ਜੋ ਪ੍ਰਤੀ ਮਹੀਨਾ ਔਸਤਨ 50 ਕਤਲ ਬਣਦੇ ਹਨ। ਸਾਲ 2021 ਵਿੱਚ 724 ਲੋਕਾਂ ਦਾ ਕਤਲ ਹੋਇਆ ਸੀ ਜਦਕਿ 2020 ਦੌਰਾਨ ਸੂਬੇ ਵਿੱਚ 757 ਕਤਲ ਹੋਏ। ਸਾਲ 2021 ਵਿੱਚ ਹਰ ਮਹੀਨੇ ਔਸਤਨ 60 ਕਤਲ ਅਤੇ 2020 ਵਿੱਚ 65 ਕਤਲ ਹੋਏ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਵਿੱਚ ਗੈਂਗਸਟਰਾਂ ਦੀ ਗਿਣਤੀ ਦਿਨੋ ਦਿਨ ਵੱਧਦੀ ਜਾ ਰਹੀ ਹੈ ਅਤੇ ਗੈਗਸਟਰਾਂ ਵੱਲੋਂ ਕੀਤੀਆਂ ਜਾ ਰਹੀਆਂ ਹਿੰਸਕ ਘਟਨਾਵਾਂ ਹੋਰ ਵੀ ਵੱਧ ਰਹੀਆਂ ਹਨ।

ਇਹ ਹੁਣ ਸਭ ਦੇ ਸਾਹਮਣੇ ਆ ਚੁਕਿਆ ਹੈ ਕਿ ਗੋਲਡੀ ਬਰਾੜ ਅਤੇ ਲਾਰੈਂਸ ਦੋਵੇਂ ਇਕ ਹੀ ਯੂਨੀਵਰਸਿਟੀ ਵਿੱਚ ਪੜ੍ਹਦੇ ਸਨ। ਦੋਵਾਂ ਨੇ ਇਕੱਠੇ ਅਪਰਾਧ ਦੀ ਦੁਨੀਆਂ ਵਿੱਚ ਕਦਮ ਰੱਖਿਆ ਅਤੇ ਅੱਗੇ ਵਧਣ ਲਈ ਦੋਵਾਂ ਨੂੰ ਗੈਂਗਸਟਰ ਜੱਗੂ ਦਾ ਸਾਥ ਮਿਲਿਆ। ਜੱਗੂ ਦੀ ਦਵਿੰਦਰ ਬੰਬੀਹਾ ਗੈਂਗ ਨਾਲ ਦੁਸ਼ਮਣੀ ਸੀ ਤਾਂ ਲਾਰੈਂਸ ਵੀ ਬੰਬੀਹਾ ਗੈਂਗ ਦਾ ਦੁਸ਼ਮਣ ਬਣ ਗਿਆ। ਗੋਲਡੀ ਨੇ ਸੋਸ਼ਲ ਮੀਡੀਆ ’ਤੇ ਪਾਈ ਪੋਸਟ ਵਿੱਚ ਲਿਖਿਆ, ‘ਜੋ ਜੱਗੂ ਦਾ ਖਾਸ ਬਣਿਆ ਹੋਇਆ ਸੀ, ਅਸਲ ਵਿੱਚ ਉਹੀ ਸਭ ਤੋਂ ਵੱਡਾ ਗੱਦਾਰ ਸੀ। ਆਪਣਾ ਦਬਦਬਾ ਕਾਇਮ ਰੱਖਣ ਲਈ ਉਹ ਪੁਲਿਸ ਦਾ ਮੁਖਬਰ ਬਣਿਆ ਹੋਇਆ ਸੀ ਅਤੇ ਉਸੇ ਨੇ ਹੀ ਮੁਖਬਰੀ ਕਰ ਕੇ ਉਨ੍ਹਾਂ ਦੇ ਦੋ ਖਾਸਮਖਾਸ ਮਨਪ੍ਰੀਤ ਮੰਨੋ, ਜਗਰੂਪ ਰੂਪਾ ਦਾ ਪੁਲਿਸ ਰਾਹੀਂ ਚੁਕਵਾ ਕੇ ਉਨ੍ਹਾਂ ਦਾ ਐਨਕਾਊਂਟਰ ਕਰਵਾਇਆ।’ ਜੇਲ੍ਹ ਵਿੱਚ ਬੰਦ ਲਾਰੈਂਸ ਨੂੰ ਭਿਣਕ ਲਗ ਚੁੱਕੀ ਸੀ ਕਿ ਜੱਗੂ ਨੇ ਆਪਣੇ ਦੁਸ਼ਮਣ ਬੰਬੀਹਾ ਗੈਂਗ ਨਾਲ ਹੱਥ ਮਿਲਾ ਲਿਆ ਹੈ। ਗੋਲਡੀ ਨੇ ਆਪਣੀ ਪੋਸਟ ਵਿੱਚ ਇਹ ਵੀ ਲਿਖਿਆ ਕਿ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਨੂੰ ਇਸ ਗੱਲ ਦਾ ਪਤਾ ਲਗ ਗਿਆ ਸੀ ਕਿ ਜੱਗੂ ਨੇ ਆਪਣੇ ਦੁਸ਼ਮਣ ਬੰਬੀਹਾ ਗਰੁੱਪ ਨਾਲ ਹੱਥ ਮਿਲਾ ਲਿਆ ਹੈ। ਖੁਫ਼ੀਆ ਵਿਭਾਗ ਦੀ ਇਕ ਰਿਪੋਰਟ ਮੁਤਾਬਕ ਜੱਗੂ ਨੇ ਆਪਣੇ ਦੋਸਤ ਰਹੇ ਗੋਲਡੀ ਅਤੇ ਲਾਰੈਂਸ ਤੋਂ ਇਸ ਲਈ ਕਿਨਾਰਾ ਕਰ ਲਿਆ ਸੀ ਕਿਉਂਕਿ ਉਸ ਨੂੰ ਵੀ ਪਤਾ ਲੱਗ ਗਿਆ ਸੀ ਕਿ ਇਨ੍ਹਾਂ ਦੋਵਾਂ ਨੇ ਪਾਕਿਸਤਾਨ ਵਿੱਚ ਬੈਠੇ ਰਿੰਦਾ ਅਤੇ ਵਿਦੇਸ਼ ਵਿੱਚ ਬੈਠੇ ਲੰਡਾ ਹਰੀਕੇ ਨਾਲ ਹੱਥ ਮਿਲਾ ਲਿਆ ਹੈ।

***

## ਖੇਤੀ ਪ੍ਰਧਾਨ ਸੂਬਾ ਪੰਜਾਬ ਖੇਤੀਬਾੜੀ ’ਚ

ਲਈ ਬਿਹਤਰ ਹਾਲਤ ਵਿੱਚ ਹੈ।

ਆਰਥਿਕ ਅਤੇ ਖੇਤੀਬਾੜੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਖੇਤੀਬਾੜੀ ਖੇਤਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਨੂੰ ਤੁਰੰਤ ਢੁਕਵੀਂ ਸਨਅਤ ਨੀਤੀ ਲਿਆਉਣ ਦੀ ਲੋੜ ਹੈ, ਜਿਸਦਾ ਉਦੇਸ਼ ਕਿਸਾਨੀ ਦੇ ਸਰੋਤਾਂ, ਤਜਰਬਿਆਂ ਅਤੇ ਊਰਜਾ ਨੂੰ ਉਤਪਾਦਕ ਉਦੇਸ਼ਾਂ ਨਾਲ ਜੋੜ ਕੇ ਉਹਨਾਂ ਨੂੰ ਨਿਰਣਾਂਇਕ ਤੌਰ ’ਤੇ ਗੈਰ ਖੇਤੀ ਵਾਲੇ ਵੱਖ-ਵੱਖ ਉਦਮਾਂ ਰਾਹੀਂ ਸਨਅਤੀਕਰਨ ਨਾਲ ਜੋੜਿਆ ਜਾ ਸਕੇ। ਪੰਜਾਬ ਦੇ ਖੇਤੀ ਸੰਕਟ ਨੂੰ ਹੱਲ ਕਰਨ, ਖੇਤੀਬਾੜੀ ਨੂੰ ਲਾਹੇਵੰਦਾਂ ਧੰਦਾ ਬਣਾਉਣ, ਕਿਸਾਨਾਂ ਦੀ ਆਰਥਿਕ ਸਥਿਤੀ ਮਜ਼ਬੂਤ ਕਰਨ ਅਤੇ ਖੇਤੀ ਹੇਠ ਰਕਬਾ ਵਧਾਉਣ, ਕਿਸਾਨਾਂ ਨੂੰ ਕਣਕ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਵਿਚੋਂ ਕੱਢਣ ਲਈ ਜਿਥੇ ਨਵੀਂ ਤੇ ਸਾਰਥਿਕ ਖੇਤੀ ਨੀਤੀ ਦੀ ਲੋੜ ਹੈ, ਉਥੇ ਇਸ ਸਬੰਧੀ ਵਿਸ਼ੇਸ਼ ਉਪਰਾਲੇ ਵੀ ਕੀਤੇ ਜਾਣੇ ਚਾਹੀਦੇ ਹਨ।

***

## ਗੁਰੂ ਹਰਿ ਰਾਏ ਸਾਹਿਬ ਜੀ

ਰਾਮਰਾਇ ਜੀ ਦਾ ਦਿਲ ਜਿੱਤ ਕੇ ਉਸ ਨੂੰ ਇਸਲਾਮ ਵਿੱਚ ਲਿਆਂਦਾ ਜਾਵੇ। ਔਰੰਗਜ਼ੇਬ ਨੇ ਬੜੀ ਚਲਾਕੀ ਅਤੇ ਆਦਰ ਸਹਿਤ ਸਵਾਲ ਕੀਤੇ। ਅੰਤ ਵਿਚ ਉਸਨੇ ਗੁਰਬਾਣੀ ਦੇ ਹਵਾਲੇ ਵਿੱਚ ਪੁੱਛਿਆ ਕਿ ਸਿੱਖਾਂ ਦੇ ਗ੍ਰੰਥ ਵਿੱਚ ਲਿਖਿਆ ਹੈ ਕਿ

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ ਅੰਗ 466

ਇਹ ਪ੍ਰਗਟ ਤੌਰ ’ਤੇ ਸਾਡੇ ਦੀਨ ਦੀ ਨਿੰਦਿਆ ਨਹੀਂ ? ਬਾਦਸ਼ਾਹ ਨਾਲ ਹੋ ਰਹੀ ਗੱਲਬਾਤ ਵਿੱਚ ਰਾਮਰਾਇ ਜੀ ਨੇ ਬਨਦਾ ਰਸੂਖ ਜਾਣ ਕੇ ਬਾਦਸ਼ਾਹ ਨੂੰ ਖੁਸ਼ ਕਰਨ ਦਾ ਮੌਕਾ ਪ੍ਰਾਪਤ ਕਰਨ ਲਈ ਵਿਸਥਾਰ ਦਿੱਤਾ ਕਿ ‘ਮਿਟੀ ਮੁਸਲਮਾਨ ਕੀ ਨਹੀਂ ਮਿਟੀ ਬੇਈਮਾਨ ਕੀ ਹੈ’ ਬਾਣੀ ਲਿਖਾਇਕ ਦੀ ਗਲਤੀ ਹੈ। ਬਾਦਸ਼ਾਹ ਨੇ ਉਸਦੀ ਇਹ ਚਤੁਰਤਾ ਵੇਖ ਕੇ ‘ਦੂਨ’ ਦਾ ਇਲਾਕਾ ਜਗੀਰ ਵਿੱਚ ਦੇ ਦਿੱਤਾ ਕਿ ਉਸਨੇ ਇਸਲਾਮ ਦੀ ਲਾਜ਼ ਰੱਖ ਲਈ ਹੈ।

ਜਦੋਂ ਗੁਰੂ ਸਾਹਿਬ ਜੀ ਨੂੰ ਰਾਮਰਾਇ ਜੀ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲਗਾ ਕਿ ਗੁਰਬਾਣੀ ਦੀ ਤੁੱਕ ਭੰਨੀ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਧਰਮ ਆਸ਼ੇ ਦੇ ਵਿਰੁੱਧ ਹੈ। ਮੂਲ ਮਰਿਆਦਾ ਵਿੱਚ ਕਿਸੇ ਤਰਾਂ ਦੀ ਤਬਦੀਲੀ ਦੇ ਵਿਰੁੱਧ ਦ੍ਰਿੜ ਫੈਸਲਾ ਲਿਆ ਕਿ ਰਾਮਰਾਇ ਜੀ ਹੁਣ ਗੁਰਗੱਦੀ ਦੇ ਯੋਗ ਨਹੀਂ ਹਨ। ਗੁਰੂ ਸਾਹਿਬ ਜੀ ਧਰਮ ਅਸੂਲਾਂ ਵਿੱਚ ਦ੍ਰਿੜ ਸਨ।

ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਮੰਨਣ ਵਾਲੇ ਸਨ। ਉਥੇ ਉਥੇ ਉਹਨਾਂ ਪ੍ਰਚਾਰਕ ਦੌਰੇ ਕੀਤੇ।

ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਮੰਨਣ ਵਾਲੇ ਸਨ। ਉਥੇ ਉਥੇ ਉਹਨਾਂ ਪ੍ਰਚਾਰਕ ਦੌਰੇ ਕੀਤੇ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਗੁਰ ਉਪਦੇਸ਼ ਦ੍ਰਿੜ ਕਰਵਾਇਆ। ਪ੍ਰਚਾਰਕ ਦੌਰਿਆਂ ਵਿੱਚ ਲਾਹੌਰ , ਸਿਆਲਕੋਟ, ਪਠਾਣਕੋਟ, ਸਾਂਬਾ, ਰਾਮਗੜ੍ਹ ਅਤੇ ਜੰਮੂ ਕਸ਼ਮੀਰ ਦੇ ਕਈ ਸਥਾਨਾਂ ਤੇ ਪ੍ਰਚਾਰ ਕੀਤਾ। ਇਸ ਤੋਂ ਇਲਾਵਾ ਸਿੱਖੀ ਦਾ ਪ੍ਰਚਾਰ ਦਾ ਜਥੇਬੰਦਕ ਪ੍ਰਬੰਧ ਕੀਤਾ। ਪ੍ਰਚਾਰ ਕੇਂਦਰ (ਮੰਜੀਆ) ਸਥਾਪਤ ਕੀਤੇ। ਪੁਰਾਣੀ ਭ੍ਰਿਸ਼ਟ ਮਸੰਦ ਪ੍ਰਣਾਲੀ ਨੂੰ ਖਤਮ ਕਰਨ ਦੇ ਯਤਨ ਆਰੰਭੇ। ਆਪ ਜੀ ਨੇ ਸੁਚੱਜੇ ਪ੍ਰਚਾਰਕ ਵੀ ਥਾਪੇ ਜਿੰਨਾਂ ਵਿੱਚ ਸੁਥਰੇਸ਼ਾਹੀ , ਸਾਹਿਬਾਂ, ਸੰਗਤੀਆਂ, ਮੀਆਂ ਸਾਹਿਬ, ਭਗਤ ਭਗਵਾਨ, ਬਹਾਤ ਮੱਲ ਜੀਤ ਮੱਲ, ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਆਦਿ।

ਸੱਚਖੰਡ ਜਾਣ ਦਾ ਸਮਾਂ ਵੇਖ ਕੇ ਗੁਰੂ ਸਾਹਿਬ ਜੀ ਨੇ ਆਪਣੇ ਸਾਹਿਬਜ਼ਾਦੇ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਲਈ ਨਿਯੁਕਤ ਕਰ ਲਿਆ। ਸੰਗਤਾਂ ਨੂੰ ਆਗਿਆ ਦਿਤੀ ਕਿ ਰਾਮ ਰਾਇ ਜੀ ਅਤੇ ਉਸਦੇ ਸਾਥੀ ਵਿਰੋਧੀਆਂ ਤੋਂ ਬਚਣਾ ਹੈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਹੀ ਗੁਰੂ ਮੰਨਣਾ ਹੈ। ਆਪ 6 ਅਕਤੂਬਰ 1661 ਨੂੰ ਜੋਤੀ ਜੋਤਿ ਸਮਾ ਗਏ।

**

## ਪੰਜਾਬ ਵਿੱਚ ਮੁੜ ਸੁਣਾਈ ਦੇ ਰਹੀ

ਪਰ ਜਦੋਂ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਉਸ ਤੋਂ ਵੱਡੀਆਂ ਨਸ਼ੇ ਦੀਆਂ ਖੇਪਾਂ ਬਰਾਮਦ ਕੀਤੀਆਂ ਜਾਂਦੀਆਂ ਹਨ ਤਾਂ ਉਸਦੀਆਂ ਖਬਰਾਂ ਨੂੰ ਜਿਆਦਾਤਰ ਛੁਪਾਉਣ ਦਾ ਯਤਨ ਕੀਤਾ ਜਾਂਦਾ ਹੈ। ਇਸ ਤਰਾਂ ਜਾਪ ਰਿਹਾ ਹੈ ਕਿ ਜਿਵੇਂ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੋਵੇ ਉਸੇ ਤਰਾਂ ਹੀ ਪੰਜਾਬੀਆਂ ਖਾਸ ਤੌਰ ’ਤੇ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਪੰਜਾਬ ਗੁਰੂ ਸਾਹਿਬਾਨ, ਪੀਰਾਂ-ਫਕੀਰਾਂ, ਸੂਫੀਆਂ ਦੀ ਪਵਿੱਤਰ ਧਰਤੀ ਹੈ। ਪੰਜਾਬ ਨੇ ਹਰ ਚੁਣੌਤੀ ਅਤੇ ਵੈਰੀਆਂ ਦੇ ਹਰ ਹਮਲੇ ਦਾ ਡੱਟ ਕੇ ਸਾਹਮਣਾ ਕੀਤਾ ਹੈ। ਪੰਜਾਬ ਅਸਲ ਵਿੱਚ ਭਾਰਤ ਦੀ ਖੜਗਭੁਜਾ ਹੈ। ਭਾਰਤ ਦੇ ਦੁਸ਼ਮਣਾਂ ਵੱਲੋਂ ਕੀਤੇ ਗਏ ਬਹੁਤ ਸਾਰੇ ਹਮਲੇ ਪੰਜਾਬ ਨੇ ਹੀ ਵੱਡੀਆਂ ਕੁਰਬਾਨੀਆਂ ਦੇ ਕੇ ਰੋਕੇ ਹਨ ਅਤੇ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਪੰਜਾਬੀਆਂ ਨੇ ਹੀ ਸਭ ਤੋਂ ਵੱਡਾ ਯੋਗਦਾਨ ਪਾਇਆ ਹੈ। ਪੰਜਾਬ ਵਿੱਚ ਬਹੁਤ ਕੁਰਬਾਨੀਆਂ ਦੇ ਕੇ ਆਈ ਸ਼ਾਂਤੀ ਨੂੰ ਸੰਭਾਲਣ ਦੀ ਲੋੜ ਹੈ ਤਾਂ ਕਿ ਪੰਜਾਬ ਵਿੱਚ ਅਮਨ ਚੈਨ ਰਹੇ ਅਤੇ ਹਰ ਪੰਜਾਬੀ ਆਪਣੇ ਆਪ ਨੂੰ ਪੰਜਾਬ ਵਿੱਚ ਸੁਰਖਿਅਕਤ ਸਮਝੇ। ਪੰਜਾਬ ਦੀ ਮੌਜੂਦਾ ਆਪ ਸਰਕਾਰ ਨੂੰ ਪੰਜਾਬ ਵਿੱਚ ਸੁਣਾਈ ਦੇ ਰਹੀ ਕਾਲੇ ਦਿਨਾਂ ਦੀ ਆਹਟ ਨੂੰ ਸੁਣਨਾ ਚਾਹੀਦਾ ਹੈ ਅਤੇ ਪੰਜਾਬ ਵਿੱਚ ਅਮਨ ਸ਼ਾਂਤੀ ਦੀ ਵਿਵਸਥਾ ਕਾਇਮ ਰੱਖਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਹਰ ਪੰਜਾਬੀ ਪੰਜਾਬ ਵਿੱਚ ਅਮਨ- ਚੈਨ ਅਤੇ ਸ਼ਾਂਤੀ ਚਾਹੁੰਦਾ ਹੈ ਅਤੇ ਸਮੇਂ ਦੀ ਸਰਕਾਰ ਨੂੰ ਪੰਜਾਬੀਆਂ ਦੇ ਤੌਖਲੇ ਦੂਰ ਕਰਕੇ ਆਪਸੀ ਭਾਈਚਾਰਕ ਸਾਂਝ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਵੱਖ- ਵੱਖ ਧਰਮਾਂ, ਜਾਤਾਂ ਦੇ ਲੋਕ ਰਹਿੰਦੇ ਹਨ ਜਿਹਨਾਂ ਦੀਆਂ ਆਪਸੀ ਭਾਈਚਾਰਕ ਤੰਦਾਂ ਬਹੁਤ ਮਜ਼ਬੂਤ ਹਨ। ਇਸ ਕਰਕੇ ਫੁੱਟਪਾਊ ਪੰਜਾਬ ਦੋਖੀ ਤਾਕਤਾਂ ਪੰਜਾਬ ਵਿੱਚ ਆਪਣੇ ਸੌੜੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋ ਸਕਣਗੀਆਂ, ਫਿਰ ਵੀ ਇਸ ਸਮੇਂ ਸਮੂਹ ਪੰਜਾਬੀਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

## ਪੰਜਾਬ ਦਾ ਨੌਜਵਾਨ ਨਿਰਾਸ਼

ਪਰ ਕਰਜ਼ੇ ਦਾ ਭਾਰ ਵਧ ਰਿਹਾ ਹੈ। ਸਰਕਾਰ ਹੋਰ ਕਰਜ਼ਾ ਲੈ ਕੇ ਰੋਜ਼ਮੱਰਾ ਦਾ ਕੰਮ ਚਲਾ ਰਹੀ ਹੈ। ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਭਾਰਤ ਦੇ ਬਹੁਗਿਣਤੀ ਸੂਬਿਆਂ ਤੋਂ ਜ਼ਿਆਦਾ ਹੈ। ਨੌਜੁਆਨਾਂ ਵਿਚ ਬੇਰੁਜ਼ਗਾਰੀ ਦੀ ਦਰ ਚਰਮ ਸੀਮਾ 'ਤੇ ਹੈ। ਕੁਝ ਅੰਦਾਜ਼ਿਆਂ ਮੁਤਾਬਿਕ ਪੰਜਾਬ 'ਚ 20 ਤੋਂ 25 ਲੱਖ ਤੱਕ ਲੋਕ ਖਾਸਕਰ ਨੌਜੁਆਨ ਬੇਰੁਜ਼ਗਾਰ ਜਾਂ ਅਰਧ ਬੇਰੁਜ਼ਗਾਰ ਹਨ। ਬਹੁਤ ਸਾਰੇ ਬਾਰੁਜ਼ਗਾਰ ਹੁੰਦੇ ਹੋਏ ਵੀ ਗਰੀਬੀ ਅੰਦਰ ਰਹਿ ਰਹੇ ਹਨ ਅਤੇ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। ਸੂਬੇ ਵਿੱਚ ਨਿਵੇਸ਼ ਦੀ ਬਹੁਤ ਜ਼ਿਆਦਾ ਘਾਟ ਹੈ। ਸਰਕਾਰ ਪਾਸ ਨਿਵੇਸ ਲਈ ਵਿੱਤੀ ਸਾਧਨ ਨਹੀਂ ਅਤੇ ਹਾਲਾਤ ਸਾਜ਼ਗਾਰ ਨਾ ਹੋਣ ਕਰ ਕੇ ਨਵਾਂ ਨਿੱਜੀ ਨਿਵੇਸ਼ ਵੀ ਬਹੁਤ ਥੋੜਾ ਹੈ। ਫਲਸਰੂਪ, ਲੋੜੀਂਦਾ ਸਨਅਤੀ ਵਿਕਾਸ ਨਹੀਂ ਹੋ ਰਿਹਾ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ। ਵੱਡੀ ਗਿਣਤੀ ਨੌਜੁਆਨ ਮਜਬੂਰਨ ਵਿਦੇਸ਼ ਜਾ ਰਹੇ ਹਨ। ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਨਸ਼ਿਆਂ ਦੀ ਬਹੁਤਾਤ ਕਾਰਨ ਨੌਜੁਆਨ ਘੋਰ ਨਿਰਾਸ਼ਾ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬੇਇਨਸਾਫੀ ਦੇ ਅਨੁਭਵ ਅਤੇ ਗੰਭੀਰ ਬੇਰੁਜ਼ਗਾਰੀ ਵਰਗੇ ਹਾਲਾਤ ਵਿੱਚ ਨੌਜੁਆਨਾਂ ਵਲੋਂ ਖਾਲਿਸਤਾਨ ਵਰਗੀਆਂ ਲਹਿਰਾਂ ਨੂੰ ਸਮਰਥਨ ਦੇਣਾ ਕੁਦਰਤੀ ਵਰਤਾਰਾ ਹੈ।

ਸਾਰੀਆਂ ਧਿਰਾਂ ਨੂੰ ਸਮਝਣ ਦੀ ਲੋੜ ਹੈ ਕਿ ਪੰਜਾਬ ਵਰਗੇ ਸਰਹੱਦੀ ਸੂਬੇ ਅਤੇ ਇਸ ਦੀ ਨਾਜ਼ੁਕ ਭੂਗੋਲਿਕ ਸਥਿਤੀ ਦੇ ਮੱਦੇਨਜ਼ਰ ਪੰਜਾਬ 'ਚ ਸਮਾਜਿਕ, ਆਰਥਿਕ ਅਤੇ ਸਿਆਸੀ ਅਸਥਿਰਤਾ ਮੁਲਕ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਦੇ ਹਿੱਤ ਵਿੱਚ ਨਹੀਂ। ਬਹੁਗਿਣਤੀ ਪੰਜਾਬੀ ਭਲੀਭਾਂਤ ਜਾਣਦੇ ਹਨ ਕਿ ਉਨ੍ਹਾਂ ਦੀ ਭਲਾਈ ਆਪਸੀ ਭਾਈਚਾਰਕ ਸਾਂਝ ਵਿੱਚ ਹੀ ਹੈ। ਸਿਆਸੀ ਪਾਰਟੀਆਂ ਅਤੇ ਧਾਰਮਿਕ ਜਥੇਬੰਦੀਆਂ ਨੂੰ ਵੀ ਇਹ ਗੱਲ ਭਲੀਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬ ਵਰਗੇ ਸੂਬੇ ਵਿੱਚ ਕਿਸੇ ਵੀ ਕਿਸਮ ਦੀ ਅਸ਼ਾਂਤੀ ਅਤੇ ਅਸਥਿਰਤਾ ਉਨ੍ਹਾਂ ਦੇ ਹਿੱਤ 'ਚ ਨਹੀਂ ਹੋਵੇਗੀ। ਆਰਥਿਕ ਵਿਕਾਸ ਲਈ ਸ਼ਾਂਤੀ ਪਹਿਲੀ ਸ਼ਰਤ ਹੈ।

ਇਸ ਲਈ ਹੁਣ ਸਮੇਂ ਸਿਰ 'ਬੇੜਾ ਬੰਨ੍ਹਣ' ਦੀ ਜ਼ਰੂਰਤ ਹੈ : ਕਿਧਰੇ ਅਜਿਹਾ ਨਾ ਹੋਵੇ ਕਿ ਹਾਲਾਤ ਬੇਕਾਬੂ ਹੋ ਜਾਣ। ਪੰਜਾਬ ਅਜੇ ਤੱਕ ਪਹਿਲੀ ਅਸਥਿਰਤਾ ਤੋਂ ਹੀ ਬਾਹਰ ਨਹੀਂ ਆਇਆ। ਸਮੁੱਚੇ ਪੰਜਾਬੀ ਅਤੇ ਸਿਆਸੀ ਪਾਰਟੀਆਂ ਇਸ ਸਵਾਲ ਨੂੰ ਵੀ ਮੁਖਾਤਿਬ ਹੋਣ ਕਿ ਪੰਜਾਬ ਦਾ ਨੌਜੁਆਨ ਵਰਗ ਨਿਰਾਸ਼ ਅਤੇ ਨਾਰਾਜ਼ ਕਿਉਂ ਹੈ? ਨੌਜਵਾਨਾਂ ਨੂੰ ਵੀ ਸਮੁੱਚੇ ਵਰਤਾਰੇ ਦਾ ਸਹੀ ਵਿਸ਼ਲੇਸ਼ਣ ਕਰ ਕੇ ਅਤੇ ਉਸ ਬਾਰੇ ਤਰਕਸੰਗਤ ਸਮਝ ਬਣਾ ਕੇ ਅੱਗੇ ਵਧਣ ਦੀ ਲੋੜ ਹੈ।

***

## ਪੇਪਰਾਂ ਦੀ ਤਿਆਰੀ ਕਿਵੇਂ ਕਰੀਏ ?

ਮਦਦ ਮਿਲਦੀ ਹੈ ਕਿ ਉਹ ਵੀ ਸਾਡੇ ਮਿੱਤਰ ਹਨ। ਸਰੀਰਕ ਗਿਆਨ ਹੋਣ ਕਾਰਨ ਅਤੇ ਕੁਦਰਤੀ ਗਿਆਨ ਹੋਣ ਕਾਰਨ

ਅਸੀਂ ਜ਼ਿੰਦਗੀ ਨੂੰ ਬਿਹਤਰੀਨ ਤਰੀਕੇ ਨਾਲ ਜੀਅ ਸਕਦੇ ਹਾਂ। ਆਪਣੇ ਸਰੀਰ ਬਾਰੇ ਗਿਆਨ ਹਾਸਲ ਕਰਕੇ ਅਸੀਂ ਆਪਣੇ ਆਪ ਦੀ ਮਦਦ ਕਰ ਸਕਦੇ ਹਾਂ। ਤੰਦਰੁਸਤ ਜੀਵਨ ਬਤੀਤ ਕਰ ਸਕਦੇ ਹਾਂ। ਲੰਮਾ ਅਤੇ ਨਿਰੋਗ ਜੀਵਨ ਜੀਅ ਸਕਦੇ ਹਾਂ। ਇਵੇਂ ਹੋਰ ਵੀ ਕਈ ਉਦਾਹਰਨਾਂ ਹਨ ਜੋ ਅਸੀਂ ਵਰਤ ਸਕਦੇ ਹਾਂ।

ਇਵੇਂ ਹੀ ਇਤਿਹਾਸ ਬਾਰੇ ਵੀ ਦੱਸ ਸਕਦੇ ਹਾਂ ਕਿ ਇਤਿਹਾਸ ਦੀਆਂ ਘਟਨਾਵਾਂ ਤੋਂ ਇਹ ਸਿੱਖ ਸਕਦੇ ਹਾਂ ਕਿ ਕਿਵੇਂ ਅਤੇ ਕਦੋਂ ਕਿਹੋ ਜਿਹੀ ਗੱਲਬਾਤ ਕਰਨੀ ਹੈ। ਇਤਿਹਾਸ ਦੀਆਂ ਗ਼ਲਤੀਆਂ ਤੋਂ ਸਿੱਖ ਸਕਦੇ ਹਾਂ ਕਿ ਇਹਨਾਂ ਗ਼ਲਤੀਆਂ ਨੂੰ ਦੁਬਾਰਾ ਨਾ ਦੁਹਰਾਇਆ ਜਾਵੇ ਅਤੇ ਆਪਸੀ ਮੱਤਭੇਦ ਕਰਕੇ ਆਮ ਲੋਕਾਂ ਦਾ ਨੁਕਸਾਨ ਨਾ ਕਰਾਇਆ ਜਾਵੇ। ਇਸ ਦੇ ਨਾਲ ਹੀ ਸਾਨੂੰ ਵਾਤਾਵਰਨ ਅਤੇ ਧਰਤੀ ਬਾਰੇ ਹੋਰ ਵੀ ਅਨੋਖੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕੁਦਰਤ ਦੇ ਸੋਮੇ ਅਤੇ ਰਹੱਸਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਇਹ ਥੋੜ੍ਹੀ ਥੋੜ੍ਹੀ ਜਾਣਕਾਰੀ ਸਾਡੇ ਗਿਆਨ ਵਿੱਚ ਭਰਪੂਰ ਵਾਧਾ ਕਰਦੀ ਹੈ। ਜਿਸ ਨਾਲ ਵਿਦਿਆਰਥੀ ਜ਼ਿੰਦਗੀ ਵਿੱਚ ਕੁਝ ਨਵਾਂ ਅਤੇ ਵੱਖਰਾ ਕਰ ਸਕਦੇ ਹਨ।

ਇਸੇ ਤਰੀਕੇ ਨਾਲ ਹਰ ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ। ਸਾਨੂੰ ਸਾਰਿਆਂ ਨੂੰ ਆਪਣੀ ਮਾਤ ਭਾਸ਼ਾ ਬੜੀ ਪਿਆਰੀ ਲੱਗਦੀ ਹੈ। ਦੂਸਰੀਆਂ ਭਾਸ਼ਾਵਾਂ ਬਾਰੇ ਗਿਆਨ ਹੋਣ ਨਾਲ ਅਸੀਂ ਹੋਰਨਾਂ ਦੇਸ਼ਾਂ ਦੀਆਂ ਸੰਸਕ੍ਰਿਤੀਆਂ, ਸੱਭਿਆਚਾਰ, ਪਹਿਰਾਵਾ, ਰੀਤੀ-ਰਿਵਾਜਾਂ ਨੂੰ ਸਮਝ ਸਕਦੇ ਹਾਂ। ਅਸੀਂ ਜੋ ਵੀ ਅਸੀਂ ਪੜ੍ਹਦੇ ਹਾਂ ਉਸ ਦਾ ਮਤਲਬ ਆਪਣੇ ਗਿਆਨ ਵਿੱਚ ਵਾਧਾ ਕਰਨਾ ਹੁੰਦਾ ਹੈ। ਜ਼ਿੰਦਗੀ ਵਿੱਚ ਕਾਮਯਾਬੀ ਹਾਸਲ ਕਰਨ ਲਈ ਗਿਆਨਵਾਨ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ।

ਇਹ ਕੰਮ ਅਧਿਆਪਕ ਤੇ ਮਾਪੇ ਰਲ਼ - ਮਿਲ ਕੇ ਕਰ ਸਕਦੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਸ਼ੁਰੂ ਤੋਂ ਹੀ ਬੱਚਿਆਂ ਵੱਲ ਥੋੜ੍ਹਾ-ਥੋੜ੍ਹਾ ਧਿਆਨ ਦੇਈਏ, ਤਾਂ ਕਿ ਪੇਪਰਾਂ ਦੇ ਦਿਨਾਂ ਤੱਕ ਆਉਂਦਿਆਂ ਉਹ ਵਧੀਆ ਤਰੀਕੇ ਨਾਲ ਤਿਆਰੀ ਕਰ ਸਕਣ ਅਤੇ ਕਾਮਯਾਬੀ ਹਾਸਲ ਕਰ ਸਕਣ। ਸਾਡੇ ਬੱਚੇ ਤਣਾਓ ਤੋਂ ਮੁਕਤ ਹੋ ਕੇ ਪੜ੍ਹ ਸਕਣ। ਪੜ੍ਹਾਈ ਨੂੰ ਬੋਝ ਨਾ ਸਮਝਣ ਅਤੇ ਇੱਕ ਸਕਾਰਾਤਮਕ ਸੋਚ ਨਾਲ ਜ਼ਿੰਦਗੀ ਵਿੱਚ ਅੱਗੇ ਵੱਧਣ। ਆਓ ! ਰਲ਼ ਮਿਲ਼ ਕੇ ਆਪਣੇ ਬੱਚਿਆਂ ਦੀ ਹਿੰਮਤ ਬਣੀਏ ਉਹਨਾਂ ਦੇ ਮਨ ਵਿੱਚ ਸਿੱਖਿਆ ਪ੍ਰਤੀ ਪਿਆਰ ਤੇ ਉਤਸ਼ਾਹ ਭਰੀਏ ਨਾ ਕਿ ਇਕ ਡਰ ਭਰ ਦੇਈਏ। ਜਿਸ ਕਰਕੇ ਨਾ ਤਾਂ ਉਹ ਚੰਗੇ ਤਰੀਕੇ ਨਾਲ ਪੜ੍ਹ ਸਕਦੇ ਹਨ ਅਤੇ ਨਾ ਹੀ ਅੱਗੇ ਵੱਧ ਕੇ ਤਰੱਕੀ ਕਰ ਸਕਦੇ ਹਨ। ਜੋ ਕੁਝ ਦੀ ਆਸ ਅਸੀਂ ਆਪਣੇ ਬੱਚਿਆਂ ਤੋਂ ਲਾਈ ਬੈਠੇ ਹਾਂ, ਪਹਿਲਾਂ ਉਹਨਾਂ ਵਿੱਚੋਂ ਕੁਝ ਕੁ ਦੇ ਧਾਰਨੀ ਆਪ ਬਣ ਸਕੀਏ। ਹੱਸਦੇ ਵੱਸਦੇ ਰਹੋ ਦੋਸਤੋ ! ਜ਼ਿੰਦਗੀ ਨੂੰ ਬਿਹਤਰ ਬਣਾਉਣ ਵਿੱਚ ਸਦਾ ਕੋਸ਼ਿਸ਼ ਕਰਦੇ ਰਹੀਏ।

***

## ਪੰਜਾਬ ਨੂੰ ਘੁਣ ਵਾਂਗ ਖਾ ਰਹੇ ਹਨ ਨਸ਼ੇ

"ਉਡਦਾ ਪੰਜਾਬ" ਦੀ ਉਪਾਧੀ ਪ੍ਰਾਪਤ ਕਰ ਚੁੱਕੇ ਪੰਜਾਬ 'ਚ ਇੱਕ ਸਰਕਾਰੀ ਸਰਵੇ ਅਨੁਸਾਰ 8,60,000 ਨੌਜਵਾਨ ਨਸ਼ਾ ਕਰਦੇ ਹਨ ਅਤੇ ਉਹਨਾਂ 'ਚੋਂ 53 ਫੀਸਦੀ ਮਾਰੂ ਨਸ਼ਾ ਹੈਰੋਇਨ ਲੈਂਦੇ ਹਨ, ਇਹ ਨੌਜਵਾਨ 15 ਤੋਂ 35 ਸਾਲ ਦੀ ਉਮਰ ਦੇ ਹਨ। ਇੱਕ ਹੋਰ ਸਰਵੇ-ਅੰਦਾਜ਼ਾ ਤਾਂ ਇਹ ਵੀ ਕਹਿੰਦਾ ਹੈ ਕਿ ਪੰਜਾਬ ਦੇ ਦੋ ਤਿਹਾਈ ਘਰਾਂ 'ਚ ਕੋਈ ਨਾ ਕੋਈ ਇੱਕ ਵਿਅਕਤੀ ਕਿਸੇ ਨਾ ਕਿਸੇ ਕਿਸਮ ਦਾ ਨਸ਼ਾ ਜ਼ਰੂਰ ਕਰਦਾ ਹੈ। ਕਿੱਡਾ ਵੱਡਾ ਦੁਖਾਂਤ ਹੈ ਇਹ! ਉਹ ਪੰਜ ਦਰਿਆਵਾਂ ਦਾ ਜਰਖੇਜ਼ ਇਲਾਕਾ ਜਿਥੋਂ ਦੇ ਪੌਣ ਪਾਣੀ, ਉਪਜਾਊ ਧਰਤੀ, ਦਾ ਵਿਸ਼ਵ ਭਰ 'ਚ ਮੁਕਾਬਲਾ ਹੀ ਕੋਈ ਨਹੀਂ ਸੀ, ਅੱਜ ਖਾਦਾਂ, ਕੀਟਨਾਸ਼ਕਾਂ ਦੀ ਜ਼ਹਿਰ ਨਾਲ ਲਵਰੇਜ ਹੈ ਅਤੇ ਇਥੋਂ ਦੇ ਲੋਕ ਧਾਰਮਿਕ ਬਿਰਤੀ ਦੇ ਹੋਣ ਦੇ ਬਾਵਜੂਦ ਵੀ ਨਸ਼ਿਆਂ ਨੇ ਉਵੇਂ ਹੀ ਅੰਦਰੋਂ-ਅੰਦਰੀ ਖਾ ਲਏ ਹਨ, ਜਿਵੇਂ ਘੁਣ ਲੱਕੜ ਨੂੰ ਚੱਬ ਜਾਂਦਾ ਹੈ। ਪੋਸਟ ਗਰੈਜੂਏਟ ਇਨਸਟੀਚੀਊਟ ਆਫ ਮੈਡੀਕਲ ਐਜੂਕੇਸ਼ਨ ਚੰਡੀਗੜ੍ਹ ਦੇ ਇੱਕ ਸਰਵੇ ਅਨੁਸਾਰ ਪੰਜਾਬ ਦੇ ਸੱਤ ਵਿਅਕਤੀਆਂ ਵਿਚੋਂ ਇੱਕ ਨਸ਼ਾ ਕਰਦਾ ਹੈ ਅਤੇ ਪੰਜਾਬ ਵਿੱਚ ਸਲਾਨਾ 7500 ਕਰੋੜ ਰੁਪਏ ਦਾ ਵਪਾਰ ਹੁੰਦਾ ਹੈ। ਸ਼ਾਇਦ ਹੀ ਪੰਜਾਬ ਦਾ ਕੋਈ ਬਜ਼ਾਰ, ਪਿੰਡ ਦਾ ਕੋਈ ਮੁਹੱਲਾ ਇਹੋ ਜਿਹਾ ਹੋਵੇ ਜੋ ਨਸ਼ੇ ਤੋਂ ਮੁਕਤ ਹੋਵੇ।

ਪੰਜਾਬ 'ਚ ਸਭ ਤੋਂ ਪ੍ਰੇਸ਼ਾਨੀ ਵਾਲੀ ਗੱਲ ਤਾਂ ਇਹ ਹੈ ਕਿ ਨਸ਼ੇ ਹੁਣ ਬਾਲਗਾਂ ਦੇ ਪੱਲੇ ਹੀ ਨਹੀਂ ਰਹੇ, ਸਗੋਂ ਬੱਚਿਆਂ ਕੋਲ ਸਕੂਲਾਂ ਤੱਕ ਵੀ ਪੁੱਜ ਗਏ ਹਨ। ਪਿਛਲੇ ਦਿਨੀਂ ਜਦੋਂ ਗਵਰਨਰ ਪੰਜਾਬ ਨੇ ਸਰਹੱਦੀ ਜ਼ਿਲ੍ਹਿਆਂ ਦਾ ਦੌਰਾ ਕੀਤਾ ਤਾਂ ਆਮ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਪਿੰਡਾਂ 'ਚ ਕਰਿਆਨੇ ਦੀਆਂ ਦੁਕਾਨਾਂ ਉਤੇ ਨਸ਼ੇ ਮਿਲਦੇ ਹਨ। ਨਸ਼ਾ ਤਸਕਰ ਕਿਸ਼ੋਰ ਬੱਚਿਆਂ ਨੂੰ ਨਸ਼ਾ ਵਾਹਕ ਦੇ ਤੌਰ 'ਤੇ ਵੀ ਵਰਤ ਰਹੇ ਹਨ।

ਭਾਰਤ ਦੀ ਸੁਪਰੀਮ ਕੋਰਟ ਦੇ ਮਾਨਯੋਗ ਜੱਜ ਐਮ.ਆਰ.ਸ਼ਾਹ ਦੀ ਅਗਵਾਈ ਵਾਲੇ ਬੈਂਚ ਨੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਨਸ਼ੇ ਸਰਹੱਦੀ ਸੂਬੇ ਪੰਜਾਬ ਨੂੰ ਪਹਿਲਾਂ ਤਬਾਹ ਕਰਨਗੇ ਅਤੇ ਫਿਰ ਪੂਰੇ ਦੇਸ਼ ਨੂੰ ਖ਼ਤਮ ਕਰ ਦੇਵੇਗਾ। ਭਾਵੇਂ ਕਿ ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ 'ਚ ਦੱਸਿਆ ਗਿਆ ਕਿ ਪਿਛਲੇ ਦੋ ਸਾਲਾਂ 'ਚ 34,000 ਐਫ. ਆਈ. ਆਰ. ਨਸ਼ਈਆਂ ਵਿਰੁੱਧ ਦਰਜ ਕੀਤੀਆਂ ਗਈਆਂ ਹਨ ਪਰ ਸੁਪਰੀਮ ਕੋਰਟ ਨੇ ਜਦੋਂ ਪੁੱਛਿਆ ਕੀ ਇਨ੍ਹਾਂ ਵਿਰੁੱਧ ਚਾਰਜਸ਼ੀਟ ਅਦਾਲਤਾਂ 'ਚ ਪੇਸ਼ ਕੀਤੀਆਂ ਗਈਆਂ ਤਾਂ ਸਰਕਾਰ ਵੱਲੋਂ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ। ਸੁਪਰੀਮ ਕੋਰਟ ਨੇ ਨਸ਼ਾ ਤਸਕਰਾਂ ਅਤੇ ਨਸ਼ਈਆਂ ਨੂੰ ਨੱਥ ਪਾਉਣ ਲਈ ਸਖ਼ਤ ਹੁਕਮ ਜਾਰੀ ਕੀਤੇ।ਪੰਜਾਬ 'ਚ ਹਰ ਔਰਤ ਦੀ ਇੱਕ ਆਵਾਜ਼ ਗੂੰਜਦੀ ਹੈ, ਨਸ਼ਿਆਂ ਤੋਂ ਪੰਜਾਬ ਨੂੰ ਬਚਾ ਲਵੋ। ਪੰਜਾਬ 'ਚ ਬੁੱਢੇ ਬਾਬੇ ਦੀ ਇੱਕ ਆਵਾਜ਼ ਪੁਕਾਰ ਲਾਉਂਦੀ ਹੈ, ਪੰਜਾਬ ਨੂੰ ਨਸ਼ਿਆਂ ਦੇ ਸੌਦਾਗਰਾਂ ਹੈਂਸਿਆਰਿਆਂ ਤੋਂ ਦੂਰ ਰੱਖੋ। ਪੰਜਾਬ ਦਾ ਬਚਪਨ ਬਚੇਗਾ, ਪੰਜਾਬ ਦੀ ਨੌਜਵਾਨੀ ਬਚੇਗੀ, ਤਦੇ ਪੰਜਾਬ ਬਚੇਗਾ।

ਇਵੇਂ ਜਾਪਦਾ ਹੈ ਕਿ ਪੰਜਾਬ ਤਾਂ ਨਸ਼ਿਆਂ ਦੀ ਦਲਦਲ 'ਚ ਇੱਕ ਸਾਜ਼ਿਸ਼ ਅਨੁਸਾਰ ਫਸਾ ਦਿੱਤਾ ਗਿਆ ਹੈ। ਦੇਸ਼ ਦੇ ਅੰਦਰੋਂ-ਬਾਹਰੋਂ ਇਸਨੂੰ ਖੋਖਲਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਪੰਜਾਬ ਦੇ ਹਾਲਾਤ ਕਿਸੇ ਪੱਖ ਤੋਂ ਵੀ ਸੁਖਾਵੇਂ ਨਹੀਂ ਨਾ ਆਰਥਿਕ ਤੌਰ 'ਤੇ, ਨਾ ਰਾਜਨੀਤਕ ਤੌਰ 'ਤੇ ਅਤੇ ਨਾ ਹੀ ਸਮਾਜਿਕ ਤੌਰ 'ਤੇ ਪੰਜਾਬ 'ਚੋ ਨਸ਼ਿਆਂ ਨੂੰ ਖ਼ਤਮ ਕਰਨ ਲਈ "ਪੱਗੜੀ ਸੰਭਾਲ" ਵਰਗੀ ਲਹਿਰ ਖੜੀ ਕਰਨੀ ਪਵੇਗੀ, ਸਰਕਾਰ ਨੂੰ ਜਿਥੇ ਸੰਜੀਦਾ ਕੋਸ਼ਿਸ਼ ਕਰਨੀ ਹੋਵੇਗੀ, ਉਥੇ ਸਮੁੱਚੇ ਸਮਾਜ ਅਤੇ ਚੇਤੰਨ ਲੋਕਾਂ ਨੂੰ ਮਹੱਤਵਪੂਰਨ ਭੂਮਿਕਾ ਲਈ ਤਿਆਰ ਹੋਣਾ ਪਵੇਗਾ ਅਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਆਪਣਾ ਫਰਜ਼ ਨਿਭਾਉਣਾ ਹੋਵੇਗਾ।

***

## ਕਰਤਾਰਪੁਰ ਕੌਰੀਡੋਰ

ਮੈਂ ਨਵੇਂ ਬੱਚਿਆਂ ਵਿੱਚ ਉਨ੍ਹਾਂ ਸਭ ਵਿੱਚੋਂ ਇਕੱਲਾ ਸੀ। ਨਾਲ ਸੀ ਤਾਂ ਉਹ ਗੇਂਦ ਜੋ ਸਕੀਨਾ ਨੂੰ ਮਾਰਨੀ ਬਾਕੀ ਸੀ। ਬਹੁਤ ਰੋਇਆ ਸਕੀਨਾ ਨੂੰ ਯਾਦ ਕਰ ਕੇ। ਕੀ ਸਕੀਨਾਂ ਵੀ ਰੋਂਦੀ ਹੋਣੀ ਮੈਨੂੰ ਯਾਦ ਕਰ ਕੇ? ਪਤਾ ਨਹੀਂ ਉਹ ਅਤੇ ਉਸਦੇ ਅੱਬਾ ਜੀ ਕਿੱਥੇ ਗਏ ਹੋਣਗੇ। ਕੀ ਉਹ ਵੀ ਇਸੀ ਤਰ੍ਹਾਂ ਕਿਤੇ ਖੇਮਿਆ ਵਿੱਚ ਹੀ ਹੋਣਗੇ? ਦਿਨ ਗੁਜ਼ਰਦੇ ਗਏ, ਸਾਨੂੰ ਕਿਤੇ ਦੂਜੀ ਥਾਂ ਭੇਜਿਆ ਗਿਆ, ਜੋ ਮੇਰੇ ਲਈ ਅਨਜਾਨ ਸੀ।

ਮੈਂ ਮਾਂ ਤੋਂ ਇਕ ਦਿਨ ਪੁੱਛਿਆ ਸੀ ਕਿ ਸਕੀਨਾ ਕਿੱਥੇ ਹੈ।

ਉਹ ਕਹਿੰਦੀ, ਦੁਬਾਰਾ ਉਨ੍ਹਾਂ ਲੋਕਾਂ ਦਾ ਨਾਮ ਨਾ ਲਈ। ਉਹ ਸਾਰੇ ਮਰ ਗਏ ਸਾਡੇ ਲਈ।

ਮੈਂ ਸੋਚਿਆ ਕਿ ਫੇਰ ਚੌਰਾਹੇ 'ਤੇ ਉਸ ਦਿਨ ਅਜ਼ਾਦੀ ਦੇ ਨਾਲ-ਨਾਲ ਸਕੀਨਾ ਨੂੰ ਵੀ ਮਾਰਿਆ ਗਿਆ!

ਮੈਂ ਰੋਣ ਲੱਗ ਪਿਆ ਤੇ ਉਸ ਦਿਨ ਮੈਂ ਸਕੀਨਾ ਨੂੰ ਯਾਦ ਕਰ ਕੇ ਸ਼ਾਮ ਤੱਕ ਰੋਂਦਾ ਰਿਹਾ। ਸੋਚਣ ਲੱਗਾ ਸਕੀਨਾ ਇੱਥੇ ਹੁੰਦੀ ਤਾਂ ਉਸਨੂੰ ਇਹ ਗੇਂਦ ਮਾਰ ਕੇ ਹੁਣੇ ਆਊਟ ਕਰਦਾ ਪਰ ਉਹ ਅਧੂਰੀ ਖੇਡ ਅਧੂਰੀ ਹੀ ਰਹਿ ਗਈ।

ਅੱਜ 72 ਸਾਲ ਹੋ ਗਏ। ਅੱਜ ਵੀ ਬਚਪਨ ਦੇ ਉਹ ਦਿਨ ਯਾਦ ਕਰ ਕੇ ਅੱਖਾਂ ਵਿੱਚ ਹੰਝੂ ਆ ਜਾਂਦੇ। ਪਰ ਅੱਜ....ਅੱਜ ਪਹਿਲੀ ਵਾਰ ਇੰਨੇ ਸਾਲਾਂ ਬਾਅਦ ਕਰਤਾਰਪੁਰ ਨਾਂ ਸੁਣ ਕੇ ਦਿਲ ਵਿੱਚ ਖੁਸ਼ੀ ਦੀ ਲਹਿਰ ਦੌੜ ਪਈ। ਸੁਣਿਆ ਹੈ ਕਰਤਾਰਪੁਰ ਕੌਰੀਡੋਰ ਖੋਲਿਆ ਜਾਵੇਗਾ ਅਤੇ ਇਸ ਪਾਰ ਦੇ ਸਿੱਖਾਂ ਨੂੰ ਉਸ ਪਾਰ ਦੇ ਗੁਰਦੁਆਰੇ ਵਿੱਚ ਜਾਣ ਦੀ ਇਜਾਜ਼ਤ ਮਿਲੇਗੀ। ਉਸ ਪਾਰ ਜਾਣ ਦਾ ਬਹੁਤ ਮਨ ਕਰਦਾ ਹੈ। ਸੋਚਦਾ ਹਾਂ, ਜਰਾ ਦੇਖ ਕੇ ਆਵਾਂ ਮੁਹੱਲੇ ਦਾ ਉਹ ਮੈਦਾਨ ਅਤੇ ਮੈਦਾਨ ਦੇ ਨੇੜੇ ਰੁੱਖ ਜਿੱਥੇ ਮੈਂ ਤੇ ਸਕੀਨਾ ਬੈਠਿਆ ਕਰਦੇ ਸੀ ਅਤੇ ਰੁੱਖ ਦੇ ਨੇੜੇ ਬਣਿਆ ਹੋਇਆ ਉਹ ਪਹਿਲਾ ਹੀ ਘਰ ਜੋ ਸਕੀਨਾ ਦਾ ਸੀ। ਸਕੀਨਾ! ਪਤਾ ਨਹੀਂ ਕਿੱਥੇ ਹੋਵੇਗੀ। ਕਿਤੇ ਉਸ ਦਿਨ ਚੌਰਾਹੇ 'ਤੇ ਆਜ਼ਾਦੀ ਦੇ ਨਾਲ-ਨਾਲ ਉਸ ਨੂੰ ਵੀ ਮਾਰਿਆ ਨਾ ਗਿਆ ਹੋਵੇ। ਅੱਜ ਕਰਤਾਰਪੁਰ ਦੇ ਲਈ ਮੈਂ ਵੀ ਰਵਾਨਾ ਹੋਇਆ। ਉਸ ਪਾਰ ਦੀ ਦੁਨੀਆਂ ਵੇਖਣ ਲਈ ਬਹੁਤ ਬੇਕਰਾਰ ਹਾਂ। ਉਸ ਪਾਰ ਪਹੁੰਚ ਕੇ ਪਹਿਲਾਂ ਗੁਰਦੁਆਰਾ ਸਾਹਿਬ ਗਏ। ਮੱਥਾ ਟੇਕਿਆ ਅਤੇ ਜਪੁਜੀ ਸਾਹਿਬ ਦਾ ਪਾਠ ਕੀਤਾ। ਫੇਰ ਥੋੜੀ ਦੇਰ ਬਾਅਦ ਗੁਰਦੁਆਰੇ ਤੋਂ ਥੋੜੀ ਦੂਰ ਆਪਣੇ ਉਸ ਮਹੱਲੇ ਵੱਲ ਗਿਆ ਜਿੱਥੇ ਮੇਰਾ ਬਚਪਨ ਬੀਤਿਆ ਸੀ। ਮਹੱਲਾ ਤਾਂ ਪੂਰਾ ਬਦਲ ਗਿਆ ਹੈ। ਕੋਈ ਖਾਸ ਪਰਾਣੀ ਨਿਸ਼ਾਨੀ ਨਹੀਂ ਬਚੀ, ਸਿਵਾਏ ਉਸ ਮੈਦਾਨ ਅਤੇ ਰੁੱਖ ਦੇ। ਉਸ ਮੈਦਾਨ ਵਿੱਚ ਅੱਜ ਇੰਨੇ ਸਾਲਾ ਬਾਅਦ ਕਦਮ ਰੱਖ ਕੇ ਦਿਨ ਨੂੰ ਬਹੁਤ ਸਕੂਨ ਮਿਲਿਆ। ਅੱਜ ਵੀ ਉਸ ਮੈਦਾਨ ਵਿੱਚ ਬੱਚੇ ਉਸੀ ਖੁਸ਼ੀ ਨਾਲ ਪਿੱਠੂ ਗਰਮ ਦੀ ਥਾਂ ਫੁੱਟਬਾਲ ਅਤੇ ਵਾਲੀਵਾਲ ਖੇਡ ਰਹੇ ਹਨ।

ਆਹ... ਮੈਨੂੰ ਆਪਣਾ ਸਾਰਾ ਬਚਪਨ ਯਾਦ ਆ ਗਿਆ... ਅਤੇ ਆਪਣੀ ਉਹ ਆਖਰੀ ਅਧੂਰੀ ਖੇਡ...

ਮੈਦਾਨ ਤੋਂ ਥੋੜਾ ਅੱਗੇ ਉਸ ਰੁੱਖ ਵੱਲ ਗਿਆ ਜਿੱਥੇ ਸਕੀਨਾ ਤੇ ਮੈਂ ਬੈਠਿਆ ਕਰਦੇ ਸੀ। ਮੇਰੀ ਤਰ੍ਹਾਂ ਉਹ ਰੁੱਖ ਵੀ ਹੁਣ ਕਾਫ਼ੀ ਫੈਲ ਗਿਆ ਹੈ। ਉਸ ਰੁੱਖ ਦੇ ਕੋਲ ਇੱਕ ਨਵਾਂ ਮਕਾਨ ਬਣਿਆ ਦੇਖਿਆ। ਜੋ ਬਿਲਕੁਲ ਸਕੀਨਾ ਦੇ ਘਰ ਦੀ ਜਗਾ ਸੀ। ਮਕਾਨ ਦੇ ਵਿਹੜੇ ਵਿੱਚ ਇੱਕ ਬੁੱਢੀ ਔਰਤ ਬੈਠੀ ਸਵੈਟਰ ਬੁਣ ਰਹੀ ਸੀ। ਮੇਰੇ ਬੁੱਲਾਂ 'ਤੇ ਮੁਸਕੁਰਾਹਟ ਆ ਗਈ, ਕਿਉਂਕਿ ਬਚਪਨ ਵਿੱਚ ਸਕੀਨਾਂ ਕਹਿੰਦੀ ਸੀ, ਮੈਂ ਵੱਡੀ ਹੋ ਕੇ ਮਾਂ ਦੀ ਤਰ੍ਹਾਂ ਤੁਹਾਡੇ ਲਈ ਕੋਟੀ ਬੁਣਾਂਗੀ। ਵਿਹੜੇ ਵਿੱਚ ਬੈਠੀ ਉਹ ਔਰਤ ਸਫੈਦ ਵਾਲਾਂ ਵਿੱਚ ਵੀ ਬਹੁਤ ਖੂਬਸੂਰਤ ਲੱਗ ਰਹੀ ਸੀ। ਮੈਂ ਥੋੜਾ ਨੇੜੇ ਗਿਆ ਅਤੇ ਉਹ ਉਸੇ ਵਕਤ ਕਿਸੀ ਨੂੰ ਅਵਾਜ਼ ਦੇਣ ਲੱਗੀ। ਅਹਿਮਦ ਅਹਿਮਦ .

ਇਹ ਅਵਾਜ਼ ਸੁਣ ਕੇ ਮੇਰੇ ਰੌਂਗਟੇ ਖੜੇ ਹੋ ਗਏ। ਇਹ ਤਾਂ ਉਹ ਉਹੀ ਬੋਲਣ ਦਾ ਅੰਦਾਜ਼ ਹੈ ਜੋ ਸਕੀਨਾ ਦਾ ਸੀ!!

ਕੀ ਇਹ ਸੱਚਮੁੱਚ ਸਕੀਨਾ ਹੈ!! ਮੈਨੂੰ ਖੁਦ ਯਕੀਨ ਨਹੀਂ ਹੋ ਰਿਹਾ।

ਨੇੜੇ ਆ ਕੇ ਦੇਖਿਆ ਚਿਹਰੇ ਦੀ ਉਹ ਰੌਣਕ ਸਕੀਨਾ ਦੀ ਹੀ ਸੀ। ਮੈਂ ਉਸ ਦੇ ਹੋਰ ਨੇੜੇ ਆਇਆ ਜਿਵੇਂ ਹੀ ਉਸਨੇ ਮੈਨੂੰ ਵੇਖਿਆ, ਉਹ ਪੁੱਛਣ ਲਗੀ। ਹਾਂ ਜੀ ਤੁਸੀਂ ਕੌਣ? ਕਿਸਨੂੰ ਮਿਲਣਾ ਹੈ?

ਮੇਰੇ ਗਲੇ ਵਿਚੋਂ ਕੋਈ ਵੀ ਆਵਾਜ਼ ਬਾਹਰ ਨਾ ਨਿਕਲ ਸਕੀ ਕਿਉਂਕਿ ਬਚਪਨ ਦਾ ਇਹ 'ਕਰਤਾਰਾ' ਹੁਣ ਲੰਬੀ ਸਫੈਦ ਦਾੜ੍ਹੀ, ਸਿਰ ਤੇ ਪਗੜੀ ਅਤੇ ਢੀਲਾ ਜਿਹਾ ਕਰਤਾਰ ਸਿੰਘ ਬਣ ਗਿਆ ਸੀ, ਜਿਸਨੂੰ ਸਕੀਨਾ ਬਿਲਕੁਲ ਵੀ ਪਛਾਣ ਨਾ ਸਕੀ।

ਹਾਂ ਜੀ ਤੁਸੀ ਕਿਸ ਨੂੰ ਮਿਲਣਾ ਹੈ? ਇਹ ਕਹਿੰਦੀ ਹੋਈ ਉਹ ਖੜੀ ਹੋਣ ਲੱਗੀ ਅਤੇ ਖੜੇ ਹੁੰਦੇ ਹੋਏ ਉਸ ਦੀ ਗੋਦ ਵਿਚੋਂ ਉੱਨ ਦਾ ਗੋਲਾ ਸਿੱਧਾ ਮੇਰੇ ਵੱਲ ਆ ਗਿਆ। ਉਹ ਖੜੀ ਹੋ ਕੇ ਫੇਰ ਪੁੱਛਣ ਲੱਗੀ, ਜੀ ਦੱਸੋ ਕਿਸ ਨਾਲ ਕੰਮ ਹੈ?

ਮੈਂ ਮੁਸਕਰਾਇਆ ਅਤੇ ਮੇਰੇ ਨੇੜੇ ਪਿਆ ਉੱਨ ਦਾ ਗੋਲਾ ਹੱਥ ਵਿੱਚ ਚੁੱਕਿਆ ਜਿਸ ਦਾ ਧਾਗਾ ਉਸ ਦੀ ਕੋਟੀ ਦੇ ਨਾਲ ਜੁੜਿਆ ਹੋਇਆ ਸੀ। ਹੁਣ ਉਹ ਮੈਨੂੰ ਹੈਰਾਨ ਅੱਖਾਂ ਨਾਲ ਦੇਖ ਰਹੀ ਸੀ ਅਤੇ ਮੈਨੂੰ ਜਾਨਣ ਦੀ ਕੋਸ਼ਿਸ਼ ਕਰ ਰਹੀ ਸੀ।

ਮੈਂ ਉੱਨ ਦਾ ਗੋਲਾ ਹੌਲੀ ਜਹੀ ਉਸ ਵੱਲ ਸੁਟਿਆ ਜੋ ਹੌਲੀ ਜਹੀ ਉਸਦੀ ਲੱਤ 'ਤੇ ਲਗਿਆ ਅਤੇ ਮੈਂ ਕਿਹਾ, ਆਊਟ।

ਇੰਨਾਂ ਕਹਿ ਕੇ ਮੈਂ ਵਾਪਿਸ ਮੁੜ ਗਿਆ, ਅਤੇ ਉਹ ਦੇਖਦੀ ਰਹੀ। ਬਸ ਦੇਖਦੀ ਹੀ ਰਹੀ . ਉਦੋਂ ਤੱਕ ਜਦੋਂ ਤੱਕ ਮੈਂ ਉਸਦੀ ਨਜ਼ਰਾਂ ਤੋਂ ਉਹਲੇ ਨਾ ਹੋ ਗਿਆ..... ਸ਼ਾਇਦ ਉਹ ਕੁਝ ਕਹਿੰਦੀ ਜ਼ਰੂਰ. ਪਰ ਉਸਦੇ ਸਾਹਮਣੇ ਹੁਣ ਕਰਤਾਰਾ ਨਹੀਂ ਕਰਤਾਰ ਸਿੰਘ ਸੀ, ਜੋ ਰਸਮਾਂ, ਰਿਵਾਜਾਂ ਅਤੇ ਸਰਹੱਦਾਂ ਦੇ ਪਾਰ ਰਹਿੰਦਾ ਸੀ। ਜਿਸਦੇ ਬਾਰੇ ਸਕੀਨਾ ਕੁਝ ਜਾਣਦੀ ਹੀ ਨਹੀਂ ਸੀ। ਜਾਣਦੀ ਵੀ ਕਿਵੇਂ, ਕਿਉਂਕਿ ਆਜ਼ਾਦੀ ਹਲੇ ਤੱਕ ਨਾ ਉਸਦੇ ਘਰ ਆਈ ਹੈ ਅਤੇ ਨਾ ਹੀ ਮੇਰੇ ਘਰ।

***

## ਕਰਜ਼ੇ ਦੇ ਚੱਕਰਵਿਊ 'ਚ ਫਸਿਆ ਪੰਜਾਬ

ਤਾਂ ਜੋ ਮਾਲੀਆ ਪੈਦਾ ਕਰਨ ਦੀ ਸਮਰੱਥਾ ਵਿਚ ਵਾਧਾ ਕੀਤਾ ਜਾ ਸਕੇ। ਇਸ ਦੇ ਨਾਲ ਹੀ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦੇ ਨਾਲ-ਨਾਲ ਖਰਚਿਆਂ ਦੇ ਪੈਟਰਨ ਨੂੰ ਵੀ ਨਵੀਂ ਦਿਸ਼ਾ ਦੇਣ ਦੀ ਲੋੜ ਹੈ।

ਇਨ੍ਹਾਂ ਸਾਰਿਆਂ ਮੁੱਦਿਆਂ ਤੇ ਸਲਾਹ-ਮਸ਼ਵਰੇ ਲਈ ਵਿੱਤ ਮੰਤਰਾਲੇ ਨੂੰ ਇਕ ਸਲਾਹਕਾਰ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ। ਇਹ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਸੂਬਾ ਸਰਕਾਰ ਆਪਣਾ ਮਾਲੀਆ ਵਧਾ ਸਕਦੀ ਹੈ ਅਤੇ ਆਰਥਿਕ ਵਿਕਾਸ ਦੀ ਗਤੀ ਨੂੰ ਮੁੜ ਸੁਰਜੀਤ ਕਰਨ ਲਈ ਲੋੜੀਂਦਾ ਨਿਵੇਸ਼ ਕਰ ਸਕਦੀ ਹੈ, ਪਰ ਇਕੱਠੀ ਹੋਈ ਕਰਜ਼ੇ ਦੀ ਭਾਰੀ ਪੰਡ ਬਹੁਤ ਵੱਡੀ ਰੁਕਾਵਟ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਰਜ਼ੇ ਦੇ ਬੋਝ ਨੂੰ ਕਿਵੇਂ ਘਟਾਇਆ ਜਾਵੇ? ਇਸ ਸੰਬੰਧੀ ਸਰਕਾਰ ਦੀ ਮੌਜੂਦਾ ਪਹੁੰਚ ਕਿ ਮਾਲੀਆ ਵਧਾ ਕੇ, ਜੋ ਕਿ ਨਹੀਂ ਵਧ ਰਿਹਾ, ਕਰਜ਼ਾ ਵਾਪਸ ਕੀਤਾ ਜਾਵੇ ਜਾਂ ਹੋਰ ਕਰਜ਼ਾ ਲੈ ਕੇ ਪਹਿਲਾਂ ਲਿਆ ਕਰਜ਼ਾ ਵਾਪਸ ਕੀਤਾ ਜਾਵੇ। ਅਜਿਹਾ ਕਰਨ ਨਾਲ ਸੂਬਾ ਹਮੇਸ਼ਾ ਕਰਜ਼ੇ ਵਿੱਚ ਡੁੱਬਿਆ ਰਹੇਗਾ। ਇਸ ਲਈ ਸੁਝਾਅ ਹੈ ਕਿ ਸੂਬਾ ਸਰਕਾਰ ਇਕ ਖ਼ੁਦਮੁਖ਼ਤਿਆਰ ਕਮਿਸ਼ਨ ਦਾ ਗਠਨ ਕਰੇ ਜਿਸ ਦਾ ਕੰਮ ਕਰਜ਼ਾ ਘਟਾਉਣ ਲਈ ਸਲਾਹ ਦੇਣਾ ਹੋਵੇ ਅਤੇ ਇਹ ਸਲਾਹ ਸਰਕਾਰ ਲਾਜ਼ਮੀ ਤੌਰ 'ਤੇ ਮੰਨੇ ਤਾਂ ਕਿ ਥੋੜ੍ਹੇ ਸਮੇਂ ਵਿੱਚ ਹੀ ਕਰਜ਼ੇ ਨੂੰ ਘੱਟੋ-ਘੱਟ ਅੱਧਾ ਕੀਤਾ ਜਾ ਸਕੇ ਅਤੇ ਬਾਕੀ ਦਰਮਿਆਨੇ ਅਤੇ ਲੰਮੇ ਸਮੇਂ ਵਿਚ ਘਟਾਇਆ ਜਾ ਸਕੇ। ਇਸੇ ਦੌਰਾਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਕ 'ਕਰਜ਼ਾ ਰਾਹਤ ਫੰਡ' ਸਥਾਪਤ ਕਰੇ ਅਤੇ ਲੋਕਾਂ ਨੂੰ ਅਪੀਲ ਕਰੇ, ਖ਼ਾਸ ਕਰਕੇ ਪ੍ਰਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਕਿਉਂਕਿ ਪੰਜਾਬੀਆਂ ਨੇ ਦਾਨ ਦੇਣ ਅਤੇ ਦੂਜਿਆਂ ਦੀ ਮਦਦ ਕਰਨ ਵਿੱਚ ਨਾਮਣਾ ਖੱਟਿਆ ਹੋਇਆ ਹੈ, ਕਿ ਇਸ ਫੰਡ ਵਿਚ ਪੈਸੇ ਜਮ੍ਹਾਂ ਕੀਤੇ ਜਾਣ ਅਤੇ ਜਮ੍ਹਾਂ ਕੀਤੇ ਪੈਸਿਆਂ 'ਤੇ ਹੋਰ ਮਾਮਲਿਆਂ ਵਾਂਗ ਟੈਕਸ ਛੋਟਾਂ ਵੀ ਦਿੱਤੀਆਂ ਜਾਣ। ਸਰਕਾਰ ਨੂੰ ਕਰਜ਼ੇ ਦਾ ਭਾਰ ਘਟਾਉਣ ਲਈ ਬਾਂਡ ਵੀ ਜਾਰੀ ਕਰਨੇ ਚਾਹੀਦੇ ਹਨ, ਨਾਲ ਹੀ ਬੁੱਧੀਜੀਵੀਆਂ, ਹੋਰ ਸੰਬੰਧਿਤ ਅਤੇ ਸਿਆਸੀ ਆਗੂਆਂ ਨੂੰ ਭਰੋਸੇ ਵਿੱਚ ਲੈ ਕੇ ਸਹਿਮਤੀ ਬਣਾ ਕੇ ਕੇਂਦਰ ਸਰਕਾਰ ਤੋਂ ਕਰਜ਼ਾ ਰਾਹਤ ਲਈ ਇਕ ਪੈਕੇਜ ਦੀ ਮੰਗ ਵੀ ਕਰਨੀ ਚਾਹੀਦੀ ਹੈ। ਪੰਜਾਬ, ਖੁਰਾਕ ਸੁਰੱਖਿਆ ਸਮੇਤ ਰਾਸ਼ਟਰੀ ਸੁਰੱਖਿਆ ਪ੍ਰਦਾਨ ਕਰਨ ਦੇ ਮਾਮਲੇ ਵਿੱਚ ਰਣਨੀਤਕ ਸੂਬਾ ਹੈ ਅਤੇ 1980ਵਿਆਂ ਦੇ ਅੱਧ ਵਿੱਚ ਖਾੜਕੂ ਲਹਿਰ ਦੇ ਕਾਰਨ ਆਈ ਨਿਵੇਸ਼ ਦੀ ਘਾਟ ਨੂੰ ਸੁਧਾਰਨ ਲਈ ਕਰਜ਼ਾ ਰਾਹਤ ਪੈਕੇਜ ਅਤੇ ਮੁਆਵਜ਼ਾ ਮੰਗਣਾ ਸੂਬੇ ਦਾ ਜਾਇਜ਼ ਹੱਕ ਹੈ। ਇਸ ਤੋਂ ਇਲਾਵਾ ਸਰਕਾਰ ਕਰਜ਼ੇ ਦੀ ਵਾਪਸੀ 'ਤੇ ਰੋਕ ਦੀ ਮੰਗ ਕਰ ਸਕਦੀ ਹੈ ਜਿਸ ਨਾਲ ਨਾ ਸਿਰਫ ਕਰਜ਼ੇ ਦੀ ਅਦਾਇਗੀ ਨੂੰ ਰੋਕਿਆ ਜਾ ਸਕੇਗਾ ਬਲਕਿ ਜਮ੍ਹਾਂ ਕਰਜ਼ੇ 'ਤੇ ਵਸੂਲੇ ਜਾਣ ਵਾਲੇ ਵਿਆਜ ਨੂੰ ਵੀ ਰੋਕ ਦਿੱਤਾ ਜਾਵੇਗਾ।

ਉਪਰੋਕਤ ਸੁਝਾਏ ਗਏ ਤਰੀਕਿਆਂ ਨੂੰ ਬਾਰੀਕੀ ਨਾਲ ਸਮਝਣ ਦੇ ਨਾਲ-ਨਾਲ ਇਨ੍ਹਾਂ 'ਤੇ ਕੰਮ ਕਰਨ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਨੀਤੀਗਤ ਫੈਸਲਿਆਂ ਵਿੱਚ ਬਦਲਣ ਲਈ ਇਕ ਆਮ ਰਾਏ ਸੂਬੇ ਦੇ ਲੋਕਾਂ ਸਾਹਮਣੇ ਰੱਖੀ ਜਾਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਨੇ ਮੌਜੂਦਾ ਸਰਕਾਰ ਨੂੰ ਫੈਸਲਾਕੁੰਨ ਫਤਵਾ ਇਸ ਉਮੀਦ ਨਾਲ ਦਿੱਤਾ ਸੀ ਕਿ ਇਹ ਪੰਜਾਬ ਦੀ ਗੁਆਚੀ ਹੋਈ ਸ਼ਾਨ ਮੁੜ ਬਹਾਲ ਕਰੇਗੀ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸੂਬੇ ਦੀ ਆਰਥਿਕਤਾ ਦੇ ਟਿਕਾਊ ਵਿਕਾਸ ਲਈ ਦੋਵੇਂ ਜਾਲਾਂ/ਜੰਜਾਲਾਂ (ਵਧ ਰਹੇ ਕਰਜ਼ੇ ਦੇ ਅਤੇ ਧੀਮੇ ਵਿਕਾਸ ਦੇ ਜਾਲਾਂ)ਨੂੰ ਤੋੜਨ ਲਈ ਇਕ ਵੱਖਰੀ ਅਤੇ ਆਸ਼ਾਜਨਕ ਨੀਤੀ ਬਣਾਉਣ ਲਈ ਸੰਸਥਾਗਤ ਪ੍ਰਬੰਧਾਂ ਅਤੇ ਇੱਛਾ ਸ਼ਕਤੀ ਦੀ ਦ੍ਰਿੜਤਾ ਵਿਖਾ ਕੇ ਤੇਜ਼ੀ ਨਾਲ ਕੰਮ ਕਰੇ।

***

## ਪ੍ਰਸਿੱਧ ਕਲਾਕਾਰ ਸਤੀਸ਼ ਕੌਸ਼ਿਕ

ਬੇਸ਼ੱਕ ਉਸ ਦੀਆਂ ਕੁਝ ਫਿਲਮਾਂ ਦਾ ਪ੍ਰਭਾਵ ਬੇਮਿਸਾਲ ਹੈ। ਆਖ਼ਰਕਾਰ, ਇਹ ਕੌਸ਼ਿਕ ਹੀ ਸੀ ਜਿਸ ਨੇ 'ਤੇਰੇ ਨਾਮ' ਦਾ ਨਿਰਦੇਸ਼ਨ ਕੀਤਾ ਜਿਸ ਨੇ ਉੱਤਰੀ ਭਾਰਤ ਦੇ ਨੌਜਵਾਨਾਂ ਦੇ ਵਾਲਾਂ ਦੇ ਸਟਾਈਲ ਨੂੰ ਕਾਫ਼ੀ ਸਮੇਂ ਲਈ ਪਰਿਭਾਸ਼ਿਤ ਕੀਤਾ।

ਕੌਸ਼ਿਕ ਨੇ ਤੁਸ਼ਾਰ ਕਪੂਰ ਅਤੇ ਕਰੀਨਾ ਕਪੂਰ ਦੀ ਰੋਮਾਂਸ ਨਾਲ ਭਰਪੂਰ ਫਿਲਮ 'ਮੁਝੇ ਕੁਛ ਕਹਿਨਾ ਹੈ' ਦਾ ਨਿਰਦੇਸ਼ਨ ਕੀਤਾ ਸੀ।

ਪਰ ਕੌਸ਼ਿਕ ਅਜੇ ਵੀ ਇੱਕ ਚਰਿੱਤਰ ਅਦਾਕਾਰ ਵਜੋਂ ਸਤਿਕਾਰਿਆ ਜਾਂਦਾ ਸੀ। ਆਪਣੇ ਯੁੱਗ ਦੇ ਬਹੁਤ ਸਾਰੇ ਹੋਰ ਕਲਾਕਾਰਾਂ ਵਾਂਗ, ਕੌਸ਼ਿਕ ਆਪਣੇ ਆਪ ਨੂੰ ਮੁਕਾਬਲਤਨ ਵਧੇਰੇ ਗੰਭੀਰ ਭੂਮਿਕਾਵਾਂ ਨਾਲ ਦੁਬਾਰਾ ਬ੍ਰਾਂਡ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜਿਵੇਂ ਕਿ ਉਸ ਦੀਆਂ ਫਿਲਮਾਂ ਤੋਂ ਦੇਖਿਆ ਜਾ ਸਕਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com